18-AUG-PAGE-1.qxd 8/17/2024 11:06 PM Page 1

ਐਤਵਾਰ, 18 ਅਗਸਤ, 2024
3 ਭਾਦੋਂ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 77

# ਨਵਾਂ ਜ਼ਮਾਨਾ

DAILY NAWAN ZAMANA • SUNDAY, 18 AUGUST, 2024

ਜਲੰਧਰ

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 10+6=16

## ਉੱਸਰਦਾ-ਉੱਸਰਦਾ ਤੀਜੀ ਵਾਰ ਡਿੱਗਿਆ



**ਪਟਨਾ :** ਅਗੁਵਾਨੀ ਘਾਟ ਤੇ ਸੁਲਤਾਨਗੰਜ ਵਿਚਾਲੇ ਗੰਗਾ ’ਤੇ ਉੱਸਰ ਰਿਹਾ ਫੋਰ-ਲੇਨ ਪੁਲ ਦਾ ਇਕ ਹਿੱਸਾ ਸ਼ਨੀਵਾਰ ਸਵੇਰੇ ਢਹਿ ਗਿਆ। ਸੜਕ ਉਸਾਰੀ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਹ ਪੁਲ ਤੀਜੀ ਵਾਰ ਡਿੱਗਿਆ ਹੈ। ਐਤਕੀਂ ਗੰਗਾ ਵਿਚ ਪਾਣੀ ਵਧਣ ਕਾਰਨ ਥੰਮ੍ਹ ਨੰਬਰ 9 ਤੇ 10 ਵਿਚਕਾਰਲਾ ਹਿੱਸਾ ਡਿੱਗਿਆ ਹੈ। ਐੱਸ ਪੀ ਸਿੰਗਲਾ ਕੰਸਟ੍ਰਕਸ਼ਨ ਪ੍ਰਾ. ਲਿਮਟਿਡ ਵੱਲੋਂ ਬਿਹਾਰ ਰਾਜ ਪੁਲ ਨਿਰਮਾਣ ਨਿਗਮ ਲਿਮਟਿਡ ਲਈ ਇਹ ਪੁਲ 1710 ਕਰੋੜ ਰੁਪਏ ਦੀ ਲਾਗਤ ਨਾਲ ਬਣਾਇਆ ਜਾ ਰਿਹਾ ਹੈ। ਆਈ ਆਈ ਟੀ ਰੁੜਕੀ ਦੇ ਮਾਹਰਾਂ ਨੇ ਕਿਹਾ ਸੀ ਕਿ ਪੁਲ ਦਾ ਡਿਜ਼ਾਈਨ ਠੀਕ ਨਹੀਂ। ਇਸ ਦੇ ਬਾਵਜੂਦ ਵਿਭਾਗ ਨੇ ਕੰਪਨੀ ਨੂੰ ਬਲੈਕ ਲਿਸਟ ਕਰਨ ਦੀ ਥਾਂ ਉਸੇ ਤੋਂ ਕੰਮ ਕਰਾਉਣਾ ਠੀਕ ਸਮਝਿਆ। ਕੁਝ ਲੋਕਾਂ ਨੇ ਪਟਨਾ ਹਾਈ ਕੋਰਟ ਵਿਚ ਪਹੁੰਚ ਕਰਕੇ ਕਿਹਾ ਸੀ ਕਿ ਘਟੀਆ ਮਟੀਰੀਅਲ ਵਰਤਿਆ ਜਾ ਰਿਹਾ ਹੈ, ਪਰ ਸਰਕਾਰ ਨੇ ਪਰਵਾਹ ਨਹੀਂ ਕੀਤੀ।

## ਵੇਣੂਗੋਪਾਲ ਪੀ ਏ ਸੀ ਦੇ ਚੇਅਰਮੈਨ

**ਨਵੀਂ ਦਿੱਲੀ :** ਮੁੱਖ ਸੰਸਦੀ ਕਮੇਟੀਆਂ ਦਾ ਐਲਾਨ ਕਰਦੇ ਹੋਏ ਲੋਕ ਸਭਾ ਸਕੱਤਰੇਤ ਨੇ ਕਿਹਾ ਹੈ ਕਿ ਲੋਕ ਲੇਖਾ ਕਮੇਟੀ (ਪੀ ਏ ਸੀ) ਦੀ ਅਗਵਾਈ ਕਾਂਗਰਸ ਨੇਤਾ ਕੇ ਸੀ ਵੇਣੂਗੋਪਾਲ ਕਰਨਗੇ। ਭਾਜਪਾ ਦੇ ਸੰਜੇ ਜੈਸਵਾਲ ਅਨੁਮਾਨ ਕਮੇਟੀ ਦੀ ਪ੍ਰਧਾਨਗੀ ਕਰਨਗੇ, ਜਦੋਂ ਕਿ ਉਨ੍ਹਾ ਦੀ ਪਾਰਟੀ ਦੇ ਸਹਿਯੋਗੀ ਬੈਜਯੰਤ ਪਾਂਡਾ ਪਬਲਿਕ ਅੰਡਰਟੇਕਿੰਗਜ਼ ਕਮੇਟੀ ਦੇ ਮੁਖੀ ਹੋਣਗੇ। ਇਹ ਤਿੰਨੋਂ ਸੰਸਦ ਦੀਆਂ ਪ੍ਰਮੁੱਖ ਵਿੱਤੀ ਕਮੇਟੀਆਂ ਹਨ, ਜਿਨ੍ਹਾਂ ਦਾ ਕੰਮ ਸਰਕਾਰ ਦੇ ਖਾਤਿਆਂ ਅਤੇ ਜਨਤਕ ਅਦਾਰਿਆਂ ਦੇ ਕੰਮਕਾਜ ’ਤੇ ਨਜ਼ਰ ਰੱਖਣਾ ਹੈ। ਤਿੰਨੋਂ ਕਮੇਟੀਆਂ ਦਾ ਕਾਰਜਕਾਲ ਇੱਕ ਸਾਲ ਦਾ ਹੁੰਦਾ ਹੈ ਅਤੇ ਇਨ੍ਹਾਂ ’ਚ ਲੋਕ ਸਭਾ ਅਤੇ ਰਾਜ ਸਭਾ ਦੋਵਾਂ ਦੇ ਮੈਂਬਰ ਸ਼ਾਮਲ ਹੁੰਦੇ ਹਨ, ਜਿਨ੍ਹਾਂ ਦੀ ਚੋਣ ਦੋਵਾਂ ਸਦਨਾਂ ਦੁਆਰਾ ਕੀਤੀ ਜਾਂਦੀ ਹੈ।

## ਐੱਕਸਪ੍ਰੈੱਸ ਦੇ 20 ਡੱਬੇ ਉਤਰੇ



**ਲਖਨਊ :** ਵਾਰਾਨਸੀ ਤੋਂ ਅਹਿਮਦਾਬਾਦ ਜਾ ਰਹੀ ਸਾਬਰਮਤੀ ਐੱਕਸਪ੍ਰੈੱਸ ਦੇ ਘੱਟੋ-ਘੱਟ 20 ਡੱਬੇ ਸ਼ੁੱਕਰਵਾਰ ਦੇਰ ਰਾਤ ਕਰੀਬ ਢਾਈ ਵਜੇ ਕਾਨਪੁਰ ਦੇ ਗੋਵਿੰਦਪੁਰੀ ਸਟੇਸ਼ਨ ਨੇੜੇ ਪਟੜੀ ਤੋਂ ਉਤਰ ਗਏ। ਜਾਨੀ ਨੁਕਸਾਨ ਦੀ ਕੋਈ ਖਬਰ ਨਹੀਂ। ਡਰਾਈਵਰ ਨੇ ਦੱਸਿਆ ਕਿ ਵੱਡਾ ਪੱਥਰ ਰੇਲ ਗੱਡੀ ਦੇ ਇੰਜਣ ਨਾਲ ਟਕਰਾਅ ਗਿਆ, ਜਿਸ ਕਾਰਨ ਇਸ ਦੇ ਅਗਲੇ ਹਿੱਸੇ ਵਿਚ ਪਸ਼ੂਆਂ ਤੋਂ ਬਚਾਅ ਲਈ ਲਗਾਇਆ ਗਿਆ ‘ਕੈਟਲ ਗਾਰਡ’ ਬੁਰੀ ਤਰ੍ਹਾਂ ਨਾਲ ਨੁਕਸਾਨਿਆ ਗਿਆ ਅਤੇ ਮੁੜ ਗਿਆ। ਇੰਟੈਲੀਜੈਂਸ ਬਿਊਰੋ ਅਤੇ ਯੂ ਪੀ ਪੁਲਸ ਸ਼ਰਾਰਤੀ ਜਾਂ ਸਮਾਜ ਵਿਰੋਧੀ ਅਨਸਰਾਂ ਦੀ ਸ਼ਮੂਲੀਅਤ ਦੀ ਜਾਂਚ ਕਰ ਰਹੀ ਹੈ, ਕਿਉਂਕਿ ਪਹਿਲੀ ਨਜ਼ਰ ’ਚ ਇੰਝ ਜਾਪਦਾ ਹੈ ਕਿ ਇੰਜਣ ਟਰੈਕ ’ਤੇ ਰੱਖੀ ਕਿਸੇ ਵਸਤੂ ਨਾਲ ਟਕਰਾਅ ਗਿਆ ਸੀ।

## ਰਾਣਾ ਨੂੰ ਅਮਰੀਕੀ ਕੋਰਟ ਦਾ ਝਟਕਾ

**ਵਾਸ਼ਿੰਗਟਨ :** ਮੁੰਬਈ ਵਿਚ ਹੋਏ ਅੱਤਵਾਦੀ ਹਮਲਿਆਂ ਵਿਚ ਸ਼ਾਮਲ ਹੋਣ ਦੇ ਮੁਲਜ਼ਮ ਪਾਕਿਸਤਾਨੀ ਮੂਲ ਦੇ ਕੈਨੇਡੀਅਨ ਕਾਰੋਬਾਰੀ ਤਹੱਵੁਰ ਰਾਣਾ ਨੂੰ ਵੱਡਾ ਝਟਕਾ ਦਿੰਦੇ ਹੋਏ ਅਮਰੀਕੀ ਅਦਾਲਤ ਨੇ ਫੈਸਲਾ ਸੁਣਾਇਆ ਹੈ ਕਿ ਹਵਾਲਗੀ ਸੰਧੀ ਤਹਿਤ ਉਸ ਨੂੰ ਭਾਰਤ ਹਵਾਲੇ ਕੀਤਾ ਜਾ ਸਕਦਾ ਹੈ। ਯੂ ਐੱਸ ਕੋਰਟ ਆਫ ਅਪੀਲਜ਼ ਨੇ ਕਿਹਾ—ਭਾਰਤ ਤੇ ਅਮਰੀਕਾ ਵਿਚਾਲੇ ਹਵਾਲਗੀ ਸੰਧੀ ਰਾਣਾ ਦੀ ਹਵਾਲਗੀ ਦੀ ਇਜਾਜ਼ਤ ਦਿੰਦੀ ਹੈ। ਰਾਣਾ ਨੇ ਕੈਲੀਫੋਰਨੀਆ ਸਥਿਤ ਅਮਰੀਕੀ ਜ਼ਿਲ੍ਹਾ ਅਦਾਲਤ ਦੇ ਹੁਕਮਾਂ ਵਿਰੁੱਧ ਯੂ ਐੱਸ ਕੋਰਟ ਆਫ ਅਪੀਲਜ਼ ’ਚ ਪਟੀਸ਼ਨ ਦਾਇਰ ਕੀਤੀ ਸੀ। ਅਮਰੀਕੀ ਜੇਲ੍ਹ ’ਚ ਬੰਦ ਰਾਣਾ ਨੂੰ ਪਾਕਿਸਤਾਨੀ-ਅਮਰੀਕੀ ਅੱਤਵਾਦੀ ਡੇਵਿਡ ਕੋਲਮੈਨ ਹੈਡਲੀ ਦਾ ਸਹਿਯੋਗੀ ਮੰਨਿਆ ਜਾਂਦਾ ਹੈ, ਜੋ 26 ਨਵੰਬਰ 2008 ਦੇ ਮੁੰਬਈ ਹਮਲਿਆਂ ਦੇ ਮੁੱਖ ਸਾਜ਼ਿਸ਼ਘਾੜਿਆਂ ਵਿੱਚੋਂ ਇੱਕ ਸੀ।

# ਰੁਸਤਮਾਂ ਵਰਗਾ ਸਵਾਗਤ

## ਦਿੱਲੀ ਹਵਾਈ ਅੱਡੇ ਤੋਂ ਪਿੰਡ ਤੱਕ ਲੋਕਾਂ ਨੇ ਅੱਖਾਂ ’ਤੇ ਚੁੱਕੀ ਰੱਖਿਆ

**ਨਵੀਂ ਦਿੱਲੀ :** ਭਾਰਤ ਦੀ ਸਟਾਰ ਭਲਵਾਨ ਵਿਨੇਸ਼ ਫੋਗਾਟ, ਜੋ ਪੈਰਿਸ ਉਲੰਪਿਕ ’ਚ 50 ਕਿੱਲੋ ਭਾਰ ਵਰਗ ਦੇ ਫਾਈਨਲ ’ਚ ਪਹੁੰਚਣ ਦੇ ਬਾਵਜੂਦ ਭਾਰ ਜ਼ਿਆਦਾ ਹੋਣ ਕਾਰਨ ਤਮਗਾ ਨਹੀਂ ਜਿੱਤ ਸਕੀ, ਦਾ ਸ਼ਨੀਵਾਰ ਵਤਨ ਪਰਤਣ ’ਤੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ’ਤੇ ਸ਼ਾਨਦਾਰ ਸਵਾਗਤ ਕੀਤਾ ਗਿਆ।

ਫਾਈਨਲ ਮੈਚ ਤੋਂ ਪਹਿਲਾਂ ਕੀਤੇ ਵਜ਼ਨ ’ਚ ਉਸ ਦਾ ਵਜ਼ਨ 100 ਗ੍ਰਾਮ ਜ਼ਿਆਦਾ ਨਿਕਲਿਆ ਸੀ, ਜਿਸ ਕਾਰਨ ਉਸ ਨੂੰ ਅਯੋਗ ਕਰਾਰ ਦਿੱਤਾ ਗਿਆ। ਉਸ ਨੇ ਖੇਡ ਸਾਲਸੀ ਕੋਰਟ ਨੂੰ ਸਾਂਝਾ ਚਾਂਦੀ ਦਾ ਤਮਗਾ ਦਿਵਾਉਣ ਦੀ ਅਪੀਲ ਕੀਤੀ ਸੀ, ਜਿਸ ਕਾਰਨ ਉਹ ਪੈਰਿਸ ’ਚ ਹੀ ਰੁਕੀ ਰਹੀ ਸੀ। ਕੋਰਟ ਨੇ ਉਸ ਦੀ ਅਪੀਲ ਰੱਦ ਕਰ ਦਿੱਤੀ ਸੀ। ਲੰਡਨ ਉਲੰਪਿਕ ਦੇ ਕਾਂਸੀ ਤਮਗਾ ਜੇਤੂ ਨਿਸ਼ਾਨੇਬਾਜ਼ ਅਤੇ ਪੈਰਿਸ ਉਲੰਪਿਕ ’ਚ ਭਾਰਤੀ ਦਲ ਦੇ ਨੇਤਾ ਗਗਨ ਨਾਰੰਗ ਨੇ ਫੋਗਾਟ ਨੂੰ ਚੈਂਪੀਅਨ ਕਿਹਾ। ਦੋਵੇਂ ਇੱਕੋ ਜਹਾਜ਼ ਰਾਹੀਂ ਦਿੱਲੀ ਪੁੱਜੇ ਸਨ। ਫੋਗਾਟ ਦਾ ਸਵਾਗਤ ਕਰਨ ਵਾਲਿਆਂ ’ਚ ਬਜਰੰਗ ਪੂਨੀਆ, ਸਾਕਸ਼ੀ ਮਲਿਕ ਤੇ ਵੱਡੀ ਗਿਣਤੀ ’ਚ ਭਲਵਾਨ ਤੇ ਲੋਕ ਹਾਜ਼ਰ ਸਨ। ਸਾਰਿਆਂ ਨੇ ਉਸ ਦਾ ਜੇਤੂ ਭਲਵਾਨ ਵਾਂਗ ਸਵਾਗਤ ਕੀਤਾ। ਭਾਵੁਕ ਹੋਈ ਫੋਗਾਟ ਨੇ ਕਿਹਾ ਕਿ ਉਹ ਸਾਰੇ ਦੇਸ਼ ਦਾ ਸ਼ੁਕਰੀਆ ਅਦਾ ਕਰਦੀ ਹੈ।

ਰੋਹਤਕ ਤੋਂ ਲੋਕ ਸਭਾ ਮੈਂਬਰ ਦੀਪੇਂਦਰ ਹੁੱਡਾ ਤੇ ਕਾਂਗਰਸੀਆਂ ਨੇ ਫੋਗਾਟ ਨੂੰ ਹਵਾਈ ਅੱਡੇ ’ਤੇ ਰਿਸੀਵ ਕੀਤਾ। ਭਾਜਪਾ ਵਾਲਿਆਂ ਨੇ ਵੀ ਸਵਾਗਤ ਦੀ ਯੋਜਨਾ ਬਣਾਈ ਸੀ, ਪਰ ਹੁੱਡਾ ਵੱਡਾ ਸ਼ੋਅ ਕਰਕੇ ਨੰਬਰ ਬਣਾ ਗਿਆ। ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਫੋਗਾਟ ਦੇ ਸਨਮਾਨ ਵਿਚ ਕੋਈ ਕਮੀ ਨਹੀਂ ਰਹਿਣ ਦੇਣਗੇ।

ਬਜਰੰਗ ਪੂਨੀਆ ਨੇ ਕਿਹਾ—ਫੋਗਾਟ ਦਾ ਚੈਂਪੀਅਨ ਵਰਗਾ ਸਵਾਗਤ ਹੋ ਰਿਹਾ ਹੈ। ਦੇਸ਼ ਨੇ ਫੋਗਾਟ ਦਾ ਗਲੀਆਂ ਤੋਂ ਮੰਚ ਤੱਕ ਦਾ ਸਫਰ ਦੇਖਿਆ ਹੈ। ਅਸੀਂ ਦੇਸ਼ ਵਾਸੀਆਂ ਦੇ ਸ਼ੁਕਰਗੁਜ਼ਾਰ ਹਾਂ।

ਸਾਕਸ਼ੀ ਮਲਿਕ ਨੇ ਕਿਹਾ—ਅੱਜ ਬਹੁਤ ਵੱਡਾ ਦਿਨ ਹੈ। ਵਿਨੇਸ਼ ਨੇ ਦੇਸ਼ ਤੇ ਮਹਿਲਾਵਾਂ ਲਈ ਜੋ ਕੀਤਾ ਹੈ, ਉਹ ਬਿਹਤਰੀਨ ਹੈ। ਮੈਨੂੰ ਉਮੀਦ ਹੈ ਕਿ ਉਸ ਨੂੰ ਇਹ ਸਨਮਾਨ ਮਿਲਦਾ ਰਹੇਗਾ।

ਫੁੱਲਮਾਲਾਵਾਂ ਨਾਲ ਲੱਦ ਦਿੱਤੀ ਗਈ ਫੋਗਾਟ ਦਾ ਕਾਰਵਾਂ ਹਵਾਈ ਅੱਡੇ ਤੋਂ ਹਰਿਆਣਾ ਵਿਚ ਉਸ ਦੇ ਪਿੰਡ ਬਲਾਲੀ ਲਈ ਰਵਾਨਾ ਹੋਇਆ। ਕਾਫਲੇ ਨੇ ਦਿੱਲੀ ਦੇ ਦਵਾਰਕਾ ਵਿਚ ਮੰਦਰ ’ਚ ਮੱਥਾ ਟੇਕਿਆ। ਰਾਹ ਵਿਚ ਲੋਕਾਂ ਨੇ ਥਾਂ-ਥਾਂ ਉਸ ਦਾ ਸਵਾਗਤ ਕੀਤਾ। ਫੋਗਾਟ ਨੂੰ ਅਸ਼ੀਰਵਾਦ ਦੇਣ ਲਈ ਬਜ਼ੁਰਗ ਵੀ ਕਾਫੀ ਗਿਣਤੀ ਵਿਚ ਨਜ਼ਰ ਆਏ। ਕਾਫਲੇ ਨਾਲ ਚੱਲ ਰਹੀ ਮਾਂ ਪ੍ਰੇਮ ਲਤਾ ਨੇ ਕਿਹਾ—ਅਸੀਂ ਬਹੁਤ ਖੁਸ਼ ਹਾਂ, ਪੂਰਾ ਦੇਸ਼ ਬੇਟੀ ਦਾ ਮਾਣ-ਸਨਮਾਨ ਕਰ ਰਿਹਾ ਹੈ। ਘਰ ਪਹੁੰਚਣ ’ਤੇ ਬੇਟੀ ਨੂੰ ਚੂਰਮਾ, ਹਲਵਾ ਖੁਆਵਾਂਗੇ। ਉਹ ਮੇਰੇ ਲਈ ਚੈਂਪੀਅਨ ਹੈ। ਦੇਸ਼ ਨੇ ਉਸ ਨੂੰ ਗੋਲਡ ਮੈਡਲ ਤੋਂ ਵੀ ਵੱਧ ਸਨਮਾਨ ਦਿੱਤਾ ਹੈ।

## ਨਾ ਟੂਟੀ ਕਭੀ, ਨਾ ਬਿਖਰੀ ਹੂੰ, ਥੱਕ ਕਰ, ਹਾਰ ਕਰ ਹਰ ਬਾਰ ਮੈਂ ਨਿਖਰੀ ਹੂੰ



## ਸਿੱਧਾਰਮਈਆ ਖਿਲਾਫ ਕੇਸ ਚਲਾਉਣ ਦੀ ਮਨਜ਼ੂਰੀ



**ਬੇਂਗਲੁਰੂ :** ਕਰਨਾਟਕ ਦੇ ਰਾਜਪਾਲ ਥਾਵਰਚੰਦ ਗਹਿਲੋਤ ਨੇ ਮੈਸੂਰ ਸ਼ਹਿਰੀ ਵਿਕਾਸ ਅਥਾਰਟੀ (ਮੁਡਾ) ਦੀ ਜ਼ਮੀਨ ਅਲਾਟਮੈਂਟ ਦੇ ਕਥਿਤ ਘਪਲੇ ਦੇ ਸੰਬੰਧ ਵਿਚ ਮੁੱਖ ਮੰਤਰੀ ਸਿੱਧਾਰਮਈਆ ਖਿਲਾਫ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਇਹ ਫੈਸਲਾ ਟੀ ਜੇ ਅਬਰਾਹਮ, ਪ੍ਰਦੀਪ ਅਤੇ ਸ਼ਨੇਮਈ ਕ੍ਰਿਸ਼ਨਾ ਵੱਲੋਂ ਦਾਇਰ ਤਿੰਨ ਪਟੀਸ਼ਨਾਂ ’ਤੇ ਆਧਾਰਤ ਹੈ। ਇਨ੍ਹਾਂ ਤਿੰਨਾਂ ਨੇ ਮੁਡਾ ਵੱਲੋਂ 2021 ਵਿਚ ਸਿੱਧਾਰਮਈਆ ਦੀ ਪਤਨੀ ਪਾਰਵਤੀ ਤੋਂ 3.16 ਏਕੜ ਜ਼ਮੀਨ ਲੈਣ ਬਦਲੇ ਉਸ ਨੂੰ ਮੈਸੂਰ ਵਿਚ 14 ਹਾਊਸਿੰਗ ਸਾਈਟਾਂ ਦੇਣ ਦੇ ਮਾਮਲੇ ਵਿਚ ਮੁੱਖ ਮੰਤਰੀ ਵਿਰੁੱਧ ਜਾਂਚ ਲਈ ਕੋਰਟ ਕੇਸ ਦਾਇਰ ਕਰਨ ਵਾਸਤੇ ਰਾਜਪਾਲ ਤੋਂ ਮਨਜ਼ੂਰੀ ਮੰਗੀ ਸੀ।

ਰਾਜਪਾਲ ਨੇ ਸ਼ਨੀਵਾਰ ਜਾਰੀ ਬਿਆਨ ਵਿਚ ਦੱਸਿਆ—ਮੈਂ ਪਟੀਸ਼ਨਾਂ ● ਬਾਕੀ ਸਫ਼ਾ 2 ’ਤੇ

## ਸਮੁੰਦਰ ’ਚ ਡਿਗਣੋਂ ਔਰਤ ਬਚਾਈ



**ਠਾਣੇ :** ਮਹਾਰਾਸ਼ਟਰ ਦੇ ਠਾਣੇ ਜ਼ਿਲ੍ਹੇ ’ਚ ਟੈਕਸੀ ਡਰਾਈਵਰ ਅਤੇ ਚਾਰ ਟਰੈਫਿਕ ਪੁਲਸ ਮੁਲਾਜ਼ਮਾਂ ਦੀ ਮੁਸਤੈਦੀ ਨਾਲ ਅਟਲ ਸੇਤੂ ਤੋਂ ਅਰਬ ਸਾਗਰ ’ਚ ਡਿੱਗਣ ਵਾਲੀ 56 ਸਾਲਾ ਔਰਤ ਦੀ ਜਾਨ ਬਚ ਗਈ। ਦੱਖਣੀ ਮੁੰਬਈ ਤੋਂ ਨਵੀਂ ਮੁੰਬਈ ਨੂੰ ਜੋੜਨ ਵਾਲੇ ਪੁਲ ’ਤੇ ਔਰਤ ਦੇ ਨਾਟਕੀ ਢੰਗ ਨਾਲ ਬਚਾਅ ਦਾ ਵੀਡੀਓ ਸੋਸ਼ਲ ਮੀਡੀਆ ’ਤੇ ਕਾਫੀ ਵਾਇਰਲ ਹੋ ਰਿਹਾ ਹੈ। ਸ਼ੁੱਕਰਵਾਰ ਸ਼ਾਮ ਕਰੀਬ 7 ਵਜੇ ਮੁਲੁੰਡ ਨਿਵਾਸੀ ਰੀਮਾ ਮੁਕੇਸ਼ ਪਟੇਲ ਟੈਕਸੀ ’ਚ ਅਟਲ ਸੇਤੂ ਪਹੁੰਚੀ ਅਤੇ ਕਾਰ ਨੂੰ ਨਾਹਵਾ ਸੇਵਾ ਵੱਲ ਰੋਕਿਆ। ਉਹ ਪੁਲ ਦੇ ਕਿਨਾਰੇ ਰੇਲਿੰਗ ’ਤੇ ਬੈਠ ਗਈ। ਵੀਡੀਓ ’ਚ ਟੈਕਸੀ ਡਰਾਈਵਰ ਔਰਤ ਦੇ ਕੋਲ ਖੜ੍ਹਾ ਦੇਖਿਆ ਜਾ ਸਕਦਾ ਹੈ। ਇਸ ਤੋਂ ਬਾਅਦ ਪੁਲਸ ਦੀ ਪੈਟਰੋਲਿੰਗ ਗੱਡੀ ਉੱਥੇ ਰੁਕਦੀ ਹੈ। ਪੁਲਸ ਨੂੰ ਦੇਖ ਕੇ ਔਰਤ ਘਬਰਾ ਜਾਂਦੀ ਹੈ ਅਤੇ ਅਚਾਨਕ ਸਮੁੰਦਰ ’ਚ ਡਿੱਗਣ ਲੱਗਦੀ ਹੈ। ਟੈਕਸੀ ਡਰਾਈਵਰ ਕੁਝ ਹੀ ਸਕਿੰਟਾਂ ’ਚ ਹੇਠਾਂ ਡਿੱਗ ਰਹੀ ਔਰਤ ਦੇ ਵਾਲਾਂ ਨੂੰ ਫੜ ਲੈਂਦਾ ਹੈ, ਉਦੋਂ ਹੀ ਚਾਰ ਪੁਲਸ ਵਾਲੇ ਦੌੜਦੇ ਹੋਏ ਆਉਂਦੇ ਹਨ ਅਤੇ ਰੇਲਿੰਗ ’ਤੇ ਚੜ੍ਹ ਜਾਂਦੇ ਹਨ। ਇੱਕ ਮੁਲਾਜ਼ਮ ਹੇਠਾਂ ਝੁਕਦਾ ਹੈ ਅਤੇ ਕਿਸੇ ਤਰ੍ਹਾਂ ਔਰਤ ਨੂੰ ਫੜ ਲੈਂਦਾ ਹੈ। ਇਸ ਤੋਂ ਬਾਅਦ ਚਾਰੇ ਪੁਲਸ ਵਾਲੇ ਹੌਲੀ-ਹੌਲੀ ਔਰਤ ਨੂੰ ਖਿੱਚ ਕੇ ਉੱਪਰ ਲੈ ਆਏ। ਔਰਤ ਨੇ ਕਿਹਾ ਕਿ ਉਹ ਪੁਲਸ ਨੂੰ ਦੇਖ ਕੇ ਘਬਰਾ ਗਈ ਸੀ।

## ਵੋਟਿੰਗ ਦਾ ਹੱਕ ਤਾਂ ਮਿਲ ਗਿਆ, ਪਰ ਬਾਕੀ ਹੱਕ ?



**ਤਿਰੂਅਨੰਤਪੁਰਮ :** ਸੁਪਰੀਮ ਕੋਰਟ ਦੇ ਜਸਟਿਸ ਬੀ ਆਰ ਗਵਈ ਨੇ ਦੁੱਖ ਜਤਾਇਆ ਹੈ ਕਿ ਦੇਸ਼ ਦੀ ਪੂਰੀ ਸੰਪਤੀ ਕੁਝ ਕੁ ਲੋਕਾਂ ਦੇ ਹੱਥਾਂ ’ਚ ਹੈ। ਬਹੁਤ ਸਾਰੇ ਅਜਿਹੇ ਲੋਕ ਹਨ, ਜਿਨ੍ਹਾਂ ਨੂੰ ਦੋ ਵਕਤ ਦੀ ਰੋਟੀ ਨਸੀਬ ਨਹੀਂ ਹੁੰਦੀ। ਸ਼ੁੱਕਰਵਾਰ ਕੇਰਲਾ ਹਾਈ ਕੋਰਟ ਦੇ ਇਕ ਪ੍ਰੋਗਰਾਮ ਵਿਚ ਜਸਟਿਸ ਗਵਈ ਨੇ ਡਾ. ਭੀਮ ਰਾਓ ਅੰਬੇਡਕਰ ਵੱਲੋਂ 1949 ’ਚ ਕਹੀ ਗੱਲ ਦਾ ਜ਼ਿਕਰ ਕਰਦਿਆਂ ਕਿਹਾ—ਸਿਆਸੀ ਖੇਤਰ ਵਿਚ ਵੋਟਿੰਗ ਦਾ ਬਰਾਬਰ ਹੱਕ ਸਾਨੂੰ ਹੋਰਨਾਂ ਖੇਤਰਾਂ ਵਿਚ ਨਾਬਰਾਬਰੀ ਪ੍ਰਤੀ ਅੰਨ੍ਹਾ ਨਹੀਂ ਬਣਾ ਸਕਦਾ। ਜਸਟਿਸ ਗਵਈ ਨੇ ਕਿਹਾ—ਡਾ. ਅੰਬੇਡਕਰ ਚਾਹੁੰਦੇ ਸਨ ਕਿ ਸਿਆਸਤ ਵਿਚ ਇਕ ਵਿਅਕਤੀ, ਇਕ ਵੋਟ ਦੀ ਵਿਵਸਥਾ ਹੋਵੇ। ਇਸ ਨਾਲ ਬਰਾਬਰੀ ਦਾ ਹੱਕ ਤਾਂ ਮਿਲ ਗਿਆ, ਪਰ ਆਰਥਕ ਤੇ ਸਮਾਜੀ ਨਿਆਂ ਵਿਚ ਨਾਬਰਾਬਰੀ ਬਾਰੇ ਕੀ ਕਹੋਗੇ। ਸਾਡਾ ਸਮਾਜ ਕਈ ਵਰਗਾਂ ਵਿਚ ਵੰਡਿਆ ਹੋਇਆ ਹੈ। ਲੋਕ ਇਕ ’ਚੋਂ ਨਿਕਲ ਕੇ ਦੂਜੇ ਵਿਚ ਨਹੀਂ ਜਾ ਸਕਦੇ।

ਡਾ. ਅੰਬੇਡਕਰ ਨੇ ਚਿਤਾਵਨੀ ਦਿੱਤੀ ਸੀ ਕਿ ਨਾਬਰਾਬਰੀ ਮਿਟਾਉਣ ਲਈ ਹਰ ਸੰਭਵ ਜਤਨ ਕਰਨੇ ਹੋਣਗੇ। ਜੇ ਅਸੀਂ ਅਜਿਹਾ ਨਹੀਂ ਕਰਦੇ ਤਾਂ ਜਮਹੂਰੀਅਤ ਦੀ ਉਹ ਇਮਾਰਤ ਢਹਿ ਜਾਵੇਗੀ, ਜਿਹੜੀ ਅਸੀਂ ਏਨੀ ਮਿਹਨਤ ਨਾਲ ਬਣਾਈ ਹੈ।

## ਮਾਨ ਵੱਲੋਂ ਆਂਗਣਵਾੜੀ ਵਰਕਰਾਂ ਦੀਆਂ 3000 ਨਵੀਂਆਂ ਅਸਾਮੀਆਂ ਭਰਨ ਦਾ ਐਲਾਨ



**ਬਰਨਾਲਾ :** ਪੰਜਾਬ ਦੀਆਂ ਮਹਿਲਾਵਾਂ ਨੂੰ ਵੱਡੀ ਸੌਗਾਤ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ ਆਂਗਣਵਾੜੀ ਵਰਕਰਾਂ ਦੀਆਂ 3000 ਨਵੀਂਆਂ ਅਸਾਮੀਆਂ ਭਰਨ ਦੇ ਨਾਲ-ਨਾਲ ਔਰਤਾਂ ਲਈ ਰੁਜ਼ਗਾਰ ਦੇ ਵੱਡੇ ਮੌਕੇ ਪੈਦਾ ਕਰਨ ਦਾ ਐਲਾਨ ਕੀਤਾ।

ਇੱਥੇ ਰੱਖੜੀ ਦੇ ਤਿਉਹਾਰ ਮੌਕੇ ਰਾਜ ਪੱਧਰੀ ਸਮਾਗਮ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਇਸ ਸੰਬੰਧੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ ਅਤੇ ਬਹੁਤ ਛੇਤੀ ਇਨ੍ਹਾਂ ਅਸਾਮੀਆਂ ਉਤੇ ਭਰਤੀ ਕੀਤੀ ਜਾਵੇਗੀ। ਮਾਨ ਨੇ ਕਿਹਾ ਕਿ ਸਰਕਾਰ ਆਸ਼ਾ ਵਰਕਰਾਂ ਦੀਆਂ ਜਾਇਜ਼ ਮੰਗਾਂ ਉਤੇ ਹਮਦਰਦੀ ਨਾਲ ਵਿਚਾਰ ਕਰ ਰਹੀ ਹੈ।ਮੁੱਖ ਮੰਤਰੀ ਨੇ ਕਿਹਾ ਕਿ ਅੱਗ ਬੁਝਾਊ ਸਟਾਫ ਵਿੱਚ ਮਹਿਲਾਵਾਂ ਦੀ ਭਰਤੀ ਲਈ ਫਿਜ਼ੀਕਲ ਟੈਸਟ ਦੇ ਮੌਜੂਦਾ ਮਾਪਦੰਡ ਬਦਲਣ ਲਈ ਨਿਯਮਾਂ ਵਿੱਚ ਲੋੜੀਂਦੀਆਂ ਸੋਧਾਂ ਕੀਤੀਆਂ ਜਾ ਰਹੀਆਂ ਹਨ। ਅੱਗ ਬੁਝਾਊ ਸਟਾਫ ਵਿੱਚ ਲੜਕੀਆਂ ਦੀ ਭਰਤੀ ਕਰਨ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੋਵੇਗਾ।

ਮਾਨ ਨੇ ਕਿਹਾ—ਮੇਰੇ ਮਨ ਨੂੰ ਬਹੁਤ ਤਸੱਲੀ ਹੈ ਕਿ ਇਸ ● ਬਾਕੀ ਸਫ਼ਾ 2 ’ਤੇ

## ਕਾਰਪੋਰੇਟ ਤੇ ਫਾਸ਼ੀਵਾਦ ਵਿਰੁੱਧ ਸੰਘਰਸ਼ਾਂ ਨੂੰ ਸਮਰਪਿਤ ਹੋਏਗਾ 33ਵਾਂ ਮੇਲਾ ਗ਼ਦਰੀ ਬਾਬਿਆਂ ਦਾ

### ਹਰਦੇਵ ਅਰਸ਼ੀ ਗ਼ਦਰੀ ਝੰਡਾ ਲਹਿਰਾਉਣਗੇ



**ਜਲੰਧਰ (ਕੇਸਰ)**

ਦੀਵਾਲੀ ਦੇ ਤਿਉਹਾਰ ਨੂੰ ਮੱਦੇਨਜ਼ਰ ਰੱਖਦਿਆਂ ਇਸ ਵਾਰ 7, 8 ਤੇ 9 ਨਵੰਬਰ ਨੂੰ ਹੋਏਗਾ 33ਵਾਂ ਮੇਲਾ ਗ਼ਦਰੀ ਬਾਬਿਆਂ ਦਾ।ਦੇਸ਼ ਭਗਤ ਯਾਦਗਾਰ ਕਮੇਟੀ ਦੇ ਬੋਰਡ ਆਫ਼ ਟਰੱਸਟ ਦੀ ਸ਼ਨੀਵਾਰ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ’ਚ ਹੋਈ ਮੀਟਿੰਗ ’ਚ ਲਏ ਫੈਸਲਿਆਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਕਾਰਪੋਰੇਟ ਅਤੇ ਫਾਸ਼ੀਵਾਦ ਵਿਰੁੱਧ ਸੰਘਰਸ਼ਾਂ ਨੂੰ ਸਮਰਪਿਤ ਹੋਏਗਾ ਮੇਲਾ ਗ਼ਦਰੀ ਬਾਬਿਆਂ ਦਾ।ਇਸ ਮੇਲੇ ਦੇ ਸਿਖ਼ਰਲੇ ਦਿਨ 9 ਨਵੰਬਰ (ਐਤਵਾਰ) ਸਵੇਰੇ 10 ਵਜੇ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਹਰਦੇਵ ਅਰਸ਼ੀ ਅਦਾ ਕਰਨਗੇ। ਇਸ ਦਿਨ ਹੀ ਪੇਸ਼ ਹੋਣ ਵਾਲੇ ਝੰਡੇ ਦੇ ਗੀਤ ਦੀ ਵਰਕਸ਼ਾਪ ਇਸ ਵਾਰ ਦੀਵਾਲੀ ਉਪਰੰਤ ਦੇਸ਼ ਭਗਤ ਯਾਦਗਾਰ ਹਾਲ ’ਚ ਲੱਗੇਗੀ।

ਦੇਸ਼ ਭਗਤ ਯਾਦਗਾਰ ਹਾਲ ਦੇ ਸਮੁੱਚੇ ਕੰਪਲੈਕਸ ਨੂੰ ਮੇਲੇ ਦੇ ਦਿਨਾਂ ਵਿੱਚ ਗ਼ਦਰ ਪਾਰਟੀ ਦੇ ਪਹਿਲੇ ਖਜ਼ਾਨਚੀ ‘ਕਾਂਸ਼ੀ ਰਾਮ ਮੜੌਲੀ ਨਗਰ’ ਦਾ ਨਾਂਅ ਦਿੱਤਾ ਜਾਏਗਾ। ਸ਼ਹੀਦ ਭਗਤ ਸਿੰਘ ਆਡੀਟੋਰੀਅਮ ਨੂੰ ਪਗੜੀ ਸੰਭਾਲ ਲਹਿਰ ਦੇ ਬਾਨੀ ‘ਅਜੀਤ ਸਿੰਘ ਮੰਚ’ ਅਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਮੰਚ ਨੂੰ ਫਾਸ਼ੀਵਾਦ ਖਿਲਾਫ਼ ਲੜਨ ਵਾਲੇ ਜੁਝਾਰੂਆਂ ਵਿੱਚ ਵਿਸ਼ਵ ਭਰ ਵਿੱਚ ਜਾਣੇ ਜਾਂਦੇ ● ਬਾਕੀ ਸਫ਼ਾ 2 ’ਤੇ

## ਅੱਜ-ਨਾਮਾ

ਕੰਗਨਾ ਨਵੀਂ ਚੁਆਤੀ ਆ ਲਾਉਣ ਲੱਗੀ,
ਕਹਿੰਦੇ ਮੂਵੀ ਜਿਹੀ ਕੋਈ ਬਣਾਈ ਭਾਈ।
ਇੰਦਰਾ ਗਾਂਧੀ ’ਤੇ ਕੇਂਦਰਤ ਕਰੀ ਕਹਿੰਦੇ,
ਸਿੱਖਾਂ ਬਾਰੇ ਕੁਝ ਬਾਤ ਉਸ ਪਾਈ ਭਾਈ।
ਜਿਹੜੀ ਤਰਜ਼ ਆ ਸਿੱਖਾਂ ਨੂੰ ਪੇਸ਼ ਕੀਤਾ,
ਕਰੀ ਮਾਸਾ ਨਹੀਂ ਓਸ ਵਡਿਆਈ ਭਾਈ।
ਕਹਿੰਦੇ ਕੀਤੀ ਬਦਨਾਮੀ ਆ ਵਿੱਚ ਉਹਨੇ,
ਗੱਲ ਮੀਡੀਏ ਵਿੱਚ ਜਿਹੜੀ ਆਈ ਭਾਈ।
ਪੱਲੇ ਅਕਲ ਨਹੀਂ, ਨਾ ਕੁਝ ਕਲਾ ਜੀਹਦੇ,
ਉਹ ਹੀ ਵਰਤਦਾ ਏਹੋ ਜਿਹੇ ਦਾਅ ਭਾਈ।
ਨੈਗੇਟਿਵ ਚਰਚੇ ਦੇ ਨਾਲ ਪ੍ਰਸਿੱਧ ਹੋ ਗਈ,
ਗਲਤੀਆਂ ਵਿੱਚੋਂ ਵੀ ਭਾਲਦੀ ਚਾਅ ਭਾਈ।

-ਤੀਸ ਮਾਰ ਖਾਂ

## ਮੋਦੀ ਦੇ ਸ਼ਬਦਾਂ ’ਚ ਸਚਾਈ ਨਹੀਂ : ਪਵਾਰ

**ਨਾਗਪੁਰ :** ਨੈਸ਼ਨਲਿਸਟ ਕਾਂਗਰਸ ਪਾਰਟੀ (ਸ਼ਰਦਚੰਦਰ ਪਵਾਰ) ਦੇ ਮੁਖੀ ਸ਼ਰਦ ਪਵਾਰ ਨੇ ਸ਼ਨੀਵਾਰ ਹੈਰਾਨੀ ਪ੍ਰਗਟਾਈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ‘ਇਕ ਦੇਸ਼, ਇਕ ਚੋਣ’ ਉੱਤੇ ਜ਼ੋਰ ਦੇਣ ਦੇ ਬਾਵਜੂਦ ਆਗਾਮੀ ਅਸੰਬਲੀ ਚੋਣਾਂ ਇੱਕੋ ਵੇਲੇ ਕਿਉਂ ਨਹੀਂ ਕਰਵਾਈਆਂ ਜਾ ਰਹੀਆਂ। ਪਵਾਰ ਨੇ ਇਥੇ ਸਮਾਗਮ ਦੌਰਾਨ ਪੱਤਰਕਾਰਾਂ ਨੂੰ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਗੱਲ ’ਚ ਕੋਈ ਸੱਚਾਈ ਨਹੀਂ। ਉਨ੍ਹਾ ਕਿਹਾ ਕਿ ਮੋਦੀ ਨੇ ਆਪਣੇ ਸੁਤੰਤਰਤਾ ਦਿਵਸ ਭਾਸ਼ਣ ’ਚ ਇਕ ਦੇਸ਼ ਇਕ ਚੋਣ ਦੀ ਵਕਾਲਤ ਕੀਤੀ ਸੀ। ਚੋਣ ਕਮਿਸ਼ਨ ਨੇ ਸ਼ੁੱਕਰਵਾਰ ਸਤੰਬਰ-ਅਕਤੂਬਰ ’ਚ ਜੰਮੂ-ਕਸ਼ਮੀਰ ’ਚ ਤਿੰਨ ਪੜਾਵਾਂ ’ਚ ਅਤੇ ਹਰਿਆਣਾ ’ਚ ਇਕ ਪੜਾਅ ’ਚ ਵੋਟਿੰਗ ਕਰਵਾਉਣ ਦਾ ਐਲਾਨ ਕੀਤਾ ਸੀ। ਜੰਮੂ-ਕਸ਼ਮੀਰ ਚੋਣਾਂ ਲਈ ਵਾਧੂ ਸੁਰੱਖਿਆ ਬਲਾਂ ਦੀ ਲੋੜ ਅਤੇ ਮਹਾਰਾਸ਼ਟਰ ’ਚ ਤਿਉਹਾਰਾਂ ਦੌਰਾਨ ਭੀੜ ਹੋਣ ਦਾ ਹਵਾਲਾ ਦਿੰਦੇ ਹੋਏ ਕਮਿਸ਼ਨ ਨੇ ਕਿਹਾ ਕਿ ਮਹਾਰਾਸ਼ਟਰ ਅਸੰਬਲੀ ਚੋਣਾਂ ਦਾ ਐਲਾਨ ਬਾਅਦ ’ਚ ਕੀਤਾ ਜਾਵੇਗਾ। ਪਵਾਰ ਨੇ ਕਿਹਾ—ਦੋ ਰਾਜਾਂ (ਜੰਮੂ-ਕਸ਼ਮੀਰ ਅਤੇ ਹਰਿਆਣਾ) ’ਚ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕੀਤਾ ਗਿਆ ਹੈ, ਪਰ ਝਾਰਖੰਡ ਅਤੇ ਮਹਾਰਾਸ਼ਟਰ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਨਹੀਂ ਕੀਤਾ ਗਿਆ। ਇਸ ਲਈ ਪ੍ਰਧਾਨ ਮੰਤਰੀ ਦੇ ਸ਼ਬਦਾਂ ’ਚ ਕੋਈ ਸੱਚਾਈ ਨਹੀਂ ਹੈ।

## ਅਮਰੀਕਾ ’ਚ ਭਾਰਤੀ ਸਟੋਰ ਮਾਲਕ ਕਤਲ

**ਵਾਸ਼ਿੰਗਟਨ :** ਅਮਰੀਕਾ ਦੇ ਉੱਤਰੀ ਕੈਰੋਲੀਨਾ ਸੂਬੇ ’ਚ ਅੱਲ੍ਹੜ ਨੇ ਸਟੋਰ ਲੁੱਟਣ ਤੋਂ ਬਾਅਦ ਭਾਰਤੀ ਮੂਲ ਦੇ 36 ਸਾਲਾ ਵਿਅਕਤੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਸੈਲਿਸਬਰੀ ਪੋਸਟ ਨੇ ਰਿਪੋਰਟ ਦਿੱਤੀ ਹੈ ਕਿ 2580 ਏਅਰਪੋਰਟ ਰੋਡ ’ਤੇ ਤੰਬਾਕੂ ਹਾਊਸ ਸਟੋਰ ਦੇ ਮਾਲਕ ਮਾਣਕ ਪਟੇਲ ਦੀ ਮੰਗਲਵਾਰ ਸਵੇਰੇ ਗੋਲੀਬਾਰੀ ਤੋਂ ਬਾਅਦ ਮੌਤ ਹੋ ਗਈ।

ਮੁੰਡੇ ਨੂੰ ਹਿਰਾਸਤ ’ਚ ਲੈ ਲਿਆ ਗਿਆ ਹੈ। ਪਟੇਲ ਦੇ ਪਰਵਾਰ ’ਚ ਸਾਢੇ ਸੱਤ ਮਹੀਨੇ ਦੀ ਗਰਭਵਤੀ ਪਤਨੀ ਐਮੀ ਅਤੇ 5 ਸਾਲ ਦੀ ਧੀ ਹੈ।




CMYK

18-AUG-PAGE-1.qxd 8/17/2024 11:07 PM Page 2



## ਮਸ਼ੀਨਰੀ ਡੀਲਰਜ਼ ਐਸੋਸੀਏਸ਼ਨ ਨੇ ਆਜ਼ਾਦੀ ਦਿਵਸ ਮਨਾਇਆ



ਜਗਰਾਓ (ਅਮਿਤ ਖੰਨਾ)-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਵਤੰਤਰਤਾ ਦਿਵਸ ਦਾ ਪਵਿੱਤਰ ਦਿਨ ਮਸ਼ੀਨਰੀ ਡੀਲਰਜ਼ ਐਸੋਸੀਏਸ਼ਨ ਵੱਲੋਂ ਬੜੇ ਮਾਣ ਤੇ ਸਤਿਕਾਰ ਨਾਲ ਪ੍ਰਧਾਨ ਸੁਮਿਤ ਜੈਨ ਦੀ ਅਗਵਾਈ ਵਿੱਚ ਮਨਾਇਆ ਗਿਆ। ਸਾਰੇ ਮੈਂਬਰਾਂ ਨੇ ਝੰਡਾ ਲਹਿਰਾਉਣ ਦੀ ਰਸਮ ਤੋਂ ਬਾਅਦ ਰਾਸ਼ਟਰੀ ਗਾਨ ਗਾਇਆ। ਸਕੱਤਰ ਦਮਨਦੀਪ ਸਿੰਘ ਨੇ ਬੜੇ ਹੀ ਸੁਚੇਤ ਢੰਗ ਨਾਲ ਸਟੇਜ ਸਾਂਭਦੇ ਹੋਏ ਸਾਰੇ ਮੈਂਬਰਾਂ ਨੂੰ ਵੱਖ ਵੱਖ ਵਿਸ਼ਿਆਂ ਬਾਰੇ ਜਾਗਰੂਕ ਕੀਤਾ। ਪ੍ਰੋਗਰਾਮ ਤੋਂ ਬਾਅਦ ਸਾਰਿਆਂ ਨੇ ਸਵਾਦਿਸ਼ਟ ਲੰਚ ਦਾ ਆਨੰਦ ਮਾਣਿਆ। ਇਸ ਮੌਕੇ ਚੇਅਰਮੈਨ ਜੀਵਨ ਗੁਪਤਾ, ਪੱਪਾ, ਪ੍ਰਸ਼ੋਤਮ ਅਗਰਵਾਲ, ਸਰਵਣ ਸਿੰਘ, ਵਰੁਣ ਗੁਪਤਾ, ਵਿਨੇ ਸੋਨੀ, ਗੁਲਸ਼ਨ, ਜਤਿੰਦਰ ਪਾਲ, ਸੋਨੀ ਓਬਰਾਏ, ਦਿਨੇਸ਼ ਕੁਮਾਰ, ਭਾਗ ਸਿੰਘ, ਅਸ਼ੋਕ ਗੋਇਲ, ਸੁਮੀਤ ਜੈਨ, ਪਵਨ ਅਗਰਵਾਲ ਆਦਿ ਹਾਜ਼ਰ ਸਨ।

## ਲਾਇਨਜ਼ ਕਲੱਬ ਮਿੱਡ-ਟਾਊਨ ਨੇ ਅਜ਼ਾਦੀ ਦਿਹਾੜਾ ਮਨਾਇਆ



**ਜਗਰਾਉਂ** (ਅਮਿਤ ਖੰਨਾ)-ਜਗਰਾਉਂ ਦੇ ਲਾਇਨ ਭਵਨ ਕੱਚਾ ਕਿਲ੍ਹਾ ਵਿਖੇ ਲਾਇਨਜ਼ ਕਲੱਬ ਜਗਰਾਉਂ ਮਿੱਡ-ਟਾਊਨ ਵੱਲੋਂ 78ਵਾਂ ਅਜ਼ਾਦੀ ਦਿਹਾੜਾ ਮਨਾਇਆ ਗਿਆ। ਇਸ ਮੌਕੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਦਿਆਂ ਕਲੱਬ ਪ੍ਰਧਾਨ ਲਾਇਨ ਸਤੀਸ਼ ਗਰਗ ਨੇ ਅਜ਼ਾਦੀ ਦਿਹਾੜੇ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਸਾਨੂੰ ਇਹ ਅਜ਼ਾਦੀ ਬੜੀਆਂ ਕੁਰਬਾਨੀਆਂ ਨਾਲ ਮਿਲੀ ਹੈ, ਆਓ ਅਸੀਂ ਸਾਰੇ ਰਲ-ਮਿਲ ਕੇ ਉਨ੍ਹਾਂ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰੀਏ, ਜਿਨ੍ਹਾਂ ਨੇ ਆਪਣੀਆਂ ਕੀਮਤੀ ਜਾਨਾਂ ਵਾਰ ਕੇ ਸਾਨੂੰ ਅਜ਼ਾਦੀ ਲੈ ਕੇ ਦਿੱਤੀ। ਇਸ ਮੌਕੇ ਕਲੱਬ ਸੈਕਟਰੀ ਐਮ.ਜੇ.ਐਫ. ਲਾਇਨ ਚਰਨਜੀਤ ਸਿੰਘ ਭੰਡਾਰੀ, ਕੈਸ਼ੀਅਰ ਲਾਇਨ ਲਲਿਤ ਅੱਗਰਵਾਲ, ਲਾਇਨ ਭੂਸ਼ਨ ਗੋਇਲ, ਲਾਇਨ ਚਰਨਜੀਤ ਨੰਦਾ, ਲਾਇਨ ਕਿਸਨ ਵਰਮਾ, ਲਾਇਨ ਲਾਕੇਸ਼ ਟੰਡਨ ਲਾਇਨ ਲਾਲ ਚੰਦ ਮੰਗਲਾ, ਲਾਇਨ ਮਨੋਹਰ ਸਿੰਘ ਟੱਕਰ, ਲਾਇਨ ਰਾਜਿੰਦਰ ਚੌਹਾਨ, ਲਾਇਨ ਰਾਕੇਸ਼ ਜੈਨ ਲਾਇਨ ਸੁਖਦੇਵ ਗਰਗ, ਲਾਇਨ ਸੁਨੀਲ ਨਾਰੰਗ, ਲਾਇਨ ਪ੍ਰਿੰਸੀਪਲ ਸੁਨੀਲ ਕੁਮਾਰ, ਲਾਇਨ ਸੁਖਜੀਤ ਸਿੰਘ ਲਾਇਨ ਵਿਨੋਦ ਬਾਂਸਲ, ਲਾਇਨ ਡਾ: ਚੰਦਰ ਮੋਹਨ, ਲਾਇਨ ਜਤਿੰਦਰ ਅਰੋੜਾ, ਲਾਇਨ ਸੰਜੇ ਬਾਂਸਲ, ਲਾਇਨ ਮੁਕੇਸ਼ ਕੁਮਾਰ, ਲਾਇਨ ਪ੍ਰਿੰਸ ਕਟਾਰੀਆ, ਲਾਇਨ ਡੀ. ਪੀ. ਐੱਸ. ਧਵਨ ਆਦਿ ਹਾਜ਼ਰ ਸਨ।

## ਬ੍ਰਹਮਾ ਕੁਮਾਰੀਜ਼ ਵੱਲੋਂ ਪ੍ਰਸ਼ਾਸਨਕ ਅਧਿਕਾਰੀਆਂ ਨੂੰ ਬੰਨ੍ਹੀਂ ਰੱਖੜੀ



ਭਗਤਾ ਭਾਈ ਕਾ (ਰਾਜੀਵ ਗੋਇਲ)- ਸਥਾਨਿਕ ਸ਼ਹਿਰ ਵਿਖੇ ਬ੍ਰਹਮ ਕੁਮਾਰੀ ਆਸ਼ਰਮ ਦੀਆਂ ਸੰਚਾਲਕਾਂ ਵੱਲੋਂ ਸ਼ਹਿਰ ਦੇ ਪ੍ਰਸ਼ਾਸਨਕ ਅਧਿਕਾਰੀਆਂ ਨੂੰ ਰੱਖੜੀ ਬੰਨ੍ਹ ਕੇ ਖੁਸ਼ੀ ਸਾਂਝੀ ਕੀਤੀ ਗਈ।ਇਸ ਮੌਕੇ ਬ੍ਰਹਮਾ ਕੁਮਾਰੀਜ਼ ਵੱਲੋਂ ਨਾਇਬ ਤਹਿਸੀਲਦਾਰ ਮੈਡਮ ਰਮਨਦੀਪ ਸੰਧੂ, ਸੀਨੀਅਰ ਮੈਡੀਕਲ ਅਫ਼ਸਰ ਸੀਮਾ ਗੁਪਤਾ ਤੇ ਥਾਣਾ ਮੁਖੀ ਜਗਰੂਪ ਸਿੰਘ ਨੂੰ ਰੱਖੜੀ ਬੰਨ੍ਹੀਂ ਗਈ।ਇਸ ਮੌਕੇ ਸਮੂਹ ਅਫਸਰਾਨਾਂ ਵੱਲੋਂ ਇਨ੍ਹਾਂ ਬ੍ਰਹਮ ਕੁਮਾਰੀਜ਼ ਦੀ ਵਿਸ਼ੇਸ਼ ਆਉਭਗਤ ਕੀਤੀ ਗਈ।ਨਾਇਬ ਤਹਿਸੀਲਦਾਰ ਮੈਡਮ ਰਮਨਦੀਪ ਸੰਧੂ ਵੱਲੋਂ ਇਨ੍ਹਾਂ ਬ੍ਰਹਮ ਕੁਮਾਰੀਜ਼ ਨੂੰ ਬੂਟੇ ਭੇਟ ਕੀਤੇ ਗਏ ਤੇ ਆਪਣੇ ਦਿਲ ਦੇ ਵਲਵਲੇ ਉਨ੍ਹਾਂ ਨਾਲ ਸਾਂਝੇ ਕੀਤੇ ਗਏ।ਇਸ ਮੌਕੇ ਕਰਿਆਨਾ ਐਸੋਸੀਏਸ਼ਨ ਦੇ ਪ੍ਰਧਾਨ ਰਾਮ ਕੁਮਾਰ ਕੇਸਰਵਾਲੀਆ, ਨਰੇਸ਼ ਕੁਮਾਰ ਸਿੰਗਲਾ, ਮਨਜੀਤ ਸਿੰਘ ਰੀਡਰ ਸਮੇਤ ਸਾਰੇ ਹੀ ਦਫਤਰਾਂ ਦਾ ਸਟਾਫ ਮੌਜੂਦ ਸੀ।

## ਨਗਰ ਕੌਂਸਲ ਵਿਖੇ ਅਜ਼ਾਦੀ ਦਿਹਾੜਾ ਮਨਾਇਆ



**ਮਾਛੀਵਾੜਾ ਸਾਹਿਬ** (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਨਗਰ ਕੌਂਸਲ ਮਾਛੀਵਾੜਾ ਵਿਖੇ ਦੇਸ਼ ਦੀ ਆਜ਼ਾਦੀ ਦੀ 78ਵੀਂ ਵਰ੍ਹੇਗੰਢ ਧੂਮਧਾਮ ਨਾਲ ਮਨਾਈ ਗਈ, ਜਿੱਥੇ ਝੰਡਾ ਚੜ੍ਹਾਉਣ ਦੀ ਰਸਮ ਕਾਰਜ ਸਾਧਕ ਅਫ਼ਸਰ ਗੁਰਪਾਲ ਸਿੰਘ ਨੇ ਅਦਾ ਕੀਤੀ। ਸਮਾਗਮ ਦੌਰਾਨ ਸਕੂਲੀ ਬੱਚਿਆਂ ਵੱਲੋਂ ਰਾਸ਼ਟਰੀ ਗੀਤ ਤੇ ਪੁਲਸ ਟੁਕੜੀ ਵੱਲੋਂ ਸਲਾਮੀ ਦਿੱਤੀ ਗਈ। ਕਾਰਜ ਸਾਧਕ ਅਫ਼ਸਰ ਗੁਰਪਾਲ ਸਿੰਘ ਨੇ ਅਜ਼ਾਦੀ ਲਈ ਸ਼ਹਾਦਤ ਦੇਣ ਵਾਲਿਆਂ ਨੂੰ ਸਿਜਦਾ ਕਰਦਿਆਂ ਕਿਹਾ ਕਿ ਸਾਨੂੰ ਇਹ ਅਜ਼ਾਦੀ ਬੜੀ ਕੁਰਬਾਨੀਆਂ ਸਦਕਾ ਮਿਲੀ ਹੈ। ਉਨ੍ਹਾਂ ਕਿਹਾ ਕਿ ਅੱਜ ਅਜ਼ਾਦੀ ਦਿਵਸ 'ਤੇ ਪ੍ਰਣ ਕਰੀਏ ਕਿ ਅਸੀਂ ਆਪਣੇ ਸ਼ਹਿਰ ਨੂੰ ਸਾਫ਼ ਸੁਥਰਾ ਰੱਖਾਂਗੇ। ਇਸ ਮੌਕੇ ਮੋਹਿਤ ਕੁੰਦਰਾ, ਸੁਖਵਿੰਦਰ ਸਿੰਘ ਗਿੱਲ, ਪ੍ਰਵੀਨ ਮੱਕੜ, ਲੇਖਾਕਾਰ ਸੰਜੀਵ ਗਰੋਵਰ, ਸੁਖਦੇਵ ਸਿੰਘ ਬਿੱਟੂ, ਨਿਰੰਜਨ ਕੁਮਾਰ, ਅਮਨਦੀਪ ਸਿੰਘ ਤਨੇਜਾ, ਸੁਰਜੀਤ ਸਿੰਘ ਨਰੂਲਾ, ਕੁਲਦੀਪ ਸਿੰਘ, ਨਰਿੰਦਰਪਾਲ ਨਿੰਦੀ, ਗੁਰਨਾਮ ਸਿੰਘ ਖਾਲਸਾ ਆਦਿ ਮੌਜੂਦ ਸਨ। ਅੰਤ 'ਚ ਕਾਰਜ ਸਾਧਕ ਅਫ਼ਸਰ ਗੁਰਪਾਲ ਸਿੰਘ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਪ੍ਰਗਟਾਇਆ ਗਿਆ। ਮੰਚ ਸੰਚਾਲਨ ਦੀ ਭੂਮਿਕਾ ਪ੍ਰਿੰਸੀਪਲ ਦਰਸ਼ਨ ਲਾਲ ਜੈਨ ਨੇ ਬਾਖੂਬੀ ਨਿਭਾਈ।

## ਬਾਬਾ ਭਾਈ ਮੂਲ ਚੰਦ ਦੀ ਸਮਾਧ 'ਤੇ ਮੇਲਾ ਮਨਾਇਆ



ਦਿੜ੍ਹਬਾ (ਜਸਵੀਰ ਲਾਡੀ)- ਨੇੜਲੇ ਪਿੰਡ ਛਾਜਲੀ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬਾਬਾ ਭਾਈ ਮੂਲ ਚੰਦ ਦੀ ਸਮਾਧ 'ਤੇ ਮੇਲਾ ਮਨਾਇਆ ਗਿਆ। ਇਸ ਮੇਲੇ ਦੀ ਜਾਣਕਾਰੀ ਦਿੰਦਿਆਂ ਪਰਮਜੀਤ ਸਿੰਘ ਨੰਬਰਦਾਰ ਨੇ ਦੱਸਿਆ ਕਿ ਬਾਬਾ ਭਾਈ ਮੂਲ ਚੰਦ ਜੀ ਨੇ ਛੱਜੂ ਨਾਂ ਦੇ ਬੰਦੇ ਤੋਂ ਇੱਥੇ ਇੱਕ ਜੰਡ ਦੀ ਮੋੜ੍ਹੀ ਗਡਵਾਈ ਸੀ, ਜੋ ਹਰੀ ਹੋ ਗਈ ਸੀ ਤੇ ਅੱਜ ਵੀ ਹਰੀ ਹੈ। ਇਸ ਛੱਜੂ ਦੇ ਨਾਮ 'ਤੇ ਹੀ ਪਿੰਡ ਦਾ ਨਾਮ ਛੱਜੂਵਾਲੀ ਸੀ, ਜੋ ਬਾਅਦ ਵਿੱਚ ਘਸਦਾ-ਘਸਦਾ ਛਾਜਲੀ ਬਣ ਗਿਆ ਹੈ। ਹੁਣ ਇਸ ਜੰਡ 'ਤੇ ਹਰ ਸਾਲ ਸਾਉਣ ਮਹੀਨੇ ਦੀ ਦਸਵੀਂ ਨੂੰ ਧਜ (ਚਿੱਟੀ ਝੰਡੀ) ਚੜ੍ਹਦੀ ਹੈ। ਸਭ ਤੋਂ ਪਹਿਲੀ ਧਜ ਪੰਚਾਇਤ ਤੇ ਪਿੰਡ ਦੇ ਹਰ ਮੋਹਤਵਰ ਬੰਦਿਆਂ ਦੀ ਹਾਜ਼ਰੀ ਵਿੱਚ ਪਿੰਡ ਦੇ ਨੰਬਰਦਾਰ ਵੱਲੋਂ ਚੜ੍ਹਾਈ ਜਾਂਦੀ ਹੈ। ਇਸ ਵਾਰ ਪਹਿਲੀ ਧਜ ਪਰਮਜੀਤ ਸਿੰਘ ਨੰਬਰਦਾਰ ਵੱਲੋਂ ਚੜ੍ਹਾਈ ਗਈ, ਉਪਰੰਤ ਪਿੰਡ ਦੀ ਆਮ ਸੰਗਤ ਧਜ ਚੜ੍ਹਾਉਂਦੀ ਹੈ। ਮੇਲੇ ਦੀ ਖਾਸ ਵਿਸ਼ੇਸ਼ਤਾ ਇਹ ਰਹੀ ਕਿ ਜਿੱਥੇ ਕੇਲੇ-ਜਲੇਬੀਆਂ ਤੇ ਹੋਰ ਖਾਣ-ਪੀਣ ਦੀਆਂ ਵਸਤਾਂ ਦੇ ਲੰਗਰ ਲੱਗੇ, ਉੱਥੇ ਪਿੰਡ ਦੇ ਉੱਦਮੀ ਨੌਜਵਾਨਾਂ ਵੱਲੋਂ ਵੱਖ ਵੱਖ ਤਰ੍ਹਾਂ ਦੇ ਬੂਟਿਆਂ ਦਾ ਲੰਗਰ ਵੀ ਲਾਇਆ ਗਿਆ।

## ਮਾਨ ਕਾਲੋਨੀ ਦੀਆਂ ਔਰਤਾਂ ਨੇ ਤੀਜ ਦਾ ਤਿਉਹਾਰ ਮਨਾਇਆ



ਸੰਗਰੂਰ (ਪ੍ਰਵੀਨ ਸਿੰਘ)-ਤੀਜ ਦਾ ਤਿਉਹਾਰ ਸਥਾਨਕ ਮਾਨ ਕਲੋਨੀ ਦੀਆਂ ਔਰਤਾਂ ਵੱਲੋਂ ਹੋਟਲ ਕੇ ਆਰ ਬਲੈਸਿੰਗ ਵਿਖੇ ਡਾ: ਕਿਰਨ ਤੇ ਸਪਿੰਦਰ ਕੌਰ ਦੀ ਅਗਵਾਈ ਹੇਠ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਦੌਰਾਨ ਹੈਂਡਲੂਮ, ਝੂਲੇ, ਪੰਜਾਬੀ ਜੁੱਤੀ, ਪੰਜਾਬੀ ਪਹਿਰਾਵੇ ਆਦਿ ਵਿਰਸੇ ਦੇ ਰੰਗ ਵੇਖਣ ਨੂੰ ਮਿਲੇ।ਇਸ ਮੌਕੇ ਔਰਤਾਂ ਵੱਲੋਂ ਪੰਜਾਬੀ ਬੋਲੀਆਂ ਤੇ ਗਿੱਧਾ ਪਾਇਆ ਗਿਆ।ਸਮਾਗਮ ਦੌਰਾਨ ਔਰਤਾਂ ਵਿੱਚ ਤੰਬੋਲਾ ਖੇਡ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਡਾ: ਕਿਰਨ ਤੇ ਸਪਿੰਦਰ ਕੌਰ ਨੇ ਕਿਹਾ ਕਿ ਤਿਉਹਾਰ ਨੂੰ ਉਤਸ਼ਾਹ ਨਾਲ ਮਨਾਉਣ ਦਾ ਮੰਤਵ ਨਵੀਂ ਪੀੜ੍ਹੀ ਨੂੰ ਆਪਣੀ ਅਮੀਰ ਵਿਰਾਸਤ ਤੇ ਰੀਤੀ ਰਿਵਾਜਾਂ ਸੰਬੰਧੀ ਜਾਗਰੂਕ ਕਰਨਾ ਹੈ, ਤਾਂ ਕਿ ਪੀੜ੍ਹੀ ਆਪਣੀ ਵਿਰਾਸਤ ਨੂੰ ਜਾਣ ਸਕੇ।ਉਨ੍ਹਾਂ ਕਿਹਾ ਕਿ ਤੀਜ ਦਾ ਤਿਉਹਾਰ ਪੰਜਾਬ ਦੀ ਵਿਰਾਸਤ ਦਾ ਪ੍ਰਤੀਕ ਹੈ।

## ਮਨੂੰ ਸ਼ਰਮਾ ਵੱਲੋਂ ਰਾਜਾ ਵੜਿੰਗ ਨਾਲ ਮੁਲਾਕਾਤ



ਸਮਾਣਾ (ਇਕਬਾਲ ਸਿੰਘ ਬੱਲ)- ਸਮਾਣਾ ਯੂਥ ਕਾਂਗਰਸ ਦੇ ਜ਼ਿਲ੍ਹਾ ਜਰਨਲ ਸਕੱਤਰ ਮਨੂੰ ਸ਼ਰਮਾ ਵੱਲੋਂ ਆਪਣੇ ਸਾਥੀਆਂ ਸਮੇਤ ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਲੋਕ ਸਭਾ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨਾਲ ਚੰਡੀਗੜ੍ਹ ਵਿਖੇ ਮੁਲਾਕਾਤ ਕੀਤੀ ਗਈ।ਇਸ ਮੌਕੇ ਮਨੂੰ ਸ਼ਰਮਾ ਤੇ ਉਨ੍ਹਾਂ ਦੇ ਸਾਥੀਆਂ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਪਾਰਲੀਮੈਂਟ ਵਿੱਚ ਪੰਜਾਬ ਦੇ ਨੌਜਵਾਨਾਂ ਦੀ ਆਵਾਜ਼ ਸਿੱਧੂ ਮੂਸੇਵਾਲਾ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਲਈ ਤਹਿ ਦਿਲੋਂ ਧੰਨਵਾਦ ਕੀਤਾ।ਇਸ ਮੌਕੇ ਮਨੂੰ ਸ਼ਰਮਾ ਨੇ ਕਿਹਾ ਕਿ ਰਾਜਾ ਵੜਿੰਗ ਵੱਲੋਂ ਲੋਕ ਸਭਾ ਵਿੱਚ ਸਿੱਧੂ ਮੂਸੇਵਾਲਾ ਦੇ ਹੱਕ ਵਿੱਚ ਆਵਾਜ਼ ਚੁੱਕਣਾ ਬਹੁਤ ਹੀ ਸ਼ਲਾਘਾਯੋਗ ਕੰਮ ਹੈ।ਇਸ ਮੌਕੇ ਮਨੂੰ ਸ਼ਰਮਾ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਰਾਜਾ ਵੜਿੰਗ ਨੂੰ ਮੂਸੇਵਾਲਾ ਦੀ 'ਜਸਟਿਸ ਫਾਰ ਮੂਸੇਵਾਲਾ' ਵਾਲੀ ਫੋਟੋ ਦੇ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ।ਇਸ ਮੌਕੇ ਯੂਥ ਕਾਂਗਰਸ ਦੇ ਜਨਰਲ ਸਕੱਤਰ ਮਨੂੰ ਸ਼ਰਮਾ ਤੋਂ ਇਲਾਵਾ ਲਵਲੀ ਸਾਂਦੜ, ਵਿੱਕੀ ਘਾਰੂ ਤੇ ਟੋਨੀ ਬਾਜਵਾ ਮੌਜੂਦ ਰਹੇ।

# ਖੇਤ ਮਜ਼ਦੂਰਾਂ ਵੱਲੋਂ ਫ਼ੌਜਦਾਰੀ ਕਾਨੂੰਨਾਂ ਖਿਲਾਫ ਰੋਸ ਮਾਰਚ



**ਮਲੋਟ** (ਗੁਰਮੀਤ ਸਿੰਘ ਮੱਕੜ)-ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਆਗੂਆਂ ਤੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਆਗੂਆਂ ਤੇ ਵਰਕਰਾਂ ਵੱਲੋਂ ਮਲੋਟ ਵਿਖੇ ਭਾਰਤ ਸਰਕਾਰ ਵੱਲੋਂ ਬਣਾਏ ਨਵੇਂ ਫੌਜਦਾਰੀ ਕਾਨੂੰਨਾਂ ਖਿਲਾਫ਼ ਤੇ ਮਜ਼ਦੂਰ ਮੰਗਾਂ ਦੇ ਹੱਕ 'ਚ ਇੱਕ ਮਾਰਚ ਕੱਢਿਆ ਗਿਆ, ਜੋ ਮਲੋਟ ਦੀ ਦਾਣਾ ਮੰਡੀ ਵਿੱਚੋਂ ਸ਼ੁਰੂ ਹੋ ਕੇ ਸ਼ਹਿਰ ਦੀ ਤਹਿਸੀਲ ਰੋਡ, ਮੇਨ ਬਾਜ਼ਾਰ ਤੇ ਜੀ ਟੀ ਰੋਡ ਉੱਪਰ ਹੁੰਦਾ ਹੋਇਆ ਐਕਸਚੇਂਜ ਕੇਂਦਰ ਕੋਲ ਆ ਕੇ ਸਮਾਪਤ ਹੋਇਆ। ਇਸ ਮੌਕੇ ਆਗੂਆਂ ਨੇ ਭਾਰਤ ਸਰਕਾਰ ਵੱਲੋਂ ਬਣਾਏ ਨਵੇਂ ਫੌਜਦਾਰੀ ਕਾਨੂੰਨਾਂ ਨੂੰ ਕਾਲੇ ਕਾਨੂੰਨ ਦੱਸਦੇ ਹੋਏ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਨੇ ਬਸਤੀਵਾਦੀ ਵਿਰਾਸਤ ਨੂੰ ਤਿਆਗਣ ਦੇ ਨਾਂ ਹੇਠ ਨਿੱਜੀਕਰਨ ਤੇ ਵਪਾਰੀਕਰਨ ਹੋਰ ਤੇਜ਼ ਕਰਨ ਲਈ ਇਹ ਜਾਬਰ ਕਾਨੂੰਨ ਲਿਆਂਦੇ ਹ, ਜੋ ਖੇਤ ਮਜ਼ਦੂਰਾਂ ਨੂੰ ਮਨਜ਼ੂਰ ਨਹੀਂ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵੀ ਔਰਤਾਂ ਨੂੰ 1000 ਪ੍ਰਤੀ ਮਹੀਨਾ ਤੇ 2500 ਰੁਪਏ ਪੈਨਸ਼ਨ ਦੇਣ ਅਤੇ ਨਵੀਂ ਖੇਤੀ ਨੀਤੀ ਤੋਂ ਵੀ ਸਰਕਾਰ ਭੱਜ ਰਹੀ ਹੈ। ਆਗੂਆਂ ਨੇ ਕਿਹਾ ਕਿ ਅੱਜ ਆਜ਼ਾਦੀ ਦਿਵਸ ਮੌਕੇ ਕਿਹਾ ਕਿ ਪੌਣੀ ਸਦੀ ਤੋਂ ਵੱਧ ਸਮਾਂ ਹੋ ਗਿਆ, ਪ੍ਰੰਤੂ ਫਿਰ ਵੀ ਆਜ਼ਾਦ ਭਾਰਤ ਵਿਚ ਜਗੀਰੂ ਲੁੱਟ 'ਤੇ ਜਗੀਰਵਾਦ ਦਾ ਦਾਬਾ ਦਿਨੋਂ ਦਿਨ ਵਧ ਰਿਹਾ ਹੈ। ਆਗੂਆਂ ਨੇ ਮੰਗ ਕੀਤੀ ਕਿ ਸਰਕਾਰ ਕੀਤੇ ਹੋਏ ਵਾਅਦਿਆਂ ਅਨੁਸਾਰ ਹਜ਼ਾਰ ਰੁਪਏ ਪ੍ਰਤੀ ਮਹੀਨਾ ਔਰਤਾਂ ਨੂੰ ਦੇਵੇ, 2500 ਰੁਪਏ ਪੈਨਸ਼ਨ ਤੇ ਮਜ਼ਦੂਰਾਂ ਨੂੰ ਪੂਰਾ ਕੰਮਕਾਰ ਅਤੇ ਉਨ੍ਹਾਂ ਨੂੰ ਬਣਦੀਆਂ ਸਹੂਲਤਾਂ ਦਿੱਤੀਆਂ ਜਾਣ।

## ਰੇਤ ਨਾਲ ਭਰੇ ਟਿੱਪਰ ਨੇ ਗਊਸ਼ਾਲਾ ਦੀ ਬਲੈਰੋ ਦਰੜੀ

### *ਇੱਕ ਸੇਵਾਦਾਰ ਦੀ ਮੌਤ ਤੇ ਦੋ ਜ਼ਖਮੀ, ਟਿੱਪਰ ਚਾਲਕ ਫਰਾਰ*



ਭਗਤਾ ਭਾਈ ਕਾ (ਰਾਜੀਵ ਗੋਇਲ)-ਬੀਤੇ ਦਿਨ ਨੇੜਲੇ ਪਿੰਡ ਕੋਠਾਗੁਰੂ ਦੀ ਅੰਗਹੀਣ ਗਊਸ਼ਾਲਾ ਦੇ ਸੇਵਾਦਾਰ ਬਠਿੰਡਾ ਦੀ ਇੱਕ ਗਊਸ਼ਾਲਾ ਵਿੱਚ ਗਊਆਂ ਨੂੰ ਹਰਾ ਚਾਰਾ ਪਾ ਕੇ ਵਾਪਸ ਆ ਰਹੇ ਸੀ ਤਾਂ ਕੋਠਾਗੁਰੂ ਨਜ਼ਦੀਕ ਇੱਕ ਰੇਤੇ ਨਾਲ ਭਰੇ ਟਿੱਪਰ ਦੀ ਬਲੈਰੋ ਗੱਡੀ ਨਾਲ ਟੱਕਰ ਹੋ ਗਈ।ਟੱਕਰ ਇੰਨੀ ਭਿਆਨਕ ਸੀ ਕਿ ਬਲੈਰੋ ਗੱਡੀ ਵਿੱਚ ਸਵਾਰ ਤਿੰਨ ਸੇਵਾਦਾਰਾਂ ਵਿੱਚੋਂ ਇੱਕ ਸੇਵਾਦਾਰ ਗੁਰਮੁੱਖ ਸਿੰਘ ਦੀ ਮੌਤ ਹੋ ਗਈ ਤੇ ਦੂਜੇ ਦੋ ਨੌਜਵਾਨ ਮਨਪ੍ਰੀਤ ਸਿੰਘ ਤੇ ਪਾਲ ਸਿੰਘ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ।ਇਹ ਤਿੰਨੇ ਨੌਜਵਾਨ ਕੋਠਾਗੁਰੂ ਦੇ ਹੀ ਵਸਨੀਕ ਸਨ।ਹਾਦਸੇ ਤੋਂ ਬਾਅਦ ਟਿੱਪਰ ਚਾਲਕ ਮੌਕੇ ਤੋਂ ਫਰਾਰ ਹੋ ਗਿਆ।ਇਸ ਘਟਨਾ ਨੂੰ ਲੈ ਕੇ ਇਲਾਕੇ ਵਿੱਚ ਸੋਗ ਦੀ ਲਹਿਰ ਹੈ।ਉਧਰ ਦੂਜੇ ਪਾਸੇ ਥਾਣਾ ਦਿਆਲਪੁਰਾ ਦੀ ਪੁਲਸ ਵੱਲੋਂ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਸੀ ਤੇ ਥਾਣਾ ਮੁਖੀ ਦਾ ਕਹਿਣਾ ਸੀ ਕਿ ਟਿੱਪਰ ਚਾਲਕ ਨੂੰ ਜਲਦ ਗ੍ਰਿਫਤਾਰ ਕਰ ਲਿਆ ਜਾਵੇਗਾ।

# ਸਿਲਵਰ ਓਕਸ ਸਕੂਲ 'ਚ ਆਜ਼ਾਦੀ ਦਿਵਸ ਮਨਾਇਆ



ਰਾਮਪੁਰਾ ਫੂਲ (ਦਰਸ਼ਨ ਜਿੰਦਲ)- ਸਿਲਵਰ ਓਕਸ ਸਕੂਲ ਰਾਮਪੁਰਾ ਰੋਡ ਬਠਿੰਡਾ ਵਿਖੇ ਆਜ਼ਾਦੀ ਦਿਵਸ ਬੜੇ ਹੀ ਮਾਣ ਸਤਿਕਾਰ ਨਾਲ ਮਨਾਇਆ ਗਿਆ।ਸਕੂਲ ਨੂੰ ਤਿਰੰਗੇ ਝੰਡੇ ਦੇ ਰੰਗਾਂ ਨਾਲ ਸਜਾਇਆ ਗਿਆ।ਵਿਦਿਆਰਥੀ ਤੇ ਅਧਿਆਪਕ ਤਿਰੰਗੇ ਝੰਡੇ ਦੇ ਰੰਗਾਂ ਦੀਆਂ ਪੁਸ਼ਾਕਾਂ ਪਹਿਨ ਕੇ ਸਕੂਲ ਪਹੁੰਚੇ।ਸਿਲਵਰ ਓਕਸ ਸਕੂਲਾਂ ਦੇ ਨਿਰਦੇਸ਼ਕਾ ਸ੍ਰੀਮਤੀ ਬਰਨਿੰਦਰ ਪਾਲ ਸੇਖੋਂ ਦਾ ਇਸ ਮੌਕੇ ਪਹੁੰਚਣ 'ਤੇ ਜੀ ਆਇਆਂ ਆਖਦੇ ਹੋਏ ਨਿੱਘਾ ਸਵਾਗਤ ਕੀਤਾ ਗਿਆ।ਜਮਾਤ ਐੱਲ.ਕੇ.ਜੀ. ਤੇ ਯੂ.ਕੇ.ਜੀ. ਦੇ ਨੰਨ੍ਹੇ-ਮੁੰਨੇ ਵਿਦਿਆਰਥੀਆਂ ਨੇ ਤਿਰੰਗੇ ਝੰਡੇ ਵਿੱਚ ਰੰਗ ਭਰ ਕੇ ਰੰਗਾਂ ਦੀ ਮਹੱਤਤਾ ਨੂੰ ਜਾਣਿਆ, ਛੋਟੇ ਬੱਚਿਆਂ ਨੇ ਸੋਹਣੀਆਂ ਦੇਸ਼ ਭਗਤੀ ਦੀਆਂ ਕਵਿਤਾਵਾਂ ਗਾ ਕੇ ਸਭ ਨੂੰ ਮੰਤਰ-ਮੁਗਧ ਕਰ ਦਿੱਤਾ।ਜਮਾਤ ਪਹਿਲੀ ਤੋਂ ਚੌਥੀ ਦੇ ਵਿਦਿਆਰਥੀਆਂ ਵਿਚਕਾਰ ਅੰਤਰ ਕਲਾਸ ਦੇਸ਼ ਭਗਤੀ ਗਾਇਨ ਮੁਕਾਬਲੇ ਕਰਵਾਏ ਗਏ।ਨਿਰਦੇਸ਼ਕਾ ਸ੍ਰੀਮਤੀ ਬਰਨਿੰਦਰ ਪਾਲ ਸੇਖੋਂ ਨੇ ਬੱਚਿਆਂ ਨੂੰ ਆਜ਼ਾਦੀ ਦੇ ਅਸਲ ਅਰਥ ਦੱਸਦੇ ਹੋਏ ਇਸ ਨੂੰ ਸਹੀ ਤਰੀਕੇ ਨਾਲ ਮਾਣਦੇ ਹੋਏ ਬੁਲੰਦੀਆਂ ਨੂੰ ਛੂਹਣ ਦੀ ਜਾਂਚ ਦੱਸੀ ਅਤੇ ਸਾਰਿਆਂ ਨੂੰ ਆਜ਼ਾਦੀ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ।ਗਿਆਨਮੰਥਨ ਐਜੂਕੇਸ਼ਨਲ ਸਰਵਿਸਿਜ਼ ਦੇ ਸ੍ਰੀਮਾਨ ਹਰਧੀਰ ਸਿੰਘ ਨੇ ਇਸ ਮੌਕੇ ਹਾਜ਼ਰੀ ਲਗਾਈ ਤੇ ਝੰਡਾ ਲਹਿਰਾਇਆ।

ਸਕੂਲ ਪ੍ਰਿੰਸੀਪਲ ਸ੍ਰੀਮਤੀ ਛਾਇਆ ਵਿਨੋਚਾ ਵੱਲੋਂ ਬੱਚਿਆਂ ਦੀ ਸੋਹਣੀ ਪੇਸ਼ਕਾਰੀ ਲਈ ਪ੍ਰਸ਼ੰਸਾ ਕਰਦੇ ਹੋਏ ਇਸ ਦਿਨ ਦੀ ਮਹੱਤਤਾ 'ਤੇ ਹੋਰ ਚਾਨਣਾ ਪਾਇਆ ਗਿਆ।ਅੰਤ ਵਿੱਚ ਜਾਨਾਂ ਨਿਛਾਵਰ ਕਰਨ ਵਾਲੇ ਆਜ਼ਾਦੀ ਘੁਲਾਟੀਆਂ ਤੇ ਦੇਸ਼ ਦੇ ਤਿਰੰਗੇ ਝੰਡੇ ਨੂੰ ਸਲੂਟ ਕਰਦੇ ਹੋਏ ਸਕੂਲ ਦੇ ਮੁੱਖ ਅਧਿਆਪਕਾ ਸ੍ਰੀਮਤੀ ਛਾਇਆ ਵਿਨੋਚਾ, ਸਮੂਹ ਸਟਾਫ ਤੇ ਵਿਦਿਆਰਥੀਆਂ ਨੇ ਮਿਲ ਕੇ ਤਿਰੰਗੇ ਝੰਡੇ ਨੂੰ ਲਹਿਰਾਉਣ ਦੀ ਰਸਮ ਅਦਾ ਕੀਤੀ।ਰਾਸ਼ਟਰੀ ਗਾਣ ਨਾਲ ਪ੍ਰੋਗਰਾਮ ਦੀ ਸਮਾਪਤੀ ਕੀਤੀ ਗਈ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਮੁੱਖ ਮੰਤਰੀ ਕੈਂਪ ਦਫਤਰ ਅੱਗੇ ਧਰਨਾ



**ਧੂਰੀ** (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ੁਮਾਰ ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਸਾਨੀ ਮੰਗਾਂ ਨੂੰ ਲੈ ਕੇ ਸਥਾਨਕ ਮੁੱਖ ਮੰਤਰੀ ਕੈਂਪ ਦਫਤਰ ਵਿਖੇ ਧਰਨਾ ਦਿੰਦਿਆਂ ਕਿਸਾਨੀ ਮੰਗਾਂ ਨੂੰ ਅਣਗੌਲਿਆ ਕਰਨ ਦੇ ਰੋਸ ਵਜੋਂ ਕੇਂਦਰ ਅਤੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ।ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਪੰਜਾਬ ਵਿੱਚ ਦਿਨੋ ਦਿਨ ਗੰਭੀਰ ਹੁੰਦੇ ਜਾ ਰਹੇ ਪਾਣੀ ਤੇ ਵਾਤਾਵਰਣ ਦੇ ਸੰਕਟ, ਕਿਸਾਨਾਂ, ਮਜ਼ਦੂਰਾਂ ਸਿਰ ਸਰਕਾਰਾਂ ਦੀਆਂ ਗਲਤੀਆਂ ਕਾਰਨ ਚੜ੍ਹਿਆ ਕਰਜ਼ਾ ਮੁਆਫ ਕਰਨ, ਖੁਦਕੁਸ਼ੀ ਕਰਨ ਚੁੱਕੇ ਕਿਸਾਨਾਂ ਦੇ ਪਰਿਵਾਰਾਂ ਨੂੰ 10/10 ਲੱਖ ਰੁਪੈ ਮੁਆਵਜ਼ਾ ਅਤੇ ਇੱਕ ਪਰਿਵਾਰ ਦੇ ਮੈਂਬਰ ਨੂੰ ਸਰਕਾਰੀ ਨੌਕਰੀ, ਦਰਿਆਈ ਪਾਣੀਆਂ ਦੇ ਮੁੱਦੇ 'ਤੇ ਰਿਪਰੇਰੀਅਨ ਕਾਨੂੰਨ ਮੁਤਾਬਿਕ ਪਾਣੀਆਂ ਦੀ ਵੰਡ ਕਰਨ, ਪਾਕਿਸਤਾਨ ਦੇ ਨਾਲ ਲੱਗਦੇ ਬਾਰਡਰਾਂ ਨੂੰ ਵਪਾਰ ਲਈ ਖੋਲਣ, ਅਵਾਰਾ ਪਸ਼ੂਆਂ ਤੇ ਕੁੱਤਿਆਂ ਦਾ ਸਥਾਈ ਹੱਲ ਕਰਨ, ਬਿਜਲੀ ਦਾ ਨਿੱਜੀਕਰਨ ਬੰਦ ਕਰਨ, ਚਿੱਪ ਵਾਲੇ ਮੀਟਰ ਬੰਦ ਕਰਨ, ਨਕਲੀ ਬੀਜਾਂ, ਖਾਦਾਂ ਤੇ ਦਵਾਈਆਂ ਦੀ ਰੋਕਥਾਮ ਲਈ ਮੋਬਾਇਲ ਟੈਸਟਿੰਗ ਸੁਕੈਡ ਬਣਾਉਣ ਅਤੇ ਨੁਕਸਾਨੀਆ ਕਿਸਾਨੀ ਫਸਲਾਂ ਦਾ ਮੁਆਵਜ਼ਾ ਦੇਣ ਸਮੇਤ ਡੈਮ ਸੇਫਟੀ ਐਕਟ ਰੱਦ ਕਰਨ ਸਮੇਤ ਮੰਗ ਪੱਤਰ ਵਿੱਚ ਦਰਜ 15 ਮੰਗਾਂ ਨੂੰ ਤੁਰੰਤ ਮੰਨਣ ਦੀ ਅਪੀਲ ਕੀਤੀ।ਇਸ ਮੌਕੇ ਕਿਸਾਨਾਂ ਵੱਲੋਂ ਮੁੱਖ ਮੰਤਰੀ ਕੈਂਪ ਦਫਤਰ ਦੇ ਨੁਮਾਇੰਦੇ ਨੂੰ ਮੰਗ ਪੱਤਰ ਵੀ ਦਿੱਤਾ ਗਿਆ।

ਇਸ ਮੌਕੇ ਮੇਜਰ ਸਿੰਘ ਪੁੰਨਾਵਾਲ, ਜਰਨੈਲ ਸਿੰਘ ਜਹਾਂਗੀਰ, ਗੁਰਜੀਤ ਸਿੰਘ ਭੜੀ ਮਾਨਸਾ, ਬਲਵਿੰਦਰ ਸਿੰਘ ਜੱਖਲਾਂ, ਤਰਲੋਚਨ ਸਿੰਘ, ਬਲਜੀਤ ਸਿੰਘ ਗਰੇਵਾਲ, ਅਮਰੀਕ ਸਿੰਘ ਕਾਂਝਲਾ, ਨਾਜ਼ਮ ਸਿੰਘ ਪੁੰਨਾਂਵਾਲ, ਲਖਵਿੰਦਰ ਸਿੰਘ ਲੱਖਾ ਬਾਲੀਆ, ਕਰਮਜੀਤ ਸਿੰਘ ਛੰਨਾਂ, ਜੁਗਰਾਜ ਸਿੰਘ, ਪ੍ਰੀਤਮ ਸਿੰਘ ਬਾਦਸ਼ਾਹਪੁਰ, ਦਰਸ਼ਨ ਸਿੰਘ ਬੁਗਰਾ, ਜਗਦੀਸ਼ ਸਿੰਘ ਚੌਂਦਾ, ਰੁਪਿੰਦਰ ਸਿੰਘ ਚੌਂਦਾ, ਭੁਪਿੰਦਰ ਸਿੰਘ ਭੁੱਲਰਹੇੜੀ ਆਦਿ ਹਾਜ਼ਰ ਸਨ।

# ਭਾਜਪਾ ਮਹਿਲਾ ਮੋਰਚਾ ਵੱਲੋਂ ਕਲਕੱਤਾ ਕਾਂਡ ਖਿਲਾਫ ਮੋਮਬੱਤੀ ਮਾਰਚ ਤੇ ਰੋਸ ਪ੍ਰਦਰਸ਼ਨ



ਮੋਗਾ (ਇਕਬਾਲ ਸਿੰਘ ਖਹਿਰਾ)

ਪੱਛਮੀ ਬੰਗਾਲ ਵਿੱਚ ਖੁਦ ਇੱਕ ਮਹਿਲਾ ਮੁੱਖ ਮੰਤਰੀ ਦੀ ਮੌਜੂਦਗੀ ਵਿੱਚ ਡਿਊਟੀ ਦੌਰਾਨ ਇੱਕ ਮਹਿਲਾ ਡਾਕਟਰ ਦਾ ਕਤਲ ਤੇ ਜਬਰ ਜ਼ਨਾਹ ਕਰਨ ਦੀ ਘਟਨਾ ਸ਼ਰਮਨਾਕ ਤੇ ਨਿੰਦਣਯੋਗ ਹੈ। ਇਸ ਘਟਨਾ ਨੇ ਦੇਸ਼ ਦੀਆਂ ਔਰਤਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ, ਜਿਸ ਦੇ ਵਿਰੋਧ 'ਚ ਅੱਜ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ: ਸੀਮਾਂਤ ਗਰਗ ਦੇ ਦਿਸ਼ਾ-ਨਿਰਦੇਸ਼ਾਂ 'ਤੇ ਭਾਜਪਾ ਮਹਿਲਾ ਮੋਰਚਾ ਦੀ ਪ੍ਰਧਾਨ ਸ਼ਿਲਪਾ ਬਾਂਸਲ ਤੇ ਹੋਰ ਮਹਿਲਾ ਅਹੁਦੇਦਾਰਾਂ ਨੇ ਮ੍ਰਿਤਕ ਡਾਕਟਰ ਨੂੰ ਸ਼ਰਧਾਂਜਲੀ ਦੇਣ ਲਈ ਕੈਂਡਲ ਮਾਰਚ ਕੱਢਿਆ। ਇਸ ਦੇ ਨਾਲ ਹੀ ਪੱਛਮੀ ਬੰਗਾਲ ਸਰਕਾਰ ਤੋਂ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ ਗਈ। ਇਸ ਮੌਕੇ ਲੀਨਾ ਗੋਇਲ, ਗੀਤਾ ਆਰੀਆ, ਸੁਸ਼ਮਾ ਬਾਂਸਲ, ਆਸ਼ਾ ਮਿੱਤਲ, ਪ੍ਰੋਮਿਲਾ ਗੁਪਤਾ, ਪੂਨਮ ਬਾਂਸਲ, ਗੁਲਸ਼ਨ ਬਾਲਾ, ਰਸ਼ਮੀ ਆਦਿ ਅਧਿਕਾਰੀ ਹਾਜ਼ਰ ਸਨ। ਇਸ ਮੌਕੇ ਸ਼ਿਲਪਾ ਬਾਂਸਲ ਨੇ ਕਿਹਾ ਕਿ ਸਾਡੇ ਲਈ ਇਹ ਬਹੁਤ ਹੀ ਦੁੱਖ ਦੀ ਗੱਲ ਹੈ ਕਿ ਜਿਸ ਸੂਬੇ ਦੀ ਮੁੱਖ ਮੰਤਰੀ ਖੁਦ ਇਕ ਔਰਤ ਹੈ, ਉਸ ਦੇ ਬਾਵਜੂਦ ਡਿਊਟੀ 'ਤੇ ਮੌਜੂਦ ਡਾਕਟਰ ਦਾ ਬੇਰਹਿਮੀ ਨਾਲ ਬਲਾਤਕਾਰ ਕੀਤਾ ਜਾਂਦਾ ਹੈ ਤੇ ਸਰਕਾਰ ਇਸ 'ਤੇ ਕੋਈ ਕਾਰਵਾਈ ਨਹੀਂ ਕਰਦੀ। ਪੂਰੇ ਪੱਛਮੀ ਬੰਗਾਲ ਵਿੱਚ ਅਰਾਜਕਤਾ ਤੇ ਡਰ ਦਾ ਮਾਹੌਲ ਹੈ। ਇਸ ਘਟਨਾ ਨਾਲ ਆਮ ਲੋਕ ਬਹੁਤ ਦੁਖੀ ਹਨ ਤੇ ਅਸੀਂ ਸਾਰੇ ਮੰਗ ਕਰਦੇ ਹਾਂ ਕਿ ਦੋਸ਼ੀਆਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕਰਕੇ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਜਦੋਂ ਤੱਕ ਮਹਿਲਾ ਡਾਕਟਰ ਦੇ ਦੋਸ਼ੀਆਂ ਨੂੰ ਫਾਂਸੀ ਨਹੀਂ ਦਿੱਤੀ ਜਾਂਦੀ ਅਤੇ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ਼ ਕਾਰਵਾਈ ਨਹੀਂ ਕੀਤੀ ਜਾਂਦੀ, ਉਦੋਂ ਤੱਕ ਪੂਰੇ ਦੇਸ਼ ਵਿੱਚ ਭਾਜਪਾ ਦਾ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਹੁਣ ਦੇਸ਼ ਦੇ ਹਿੰਦੂ ਚੁੱਪ ਨਹੀਂ ਬੈਠਣਗੇ ਤੇ ਹਿੰਦੂਆਂ 'ਤੇ ਜ਼ੁਲਮ ਬਰਦਾਸ਼ਤ ਨਹੀਂ ਕੀਤੇ ਜਾਣਗੇ।

# 'ਮੈਂ ਗੁਰਮੁਖੀ ਦਾ ਬੇਟਾ, ਮੈਨੂੰ ...'



ਸ਼ਾਹਕੋਟ(ਗਿਆਨ ਸੈਦਪੁਰੀ)-ਸ਼ਾਹਕੋਟ ਵਿੱਚ ਆਜ਼ਾਦੀ ਦਾ ਦਿਹਾੜਾ ਤਹਿਸੀਲ ਕੰਪਲੈਕਸ ਵਿੱਚ ਮਨਾਇਆ ਗਿਆ। ਤਿਰੰਗਾ ਲਹਿਰਾਉਣ ਦੀ ਰਸਮ ਐਸ. ਡੀ. ਐਮ. ਸ਼ਾਹਕੋਟ ਰਿਸ਼ਭ ਬਾਂਸਲ ਪੀ. ਸੀ. ਐਸ. ਨੇ ਨਿਭਾਈ। ਉਨ੍ਹਾਂ ਪੁਲਸ ਜਵਾਨਾਂ ਵੱਲੋਂ ਕੀਤੀ ਪਰੇਡ ਤੋਂ ਸਲਾਮੀ ਵੀ ਲਈ। ਉਨ੍ਹਾਂ ਨੇ ਆਪਣੇ ਸੰਦੇਸ਼ ਵਿੱਚ ਦੇਸ਼ ਵਾਸੀਆਂ ਨੂੰ ਖਾਸ ਕਰਕੇ ਸ਼ਾਹਕੋਟ ਦੇ ਲੋਕਾਂ ਨੂੰ ਸੁਤੰਤਰਤਾ ਦਿਵਸ ਦੀ ਵਧਾਈ ਦਿੰਦਿਆਂ ਦੇਸ਼ ਦੀ ਆਜ਼ਾਦੀ ਲਈ ਜਾਨਾਂ ਵਾਰਨ ਵਾਲੇ ਸੂਰਬੀਰਾਂ ਨੂੰ ਯਾਦ ਕੀਤਾ। ਉਨ੍ਹਾਂ ਇਸ ਗੱਲ ਦਾ ਵੀ ਜ਼ਿਕਰ ਕੀਤਾ ਕਿ ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਪੰਜਾਬੀਆਂ ਨੇ ਦਿੱਤੀਆਂ। ਐਸ. ਡੀ. ਐਮ ਨੇ ਪੰਜਾਬ ਸਰਕਾਰ ਦੀ ਸ਼ਹੀਦਾਂ ਦੇ ਸੁਪਨੇ ਸਾਕਾਰ ਕਰਨ ਦੀ ਪ੍ਰਤੀਬੱਧਤਾ ਦੀ ਗੱਲ ਕਰਦਿਆਂ ਪੰਜਾਬ ਸਰਕਾਰ ਵੱਲੋਂ ਵਿਕਾਸ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਵਰਨਣ ਕੀਤਾ। ਇਸ ਮੌਕੇ ਵੱਖ ਵੱਖ ਸਕੂਲੀ ਬੱਚਿਆਂ ਵੱਲੋਂ ਕੀਤੀਆਂ ਪੇਸ਼ਕਾਰੀਆਂ ਰਾਹੀਂ ਜਿੱਥੇ ਪੰਜਾਬ ਦੇ ਸੱਭਿਆਚਾਰ ਦੀ ਝਲਕ ਨਜ਼ਰੀ ਪਈ ਉੱਥੇ ਦੇਸ਼ ਪ੍ਰੇਮ ਦੇ ਜਜ਼ਬਿਆਂ ਨੇ ਵੀ ਅੰਗੜਾਈਆਂ ਲਈਆਂ।ਸੱਭਿਆਚਾਰਕ ਪ੍ਰੋਗਰਾਮ ਦੀ ਸ਼ੁਰੂਆਤ ਸਾਰਕਾਰੀ ਪ੍ਰਾਇਮਰੀ ਸਕੂਲ ਕਰ੍ਹਾ ਰਾਮ ਸਿੰਘ ਦੇ ਬੱਚਿਆਂ ਵੱਲੋਂ ਇੰਡੀਆ ਨੂੰ 'ਸਲਾਮ' ਕਰਨ ਨਾਲ ਹੋਈ ਅਤੇ ਫੁਲਵਾੜੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਲੋਹੀਆਂ ਦੀਆਂ ਲੜਕੀਆਂ ਵੱਲੋਂ ਪਾਏ ਗਿੱਧੇ ਨਾਲ ਸਮਾਪਤੀ ਹੋਈ।ਇਨ੍ਹਾਂ ਪੇਸ਼ਕਾਰੀਆਂ ਵਿੱਚ ਸੰਤ ਕਰਤਾਰ ਸਿੰਘ ਯਾਦਗਾਰੀ ਸਕੂਲ ਸੀਚੇਵਾਲ ਵੱਲੋਂ ਉੱਘੇ ਗਾਇਕ ਡਾ. ਸਤਿੰਦਰ ਸਰਤਾਜ ਦੇ ਗੀਤ 'ਮੈਂ ਗੁਰਮੁਖੀ ਦਾ ਬੇਟਾ, ਮੈਨੂੰ ਤੋਰਦੇ ਨੇ ਅੱਖਰ' ਦੀ ਪੇਸ਼ਕਾਰੀ ਨੇ ਸਭ ਤੋਂ ਵੱਧ ਤਾੜੀਆਂ ਹਾਸਲ ਕੀਤੀਆਂ। ਇਸ ਤੋਂ ਇਲਾਵਾ ਗੁਰੂ ਨਾਨਕ ਦੇਵ ਸਕੂਲ ਬੱਗਾ, ਸਟੇਟ ਪਬਲਿਕ ਸਕੂਲ ਸ਼ਾਹਕੋਟ, ਸਰਕਾਰੀ ਸਕੂਲ ਭੋਏਪੁਰ, ਸਰਕਾਰੀ ਹਾਈ ਸਕੂਲ ਸ਼ਾਹਕੋਟ, ਸਰਕਾਰੀ ਪ੍ਰਾਇਮਰੀ ਸਕੂਲ ਜਾਫਰਵਾਲ, ਮਦਰਜ਼ ਪਰਾਇਡ ਇੰਟਰਨੈਸ਼ਨਲ ਸਕੂਲ ਮਲਸੀਆਂ ਅਤੇ ਮੀਤ ਭੰਗੜਾ ਟਰੇਨਿੰਗ ਸੈਂਟਰ ਸ਼ਾਹਕੋਟ ਦੇ ਬੱਚਿਆਂ ਵੱਲੋਂ ਖੂਬਸੂਰਤ ਪ੍ਰੋਗਰਾਮ ਪੇਸ਼ ਕੀਤੇ ਗਏ।ਤਹਿਸੀਲਦਾਰ ਮਨਿੰਦਰ ਸਿੰਘ ਸਿੱਧੂ, ਨਾਇਬ ਤਹਿਸੀਲਦਾਰ ਗੁਲਾਬਦੀਪ ਸਿੰਘ ਥਿੰਦ ਅਤੇ ਨਾਇਬ ਤਹਿਸੀਲਦਾਰ ਲੋਹੀਆਂ ਕੁਲਵਿੰਦਰ ਸਿੰਘ ਦੀ ਦੇਖ ਰੇਖ ਵਿੱਚ ਕਰਵਾਏ ਗਏ ਸਮਾਗਮ ਦੀ ਸਟੇਜੀ ਕਾਰਵਾਈ ਨੂੰ ਸੀ. ਐਚ. ਟੀ. ਸੁਰਿੰਦਰ ਵਿੱਗ ਤੇ ਮਾਸਟਰ ਰਵੀ ਸ਼ੰਕਰ ਨੇ ਬਾਖੂਬੀ ਚਲਾਇਆ।ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ਹਲਕਾ ਇੰਚਾਰਜ ਪਰਮਿੰਦਰ ਸਿੰਘ ਪਿੰਦਰ ਪੰਡੋਰੀ ਸਮੇਤ ਬਹੁਤ ਸਾਰੇ ਅਧਿਕਾਰੀਆਂ ਅਤੇ ਅਹਿਮ ਵਿਅਕਤੀਆਂ ਨੂੰ ਸਨਮਾਨਤ ਕੀਤਾ ਗਿਆ।ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਡੀ.ਐਸ.ਪੀ. ਅਮਨਦੀਪ ਸਿੰਘ, ਹਰਜਿੰਦਰ ਸਿੰਘ ਸੀਚੇਵਾਲ ਵਾਇਸ ਚੇਅਰਮੈਨ ਪੰਜਾਬ, ਸੁਰਜੀਤ ਸਿੰਘ ਸ਼ੰਟੀ ਸੀਚੇਵਾਲ, ਸੁਖਦੀਪ ਸਿੰਘ ਸੋਨੂੰ ਕੰਗ ਪੀ.ਏ. ਸ਼ੇਰੋਵਾਲੀਆ, ਮਾਰਕਿਟ ਕਮੇਟੀ ਸ਼ਾਹਕੋਟ ਦੇ ਚੇਅਰਮੈਨ ਬਲਵੀਰ ਸਿੰਘ ਢੰਡੋਵਾਲ, ਮਾਰਕਿਟ ਕਮੇਟੀ ਮਹਿਤਪੁਰ ਦੇ ਚੇਅਰਮੈਨ ਬਲਕਾਰ ਸਿੰਘ ਚੱਠਾ, ਮਾਰਕਿਟ ਕਮੇਟੀ ਲੋਹੀਆ ਦੇ ਚੇਅਰਮੈਨ ਸਰਬਜੀਤ ਸਿੰਘ ਚਤਰੱਥ, ਬੰਟੀ ਬਠੋਲਾ ਪ੍ਰਧਾਨ ਅਰੋੜਾ ਮਹਾਂ ਸਭਾ, ਅਮਨਦੀਪ ਸੈਦਪੁਰੀ ਜ਼ਿਲ੍ਹਾ ਪ੍ਰੈਸ ਮੀਡੀਆ ਇੰਚਾਰਜ ਕਾਂਗਰਸ, ਰਜਿੰਦਰ ਸਿੰਘ ਭੁੱਲਰ, ਚੇਅਰਮੈਨ ਗੁਰਮੁਖ ਸਿੰਘ ਕੋਟਲਾ, ਸਵਿੰਦਰ ਸਿੰਘ ਸੋਨੂੰ ਬਲਾਕ ਪ੍ਰਧਾਨ 'ਆਪ', ਬਲਜਿੰਦਰ ਸਿੰਘ ਖਿੰਡਾ ਆਪ ਆਗੂ, ਜਰਨੈਲ ਸਿੰਘ ਧੰਜੂ, ਕੁਲਦੀਪ ਸਿੰਘ ਦੀਦ, ਰਾਖੀ ਮੱਟੂ, ਗੁਰਪ੍ਰੀਤ ਸਿੰਘ ਮਠਾੜੂ, ਮਨੋਜ ਅਰੋੜਾ ਸ਼ਹਿਰੀ ਪ੍ਰਧਾਨ 'ਆਪ' ਮਨਦੀਪ ਸਿੰਘ ਸ਼ੀਤਾ, ਨਵਨੀਤ ਸਿੰਘ ਸਹੋਤਾ, ਪਰਮਵੀਰ ਸਿੰਘ ਪੰਮਾ, ਐਡਵੋਕੇਟ ਗੁਰਪ੍ਰੀਤ ਸਿੰਘ, ਐਡਵੋਕੇਟ ਨਿਰਲੇਪ ਕੌਰ, ਐਸ.ਐਚ.ਓ ਸ਼ਾਹਕੋਟ ਅਮਨ ਸੈਨੀ, ਸਕੱਤਰ ਤਜਿੰਦਰ ਕੁਮਾਰ, ਈ.ਓ. ਬ੍ਰਿਜ ਮੋਹਣ ਤ੍ਰਿਪਾਠੀ, ਬੀ.ਪੀ.ਈ.ਓ. ਰਮੇਸ਼ਵਰ ਚੰਦਰ ਸ਼ਰਮਾ, ਰਿਟਾ ਬੀ.ਪੀ.ਈ.ਓ. ਰਾਕੇਸ਼ ਚੰਦ, ਇੰਸਪੈਕਟਰ ਬਲਕਾਰ ਸਿੰਘ, ਪ੍ਰਿੰਸੀਪਲ ਹਰਪ੍ਰੀਤ ਸਿੰਘ ਸੋਧੀ, ਪ੍ਰਿੰਸੀਪਲ ਸਤਵੰਤ ਕੌਰ, ਰਿਟਾ. ਏ.ਐਸ.ਆਈ. ਗੁਰਮੀਤ ਸਿੰਘ, ਅਮਨ ਮਹਾਜਨ, ਅੰਕਿਤ ਗੁਪਤਾ, ਕੁਲਦੀਪ ਸਿੰਘ ਮਿਗਲਾਨੀ, ਪਰਮਿੰਦਰ ਸਿੰਘ, ਸੁਖਜੀਤ ਸਿੰਘ, ਡਾ. ਅਮਨਦੀਪ ਸੀਨੀਅਰ ਵੈਟਨਰੀ ਅਫ਼ਸਰ, ਜਤਿੰਦਰ ਸਿੰਘ ਜੋਨੀ, ਕੁਲਦੀਪ ਸਚਦੇਵਾ, ਧਰਮਿੰਦਰ ਸਿੰਘ ਰੂਪਰਾ, ਰਮਨ ਗੁਪਤਾ, ਰਾਕੇਸ਼ ਖੈਹਿਰਾ, ਰਿਟਾ. ਲੈਕਚਰਾਰ ਬਲਕਾਰ ਸਿੰਘ, ਪਵਨ ਕੁਮਾਰ ਅਗਰਵਾਲ, ਮਨਦੀਪ ਸਿੰਘ ਕੋਟਲੀ, ਐਸ.ਐਮ.ਓ. ਡਾ. ਦਵਿੰਦਰਪਾਲ ਸਿੰਘ, ਓਮ ਪ੍ਰਕਾਸ਼ ਬੱਤਰਾ, ਡਾ. ਧੀਰਜ, ਮੁਖਤਿਆਰ ਸਿੰਘ, ਮਲਕੀਤ ਸਿੰਘ, ਸੰਦੀਪ ਕੌਰ, ਸੁਖਬੀਰ ਸਿੰਘ ਬਾਹਮਣੀਆਂ, ਜਰਨੈਲ ਸਿੰਘ ਧੰਜੂ, ਜੀਵਨ ਸਿੰਘ ਆਦਿ ਸਮੇਤ ਵੱਡੀ ਗਿਣਤੀ 'ਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਮੁਲਾਜ਼ਮ ਹਾਜ਼ਰ ਸਨ।

# ਵਿਸ਼ੇਸ਼ ਸਾਰੰਗਲ ਨੇ ਮੋਗਾ ਦੇ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ



ਮੋਗਾ (ਇਕਬਾਲ ਸਿੰਘ ਖਹਿਰਾ)-ਪੰਜਾਬ ਸਰਕਾਰ ਵੱਲੋਂ ਕੀਤੇ ਗਏ ਤਬਾਦਲਿਆਂ ਤਹਿਤ ਸ੍ਰੀ ਵਿਸ਼ੇਸ਼ ਸਾਰੰਗਲ ਨੂੰ ਜ਼ਿਲ੍ਹਾ ਮੋਗਾ ਦਾ ਡਿਪਟੀ ਕਮਿਸ਼ਨਰ ਲਗਾਇਆ ਗਿਆ ਹੈ। ਉਨ੍ਹਾਂ ਅੱਜ ਆਪਣਾ ਅਹੁਦਾ ਸੰਭਾਲ ਲਿਆ। ਦੱਸਣਯੋਗ ਹੈ ਕਿ ਸ੍ਰੀ ਵਿਸ਼ੇਸ਼ ਸਾਰੰਗਲ 2013 ਬੈਚ ਦੇ ਆਈ ਏ ਐਸ ਅਧਿਕਾਰੀ ਹਨ। ਇਸ ਤੋਂ ਪਹਿਲਾਂ ਉਹ ਡਿਪਟੀ ਕਮਿਸ਼ਨਰ ਗੁਰਦਾਸਪੁਰ ਲੱਗੇ ਹੋਏ ਸਨ। ਇਸ ਤੋਂ ਇਲਾਵਾ ਉਹ ਸ਼ਹੀਦ ਭਗਤ ਸਿੰਘ ਨਗਰ, ਕਪੂਰਥਲਾ ਤੇ ਜਲੰਧਰ ਵਿਖੇ ਵੀ ਡਿਪਟੀ ਕਮਿਸ਼ਨਰ ਵਜੋਂ ਸੇਵਾਵਾਂ ਨਿਭਾਅ ਚੁੱਕੇ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਤਰਜੀਹੀ ਯੋਜਨਾਵਾਂ ਨੂੰ ਜ਼ਮੀਨੀ ਪੱਧਰ ਤੱਕ ਲਿਜਾ ਕੇ ਹਰੇਕ ਯੋਗ ਵਿਅਕਤੀ ਨੂੰ ਉਨ੍ਹਾਂ ਦਾ ਲਾਭ ਮੁਹੱਈਆ ਕਰਵਾਉਣਾ ਉਨ੍ਹਾਂ ਦੀ ਪ੍ਰਾਥਮਿਕਤਾ ਰਹੇਗੀ। ਸਰਕਾਰੀ ਕੰਮਾਂ ਕਾਰਾਂ ਵਿਚ ਪਾਰਦਰਸ਼ਤਾ, ਨਿਰੰਤਰਤਾ ਤੇ ਤੇਜ਼ੀ ਲਿਆਉਣ ਦੇ ਨਾਲ ਨਾਲ ਜ਼ਿਲ੍ਹਾ ਮੋਗਾ ਵਾਸੀਆਂ ਨੂੰ ਵਧੀਆ ਪ੍ਰਸ਼ਾਸਕੀ ਸੇਵਾਵਾਂ ਦੇਣਾ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਜ਼ਿਲ੍ਹਾ ਮੋਗਾ ਦੇ ਵਿਕਾਸ ਤੇ ਹੋਰ ਕਾਰਜਾਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦਾ ਸਹਿਯੋਗ ਕਰਨ। ਉਨ੍ਹਾਂ ਅਹੁਦਾ ਸੰਭਾਲਣ ਮੌਕੇ ਚੁਣਵੇਂ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ ਦੀ ਹਦਾਇਤ ਕੀਤੀ।

ਉਨ੍ਹਾਂ ਕਿਹਾ ਕਿ ਜਨ ਹਿੱਤ ਸੇਵਾਵਾਂ ਤੈਅ ਸਮਾਂ ਸੀਮਾ ਵਿੱਚ ਦਿੱਤੀਆਂ ਜਾਣ। ਹਰ ਤਰ੍ਹਾਂ ਦੇ ਦਬਾਅ ਤੋਂ ਮੁਕਤ ਹੋ ਕੇ ਕੰਮ ਕੀਤਾ ਜਾਵੇ। ਇਸ ਤੋਂ ਪਹਿਲਾਂ ਉਹਨਾਂ ਨੂੰ ਮੋਗਾ ਪੁਲਸ ਦੀ ਟੁਕੜੀ ਵੱਲੋਂ ਗਾਰਡ ਆਫ ਆਨਰ ਦਿੱਤਾ ਗਿਆ। ਇਸ ਮੌਕੇ ਸ੍ਰੀਮਤੀ ਹਰਕੀਰਤ ਕੌਰ ਚਾਨੇ ਵਧੀਕ ਡਿਪਟੀ ਕਮਿਸ਼ਨਰ (ਜ), ਸ੍ ਸਾਰੰਗਪ੍ਰੀਤ ਸਿੰਘ ਔਜਲਾ ਐੱਸ ਡੀ ਐੱਮ ਮੋਗਾ, ਹਰਕੰਵਲਜੀਤ ਸਿੰਘ ਐਸ ਡੀ ਐਮ ਬਾਘਾਪੁਰਾਣਾ, ਸ੍ਰੀਮਤੀ ਸ਼ੁਭੀ ਆਂਗਰਾ ਸਹਾਇਕ ਕਮਿਸ਼ਨਰ (ਜ) ਤੇ ਹੋਰ ਅਧਿਕਾਰੀ ਹਾਜ਼ਰ ਸਨ।

## ...ਸ.ਫ਼ਾ 1 ਦੇ ਬਾਕੀ

### ਸਿੱਧਾਰਮਈਆ ਖਿਲਾਫ...

ਵਿਚ ਦੱਸੇ ਕਥਿਤ ਅਪਰਾਧਾਂ ਲਈ ਮੁੱਖ ਮੰਤਰੀ ਸ੍ਰੀ ਸਿੱਧਾਰਮਈਆ ਖਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ 1988 ਦੀ ਧਾਰਾ 17 ਏ ਅਤੇ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ ਦੀ ਧਾਰਾ 218 ਤਹਿਤ ਮੁਕੱਦਮਾ ਕਰਨ ਦੀ 16 ਅਗਸਤ ਨੂੰ ਮਨਜ਼ੂਰੀ ਦੇ ਦਿੱਤੀ ਹੈ। ਸਿੱਧਾਰਮਈਆ ਨੇ ਰਾਜਪਾਲ ਦੇ ਫੈਸਲੇ ਨੂੰ ਸੰਵਿਧਾਨ-ਵਿਰੋਧੀ ਕਰਾਰ ਦਿੰਦਿਆਂ ਕੋਰਟ ਵਿਚ ਚੈਲੰਜ ਕਰਨ ਦੀ ਗੱਲ ਕਹੀ ਹੈ। ਉਨ੍ਹਾ ਕਿਹਾ ਕਿ ਰਾਜਪਾਲ ਦਾ ਫੈਸਲਾ ਨਾ ਸਿਰਫ ਸੰਵਿਧਾਨ-ਵਿਰੋਧੀ, ਸਗੋਂ ਕਾਨੂੰਨ-ਵਿਰੋਧੀ ਵੀ ਹੈ। ਉਨ੍ਹਾ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਮੁੱਚੀ ਕੈਬਨਿਟ, ਪਾਰਟੀ ਹਾਈਕਮਾਨ, ਸਾਰੇ ਵਿਧਾਇਕ ਤੇ ਸਾਂਸਦ ਉਨ੍ਹਾ ਨਾਲ ਹਨ।

ਇਸ ਤੋਂ ਪਹਿਲਾਂ ਸੂਬਾਈ ਕੈਬਨਿਟ ਨੇ ਰਾਜਪਾਲ ਨੂੰ ਉਹ ਕਾਰਨ ਦੱਸੋ ਨੋਟਿਸ ਵਾਪਸ ਲੈਣ ਦੀ ਸਲਾਹ ਦਿੱਤੀ ਸੀ, ਜਿਹੜਾ ਉਨ੍ਹਾ ਮੁੱਖ ਮੰਤਰੀ ਨੂੰ ਜਾਰੀ ਕਰਕੇ ਪੁੱਛਿਆ ਸੀ ਕਿ ਕਿਉਂ ਨਾ ਉਨ੍ਹਾ ਖਿਲਾਫ ਮੁਕੱਦਮੇ ਦੀ ਮਨਜ਼ੂਰੀ ਦੇ ਦਿੱਤੀ ਜਾਵੇ।

### ਮਾਨ ਵੱਲੋਂ ਆਂਗਣਵਾੜੀ ...

ਵਾਰ ਪੰਜਾਬ ਦੀਆਂ ਵਿਦਿਅਕ ਸੰਸਥਾਵਾਂ ਵਿੱਚ ਦਾਖ਼ਲੇ ਲੈਣ ਲਈ ਨੌਜਵਾਨਾਂ ਦੀ ਗਿਣਤੀ ਵਿੱਚ ਵੱਡਾ ਵਾਧਾ ਹੋਇਆ ਹੈ। ਇਸ ਤੋਂ ਸਾਡੀਆਂ ਲੋਕ ਭਲਾਈ ਨੀਤੀਆਂ ਦੀ ਝਲਕ ਦਾ ਪ੍ਰਗਟਾਵਾ ਹੁੰਦਾ ਹੈ, ਜਿਸ ਕਰਕੇ ਨੌਜਵਾਨਾਂ ਵਿੱਚ ਵਤਨ ਵਾਪਸੀ ਦੀ ਸ਼ੁਰੂਆਤ ਦੇਖੀ ਜਾ ਸਕਦੀ ਹੈ।

ਇਸ ਮੌਕੇ ਨਵ-ਨਿਯੁਕਤ ਸੁਪਰਵਾਈਜ਼ਰ ਨਵਦੀਪ ਕੌਰ ਨੇ ਸਰਕਾਰੀ ਨੌਕਰੀ ਦੇਣ ਮੌਕੇ ਪਾਰਦਰਸ਼ੀ ਪ੍ਰਕਿਰਿਆ ਅਪਣਾਉਣ ਲਈ ਮੁੱਖ ਮੰਤਰੀ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਇਸ ਨੌਕਰੀ ਨਾਲ ਉਸ ਦਾ ਅਤੇ ਮਾਪਿਆਂ ਦਾ ਸੁਪਨਾ ਸਾਕਾਰ ਹੋਇਆ ਹੈ। ਨਵਦੀਪ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਮੌਜੂਦਾ ਸ਼ਾਸਨ ਦੌਰਾਨ ਉਸ ਨੂੰ ਹੀ ਨਹੀਂ, ਸਗੋਂ ਉਸ ਦੇ ਭਰਾ ਨੂੰ ਵੀ ਸਰਕਾਰੀ ਨੌਕਰੀ ਮਿਲੀ ਹੈ। ਰੱਖੜੀ ਦੇ ਤਿਉਹਾਰ ਮੌਕੇ ਨਵਦੀਪ ਕੌਰ ਨੇ ਧੰਨਵਾਦ ਵਜੋਂ ਮੁੱਖ ਮੰਤਰੀ ਅਤੇ ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਦੇ ਰੱਖੜੀ ਵੀ ਬੰਨ੍ਹੀ।ਇਸ ਮੌਕੇ ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ, ਸੰਗਰੂਰ ਤੋਂ ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਤੋਂ ਇਲਾਵਾ ਵੱਖ-ਵੱਖ ਸ਼ਖਸੀਅਤਾਂ ਹਾਜ਼ਰ ਸਨ।

### ਕਾਰਪੋਰੇਟ ਤੇ ਫਾਸ਼ੀਵਾਦ ...

ਸੰਗਰਾਮੀਏ 'ਜੂਲੀਅਸ ਫਿਊਚਕ ਪੁਸਤਕ ਪ੍ਰਦਰਸ਼ਨੀ ਮੰਚ' ਦਾ ਨਾਂਅ ਦਿੱਤਾ ਜਾਏਗਾ। 'ਜੂਲੀਅਸ ਫਿਊਚਕ ਪੁਸਤਕ ਪ੍ਰਦਰਸ਼ਨੀ ਮੰਚ' ਵਿੱਚ ਹੀ ਮੇਲੇ ਦੇ ਪਹਿਲੇ ਦਿਨ 7 ਨਵੰਬਰ (ਸ਼ੁੱਕਰਵਾਰ) ਸ਼ਾਮ ਠੀਕ 4 ਵਜੇ ਰੂਸੀ ਕਰਾਂਤੀ ਦੇ ਦਿਹਾੜੇ ਨੂੰ ਸਿਜਦਾ ਕਰਦੇ ਹੋਏ 'ਪੁਸਤਕ ਸੱਭਿਆਚਾਰ ਦੀ ਮਹੱਤਤਾ, ਅਮਿੱਟ ਦੇਣ ਅਤੇ ਸਾਡੇ ਸਮਿਆਂ ਦੀ ਲੋੜ' ਵਿਸ਼ੇ 'ਤੇ ਚਰਚਾ ਹੋਏਗੀ। ਇਸ ਮੌਕੇ ਸਾਡੇ ਕੋਲੋਂ ਵਿਛੜੇ ਸੁਰਜੀਤ ਪਾਤਰ ਸਮੇਤ ਕਵੀਆਂ, ਲੇਖਕਾਂ ਨੂੰ ਯਾਦ ਕੀਤਾ ਜਾਏਗਾ।

8 ਨਵੰਬਰ (ਸਨਿੱਚਰਵਾਰ) ਸਵੇਰੇ ਕੁਇਜ਼, ਪੇਂਟਿੰਗ, ਗਾਇਨ ਅਤੇ ਭਾਸ਼ਣ ਮੁਕਾਬਲੇ ਵੱਖ-ਵੱਖ ਹਾਲਾਂ ਵਿੱਚ ਹੋਣਗੇ। ਕੁਇਜ਼ ਮੁਕਾਬਲਾ ਪੁਸਤਕ 'ਕਿਰਤੀ ਵਾਰਤਕ : ਸ਼ਹੀਦੀ ਜੀਵਨੀਆਂ' (ਸੰਪਾਦਕ: ਚਰੰਜੀ ਲਾਲ ਕੰਗਣੀਵਾਲ) ਉਪਰ ਹੋਏਗਾ। ਸ਼ਾਮ 4 ਵਜੇ ਕਵੀ ਦਰਬਾਰ ਤੇ ਫ਼ਿਲਮ ਸ਼ੋਅ ਹੋਏਗਾ।ਇਸ ਦਿਨ ਬਾਬਾ ਜਵਾਲਾ ਸਿੰਘ ਹਾਲ ਵਿੱਚ ਤਿੰਨ ਨਵੇਂ ਫੌਜਦਾਰੀ ਅਤੇ ਕਾਲ਼ੇ ਕਾਨੂੰਨਾਂ ਦੇ ਮਨਸ਼ੇ, ਮਾਰੂ ਪ੍ਰਭਾਵ ਅਤੇ ਇਹਨਾਂ ਖਿਲਾਫ਼ ਜਨਤਕ ਆਵਾਜ਼ ਸੰਬੰਧੀ ਵਿਚਾਰ-ਚਰਚਾ ਹੋਏਗੀ, ਜਿਸ ਵਿੱਚ ਉੱਘੇ ਵਿਦਵਾਨਾਂ ਨੂੰ ਬੁਲਾਵਾ ਭੇਜਿਆ ਜਾ ਰਿਹਾ ਹੈ।

ਮੇਲੇ ਦੇ ਸਿਖ਼ਰਲੇ ਦਿਨ ਏਸੇ ਹਾਲ ਵਿੱਚ ਖੇਤੀ ਸੰਕਟ, ਪਾਣੀ ਅਤੇ ਵਾਤਾਵਰਣ ਸੰਬੰਧੀ ਵਿਚਾਰ-ਚਰਚਾ ਹੋਏਗੀ।

ਮੀਟਿੰਗ 'ਚ ਇਹ ਫੈਸਲਾ ਵੀ ਕੀਤਾ ਗਿਆ ਕਿ ਮੇਲੇ ਦੀਆਂ ਤਿਆਰੀਆਂ, ਪ੍ਰਚਾਰ, ਲਾਮਬੰਦੀ ਦੇ ਕਾਰਜ ਨੂੰ ਮਹੱਤਤਾ ਦਿੰਦੇ ਹੋਏ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਕਿਰਤੀ-ਕਿਸਾਨਾਂ, ਵਿਦਿਆਰਥੀਆਂ, ਨੌਜਵਾਨਾਂ, ਬੇਰੁਜ਼ਗਾਰਾਂ, ਮੁਲਾਜ਼ਮਾਂ, ਲੇਖਕਾਂ, ਬੁੱਧੀਜੀਵੀਆਂ, ਤਰਕਸ਼ੀਲਾਂ, ਜਮਹੂਰੀ ਹਲਕਿਆਂ ਵਿੱਚ ਹੁਣ ਤੋਂ ਹੀ ਜ਼ੋਰਦਾਰ ਮੁਹਿੰਮ ਲਾਮਬੰਦ ਕੀਤੀ ਜਾਏਗੀ।

ਮੇਲੇ 'ਚ ਲੰਗਰ ਦੇ ਖਰਚੇ ਦੀ ਜ਼ਿੰਮੇਵਾਰੀ ਤਰਨ ਤਾਰਨ ਜ਼ਿਲ੍ਹੇ ਦੇ ਗ਼ਦਰੀ ਦੇਸ਼ ਭਗਤਾਂ ਦੇ ਨਗਰਾਂ ਅਤੇ ਕਮੇਟੀਆਂ ਨੇ ਆਪਣੇ ਸਿਰ ਲੈਂਦੇ ਹੋਏ ਖੁਸ਼ੀ ਅਤੇ ਮਾਣ ਮਹਿਸੂਸ ਕੀਤਾ ਹੈ।9 ਨਵੰਬਰ ਸਾਰਾ ਦਿਨ ਸਾਰੀ ਰਾਤ ਗੀਤ-ਸੰਗੀਤ, ਐਕਸ਼ਨ ਗੀਤ, ਵਿਚਾਰ-ਚਰਚਾ, ਨਾਟਕ ਨਿਰੰਤਰ ਜਾਰੀ ਰਹਿਣਗੇ। ਇਸ ਦਿਨ ਮੇਲੇ ਦੇ ਮੁੱਖ ਵਕਤਾ ਵਜੋਂ ਮੁਲਕ ਦੇ ਨਾਮਵਰ ਬੁੱਧੀਜੀਵੀਆਂ ਨੂੰ ਬੁਲਾਵਾ ਭੇਜਿਆ ਜਾ ਰਿਹਾ ਹੈ। ਇਉਂ ਮੇਲਾ 10 ਨਵੰਬਰ ਸਵੇਰੇ ਸਰਘੀ ਵੇਲੇ ਜੋਸ਼ੋ-ਖਰੋਸ਼ ਨਾਲ ਸੰਪੰਨ ਹੋਏਗਾ।ਮੀਟਿੰਗ ਦਾ ਆਗਾਜ਼ ਆਜ਼ਾਦੀ ਲਹਿਰ ਦੇ ਸ਼ਹੀਦ ਮਦਨ ਲਾਲ ਢੀਂਗਰਾ ਅਤੇ ਅਗਸਤ ਮਹੀਨੇ ਦੀਆਂ ਇਤਿਹਾਸਕ ਘਟਨਾਵਾਂ ਅਤੇ ਨਾਇਕਾਂ ਨੂੰ ਖੜ੍ਹੇ ਹੋ ਕੇ ਸਿਜਦਾ ਕਰਨ ਨਾਲ ਹੋਇਆ। ਇਸ ਮੌਕੇ ਬਲਾਤਕਾਰ ਉਪਰੰਤ ਮੌਤ ਦੇ ਘਾਟ ਉਤਾਰੀ ਗਈ ਕਲਕੱਤਾ ਦੀ ਡਾ. ਮੋਮਿਤਾ ਦੇਬਨਾਥ ਨੂੰ ਵੀ ਸ਼ਰਧਾਂਜਲੀ ਦਿੱਤੀ ਗਈ। ਮੇਲੇ ਵਿੱਚ ਮੁੱਖ ਤੌਰ 'ਤੇ ਕਮੇਟੀ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਮੀਤ ਸਕੱਤਰ ਚਰੰਜੀ ਲਾਲ ਕੰਗਣੀਵਾਲ ਅਤੇ ਖਜ਼ਾਨਚੀ ਇੰਜੀਨੀਅਰ ਸੀਤਲ ਸਿੰਘ ਸੰਘਾ ਹਾਜ਼ਰ ਸਨ।

## ਪੰਡਵਾਂ 'ਚ ਸਮਾਗਮ ਅੱਜ

ਅਲਾਵਲਪੁਰ : ਸ੍ਰੀ ਗੁਰੂ ਰਵਿਦਾਸ ਤੀਰਥ ਅਸਥਾਨ ਸੱਚਖੰਡ ਪੰਡਵਾਂ ਦੇ ਗੱਦੀ ਨਸ਼ੀਨ ਸੰਤ ਮਹਿੰਦਰ ਪਾਲ ਦੀ ਸਰਪ੍ਰਸਤੀ ਹੇਠ ਸੰਤ ਹੰਸ ਰਾਜ ਦੀ ਸਲਾਨਾ ਬਰਸੀ ਤੇ ਸ੍ਰੀ ਗੁਰੂ ਰਵਿਦਾਸ ਜੀ ਸਰੋਵਰ ਦੇ ਸਥਾਪਨਾ ਦਿਵਸ ਸੰਬੰਧੀ ਮਹਾਨ ਸਮਾਗਮ 18 ਅਗਸਤ ਨੂੰ ਡੇਰਾ ਪੰਡਵਾਂ ਵਿਚ ਆਯੋਜਿਤ ਕੀਤੇ ਜਾਣਗੇ। ਸਮਾਗਮ ਸੰਤ ਜਸਵਿੰਦਰ ਪਾਲ, ਸੰਤ ਮੋਹਣ ਪਾਲ, ਬਾਲ ਕਿਸ਼ਨ ਤੇ ਗੁਰਨਾਮ ਚੰਦ ਆਦਿ ਦੀ ਦੇਖ-ਰੇਖ ਹੋਣਗੇ।

## ਰੱਖੜੀ ਵਾਲੇ ਦਿਨ 11 ਵਜੇ ਖੁੱਲ੍ਹਣਗੇ ਸੇਵਾ ਕੇਂਦਰ : ਡੀ ਸੀ

ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)-ਡਿਪਟੀ ਕਮਿਸ਼ਨਰ ਸ੍ਰੀਮਤੀ ਆਸ਼ਿਕਾ ਜੈਨ ਨੇ ਦੱਸਿਆ ਕਿ ਮਿਤੀ 19 ਅਗਸਤ ਨੂੰ ਰੱਖੜੀ ਦੇ ਤਿਉਹਾਰ ਵਾਲੇ ਦਿਨ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਦੇ ਸੇਵਾ ਕੇਂਦਰ ਦੇ ਸਮੇਂ 'ਚ ਤਬਦੀਲੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਦਿਨ ਸੇਵਾ ਕੇਂਦਰ ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤੱਕ ਸੇਵਾਵਾਂ ਦੇਣਗੇ। ਉਨ੍ਹਾਂ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਦੇ ਵਸਨੀਕਾਂ ਨੂੰ ਰੱਖੜੀ ਵਾਲੇ ਦਿਨ ਸੇਵਾ ਕੇਂਦਰਾਂ ਦੀਆਂ ਸੇਵਾਵਾਂ ਪ੍ਰਾਪਤ ਕਰ ਲਈ ਸਵੇਰੇ 11 ਵਜੇ ਤੋਂ ਬਾਅਦ ਪਹੁੰਚ ਬਣਾਉਣ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਸੇਵਾ ਕੇਂਦਰਾਂ ਦੇ ਸਟਾਫ਼ ਨੂੰ ਇਸ ਸਬੰਧੀ ਹਦਾਇਤ ਕੀਤੀ ਜਾ ਚੁੱਕੀ ਹੈ ਕਿ ਉਹ ਇਸ ਦਿਨ ਸਵੇਰੇ 11 ਵਜੇ ਤੋਂ ਬਾਅਦ ਸੇਵਾ ਕੇਂਦਰਾਂ ਦੀਆਂ ਸੇਵਾਵਾਂ ਆਮ ਨਾਗਰਿਕਾਂ ਨੂੰ ਮੁਹੱਈਆ ਕਰਵਾਉਣਗੇ।

## ਦੁਬਈ 'ਚ 30 ਸਾਲਾ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ



ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)- ਸੁਲਤਾਨਪੁਰ ਲੋਧੀ ਦੇ ਨਜ਼ਦੀਕ ਪਿੰਡ ਮਸੀਤਾਂ ਦਾ ਨੌਜਵਾਨ ਸ਼ੇਰਾ ਪੁੱਤਰ ਕੇਵਲ ਵਾਸੀ ਪਿੰਡ ਮਸੀਤਾਂ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਜੋ ਕਿ ਤਿੰਨ ਸਾਲ ਪਹਿਲਾਂ ਰੋਟੀ ਰੋਜ਼ੀ ਕਮਾਉਣ ਲਈ ਦੁਬਈ ਵਿੱਚ ਗਿਆ ਸੀ, ਦੀ 10 ਅਗਸਤ ਨੂੰ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ।ਉਸ ਦਾ ਮ੍ਰਿਤਕ ਸਰੀਰ 15 ਅਗਸਤ ਨੂੰ ਉਸ ਦੇ ਜੱਦੀ ਪਿੰਡ ਮਸੀਤਾਂ ਵਿਖੇ ਲਿਆਂਦਾ ਗਿਆ।ਉਸ ਦਾ ਪਿੰਡ ਦੇ ਸ਼ਮਸ਼ਾਨਘਾਟ ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ।ਅੰਤਿਮ ਅਰਦਾਸ 18 ਅਗਸਤ ਦਿਨ ਐਤਵਾਰ 11 ਵਜੇ ਤੋਂ ਇਕ ਵਜੇ ਹੋਵੇਗੀ।

## ਪ੍ਰਾਇਮਰੀ ਸਕੂਲ ਹੌਜ਼ ਖ਼ਾਸ 'ਚ ਮਨਾਇਆ ਤੀਆਂ ਦਾ ਤਿਉਹਾਰ

**ਜਲਾਲਾਬਾਦ** (ਰਣਬੀਰ ਕੌਰ ਢਾਬਾਂ)-ਸਰਕਾਰੀ ਪ੍ਰਾਇਮਰੀ ਸਕੂਲ ਹੌਜ਼ ਖਾਸ ਵਿਖੇ ਸੈਂਟਰ ਪੱਧਰੀ ਤੀਆਂ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ ਗਿਆ।ਇਸ ਵਿੱਚ ਸਕੂਲ ਦੇ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।ਇਸ ਵਿੱਚ ਬੱਚਿਆਂ ਵੱਲੋਂ ਗਿੱਧਾ ਤੇ ਭੰਗੜਾ ਪੇਸ਼ ਕੀਤਾ ਗਿਆ ਅਤੇ ਵੱਖ ਵੱਖ ਗਤੀਵਿਧੀਆਂ ਵਿੱਚ ਭਾਗ ਲਿਆ ਗਿਆ।ਇਸ ਮੌਕੇ ਸੈਂਟਰ ਹੈੱਡ ਟੀਚਰ ਸ੍ਰੀਮਤੀ ਸੁਨੀਤਾ ਰਾਣੀ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ।ਇਸ ਮੌਕੇ ਸੈਂਟਰ ਲੱਖੋਵਾਲੀ ਅਧੀਨ ਆਉਂਦੇ ਵੱਖ ਵੱਖ ਸਕੂਲਾਂ ਤੋਂ ਸਟਾਫ ਨੇ ਹਾਜ਼ਰੀ ਲਗਵਾਈ ਤੇ ਸਕੂਲ ਦੇ ਆਂਗਣਵਾੜੀ ਸਟਾਫ ਵੀ ਹਾਜ਼ਰ ਹੋਏ।ਸਕੂਲ ਮੁਖੀ ਗੁਰਮੀਤ ਸਿੰਘ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਪ੍ਰੋਗਰਾਮਾਂ ਨਾਲ ਬੱਚਿਆਂ ਵਿੱਚ ਉਤਸ਼ਾਹ ਵਧਦਾ ਹੈ।ਇਸ ਮੌਕੇ ਸਕੂਲ ਦੇ ਅਧਿਆਪਕ ਛਿੰਦਰ ਕੁਮਾਰ, ਧੀਰਜ ਕੁਮਾਰ, ਰੇਣੂ ਬਾਲਾ, ਬਿਮਲਾ ਰਾਣੀ, ਆਸ਼ਾ ਮੈਡਮ, ਜਸਵੀਰ ਕੌਰ, ਕਰਮੇਸ਼ ਕੌਰ, ਗੀਤਾ ਤੇ ਮੈਡਮ ਕੁਲਵਿੰਦਰ ਕੌਰ ਹਾਜ਼ਰ ਸਨ।

# ਅੱਠਵੀਂ ਸ਼੍ਰੇਣੀ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਤੇ ਪ੍ਰੀਖਿਆ ਫਾਰਮ ਭਰਨ ਲਈ ਆਨਲਾਈਨ ਪੋਰਟਲ/ਐਪਲੀਕੇਸ਼ਨ 14 ਤੋਂ ਚਾਲੂ

ਐੱਸ.ਏ.ਐੱਸ ਨਗਰ (ਗੁਰਜੀਤ ਬਿੱਲਾ)-ਪੰਜਾਬ ਰਾਜ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਮੂਹ ਸਕੂਲ ਮੁਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2024-25 ਲਈ ਅੱਠਵੀਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਅਤੇ ਪ੍ਰੀਖਿਆ ਫਾਰਮ ਭਰਨ ਲਈ ਆਨ-ਲਾਈਨ ਪੋਰਟਲ/ਐਪਲੀਕੇਸ਼ਨ ਮਿਤੀ 14 ਅਗਸਤ ਤੋਂ ਚਾਲੂ ਕੀਤੀ ਜਾ ਚੁੱਕੀ ਹੈ।ਇਸ ਆਨ-ਲਾਈਨ ਐਪਲੀਕੇਸ਼ਨ ਵਿੱਚ ਐਂਟਰੀ ਕਰਨ ਲਈ ਬੋਰਡ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਜਾਂਦਾ ਹੈ ਕਿ ਮਿਤੀ 14 ਅਗਸਤ ਤੋਂ 16 ਅਕਤੂਬਰ ਤੱਕ ਬਿਨ੍ਹਾਂ ਲੇਟ ਫੀਸ (ਭਾਵ ਰਜਿਸਟ੍ਰੇਸ਼ਨ ਫੀਸ 250 ਰੁ: ਪ੍ਰੀਖਿਆ ਫੀਸ 950 ਰੁ: ਨਾਲ) , 17 ਅਕਤੂਬਰ ਤੋਂ 11 ਨਵੰਬਰ ਤੱਕ 500 ਰੁ: ਪ੍ਰਤੀ ਵਿਦਿਆਰਥੀ ਲੇਟ ਫੀਸ ਨਾਲ ਅਤੇ 12 ਨਵੰਬਰ ਤੋਂ 27 ਨਵੰਬਰ ਤੱਕ 1500 ਰੁ: ਪ੍ਰਤੀ ਵਿਦਿਅਰਥੀ ਲੇਟ ਫੀਸ ਨਾਲ ਸ਼ਡਿਊਲ ਨਿਰਧਾਰਤ ਕੀਤਾ ਗਿਆ ਹੈ।ਇਸਦੇ ਸਬੰਧ ਵਿੱਚ ਇਹ ਵੀ ਦੱਸਿਆ ਜਾਂਦਾ ਹੈ ਕਿ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਕਰਨ ਲਈ ਬੋਰਡ ਵੱਲੋਂ ਨਿਰਧਾਰਤ/ਜਾਰੀ ਕੀਤੇ ਗਏ ਸ਼ਡਿਊਲ (ਸਮਾਂ ਸਾਰਣੀ) ਵਿੱਚ ਹੀ ਬਣਦੀ ਫੀਸ ਨਾਲ ਹੀ ਇਹ ਕੰਮ ਮੁਕੰਮਲ ਕਰਵਾਇਆ ਜਾਣਾ ਅਤਿ ਜ਼ਰੂਰੀ ਹੈ ਕਿਉਂਕਿ ਨਿਰਧਾਰਿਤ ਸ਼ਡਿਊਲ ਅਧੀਨ ਦਿੱਤੇ ਗਏ ਸਮੇਂ ਤੋਂ ਬਾਅਦ ਹੋਰ ਸਮੇਂ ਵਿੱਚ ਵਾਧਾ ਨਹੀ ਕੀਤਾ ਜਾਵੇਗਾ ਅਤੇ ਬਿਨਾਂ ਲੇਟ ਫੀਸ ਸਮਾਂ ਲੰਘਣ ਉਪਰੰਤ ਜੇਕਰ ਕਿਸੇ ਸਕੂਲ ਮੁਖੀ ਵੱਲੋਂ ਜੁਰਮਾਨਾ ਮੁਆਫੀ ਲਈ ਪ੍ਰਤੀ-ਬੇਨਤੀ ਕੀਤੀ ਜਾਂਦੀ ਹੈ ਤਾਂ ਉਹ ਕਿਸੇ ਵੀ ਹਾਲਾਤ/ਕਾਰਨ ਦੇ ਜੁਰਮਾਨਾ ਮੁਆਫੀ ਲਈ ਸਵੀਕਾਰਨ ਯੋਗ ਨਹੀ ਹੋਵੇਗੀ।ਉਕਤ ਦੇ ਮੱਦੇਨਜ਼ਰ ਸਕੂਲ ਮੁਖੀਆਂ ਨੂੰ ਅਗਾਊਂ ਤੌਰ 'ਤੇ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2024-25 ਲਈ ਆਨ-ਲਾਈਨ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਦਾ ਕਾਰਜ ਮੁਕੰਮਲ ਕਰਨ ਲਈ ਉਚਿਤ ਸਮਾਂ ਦਿੱਤਾ ਜਾ ਰਿਹਾ ਹੈ। ਇਸ ਦੇ ਬਾਵਜੂਦ ਵੀ ਜੇਕਰ ਕਿਸੇ ਸੰਸਥਾ/ਸਕੂਲ ਨੂੰ ਅਜਿਹੀ ਅਣਗਹਿਲੀ ਲਈ ਜ਼ਿੰਮੇਵਾਰ ਪਾਇਆ ਜਾਂਦਾ ਹੈ ਤਾਂ ਨਿਰਧਾਰਤ ਸ਼ਡਿਊਲ ਤੋਂ ਬਾਅਦ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਕਰਨ ਦਾ ਕੋਈ ਹੋਰ ਮੌਕਾ ਨਹੀ ਦਿੱਤਾ ਜਾਵੇਗਾ ਅਤੇ ਬੋਰਡ ਨਾਲ ਸਬੰਧਤ ਐਫੀਲੀਏਟਿਡ/ਐਸੋਸੀਏਟਿਡ ਸੰਸਥਾਵਾਂ ਵਿਰੁੱਧ ਐਫੀਲਿਏਸ਼ਨ ਵਿਨਿਯਮਾਂ ਅਧੀਨ ਵਿਧੀ ਅਨੁਸਾਰ ਕਾਰਵਾਈ ਕੀਤੀ ਜਾਵੇਗੀ । ਇਸੇ ਤਰ੍ਹਾਂ ਸਰਕਾਰੀ/ਏਡਿਡ ਸਕੂਲਾਂ ਦੇ ਕੇਸ ਵਿੱਚ ਸਬੰਧਤ ਸਕੂਲਾਂ ਦੇ ਪ੍ਰਿੰਸੀਪਲ/ਮੁੱਖ ਅਧਿਆਪਕ ਵਿਰੁੱਧ ਵਿਨਿਯਮਾਂ ਅਨੁਸਾਰ ਕਾਰਵਾਈ ਕਰਨ ਲਈ ਡਾਇਰੈਕਟਰ (ਐਲੀਮੈਂਟਰੀ/ ਸੈਕੰਡਰੀ), ਸਿੱਖਿਆ ਵਿਭਾਗ, ਪੰਜਾਬ ਸਰਕਾਰ ਨੂੰ ਲਿਖਿਆ ਜਾਵੇਗਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਬੜੇ ਜੋਸ਼ੋ-ਖਰੋਸ਼ ਨਾਲ ਮਨਾਇਆ ਵੱਖ-ਵੱਖ ਥਾਈਂ 78ਵਾਂ ਆਜ਼ਾਦੀ ਦਿਹਾੜਾ


ਮਜੀਠਾ


ਡੇਰਾ ਬਾਬਾ ਨਾਨਕ


ਦੀਨਾਨਗਰ


ਕਾਦੀਆਂ


ਧਾਰੀਵਾਲ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਐੱਨਆਰਆਈ ਯੂਥ ਕਲੱਬ ਸਲਾਹਪੁਰ ਦੇ ਸਹਿਯੋਗ ਨਾਲ ਸਰਕਾਰੀ ਮਿਡਲ ਅਤੇ ਪ੍ਰਾਇਮਰੀ ਸਕੂਲ ਸਲਾਹਪੁਰ ਵਿਖੇ ਆਜ਼ਾਦੀ ਦੀ 78ਵੀਂ ਵਰੇਗੰਢ ਬੜੀ ਧੂਮਧਾਮ ਨਾਲ ਮਨ੍ਹਾਈ ਗਈ। ਇਸ ਮੌਕੇ ਐੱਨਆਰਆਈ ਯੂਥ ਕਲੱਬ ਵੱਲੋਂ ਸਕੂਲ ਨੂੰ ਵਾਟਰ ਕੂਲਰ ਅਤੇ ਫਿਲਟਰ ਦਾਨ ਕੀਤਾ ਗਿਆ ਅਤੇ ਇਸ ਮੌਕੇ ਪਿੰਡ ਦੇ ਸਾਬਕਾ ਫੌਜੀਆਂ ਨੇ ਉਚੇਚੇ ਤੌਰ ਤੇ ਸ਼ਮੂਲੀਅਤ ਕੀਤੀ


ਕਲਾਨੌਰ

ਅਤੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਇਸ ਆਜ਼ਾਦੀ ਦਿਹਾੜੇ ਨੂੰ ਮੁਖ ਰੱਖਦਿਆਂ ਸਕੂਲ ਮੁੱਖੀ ਪਰਮਿੰਦਰ ਸਿੰਘ ਵਲੋਂ ਇਸ ਮੌਕੇ ਬੋਲਦਿਆਂ ਇਸ ਮਹਾਨ ਦਿਹਾੜੇ ਤੇ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ।ਜਿਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਾਉਣ ਵਿੱਚ ਅਹਿਮ ਯੋਗਦਾਨ ਪਾਇਆ ਅਤੇ ਵਿਦਿਆਰਥੀਆਂ ਨੂੰ ਨਸ਼ੇ ਦੀ ਲਾਹਨਤ ਤੋਂ ਬਚਣ ਦੀ ਨਸੀਹਤ ਦਿੱਤੀ ਗਈ। ਇਸ ਤੋਂ ਇਲਾਵਾ ਐੱਨਆਰਆਈ ਯੂਥ ਕਲੱਬ ਵਲੋਂ ਬੱਚਿਆਂ ਨੂੰ ਸਕੂਲ ਬੈਗ ਤੇ ਕਾਪੀਆਂ ਪੈਨਸਲਾਂ ਵੰਡੀਆਂ ਗਈਆਂ ਤੇ ਖੇਡਾਂ ਵਿੱਚ ਅਵਲ ਰਹੇ ਬੱਚਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਸਾਰੇ ਪ੍ਰੋਗਰਾਮ ਵਿੱਚ ਪ੍ਰਵੀਨ ਥਾਪੁਰ ਮੈਥ ਮਾਸਟਰ, ਰਾਜਵਿੰਦਰ ਕੌਰ, ਗੁਰਮੀਤ ਕੌਰ, ਕੁਲਬੀਰ ਸਿੰਘ ਹੈਡ ਟੀਚਰ ਤੇ ਸਮੂਹ ਅਗਣਵਾੜੀ ਵਰਕਰ, ਮਿਡ ਡੇ ਮੀਲ ਵਰਕਰ ਹਾਜ਼ਰ ਸਨ।

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਸਮਾਜਸੇਵੀ ਸੰਸਥਾ ਵਾਈਸ ਆਫ ਧਾਰੀਵਾਲ ਵਲੋਂ ਸ਼ਹੀਦ ਭਗਤ ਸਿੰਘ ਚੌਂਕ ਧਾਰੀਵਾਲ ਵਿਖੇ ਦੇਸ਼ ਦੀ ਅਜ਼ਾਦੀ ਦਾ 78ਵਾਂ ਆਜ਼ਾਦੀ ਦਿਹਾੜਾ ਸੰਸਥਾ ਦੇ ਕਨਵੀਨਰ ਡਾਕਟਰ ਕਮਲਜੀਤ ਸਿੰਘ ਕੇਜੇ ਦੀ ਅਗਵਾਏ ਹੇਠ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸੰਸਥਾ ਹਿਊਮਨਸ ਰਾਈਟਸ ਸੁਰਕਸ਼ਾ


ਝਬਾਲ

ਸੁਸਾਇਟੀ ਦੇ ਸੂਬਾ ਪ੍ਰਧਾਨ ਇੰਜ.ਜਤਿੰਦਰ ਪਾਲ ਸਿੰਘ ਅਤੇ ਜ਼ਿਲ੍ਹਾ ਪ੍ਰਧਾਨ ਐਸਡੀਓ ਸੁਖਦੇਵ ਸਿੰਘ ਚਾਹਲ ਉਚੇਚੇ ਤੌਰ ਤੇ ਸਾਮਲ ਹੋਏ। ਸੰਸਥਾ ਵਾਈਸ ਆਫ ਧਾਰੀਵਾਲ ਦੇ ਕਨਵੀਨਰ ਡਾਕਟਰ ਕਮਲਜੀਤ ਸਿੰਘ ਕੇਜੇ ਵਲੋਂ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਅਤੇ ਸਮੁੱਚੀ ਟੀਮ ਨੇ ਰਾਸ਼ਟਰੀ ਗਾਨ ਗਾਇਆ। ਇਸ ਮੌਕੇ ਡਾ.ਕਮਲਜੀਤ ਸਿੰਘ ਕੇ ਜੇ, ਇੰਜ. ਜੇਪੀ ਸਿੰਘ, ਐੱਸਡੀਓ ਸੁਖਦੇਵ ਸਿੰਘ ਚਾਹਲ ਆਦਿ ਆਗੂਆਂ ਨੇ 78ਵੇਂ ਆਜ਼ਾਦੀ ਦਿਹਾੜੇ ਦੀ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਆਜ਼ਾਦੀ ਘੁਲਾਟੀਆ ਵੱਲੋਂ ਚਲਾਏ ਸੰਘਰਸ਼ ਸਦਕਾ ਹੀ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਤੋੜਿਆ ਗਿਆ ਸੀ। ਦੇਸ਼ ਨੂੰ ਆਜ਼ਾਦੀ ਕਰਵਾਉਣ ਲਈ ਚੱਲੇ ਸੰਘਰਸ਼ ਦੌਰਾਨ 80 ਫੀਸਦੀ ਤੋਂ ਵਧੇਰੇ ਕੁਰਬਾਨੀਆਂ ਪੰਜਾਬੀਆਂ ਨੇ ਦਿੱਤੀਆਂ।

**ਕਲਾਨੌਰ (ਮਨਦੀਪ ਕੋਹਲੀ)**-ਬਾਰਡਰ ਪੱਟੀ ਤੇ ਵਸੇ ਪਿੰਡਾਂ ਲਈ ਵਰਦਾਨ ਸਾਬਿਤ ਹੋ ਰਿਹਾ ਹੋਲੀ ਚਾਇਲਡ ਸਕੂਲ ਛੋਹਣ ਵਿਖੇ ਦੇਸ਼ ਦੀ ਆਜ਼ਾਦੀ ਦਾ 78ਵਾਂ ਦਿਹਾੜਾ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਪ੍ਰਿੰ. ਸਿਸਟਰ ਸੈਰਿਨ ਦੀ ਅਗਵਾਈ ਵਿੱਚ ਮਨਾਏ ਗਏ ਆਜ਼ਾਦੀ ਦਿਹਾੜੇ ਦੇ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਸਤਿਕਾਰਯੋਗ ਫਾਦਰ ਜੋਜੀ ਪਹੁੰਚੇ। ਪ੍ਰਿੰਸੀਪਲ ਸਿਸਟਰ ਸੈਰਿਨ ਦੇ ਨਾਲ ਮੁੱਖ ਮਹਿਮਾਨ ਵੱਲੋਂ ਭਾਰਤ ਦੇਸ਼ ਦੀ ਸ਼ਾਨ ਤਿਰੰਗਾ ਲਹਿਰਾਇਆ ਗਿਆ। ਇਸ ਮੌਕੇ ਤੇ ਸਕੂਲ ਦੇ ਪ੍ਰੋਗਰਾਮ ਵਿੱਚ ਸ਼ਾਨ ਵਧਾਉਣ ਲਈ ਬੱਚਿਆਂ ਦੇ ਮਾਤਾ-ਪਿਤਾ ਦਾਦਾ ਦਾਦੀ ਤੋਂ ਇਲਾਵਾ ਸਕੂਲ ਦੇ ਮੈਨੇਜਰ ਸਿਸਟਰ ਦੀਪਿਕਾ ਅਤੇ ਸਿਸਟਰ ਰੂਬੀ ਆਦਿ ਸਕੂਲ ਦੇ ਸਾਰੇ ਸਟਾਫ ਮੈਂਬਰ ਸ਼ਾਮਿਲ ਸਨ।

**ਕਲਾਨੌਰ (ਮਨਦੀਪ ਕੋਹਲੀ)**-ਕੇਰਲਾ ਇੰਟਰਨੈਸ਼ਨਲ ਸਕੂਲ ਕਲਾਨੌਰ ਵਿਚ 78ਵਾਂ ਆਜ਼ਾਦੀ ਦਿਵਸ ਬੜੀ ਧੂਮਧਾਮ ਨਾਲ ਪ੍ਰਿੰ. ਡੋਮਿਨਿਕ ਮੈਥਿਊ ਦੀ ਯੋਗ ਅਗਵਾਈ ਵਿੱਚ ਮਨਾਇਆ ਗਿਆ।ਸੁਤੰਤਰਤਾ ਦਿਵਸ ਦੇ ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ ਤੇ ਮਹੰਤ ਬੇਲੀ ਰਾਮ ਗੋਸਾਈਂ ਮੰਦਰ ਤੋਂ ਮਹੰਤ ਮੁਨੀਸ਼ ਵਿਸ਼ੇਸ਼ ਤੌਰ ਤੇ


ਦੀਨਾਨਗਰ

ਹਾਜ਼ਿਰ ਹੋਏ।ਬਾਬਾ ਜੀ ਤੇ ਸਕੂਲ ਦੇ ਪ੍ਰਿੰ. ਡੋਮਿਨਿਕ ਮੈਥਿਊ ਦੁਆਰਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ। ਬੱਚਿਆਂ ਵੱਲੋਂ ਦੇਸ਼ ਭਗਤੀ ਨਾਲ ਸੰਬੰਧਿਤ ਕੋਰੀਓਗ੍ਰਾਫੀ, ਗੀਤ, ਕਵਿਤਾਵਾਂ ਅਤੇ ਫੈਂਸੀ ਡ੍ਰੈਸ ਮੁਕਾਬਲੇ ਤੋਂ ਇਲਾਵਾ ਪੰਜਾਬ ਦਾ ਪ੍ਰਸਿੱਧ ਨਾਚ ਗਿੱਧਾ ਅਤੇ ਭੰਗੜਾ ਕਰਵਾਏ ਗਏ। ਮੈਡਮ ਰਿਤਿਕਾ ਮਹਾਜਨ ਦੀ ਅਗਵਾਈ ਵਿਚ ਸਕੂਲ ਦੇ ਬੱਚਿਆਂ ਨੇ ਬਹੁਤ ਵਧੀਆ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਪ੍ਰੋਗਰਾਮ ਵਿੱਚ ਰਿੱਧੀ, ਸਾਨਵੀ, ਗੁਰਸ਼ੀਨ ਕੌਰ, ਪ੍ਰੀਆਂਸ਼ੂ, ਸਮਰ ਸ਼ਰਮਾ, ਹਰਗੁਨ ਕਾਹਲੋਂ, ਲਵਲੀਨ, ਪ੍ਰਭਲੀਨ ਅਤੇ ਨਵਰੋਜ ਕੌਰ ਦੀ ਟੀਮ ਨੇ ਹਿੱਸਾ ਲਿਆ। ਇਸ ਮੌਕੇ ਮੈਡਮ ਮੀਨਾਕਸ਼ੀ, ਸੁਮਨ ਬਾਲਾ, ਬੱਬਲਜੀਤ ਕੌਰ, ਪਰਦੀਪ ਕੌਰ, ਜਯੋਤੀ ਬਾਲਾ, ਕੰਵਲਜੀਤ ਕੌਰ ਆਦਿ ਸਾਰਾ ਸਟਾਫ ਹਾਜ਼ਰ ਸੀ।

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਜੀ. ਕੇ. ਬੀ. ਇੰਟਰਨੈਸ਼ਨਲ ਸਕੂਲ ਗੁਰੂ ਕੀ ਬੇਰ ਮੱਤੇਵਾਲ( ਸੀ. ਬੀ. ਐੱਸ. ਈ. ਪੈਟਰਨ) ਵਿੱਚ ਆਜ਼ਾਦੀ ਦਾ ਦਿਹਾੜਾ ਮਨਾਇਆ ਗਿਆ ਜਿਸ ਵਿੱਚ ਸੰਸਥਾ ਮੁਖੀ ਸੰਤ ਬਾਬਾ ਸੱਜਣ ਸਿੰਘ ਜੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਮੌਕੇ ਉਨ੍ਹਾਂ ਨਾਲ ਪ੍ਰਿੰਸੀਪਲ ਗੁਰਸੇਵਕ ਸਿੰਘ(ਪੰਜਾਬ ਬੋਰਡ), ਰਣਜੀਤ ਸਿੰਘ ਬਾਬੋਵਾਲ ਸੁਖਵਿੰਦਰ ਸਿੰਘ ਭੀਲੋਵਾਲ ਜਗਰੂਪ ਸਿੰਘ ਬੋਪਾਰਾਏ, ਜਸਵਿੰਦਰ ਸਿੰਘ ਕਲਰਕ ,ਜੋਬਨ ਬੁਲਾਰਾ ,ਬਾਬਾ ਰਾਜਾ ਸਿੰਘ, ਬਾਜ ਸਿੰਘ ਹਾਜ਼ਰ ਹੋਏ।ਸਕੂਲ ਪ੍ਰਿੰ. ਸ਼ੈਲੀ ਮਹਾਜਨ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਵਾਰ ਆਜ਼ਾਦੀ ਦਾ 78ਵਾਂ ਦਿਹਾੜਾ ਸਕੂਲ ਦੇ ਬੱਚਿਆਂ ਨੇ ਸਟਾਫ ਦੀ ਮਿਹਨਤ ਸਦਕਾ ਬੜੀ ਧੂਮ ਧਾਮ ਨਾਲ ਮਨਾਇਆ ।ਇਸ ਪ੍ਰੋਗਰਾਮ ਵਿੱਚ ਬੱਚਿਆਂ ਦੇ ਮਾਪੇ ਵੀ ਸ਼ਾਮਿਲ ਹੋਏ।


ਸਰਾਏ ਅਮਾਨਤ ਖਾਂ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਸ੍ਰੀ ਗੁਰੂ ਤੇਗ ਬਹਾਦਰ ਪਬਿਲਕ ਸੀਨੀਅਰ ਸੈਕੰਡਰੀ ਸਕੂਲ, ਝਬਾਲ ਵਿਖੇ ਅਜ਼ਾਦੀ ਦਿਵਸ ਮਨਾਇਆ ਗਿਆ।ਵਿਦਿਆਰਥੀਆਂ ਨੇ ਤਿਰੰਗੇ ਝੰਡੇ ਨਾਲ ਸ਼ਮੂਲੀਅਤ ਕੀਤੀ। ਪ੍ਰਿੰ. ਪਰਮਜੀਤ ਸਿੰਘ ਸੋਹਲ ਨੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ।ਸਮੂਹ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਮਿਲ ਕੇ ਰਾਸ਼ਟਰੀ ਗੀਤ ਗਾਇਆ ਗਿਆ।ਵਿਦਿਆਰਥੀਆਂ ਨੇ


ਧਾਰੀਵਾਲ

ਦੇਸ਼ ਭਗਤੀ ਨਾਲ ਸਬੰਧਤ ਗੀਤ ਗਾਏ ਅਤੇ ਲੈਕਚਰ ਅਤੇ ਕਵਿਤਾਵਾਂ ਪੜ੍ਹੀਆਂ ।ਇਸ ਸਮੇਂ ਪ੍ਰਿੰ. ਪਰਮਜੀਤ ਸਿੰਘ ਸੋਹਲ ਨੇ ਵਿਦਿਆਰਥੀਆਂ ਨੂੰ ਆਜ਼ਾਦੀ ਦੀ ਲੜਾਈ ਵਿਚ ਪੰਜਾਬੀਆਂ ਵਲੋਂ ਪਾਏ ਯੋਗਦਾਨ ਬਾਰੇ ਜਾਣੂ ਕਰਵਾਇਆ ਅਤੇ ਸਾਡੇ ਪੁਰਖਿਆ ਵਲੋਂ ਜੋ ਆਜ਼ਾਦੀ ਬਾਰੇ ਸੋਚ ਰੱਖੀ ਸੀ, ਉਸ ਉੱਪਰ ਪੂਰਾ ਉਤਰਨ ਲਈ ਆਪਣਾ ਪੂਰਾ ਯੋਗਦਾਨ ਪਾਉਣ ਲਈ ਕਿਹਾ।ਸਮੂਹ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਆਜ਼ਾਦੀ ਦਿਵਸ ਦੀਆਂ ਵਧਾਈਆਂ ਦਿੱਤੀਆ।ਇਸ ਸਮੇਂ ਛੋਟੇ ਬੱਚਿਆਂ ਨੇ ਰੰਗ-ਬਰੰਗੀਆ ਪੁਸ਼ਾਕਾਂ ਵਿੱਚ ਸ਼ਮੂਲੀਅਤ ਕੀਤੀ।

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਦੇਸ਼ ਦੇ 78ਵੇਂ ਆਜ਼ਾਦੀ ਦਿਹਾੜੇ ਦੇ ਮੌਕੇ ਆਮ ਆਮ ਆਦਮੀ ਪਾਰਟੀ ਵੱਲੋਂ ਕਰਵਾਏ ਗਏ ਵਿਧਾਨ ਸਭਾ ਹਲਕਾ ਪੱਧਰ ਦੇ ਸਮਾਗਮ ਵਿੱਚ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਅਦਾ ਕੀਤੀ ਗਈ।ਦੀਨਾਨਗਰ ਦੇ ਮਹਾਰਾਜਾ ਰਣਜੀਤ ਸਿੰਘ ਪਾਰਕ ਵਿਖੇ ਰਾਸ਼ਟਰੀ ਝੰਡਾ ਲਹਿਰਾਉਣ ਮਗਰੋਂ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਆਜ਼ਾਦੀ ਘੁਲਾਟੀਆਂ ਵੱਲੋਂ ਚਲਾਏ ਸੰਘਰਸ਼ ਸਦਕਾ ਹੀ ਕਰੀਬ ਪੌਣੀ ਸਦੀ ਪਹਿਲਾਂ ਅਸੀਂ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਤੋੜਿਆ ਸੀ।ਉਨ੍ਹਾਂ ਕਿਹਾ ਕਿ ਆਜ਼ਾਦੀ ਦੇ ਇਸ ਸੰਘਰਸ਼ ਵਿੱਚ 80 ਫੀਸਦੀ ਤੋਂ ਵੱਧ ਕੁਰਬਾਨੀਆਂ ਪੰਜਾਬੀਆਂ ਨੇ ਦਿੱਤੀਆਂ ਸਨ।ਪੰਜਾਬ ਦੀ ਧਰਤੀ ਤੋਂ ਬੱਬਰ ਅਕਾਲੀ, ਗਦਰ ਲਹਿਰ ਤੇ ਪੱਗੜੀ ਸੰਭਾਲ ਜਿਹੀਆਂ ਲਹਿਰਾਂ ਚੱਲੀਆਂ। ਉਨ੍ਹਾਂ ਕਿਹਾ ਕਿ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ, ਸਰਦਾਰ ਕਰਤਾਰ ਸਿੰਘ ਸਰਾਭਾ, ਸ਼ਹੀਦ ਮਦਨ ਲਾਲ ਢੀਂਗਰਾ, ਲਾਲਾ ਲਾਜਪਤਰਾਏ, ਸ਼ਹੀਦ ਉਧਮ ਸਿੰਘ ਜਿਹੇ ਆਜ਼ਾਦੀ ਘੁਲਾਟੀਆ ਦੀ ਕੁਰਬਾਨੀ ਸਦਕਾ ਹੀ ਅਸੀਂ ਆਜ਼ਾਦ ਫਿਜ਼ਾ ਵਿੱਚ ਸਾਹ ਲੈਣ ਦੇ ਯੋਗ ਹੋਏ ਹਾਂ ਅਤੇ ਇਸ ਆਜ਼ਾਦੀ ਨੂੰ ਬਰਕਰਾਰ ਰੱਖਣ ਲਈ ਸਾਨੂੰ ਸਾਰਿਆਂ ਨੂੰ ਦੇਸ਼ ਦੀ ਤਰੱਕੀ ਤੇ ਖੁਸ਼ਹਾਲੀ ਲਈ ਅਪਣਾ ਯੋਗਦਾਨ ਦੇਣਾ ਚਾਹੀਦਾ ਹੈ।

**ਮਜੀਠਾ (ਸੋਇਮ ਆਨੰਦ)**-ਮਜੀਠਾ 'ਚ ਆਜ਼ਾਦੀ ਦਿਵਸ ਮਨਾਉਂਦਿਆਂ ਨਾਇਬ ਤਹਿਸੀਲਦਾਰ ਮਜੀਠਾ ਤਰਲੋਚਨ ਸਿੰਘ ਦੀ ਅਗਵਾਈ ਵਿੱਚ ਦਾਣਾ ਮੰਡੀ ਮਜੀਠਾ 'ਚ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਤਹਿਸੀਲਦਾਰ ਮਜੀਠਾ ਵਿਸ਼ਾਲ ਵਰਮਾ ਵੱਲੋਂ ਅਕਾਸ਼ਦੀਪ ਸਿੰਘ ਮਜੀਠੀਆ, ਬਲਵਿੰਦਰ ਸਿੰਘ ਮਰੜ੍ਹੀ, ਬਚਿੱਤਰ ਸਿੰਘ ਲਾਲੀ ਢਿੰਗਨੰਗਲ ਆਦਿ ਆਪ ਆਗੂਆਂ, ਮੋਹਤਬਰਾਂ ਤੇ ਮਜੀਠਾ ਨਿਵਾਸੀਆਂ ਦੀ ਹਾਜ਼ਰੀ 'ਚ ਦਾਣਾ ਮੰਡੀ ਮਜੀਠਾ ਦੀ ਗਰਾਊਂਡ ਵਿੱਚ ਡੀਐੱਸਪੀ ਮਜੀਠਾ ਜਸਪਾਲ ਸਿੰਘ ਢਿੱਲੋਂ ਤੇ ਥਾਣਾ


ਡੇਰਾ ਬਾਬਾ ਨਾਨਕ

ਮੁੱਖੀ ਮਜੀਠਾ ਹਰਚੰਦ ਸਿੰਘ ਦੀ ਅਗਵਾਈ ਵਿੱਚ ਠੀਕ ਮਿਥੇ ਸਮੇ ਮੁਤਾਬਕ ਪੰਜਾਬ ਪੁਲਸ ਦੇ ਜਵਾਨਾਂ ਵਲੋਂ ਸਲਾਮੀ ਦੇਣ ਉਪਰੰਤ ਤਹਿਸੀਲਦਾਰ ਵਿਸ਼ਾਲ ਵਰਮਾ ਨੇ ਤਿਰੰਗਾ ਲਹਿਰਾਇਆ। ਇਸ ਮੌਕੇ ਸਮਾਜ ਸੇਵੀ ਜੋਗਾ ਸਿੰਘ ਅਠਵਾਲ, ਪ੍ਰਿੰ. ਅਮ੍ਰਿਤਬੀਰ ਕੌਰ, ਬੀਡੀਪੀਓ ਮਜੀਠਾ, ਐੱਸਐੱਮਓ ਥ੍ਰੀਏਵਾਲ, ਰੀਡਰ ਐਸਡੀਐਮ ਰਵਿੰਦਰ ਭਾਟੀਆ, ਦੀਪਕ ਤੇ ਬਹੁਤ ਸਾਰੇ ਸਕੂਲਾਂ ਦੇ ਮੁੱਖੀ, ਅਧਿਆਪਕ, ਵੱਖ-ਵੱਖ ਮਹਿਕਮਿਆਂ ਦੇ ਅਧਿਕਾਰੀ ਤੇ ਮਜੀਠਾ ਨਿਵਾਸੀ ਹਾਜ਼ਰ ਸਨ।

**ਝਬਾਲ (ਹਰਜਿੰਦਰ ਸਿੰਘ ਸੋਨੀ)**-ਪਾਇਨਲੈਂਡਸ ਇੰਟਰਨੈਸ਼ਨਲ ਸਕੂਲ ਗੱਗੋਬੂਹਾ ਵਿੱਚ ਆਜ਼ਾਦੀ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ। ਬੱਚਿਆਂ ਨੇ ਦੇਸ਼ ਭਗਤੀ ਦੇ ਗੀਤਾਂ ਉੱਪਰ ਆਪਣੀ ਪੇਸ਼ਕਾਰੀ ਕੀਤੀ। ਇਸ ਮੌਕੇ ਸਕੂਲ ਦੇ ਐੱਮਡੀ ਵਰਿੰਦਰ ਸਿੰਘ ਨੇ ਕਿਹਾ ਕਿ ਇਹ ਆਜ਼ਾਦੀ ਸਾਨੂੰ ਬਹੁਤ ਕੁਰਬਾਨੀਆਂ ਦੇ ਕੇ ਮਿਲੀ ਹੈ। ਸਾਨੂੰ ਆਪਣੇ ਸ਼ਹੀਦਾਂ ਨੂੰ ਯਾਦ ਕਰਨਾ ਚਾਹੀਦਾ ਹੈ।

ਇਸ ਮੌਕੇ ਪ੍ਰਿੰ, ਜਤਿੰਦਰ ਕੌਰ ਨੇ ਕਿਹਾ ਕਿ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਨ ਵਿੱਚ ਸਭ ਤੋਂ ਵੱਧ ਪੰਜਾਬੀਆਂ ਅਤੇ ਖਾਸ ਕਰਕੇ ਸਿੱਖਾਂ ਨੇ ਯੋਗਦਾਨ ਪਾਇਆ। ਉਹਨਾਂ ਕਿਹਾ ਕਿ ਸਾਨੂੰ ਸਹੀਦਾਂ ਦੀਆਂ ਕੁਰਬਾਨੀਆਂ ਤੋਂ ਸੇਧ ਲੈਣੀ ਚਾਹੀਦੀ ਹੈ। ਉਹਨਾਂ ਦੇ ਪਾਏ ਪੂਰਨਿਆਂ ਤੇ ਚੱਲ ਕੇ ਹੀ ਇਹਨਾਂ ਲਾਹਨਤਾਂ ਤੋਂ ਆਜ਼ਾਦ ਹੋ ਸਕਦੇ ਹਾਂ ਅਤੇ ਇੱਕ ਚੰਗਾ ਸਮਾਜ ਸਿਰਜ ਸਕਦੇ ਹਾਂ।

**ਗੁਰਦਾਸਪੁਰ (ਦਿਨੇਸ਼ ਕੁਮਾਰ)**-ਬਾਬਾ ਸ੍ਰੀ ਚੰਦ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਚੂਹੜ ਚੱਕ (ਲੋਧਾ) ਵਿਖੇ ਆਜ਼ਾਦੀ ਦਿਵਸ ਸਬੰਧੀ ਵਿਸ਼ੇਸ਼ ਪ੍ਰੋਗਰਮ ਕਰਵਾਇਆ ਗਿਆ ਜਿਸ ਵਿਚ ਐੱਮ. ਡੀ. ਸਤਨਾਮ ਸਿੰਘ ਮੁੱਖ ਮਹਿਮਾਨ ਵਜੋਂ ਹਜਾਰ ਹੋਏ ਜਿਨ੍ਹਾਂ ਨੇ ਬੱਚਿਆਂ ਨੂੰ ਆਜ਼ਾਦੀ ਦਿਵਸ ਦੇ ਇਤਿਹਾਸ ਤੇ ਕੁਰਬਾਨੀਆਂ ਬਾਰੇ ਜਾਣਕਾਰੀ ਦਿੱਤੀ।

ਉਨ੍ਹਾਂ ਨੇ ਬੱਚਿਆਂ ਨੂੰ ਦੇਸ਼ ਪ੍ਰਤੀ ਸੱਚੀ ਸ਼ਰਧਾ ਰੱਖਣ ਲਈ ਪ੍ਰੇਰਿਤ ਕੀਤਾ। ਇਸ ਸਮੇਂ ਵਿਦਿਆਰਥਣਾ ਵੱਲੋਂ ਗਿੱਧਾ ਪੇਸ਼ ਕੀਤਾ ਗਿਆ।

## ਲਿਟਲ ਫਲਾਵਰ ਕਾਨਵੈਂਟ ਸਕੂਲ 'ਚ ਆਜ਼ਾਦੀ ਦਿਵਸ ਬੜੀ ਧੂਮਧਾਮ ਨਾਲ ਮਨਾਇਆ



**ਗੁਰਦਾਸਪੁਰ (ਜਨਕ ਮਹਾਜਨ)**-ਲਿਟਲ ਫਲਾਵਰ ਕਾਨਵੈਂਟ ਸਕੂਲ ਪੁਰਾਣਾ ਸ਼ਾਲਾ ਵਿਖੇ 78ਵਾਂ ਆਜ਼ਾਦੀ ਦਿਵਸ ਬੜੀ ਧੂਮ-ਧਾਮ ਨਾਲ ਮਨਾਇਆ ਗਿਆ ਜਿਸ ਵਿਚ ਰਛਪਾਲ ਸਿੰਘ ਢਿਲੋਂ ਐਸ.ਡੀ.ਓ. ਲੋਕ ਨਿਰਮਾਣ ਵਿਭਾਗ ਗੁਰਦਾਸਪੁਰ, ਇਮਾਨੁਯਲ ਨਾਹਰ ਤੇ ਕੈਪਟਨ ਕੁਲਦੀਪ ਸਿੰਘ ਨੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਇਸ ਮੌਕੇ ਪ੍ਰਿੰਸੀਪਲ ਬੈਨਸੀ, ਸਟਾਫ਼ ਮੈਂਬਰਜ਼ ਅਤੇ ਵਿਦਿਆਰਥੀ ਵੱਡੀ ਗਿਣਤੀ ਵਿਚ ਹਾਜ਼ਰ ਸਨ। ਇਸ ਮੌਕੇ ਬੱਚਿਆਂ ਵਲੋਂ ਰਾਸ਼ਟਰੀ ਗਾਣ ਤੋਂ ਇਲਾਵਾ ਪਰੇਡ ਵੀ ਕੀਤੀ ਗਈ। ਇਸ ਮੌਕੇ ਸਕੂਲ ਵਾਲੀਬਾਲ ਟੀਮ ਵਲੋਂ ਆਈ.ਸੀ.ਆਈ. ਲੈਵਲ 'ਤੇ ਖੇਡੇ ਗਏ ਮੈਚ ਵਿਚ ਗੋਲਡ ਮੈਡਲ ਹਸਲ ਕਰਨ ਅਤੇ ਹੋਰਨਾਂ ਖੇਡਾਂ ਵਿਚ ਜੇਤੂ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਰਛਪਾਲ ਸਿੰਘ ਵਲੋਂ ਖੇਡਾਂ ਵਿਚ ਚੰਗੀਆਂ ਮੱਲ੍ਹਾਂ ਮਾਰਨ 'ਤੇ ਖਿਡਾਰੀਆਂ ਨੂੰ ਵਧਾਈ ਦਿੱਤੀ ਗਈ ਅਤੇ ਸਟਾਫ਼ ਮੈਂਬਰਾਂ ਦੀ ਵੀ ਹੌਸਲਾ ਅਫ਼ਜ਼ਾਈ ਕੀਤੀ ਗਈ। ਉਨ੍ਹਾਂ ਵਿਦਿਆਰਥੀਆਂ ਨੂੰ ਅਗਾਂਹ ਤੋਂ ਅਜਿਹੀਆਂ ਉਪਲਬਧੀਆਂ ਹਾਸਲ ਕਰਨ ਲਈ ਵੀ ਪ੍ਰੇਰਿਤ ਕੀਤਾ।

ਇਸ ਮੌਕੇ ਸਮੂਹ ਸਟਾਫ ਮੈਂਬਰ ਅਮਨਦੀਪ, ਵਿਕਾਸ ਬੈਂਸ, ਗੁਰਜਿੰਦਰ ਕੌਰ, ਕਾਜਲ, ਸਲਾਰੀਆ, ਕਾਜਲ, ਕਮਲਜੀਤ ਕੌਰ, ਸ਼ਾਲਿਨੀ ਸੈਣੀ, ਪੱਲਵੀ, ਸੁਰੇਖਾ, ਨੇਹਾ, ਕੋਆਰਡੀਨੇਟਰ ਇੰਦਰਜੀਤ ਕੌਰ, ਨੇਹਾ, ਅੰਜੂ, ਮਹਿਕ, ਸਰਿਸ਼ਟਾ ਤੇ ਜੀਵਨ ਮੌਜੂਦ ਸਨ।


ਤਰਸਿੱਕਾ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾਂ)**-ਡੇਰਾ ਬਾਬਾ ਨਾਨਕ ਦੀ ਦਾਣਾ ਮੰਡੀ ਵਿਖੇ 78ਵਾਂ ਆਜ਼ਾਦੀ ਦਿਵਸ ਬੜੀ ਧੂਮਧਾਮ ਅਤੇ ਉਤਸਾਹ ਨਾਲ ਮਨਾਇਆ ਗਿਆ।ਇਸ ਮੌਕੇ ਹਰਦੀਪ ਸਿੰਘ ਪੀਸੀਐੱਸ.ਐੱਸਡੀਐੱਮ ਡੇਰਾ ਬਾਬਾ ਨਾਨਕ ਵੱਲੋਂ ਕੌਮੀ ਝੰਡਾ ਲਹਿਰਾਇਆ ਗਿਆ ।ਇਸ ਮੌਕੇ ਸਮਾਗਮ ਦੌਰਾਨ ਵੱਖ-ਵੱਖ ਸਕੂਲਾ ਦੇ ਬੱਚਿਆਂ ਵੱਲੋਂ ਦੇਸ਼ ਭਗਤੀ ਦੇ ਗੀਤ, ਕੋਰਿਉਗ੍ਰਾਫੀ, ਗਿੱਧਾ, ਭੰਗੜਾ, ਡਾਂਡੀਆ ਡਾਂਸ ਆਦਿ ਪੇਸ਼ ਕੀਤਾ ਗਿਆ ਜਿਸ ਵਿੱਚ ਕੰਨਿਆ ਸਸਸ ਸਕੂਲ ਡੇਰਾ ਬਾਬਾ ਨਾਨਕ ਦੀਆਂ ਲੜਕੀਆਂ ਵੱਲੋਂ ਮਾਰਚ ਪਾਸਟ ਵਿੱਚ ਹਿੱਸਾ ਲਿਆ ਗਿਆ। ਇਸ ਮੌਕੇ ਐੱਸਐੱਮਓ ਡਾ ਹਰਪਾਲ ਸਿੰਘ, ਆਰ. ਸੀ. ਪਰਮਜੀਤ ਸਿੰਘ, ਮਾਸਟਰ ਪਲਵਿੰਦਰ ਸਿੰਘ ਰੰਧਾਵਾ, ਮੈਡਮ ਗੁਰਮੀਤ ਕੌਰ, ਸੁਖਜਿੰਦਰ ਕੌਰ ਬਾਜਵਾ, ਅਮਨ, ਕੰਚਨਪ੍ਰੀਤ ਕੌਰ, ਜੇ. ਈ. ਮਨਪ੍ਰੀਤ ਸਿੰਘ ਬੰਦੇਸ਼ਾ, ਕਲਰਕ ਬਲਜਿੰਦਰ ਸਿੰਘ, ਟਹਿਲ ਸਿੰਘ, ਜਸਵਿੰਦਰ ਸਿੰਘ, ਸਿਕੰਦਰ ਸਿੰਘ, ਅਵਤਾਰ ਸਿੰਘ ਆਦਿ ਹਾਜ਼ਰ ਸਨ।

**ਝਬਾਲ (ਹਰਜਿੰਦਰ ਸਿੰਘ ਸੋਨੀ)**-ਦਸਮੇਸ਼ ਪਰਿਵਾਰ ਇੰਟਰਨੈਸ਼ਨਲ ਸਕੂਲ ਐਮਾ ਕਲਾਂ 'ਚ ਆਜ਼ਾਦੀ ਦਿਵਸ ਬੜੀ ਧੂਮ: ਨਾਲ ਮਨਾਇਆ ਗਿਆ ਜਿਸ ਵਿੱਚ ਸਕੂਲ ਦੇ ਵੱਖ-ਵੱਖ ਕਲਾਸਾਂ ਦੇ ਬੱਚਿਆਂ ਨੇ ਦੇਸ਼ ਭਗਤੀ ਦੇ ਗੀਤਾਂ ਉੱਪਰ ਆਪਣੀ ਪੇਸ਼ਕਾਰੀ ਕੀਤੀ।ਇਸ ਸਮੇਂ ਬੱਚਿਆਂ ਵੱਲੋਂ ਜਲ੍ਹਿਆਂਵਾਲਾ ਬਾਗ ਗੋਲੀ ਕਾਂਡ ਨਾਲ ਸੰਬੰਧਿਤ ਨਾਟਕ ਵੀ ਪੇਸ਼


ਗੁਰਦਾਸਪੁਰ

ਕੀਤਾ ਗਿਆ।ਇਸ ਮੌਕੇ ਸਕੂਲ ਦੇ ਟੀਚਰ ਕਰਨ ਸੇਠੀ ਵੱਲੋਂ ਇੱਕ ਦੇਸ਼ ਭਗਤੀ ਦੀ ਕਵਿਤਾ ਪੜੀ ਗਈ।ਪ੍ਰੋਗਰਾਮ ਸਕੂਲ ਦੇ ਸੀਨੀਅਰ ਟੀਚਰ ਇੰਦਰਜੀਤ ਸਿੰਘ ਅਤੇ ਸਾਰੀ ਟੀਮ ਨੂੰ ਮੈਡਮ ਰੇਨੂ, ਮੈਡਮ ਅੰਮ੍ਰਿਤਪਾਲ ਕੌਰ, ਮੈਡਮ ਪਰਨੀਤ ਕੌਰ, ਸ਼ੌਕਪ੍ਰੀਤ ਸਿੰਘ ਤੇ ਉਨ੍ਹਾਂ ਦੀ ਸਮੁੱਚੀ ਟੀਮ ਵੱਲੋਂ ਤਿਆਰ ਕੀਤਾ ਗਿਆ।ਇਸ ਸਕੂਲ ਦੇ ਪ੍ਰਿੰ. ਮੈਡਮ ਚਰਨਜੀਤ ਕੌਰ ਨੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਚੰਗਾ ਅਤੇ ਸਾਦਾ ਜੀਵਨ ਜਿਊਣ ਦੀ ਗੱਲ ਕੀਤੀ। ਇਸ ਮੌਕੇ ਤੇ ਸਮੂਹ ਸਟਾਫ ਹਾਜ਼ਰ ਸੀ।


ਕਲਾਨੌਰ

## ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਨੇ ਮਜੀਠਾ 'ਚ ਕੱਢਿਆ ਟਰੈਕਟਰ ਮਾਰਚ



**ਮਜੀਠਾ (ਸੋਇਮ ਆਨੰਦ)**-ਭਾਰਤੀ ਕਿਸਾਨ ਯੂਨੀਅਨ (ਕਾਂਤੀਕਾਰੀ) ਪੰਜਾਬ ਵੱਲੋਂ ਜ਼ਿਲ੍ਹਾ ਅੰਮ੍ਰਿਤਸਰ ਦੇ ਕਾਰਜਕਾਰੀ ਪ੍ਰਧਾਨ ਦਲਜੀਤ ਸਿੰਘ ਗਿੱਲ ਦੀ ਅਗਵਾਈ ਵਿਚ ਕਸਬਾ ਮਜੀਠਾ ਦੇ ਬੱਸ ਸਟੈਂਡ ਤੇ ਇਕੱਤਰਤਾ ਕਰਨ ਉਪਰੰਤ ਟ੍ਰੈਕਟਰ ਮਾਰਚ ਕੀਤਾ ਗਿਆ, ਜੋ ਕਸਬਾ ਮਜੀਠਾ ਤੋਂ ਸ਼ੁਰੂ ਹੋ ਕੇ ਨੇੜਲੇ ਵੱਖ-ਵੱਖ ਪਿੰਡਾਂ ਵਿੱਚੋਂ ਦੀ ਹੁੰਦਾ ਹੋਇਆ ਫਿਰ ਮਜੀਠਾ ਵਿਖੇ ਸਮਾਪਤ ਹੋਇਆ। ਪੰਜਾਬ ਦੇ ਆਗੂ ਸਵਿੰਦਰਪਾਲ ਸਿੰਘ ਮੌਲੋਵਾਲੀ ਨੇ ਸੰਬੋਧਨ ਕਰਦਿਆ ਆਪਣੀਆਂ ਮੰਗਾਂ ਬਾਰੇ ਦੱਸਿਆ ਕਿ ਜਿਹੜੇ 3 ਕਾਲੇ ਕਾਨੂੰਨ ਲੋਕ ਵਿਰੋਧੀ ਬਣਾਏ ਗਏ ਹਨ ਉਹ ਰੱਦ ਕੀਤੇ ਜਾਣ, ਚੱਲ ਰਹੇ ਕਿਸਾਨ ਸੰਘਰਸ਼ ਦੇ ਆਗੂਆਂ ਨਾਲ ਭਾਰਤ ਸਰਕਾਰ ਗੱਲ ਬਾਤ ਕਰਕੇ ਮੰਗਾਂ ਮਸਲੇ ਹੱਲ ਕਰੇ, ਕਾਲੇ ਫੌਜਦਾਰੀ ਕਾਨੂੰਨ ਰੱਦ ਕੀਤੇ ਜਾਣ, ਸਵਾਮੀਨਾਥਨ ਰਿਪੋਰਟ ਮੁਤਾਬਿਕ ਐੱਮ.ਐੱਸ.ਪੀ. ਦੀ ਕਾਨੂੰਨੀ ਗਰੰਟੀ ਦੇਣ ਤੋਂ ਇਲਾਵਾ ਹੋਰ ਵੀ ਕਈ ਮੰਗਾਂ ਦਾ ਜ਼ਿਕਰ ਕੀਤਾ। ਇਸ ਮੌਕੇ ਕੁਲਵਿੰਦਰ ਕੌਰ ਸੀਨੀਅਰ ਮੀਤ ਪ੍ਰਧਾਨ, ਜ਼ਿਲ੍ਹਾ ਪ੍ਰਧਾਨ ਕਰਮ ਸਿੰਘ, ਮੀਤ ਪ੍ਰਧਾਨ ਪੂਰਨ ਸਿੰਘ ਭੋਮਾ, ਗੋਲਡੀ ਭੋਮਾ, ਰਵੇਲ ਸਿੰਘ ਗੋਸਲ, ਰਣਜੀਤ ਸਿੰਘ ਲਾਡੀ, ਮੰਗਲ ਸਿੰਘ, ਕੁਲਬੀਰ ਸਿੰਘ, ਸੁਖਵੰਤ ਸਿੰਘ ਸੋਬਾ, ਦਿਲਬਾਗ ਸਿੰਘ ਪੈੜੇਵਾਲ, ਸ਼ਿਵਚਰਨਜੀਤ ਸਿੰਘ ਪ੍ਰਧਾਨ ਨਾਗ, ਪੈਨਸ਼ਨਰ ਐਸੋਸੀਏਸ਼ਨ ਦੇ ਰਾਮ ਲੁਭਾਇਆ, ਜੋਗਿੰਦਰ ਸਿੰਘ ਸੋਹੀ, ਜਗੀਰ ਸਿੰਘ ਸੋਹੀ ਨੇ ਸੰਬੋਧਨ ਕੀਤਾ।

## ਉਮਾ ਸ਼ੰਕਰ ਗੁਪਤਾ ਨੇ ਡੀਸੀ ਗੁਰਦਾਸਪੁਰ ਵਜੋਂ ਅਹੁਦਾ ਸੰਭਾਲਿਆ



**ਗੁਰਦਾਸਪੁਰ, (ਦਿਨੇਸ਼ ਕੁਮਾਰ)**-2015 ਬੈਚ ਦੇ ਆਈ. ਏ. ਐੱਸ. ਅਧਿਕਾਰੀ ਉਮਾ ਸ਼ੰਕਰ ਗੁਪਤਾ ਨੇ ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ।ਅਹੁਦਾ ਸੰਭਾਲਣ ਮੌਕੇ ਉਮਾ ਸ਼ੰਕਰ ਗੁਪਤਾ ਨੇ ਕਿਹਾ ਕਿ ਉਹ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਮੁੱਖ ਸਕੱਤਰ ਅਨੁਰਾਗ ਵਰਮਾ ਦੇ ਧੰਨਵਾਦੀ ਹਨ ਜਿਨ੍ਹਾਂ ਨੇ ਉਨ੍ਹਾਂ ਨੂੰ ਗੁਰਦਾਸਪੁਰ ਜ਼ਿਲ੍ਹੇ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਹੈ।ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਲੋਕ ਹਿਤ ਦੇ ਮਸਲਿਆਂ ਅਤੇ ਵਿਕਾਸ ਕਾਰਜਾਂ ਉਪਰ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਾਸੀਆਂ ਨੂੰ ਸਰਕਾਰੀ ਦਫ਼ਤਰਾਂ ਵਿੱਚ ਖੁਆਰ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਹਰ ਯੋਗ ਤੇ ਲੋੜਵੰਦ ਨੂੰ ਮਿਲੇ।ਉਨ੍ਹਾਂ ਕਿਹਾ ਕਿ ਇਸ ਸਰਹੱਦੀ ਜ਼ਿਲ੍ਹੇ ਦੀਆਂ ਮੁਸ਼ਕਲਾਂ/ਸਮੱਸਿਆਵਾਂ ਨੂੰ ਸਮਝ ਕੇ ਅਧਿਕਾਰੀਆਂ ਦੀ ਟੀਮ ਦੇ ਸਹਿਯੋਗ ਨਾਲ ਉਨ੍ਹਾਂ ਦਾ ਯੋਗ ਹੱਲ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਨੇੜ ਭਵਿੱਖ ਵਿੱਚ ਹੋਣ ਵਾਲੀ ਡੇਰਾ ਬਾਬਾ ਨਾਨਕ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਨੂੰ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਪੂਰੀ ਤਰ੍ਹਾਂ ਨਿਰਪੱਖ ਤੇ ਸ਼ਾਂਤਮਈ ਮਹੌਲ ਵਿੱਚ ਕਰਵਾਇਆ ਜਾਵੇਗਾ।

## ਟਰੈਕਟਰ ਮਾਰਚ ਦੌਰਾਨ ਕਿਸਾਨਾਂ ਨੇ ਫੌਜਦਾਰੀ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਜਦੋਂ ਦੇਸ਼ ਵਿੱਚ 78ਵਾਂ ਅਜ਼ਾਦੀ ਦਿਹਾੜਾ ਮਨਾਇਆ ਜਾ ਰਿਹਾ ਸੀ ਤਾਂ ਓਸ ਵੇਲੇ ਕਿਸਾਨ ਮਜ਼ਦੂਰ ਸਬੰਧੀ ਮੰਗਾਂ ਨੂੰ ਪੂਰਾ ਕਰਵਾਉਣ ਲਈ ਜਾਰੀ ਅੰਦੋਲਨ ਦੌਰਾਨ ਕਿਸਾਨ ਮਜ਼ਦੂਰ ਮੋਰਚਾ ਤੇ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਕ ਦੇ ਸੱਦੇ ਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਸ਼ੰਭੂ ਬਾਰਡਰ ਤੇ ਟ੍ਰੈਕਟਰ ਮਾਰਚ ਸਮੇਤ 14 ਜ਼ਿਲ੍ਹਿਆਂ ਵਿੱਚ ਟਰੈਕਟਰ ਮਾਰਚ ਗਏ ਅਤੇ ਮੋਦੀ ਸਰਕਾਰ ਵੱਲੋਂ ਲਿਆਂਦੇ ਗਏ ਨਵੇਂ ਫੌਜਦਾਰੀ ਕਨੂੰਨਾਂ ਦੀਆਂ ਕਾਪੀਆਂ ਸਾੜੀਆਂ ਗਈਆਂ। ਇਸ ਸਬੰਧੀ ਜਾਣਕਾਰੀ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਅਤੇ ਸੂਬਾ ਜਨਰਲ ਸਕੱਤਰ ਰਾਣਾ ਰਣਬੀਰ ਸਿੰਘ ਅਤੇ ਕਵਰ ਦਲੀਪ ਸਿੰਘ ਨੇ ਜਾਰੀ ਕਰਦਿਆਂ ਦੱਸਿਆ ਕਿ ਸਤਨਾਮ ਸਿੰਘ ਪੰਨੂ ਅਤੇ ਹਰਪ੍ਰੀਤ ਸਿੰਘ ਸਿੱਧਵਾਂ ਨੇ ਤਰਨ ਤਾਰਨ ਸਿਟੀ, ਸਤਨਾਮ ਸਿੰਘ ਮਾਣੋਚਾਹਲ ਅਤੇ ਹਰਜਿੰਦਰ ਸਿੰਘ ਸ਼ਕਰੀ ਨੇ ਤਾਰਨ ਤਾਰਨ, ਹਰਵਿੰਦਰ ਸਿੰਘ ਮਸਾਣੀਆਂ ਨੇ ਬਟਾਲਾ, ਸੁਖਵਿੰਦਰ ਸਿੰਘ ਸਭਰਾ ਨੇ ਜੀਰਾ, ਜਸਬੀਰ ਸਿੰਘ ਪਿੱਦੀ ਅਤੇ ਸਲਵਿੰਦਰ ਸਿੰਘ ਜਾਣੀਆਂ ਨੇ ਜਲੰਧਰ, ਲਖਵਿੰਦਰ ਸਿੰਘ ਵਰਿਆਮ ਨੰਗਲ ਨੇ ਪਠਾਨਕੋਟ, ਸਰਵਣ ਸਿੰਘ ਪੰਧੇਰ ਨੇ ਅਟਾਰੀ ਬਾਡਰ, ਪਰਮਜੀਤ ਸਿੰਘ ਭੁੱਲਾ ਨੇ ਹੁਸ਼ਿਆਰਪੁਰ, ਜਰਮਨਜੀਤ ਸਿੰਘ ਬੰਡਾਲਾ ਅਤੇ ਗੁਰਬਚਨ ਸਿੰਘ ਚੱਬਾ ਨੇ ਅੰਮ੍ਰਿਤਸਰ, ਰਣਜੀਤ ਸਿੰਘ ਕਲੇਰ ਬਾਲਾ ਨੇ ਬਾਬਾ ਬਕਾਲਾ ਤੋਂ ਟ੍ਰੈਕਟਰ ਮਾਰਚ ਵਿੱਚ ਹਿੱਸਾ ਲਿਆ। ਹਜ਼ਾਰਾਂ ਕਿਸਾਨਾਂ ਨੇ ਹਜ਼ਾਰਾਂ ਹੀ ਪਿੰਡਾਂ ਵਿੱਚ ਮਾਰਚ ਕਰਦੇ ਹੋਏ ਅੰਦੋਲਨ ਦੀ ਆਵਾਜ਼ ਬੁਲੰਦ ਕੀਤੀ ਅਤੇ ਪਿੰਡਾਂ ਵਿਚੋਂ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ।

## ਟਾਈਟਨ ਵੱਲੋਂ ਅਗਲੇ ਵਿੱਤੀ ਸਾਲ ਦੇ ਅੰਤ ਤੱਕ ਪੰਜਾਬ 'ਚ ਪੰਜ ਸਟੋਰ ਖੋਲ੍ਹਣ ਦਾ ਟੀਚਾ

**ਚੰਡੀਗੜ੍ਹ :** ਟਾਈਟਨ ਕੰਪਨੀ ਲਿਮਿਟਡ ਵੱਲੋਂ ਵਾਚ ਸਟੋਰ ਹੈਲੀਓਸ ਨੇ ਵਿੱਤੀ ਸਾਲ 25 ਦੇ ਅੰਤ ਤੱਕ 5 ਸਟੋਰਾਂ ਦੇ ਲਾਂਚ ਦੇ ਨਾਲ ਪੰਜਾਬ ਵਿੱਚ ਵਿਸਥਾਰ ਦੀ ਯੋਜਨਾ ਬਣਾਈ ਹੈ।ਚੰਡੀਗੜ੍ਹ ਦੇ ਸੈਕਟਰ 17 ਵਿੱਚ ਸਥਿਤ ਸਟੋਰ ਨੂੰ ਨਵੇਂ ਲੁੱਕ ਵਿੱਚ ਫਿਰ ਤੋਂ ਲਾਂਚ ਕਰਨਾ ਰਾਜ ਵਿੱਚ ਹੈਲੀਓਸ ਦੀ ਯਾਤਰਾ ਵਿੱਚ ਵੱਡੀ ਉਪਲਬੱਧੀ ਹੈ। 750 ਵਰਗ ਫੁੱਟ ਵਿੱਚ ਫੈਲੇ ਇਸ ਸਟੋਰ ਦਾ ਉਦਘਾਟਨ ਟਾਈਟਨ ਕੰਪਨੀ ਲਿਮਿਟਡ ਦੇ ਮੈਨੇਜਿੰਗ ਡਾਇਰੈਕਟਰ ਸੀਕੇ ਵੈਂਕਟਰਮਨ ਦੁਆਰਾ ਕੀਤਾ ਗਿਆ। ਇਸ ਮੌਕੇ ਟਾਈਟਨ ਕੰਪਨੀ ਲਿਮਿਟਡ ਦੇ ਮੈਨੇਜਿੰਗ ਡਾਇਰੈਕਟਰ ਸੀਕੇ ਵੈਂਕਟਰਮਨ ਨੇ ਕਿਹਾ ਕਿ ਚੰਡੀਗੜ੍ਹ ਵਿੱਚ ਆਪਣੇ ਸਟੋਰ ਨੂੰ ਨਵੇਂ ਲੁੱਕ ਵਿੱਚ ਫਿਰ ਤੋਂ ਲਾਂਚ ਕਰਦੇ ਹੋਏ ਸਾਨੂੰ ਬਹੁਤ ਖੁਸ਼ੀ ਹੋ ਰਹੀ ਹੈ। ਚੰਡੀਗੜ੍ਹ ਵਿੱਚ 4 ਸਟੋਰਾਂ ਸਮੇਤ ਪੰਜਾਬ ਵਿੱਚ 11 ਸਟੋਰਾਂ ਦੇ ਨਾਲ ਬ੍ਰਾਂਡ ਨੇ ਵਿੱਤੀ ਸਾਲ 25 ਵਿੱਚ 20 ਸਟੋਰਾਂ ਤੱਕ ਵਿਸਥਾਰ ਦੀ ਯੋਜਨਾ ਬਣਾਈ ਹੈ।

## ਟਿਊਸ਼ਨ ਪੜ੍ਹਨ ਗਿਆ ਗਿਆਰਾਂ ਸਾਲਾ ਲੜਕਾ ਲਾਪਤਾ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਪਿੰਡ ਗੁਰਦਾਸਨੰਗਲ ਵਿੱਚ ਟਿਊਸ਼ਨ ਪੜ੍ਹਨ ਗਿਆ 11 ਸਾਲਾ ਲੜਕਾ ਲਾਪਤਾ ਹੋਇਆ। ਲਾਪਤਾ ਹੋਏ ਲੜਕੇ ਦੇ ਪਿਤਾ ਨੇ ਲੜਕੇ ਨੂੰ ਕਿਸੇ ਨਾਮਲੂਮ ਵਿਅਕਤੀ ਵਲੋਂ ਅਗਵਾ ਕਰਨ ਸਬੰਧੀ ਪੁਲਸ ਕੋਲ ਸ਼ਿਕਾਇਤ ਕੀਤੀ ਹੈ। ਸੋਨੂੰ ਕੁਮਾਰ ਪੁੱਤਰ ਪਰਮਜੀਤ ਸ਼ਰਮਾ ਵਾਸੀ ਗੁਰਦਾਸਨੰਗਲ ਹਾਲ ਵਾਸੀ ਲੁਧਿਆਣਾ ਨੇ ਥਾਣਾ ਧਾਰੀਵਾਲ ਦੀ ਪੁਲਸ ਨੂੰ ਦੱਸਿਆ ਕਿ ਉਹ ਲੁਧਿਆਣਾ ਵਿਖੇ ਡਰਾਇਵਰੀ ਕਰਦਾ ਹੈ ਅਤੇ ਪਰਿਵਾਰ ਸਮੇਤ ਲੁਧਿਆਣਾ ਵਿਖੇ ਰਹਿੰਦਾ ਹੈ। ਉਸਦਾ ਵੱਡਾ ਲੜਕਾ ਦੀਪਕ ਸ਼ਰਮਾ (ਉਮਰ 11 ਸਾਲ) ਜੋ ਧਾਰੀਵਾਲ ਵਿਖੇ ਉਸਦੇ ਦੇ ਵੱਡੇ ਭਰਾ ਰਜੇਸ਼ ਕੁਮਾਰ ਅਤੇ ਉਸਦੇ ਪਿਤਾ ਕੋਲ ਪਿੰਡ ਗੁਰਦਾਸਨੰਗਲ ਵਿਖੇ ਰਹਿੰਦਾ ਹੈ ਅਤੇ ਪਿੰਡ ਦੇ ਹੀ ਸਰਕਾਰੀ ਸਕੂਲ ਵਿੱਚ ਛੇਵੀਂ ਜਮਾਤ ਵਿੱਚ ਪੜ੍ਹਦਾ ਹੈ। ਰੋਜ਼ਾਨਾ ਦੀ ਤਰ੍ਹਾਂ ਪਿੰਡ ਵਿੱਚ ਹੀ ਅਜੇ ਪੁੱਤਰ ਬੂਆ ਦੱਤ ਦੇ ਘਰ ਟਿਊਸ਼ਨ ਪੜ੍ਹਨ ਗਿਆ ਸੀ, ਪਰ ਘਰ ਵਾਪਿਸ ਨਹੀਂ ਆਇਆ ਜਿਸ ਨੂੰ ਕੋਈ ਨਾ-ਮਲੂਮ ਵਿਅਕਤੀ ਅਗਵਾ ਕਰਕੇ ਲੈ ਗਿਆ ਹੈ। ਥਾਣਾ ਧਾਰੀਵਾਲ ਦੇ ਐੱਸਐੱਚਓ ਇਸਪੈਕਟਰ ਬਲਜੀਤ ਕੌਰ ਨੇ ਦੱਸਿਆ ਕਿ ਏਐੱਸਆਈ ਬਲਬੀਰ ਸਿੰਘ ਨੇ ਸੋਨੂੰ ਕੁਮਾਰ ਦੇ ਬਿਆਨਾਂ ਅਨੁਸਾਰ ਨਾ-ਮਲੂਮ ਵਿਅਕਤੀ ਵਿਰੁੱਧ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਪ੍ਰਗਟ ਸਿੰਘ ਨੇ ਬੀਡੀਪੀਓ ਤਰਸਿੱਕਾ ਵਜੋਂ ਅਹੁਦਾ ਸੰਭਾਲਿਆ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**—ਬਲਾਕ ਵਿਕਾਸ ਪੰਚਾਇਤ ਅਫਸਰ ਦਫਤਰ ਤਰਸਿੱਕਾ ਵਿਖੇ ਪ੍ਰਗਟ ਸਿੰਘ ਵੱਲੋਂ ਅੱਜ ਬੀਡੀਪੀਓ ਦਾ ਅਹੁਦਾ ਸੰਭਾਲ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਇਲਾਕੇ ਦੇ ਆਪ ਆਗੂਆਂ ਅਤੇ ਹੋਰ ਪੰਚਾਂ ਸਰਪੰਚਾਂ ਦੀ ਹਾਜ਼ਰੀ ਵਿੱਚ ਅਹੁਦਾ ਸੰਭਾਲਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਚਾਇਤ ਅਫਸਰ ਪ੍ਰਗਟ ਸਿੰਘ ਨੇ ਕਿਹਾ ਕਿ ਪੰਚਾਇਤ ਦਫਤਰ ਤਰਸਿਕਾ ਨੂੰ ਹੋਰ ਵੀ ਸੁਚਾਰੂ ਢੰਗ ਨਾਲ ਚਲਾਉਣ ਲਈ ਵਿਸ਼ੇਸ਼ ਯਤਨ ਕੀਤੇ ਜਾਣਗੇ ਅਤੇ ਪਿੰਡਾਂ ਦੇ ਵਿਕਾਸ ਸਬੰਧੀ ਕੋਈ ਮੁਸ਼ਕਿਲ ਨਹੀਂ ਪੇਸ਼ ਆਉਣ ਦਿੱਤੀ ਜਾਵੇਗੀ। ਅਹੁਦਾ ਸੰਭਾਲਣ ਦੇ ਮੌਕੇ ਆਪ ਪਾਰਟੀ ਵੱਲੋਂ ਸੀਨੀਅਰ ਆਗੂ ਬਲਬੀਰ ਸਿੰਘ ਬੋਪਾਰਾਏ ਨੇ ਕਿਹਾ ਕਿ ਇਲਾਕੇ ਦੀ ਖੁਸ਼ਕਿਸਮਤੀ ਹੈ ਕਿ ਉਹਨਾਂ ਨੂੰ ਅਜਿਹੇ ਅਫਸਰ ਦੀ ਨਿਯੁਕਤੀ ਮਿਲੀ ਹੈ ਜਿਨਾਂ ਵੱਲੋਂ ਹਮੇਸ਼ਾ ਹੀ ਪੰਚਾਇਤਾਂ ਦੇ ਕਮ ਨੂੰ ਸਹੀ ਤਰੀਕੇ ਨਾਲ ਕਰਨ ਲਈ ਸਿਰ ਤੋੜ ਯਤਨ ਕੀਤੇ ਜਾਂਦੇ ਹਨ ਅਤੇ ਅਸੀਂ ਵੀ ਨਵ ਨਿਯੁਕਤ ਬੀਡੀਪੀਓ ਨੂੰ ਪਿੰਡਾਂ ਦੇ ਵਿਕਾਸ ਸਬੰਧੀ ਪੂਰਨ ਸਹਿਯੋਗ ਦੇਵਾਂਗੇ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਪੰਚਾਇਤ ਸੈਕਟਰੀ ਬਲਜਿੰਦਰ ਸਿੰਘ ਨਿਰਵੈਲ ਸਿੰਘ, ਤਰਵਿੰਦਰ ਸਿੰਘ ਸਾਧਪੁਰ ਆਪ ਆਗੂ, ਨਿਸ਼ਾਨ ਸਿੰਘ ਚੁਗਾਵਾਂ ਆਪ ਆਗੂ, ਬਲਰਾਜ ਸਿੰਘ ਤਰਸਿੱਕਾ ਅਤੇ ਹੋਰ ਆਗੂ ਹਾਜ਼ਰ ਸਨ ।

## ਫਲਸਤੀਨਾਂ ਦੀ ਨਸਲਕੁਸ਼ੀ ਬੰਦ ਕਰੋ : ਰਜਿੰਦਰ ਪਾਲ, ਰੁਪਿੰਦਰ, ਸੀਮਾ ਸੋਹਲ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੋਮਨ ਦੇ ਸੱਦੇ 'ਤੇ ਪੰਜਾਬ ਇਸਤਰੀ ਸਭਾ ਵੱਲੋਂ ਫਲਸਤੀਨ ਦੇ ਹੱਕ ਵਿੱਚ ਅਤੇ ਇਜ਼ਰਾਇਲ ਦੇ ਵਿਰੁੱਧ 14 ਅਗਸਤ ਦਾ ਦਿਨ ਸਮਰਪਿਤ ਕੀਤਾ ਗਿਆ। ਪੰਜਾਬ ਇਸਤਰੀ ਸਭਾ ਤਰਨ ਤਾਰਨ ਨੇ ਪਿੰਡ ਮੂਸੇ ਵਿਖੇ ਸੀਮਾ ਸੋਹਲ , ਕੁਲਵੰਤ ਕੌਰ ਮੂਸੇ ਦੀ ਅਗਵਾਈ ਵਿੱਚ ਇਹ ਪ੍ਰੋਗਰਾਮ ਕੀਤਾ। ਸੂਬਾ ਪ੍ਰਧਾਨ ਰਜਿੰਦਰ ਪਾਲ ਕੌਰ ਵੀ ਉਚੇਚੇ ਤੌਰ ਤੇ ਸ਼ਾਮਿਲ ਹੋਏ।ਮੀਟਿੰਗ ਦੀ ਪ੍ਰਧਾਨਗੀ ਬੀਬੀ ਕਸ਼ਮੀਰ ਕੌਰ ਨੇ ਕੀਤੀ।ਵੱਡੀ ਗਿਣਤੀ ਵਿੱਚ ਪਿੰਡ ਦੀਆਂ ਔਰਤਾਂ ਇਕੱਠੀਆਂ ਹੋਈਆਂ ਸਨ ਜਿਨ੍ਹਾਂ ਨਾਲ ਗੱਲਬਾਤ ਕਰਦਿਆਂ ਆਗੂਆਂ ਨੇ ਦੱਸਿਆ ਕਿ ਫਲਸਤੀਨ ਜਿਹੜਾ ਕਿ ਛੋਟਾ ਜਿਹਾ ਦੇਸ਼ ਹੈ ਅਮਨ ਸ਼ਾਂਤੀ ਨਾਲ ਵਸਣਾ ਚਾਹੁੰਦਾ ਹੈ ਉਸ ਉੱਤੇ ਕਬਜ਼ਾ ਕਰਨ ਦੀ ਨੀਅਤ ਨਾਲ ਇਜਰਾਇਲ ਨੇ ਕਈ ਮਹੀਨੇ ਪਹਿਲਾਂ ਹਮਲਾ ਕਰ ਦਿੱਤਾ ਸੀ ਜੋ ਬਹੁਤ ਹੀ ਘਟੀਆ ਪੱਧਰ ਤੇ ਜਾ ਕੇ ਇਜ਼ਰਾਇਲ ਫਲਸਤੀਨ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਸਭ ਤੋਂ ਵੱਧ ਬੱਚਿਆਂ ਅਤੇ ਔਰਤਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤਾਂ ਕਿ ਫਲਸਤੀਨ ਦੀ ਨਸਲ ਹੀ ਖਤਮ ਕਰ ਦਿੱਤੀ ਜਾਵੇ।ਪੰਜਾਬ ਇਸਤਰੀ ਸਭਾ ਇਸ ਦਾ ਸਖਤ ਵਿਰੋਧ ਕਰਦੀ ਹੈ ਅਤੇ ਸਾਰੀਆਂ ਅਮਨ ਪਸੰਦ ਤਾਕਤਾਂ ਨੂੰ ਬੇਨਤੀ ਕਰਦੀ ਹੈ ਕਿ ਇਸ ਜੰਗ ਨੂੰ ਰੋਕਣ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇ। ਇਸ ਮੀਟਿੰਗ ਨੂੰ ਸੀਪੀਆਈ ਦੇ ਜ਼ਿਲਾ ਸਕੱਤਰ ਦਵਿੰਦਰ ਸੋਹਲ ਨੇ ਵੀ ਸੰਬੋਧਨ ਕੀਤਾ।ਗੁਰਵਿੰਦਰ ਕੌਰ, ਰਾਜ ਕੌਰ, ਨਸੀਬ ਕੌਰ, ਸਿਮਰਜੀਤ ਕੌਰ ਆਦਿ ਨੇ ਪ੍ਰੋਗਰਾਮ ਦਾ ਪ੍ਰਬੰਧ ਕੀਤਾ।ਇਸ ਇਕੱਠ ਨੂੰ ਦਵਿੰਦਰ ਸੋਹਲ, ਰਜਿੰਦਰਪਾਲ ਕੌਰ ਅਤੇ ਸੀਮਾ ਸੋਹਲ ਨੇ ਸੰਬੋਧਨ ਕੀਤਾ।

## ਰੰਧਾਵਾ ਨੇ ਵੱਖ-ਵੱਖ ਪਿੰਡਾਂ 'ਚ ਵਾਟਰ ਸਪਲਾਈ ਟੈਂਕੀਆਂ ਦਾ ਕੀਤਾ ਉਦਘਾਟਨ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਸਾਫ-ਸੁਥਰਾ ਪਾਣੀ ਮੁਹੱਈਆ ਕਰਵਾਉਣ ਲਈ ਬਣਾਈਆਂ ਗਈਆਂ ਟੈਂਕੀਆਂ ਦਾ ਉਦਘਾਟਨ ਹਲਕਾ ਡੇਰਾ ਬਾਬਾ ਨਾਨਕ ਦੇ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਵੱਲੋਂ ਕੀਤਾ ਗਿਆ।ਇਸ ਮੌਕੇ ਰੰਧਾਵਾ ਨੇ ਦੱਸਿਆ ਕਿ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਹਲਕਾ ਡੇਰਾ ਬਾਬਾ ਨਾਨਕ ਦੇ ਸਰਹੱਦੀ ਲੋਕਾਂ ਨੂੰ ਸਾਫ ਸੁਥਰਾ ਪਾਣੀ ਮੁਹੱਈਆ ਕਰਾਉਣ ਲਈ ਪਿੰਡ ਧਰਮਾਬਾਦ , ਧਰਮਕੋਟ, ਰੰਧਾਵਾ, ਡੇਰੇ ਪਠਾਣਾ ਘੁੰਮਣ ਅਤੇ ਬਸੰਤ ਕੋਟ ਵਿੱਚ ਬਣਾਈਆਂ ਗਈਆਂ ਵਾਟਰ ਸਪਲਾਈ ਟੈਂਕੀਆਂ ਦਾ ਉਦਘਾਟਨ ਕੀਤਾ। ਸ਼ਾਹਪੁਰ ਜਾਜਨ ਵਿੱਚ ਨਵੀਂ ਬਣਨ ਜਾ ਰਹੀ ਟੈਂਕੀ ਦਾ ਨੀਂਹ ਪੱਥਰ ਰੱਖਿਆ ।ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਪਾਣੀ ਨੂੰ ਬਰਬਾਦ ਹੋਣ ਤੋਂ ਬਚਾਇਆ ਜਾਵੇ। ਇਸ ਮੌਕੇ ਗੱਲਬਾਤ ਦੌਰਾਨ ਵਾਟਰ ਸਪਲਾਈ ਵਿਭਾਗ ਦੇ ਐੱਸਡੀਐੱਮ ਦਰਸ਼ਨ ਕੁਮਾਰ ਨੇ ਦੱਸਿਆ ਕਿ ਹਰ ਘਰ ਜਲ ਤਹਿਤ ਪੰਜਾਬ ਸਰਕਾਰ ਦੇ ਯਤਨਾਂ ਸਦਕਾ ਹਲਕਾ ਡੇਰਾ ਬਾਬਾ ਨਾਨਕ ਦੇ ਵੱਖ-ਵੱਖ ਪਿੰਡਾਂ ਵਿੱਚ ਪੰਜ ਟੈਂਕੀਆਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਸੈਨੀਟੇਸ਼ਨ ਵਿਭਾਗ ਦੇ ਐੱਸਡੀਓ ਦਰਸ਼ਨ ਕੁਮਾਰ, ਜੇਈ ਗੋਬਿੰਦ ਸਿੰਘ, ਬੀਆਰਸੀ ਸਰਬਜੀਤ ਸਿੰਘ ਜੋਈ ਸੁਵਿੰਦਰ ਸਿੰਘ ਅਤੇ ਸੀਨੀਅਰ ਵਲੰਟੀਅਰ ਸਰਨਜੀਤ ਸਿੰਘ ਤਲਵੰਡੀ ਰਾਮਾ, ਫੌਜੀ ਸਤਨਾਮ ਸਿੰਘ ਟਰਪੱਲਾ, ਹੀਰਾ ਸਿੰਘ ਫੌਜੀ, ਮਨਪ੍ਰੀਤ ਸਿੰਘ ਮੰਨਾ ਧਰਮਕੋਟ, ਦੀਦਾਰ ਸਿੰਘ ਲਹੌਰੀਆ, ਕੇਵਲ ਮਸੀਹ, ਗੁਰਦੇਵ ਸਿੰਘ ਘਣੀਆਂ, ਸਰਪੰਚ ਜਗਮੋਹਨ ਸਿੰਘ ਮੇਘਾ, ਅਵਤਾਰ ਸਿੰਘ ਸਰਪੰਚ ਮੰਗੀਆਂ, ਪਰਮਜੀਤ ਸਿੰਘ ਮੇਘਾ, ਸੁਖਵਿੰਦਰ ਸਿੰਘ ਘਣੀਆ, ਸਿਮਰਜੀਤ ਸਿੰਘ ਰਾਮਦਵਾਲੀ, ਬੌਬੀ ਰੰਧਾਵਾ, ਸਤਨਾਮ ਸਿੰਘ ਦੋਧੀ, ਜੋਗਾ ਸਿੰਘ ਧਰਮਕੋਟ, ਸਤਿੰਦਰ ਸਿੰਘ ਮਨਜਿੰਦਰ ਸਿੰਘ ਆਦਿ ਹੋਰ ਵਲੰਟੀਅਰ ਹਾਜ਼ਰ ਸਨ।

# ਅਰਬਨ ਅਸਟੇਟ ਦੇ ਲੋਕ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ!



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਸ਼ਹਿਰੀ ਸੁੱਖ ਸਹੂਲਤਾਂ ਦੇਣ ਦੇ ਵਾਅਦੇ ਨਾਲ ਪੁੱਡਾ ਵੱਲੋਂ ਆਪਣੇ ਅਲਾਟੀਆਂ ਨੂੰ ਮਹਿੰਗੇ ਭਾਅ 'ਤੇ ਪਲਾਟ ਵੇਚ ਕੇ ਚੰਗੇ ਸੁਪਨੇ ਤਾਂ ਦਿਖਾਏ ਜਾਂਦੇ ਹਨ, ਪ੍ਰੰਤੂ ਅਰਬਨ ਅਸਟੇਟ ਵਾਸੀਆਂ ਨੂੰ ਸਾਰੇ ਫੇਸਾਂ ਅੰਦਰ ਰਿਹਾਇਸ਼ੀ ਕਲੋਨੀਆਂ ਤੇ ਮਾਰਕੀਟਾਂ ਦੇ ਬਾਹਰ ਸਾਫ ਸਫਾਈ ਵੱਲ ਕੋਈ ਧਿਆਨ ਨਾ ਦੇਣ ਕਾਰਨ ਫੈਲੀ ਗੰਦਗੀ ਕਾਰਨ, ਜਿੱਥੇ ਲੋਕਾਂ ਦਾ ਜਿਊਣਾ ਹਾਲੋ ਬੇਹਾਲ ਹੋ ਗਿਆ ਹੈ, ਉੱਥੇ ਫੈਲੀ ਗੰਦਗੀ ਕਾਰਨ ਸਾਰੇ ਫੇਸਾਂ ਅੰਦਰ ਬਿਮਾਰੀਆਂ ਫੈਲਣ ਦਾ ਖਤਰਾ ਮੰਡਰਾ ਰਿਹਾ ਹੈ। ਪ੍ਰੰਤੂ ਪੁੱਡਾ ਅਧਿਕਾਰੀਆਂ ਦੇ ਕੰਨ 'ਤੇ ਜੂ ਨਹੀਂ ਸਰਕ ਰਹੀ ਤੇ ਉੱਹ ਕੁੰਭਕਰਨੀ ਨੀਂਦ ਸੁੱਤੇ ਪਏ ਹਨ। ਅਰਬਨ ਅਸਟੇਟ ਦੇ ਫੇਸ-1, 2 ਤੇ 3 ਫੇਸਾਂ ਅੰਦਰ ਸਾਫ ਸਫਾਈ ਕਰਨ ਲਈ ਪਿਛਲੇ ਸਾਲ ਪੁੱਡਾ ਵੱਲੋਂ ਜਿਨ੍ਹਾਂ ਠੇਕੇਦਾਰਾਂ ਨੂੰ ਠੇਕੇ ਦਿੱਤੇ ਗਏ ਸਨ, ਉਸ ਦਾ ਕਾਰਜਕਾਲ 31 ਮਾਰਚ ਨੂੰ ਖਤਮ ਹੋ ਚੁੱਕਾ ਹੈ, ਪ੍ਰੰਤੂ ਪੁੱਡਾ ਵੱਲੋਂ 6 ਮਹੀਨੇ ਬੀਤ ਜਾਣ ਮਗਰੋਂ ਨਵੇਂ ਠੇਕੇਦਾਰਾਂ ਨੂੰ ਸਾਫ ਸਫਾਈ ਕਰਨ ਦਾ ਠੇਕਾ ਅਜੇ ਤੱਕ ਨਹੀਂ ਦਿੱਤਾ ਗਿਆ। ਇਨ੍ਹਾਂ ਫੇਸਾਂ ਅੰਦਰ ਖਾਲੀ ਪਲਾਟਾਂ 'ਤੇ ਕੂੜਾ ਕਰਕਟ ਤੇ ਗੰਦਗੀ ਦੇ ਢੇਰ ਲੱਗੇ ਪਏ ਹਨ ਅਤੇ ਰਹਾਇਸ਼ੀ ਥਾਵਾਂ ਨੂੰ ਜਾਂਦੀਆਂ ਲਿੰਕ ਸੜਕਾਂ ਤੇ ਮੇਨ ਸੜਕਾਂ ਦੀ ਸਫਾਈ ਨਾ ਕਰਨ ਕਾਰਨ ਇਨ੍ਹਾਂ ਥਾਵਾਂ 'ਤੇ 3-3 ਫੁੱਟ ਘਾਹ ਬੂਟੀ ਪੈਦਾ ਹੋ ਗਈ ਹੈ। ਬੇਸ਼ੱਕ ਅਰਬਨ ਅਸਟੇਟ ਫੇਸ 1, 2 ਤੇ 3 ਦੀਆਂ ਰੈਜ਼ੀਡੈਂਸ਼ਲ ਵੈੱਲਫੇਅਰ ਐਸੋਸੀਏਸ਼ਨਾਂ ਦੇ ਪ੍ਰਧਾਨਾਂ ਵੱਲੋਂ ਇਸ ਮਾਮਲੇ ਨੂੰ ਹਲਕੇ ਦੇ ਵਿਧਾਇਕ ਤੇ ਮੌਜੂਦਾ ਸਿਹਤ ਮੰਤਰੀ ਡਾ. ਬਲਵੀਰ ਸਿੰਘ ਤੇ ਪੁੱਡਾ ਅਧਿਕਾਰੀਆਂ ਤੇ ਡਿਪਟੀ ਕਮਿਸ਼ਨਰ ਦੀ ਹਾਜ਼ਰੀ ਵਿੱਚ ਉਨ੍ਹਾਂ ਨਾਲ ਹੋਈਆਂ ਮੀਟਿੰਗਾਂ ਵਿੱਚ ਸਫਾਈ ਦਾ ਮੁੱਦਾ ਕਈ ਵਾਰ ਉਠਾਇਆ ਜਾ ਚੁੱਕਾ ਹੈ, ਪ੍ਰੰਤੂ ਅਜੇ ਤੱਕ ਮਾਮਲਾ ਜਿਉਂ ਦਾ ਤਿਉਂ ਬਣਿਆ ਹੋਇਆ ਹੈ ਅਤੇ ਅਰਬਨ ਅਸਟੇਟ ਵਾਸੀ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹੋਏ ਪਏ ਹਨ।

ਰੈਜ਼ੀਡੈਂਸ਼ਲ ਵੈੱਲਫੇਅਰ ਐਸ਼ੋਸ਼ੀਏਸ਼ਨ ਫੇਸ 3 ਦੇ ਪ੍ਰਧਾਨ ਮਨਜੀਤ ਸਿੰਘ ਸ਼ਾਹੀ, ਪ੍ਰੈੱਸ ਸਕੱਤਰ ਰਜਿੰਦਰ ਸਿੰਘ ਥਿੰਦ, ਨਛੱਤਰ ਸਿੰਘ ਸਫੇੜਾ ਤੇ ਰੈਜ਼ੀਡੈਂਸ਼ਲ ਵੈੱਲਫੇਅਰ ਐਸੋਸੀਏਸ਼ਨ ਫੇਸ 2 ਦੇ ਸਰਪ੍ਰਸਤ ਮਨਜੀਤ ਸਿੰਘ ਨਾਰੰਗ ਆਈਏਐੱਸ (ਰਿਟਾ.) ਨੇ ਪੁੱਡਾ ਅਧਿਕਾਰੀਆਂ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਅਰਬਨ ਅਸਟੇਟ ਦੀਆਂ ਸਮੂਹ ਰਿਹਾਇਸ਼ੀ ਕਲੋਨੀਆਂ ਅੰਦਰ ਪੁੱਡਾ ਵੱਲੋਂ ਸਾਫ ਸਫਾਈ ਦਾ ਪ੍ਰਬੰਧ ਨਾ ਕੀਤਾ ਗਿਆ ਤਾਂ ਪੁੱਡਾ ਦਫਤਰ ਅੱਗੇ ਧਰਨਾ ਲਗਾਇਆ ਜਾਵੇਗਾ। ਇਸ ਸਬੰਧੀ ਪੁੱਡਾ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਸਫਾਈ ਦੇ ਠੇਕੇਦਾਰ ਨਿਯੁਕਤ ਕਰਨ ਲਈ ਮੁੱਖ ਦਫਤਰ ਤੋਂ ਪ੍ਰਵਾਨਗੀ ਮੰਗੀ ਗਈ ਹੈ।

# ਮਨਰੇਗਾ ਕਾਮੇ ਤੇ ਦੁਕਾਨਦਾਰ ਹੋਏ ਇੱਕ, ਸਿਨੇਮਾ ਰੋਡ ਬਾਜ਼ਾਰ 'ਚ ਕੀਤਾ ਰੋਸ ਮੁਜ਼ਾਹਰਾ




**ਨਾਭਾ (ਵਰਿੰਦਰ ਵਰਮਾ)**-ਬੀਡੀਪੀਓ ਦਫਤਰ ਵਿਖੇ ਸੁਣਵਾਈ ਦੀ ਉਡੀਕ 'ਚ ਪਿਛਲੇ 17 ਦਿਨਾਂ ਤੋਂ ਡੈਮੋਕ੍ਰੇਟਿਕ ਮਨਰੇਗਾ ਫਰੰਟ ਬਲਾਕ ਇਕਾਈ ਨਾਭਾ ਦੀ ਅਗਵਾਈ ਵਿੱਚ ਪੱਕੇ ਧਰਨੇ 'ਤੇ ਬੈਠੇ ਮਨਰੇਗਾ ਮਜ਼ਦੂਰਾਂ ਨੇ ਅੱਜ ਇੱਕ ਸਾਲ ਤੋਂ ਤੋੜੀ ਹੋਈ ਸਿਨੇਮਾ ਰੋਡ ਦੇ ਬਾਜ਼ਾਰ ਵਿੱਚ ਇੱਕ ਪਾਸੇ ਕਤਾਰ ਲਗਾ ਕੇ ਰੋਸ ਮੁਜ਼ਾਹਰਾ ਕੀਤਾ। ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਕੌਰ ਰਾਮਗੜ੍ਹ, ਰਮਨਜੋਤ ਕੌਰ ਬਾਬਰਪੁਰ, ਕ੍ਰਿਸ਼ਨ ਲੁਬਾਣਾ ਨੇ ਲੋਕਾਂ ਨੂੰ ਦੱਸਿਆ ਕਿ ਜਿਵੇਂ ਭ੍ਰਿਸ਼ਟਾਚਾਰ ਦੇ ਚਲਦੇ ਪਿਛਲੇ ਸਾਲ ਬਿਨਾਂ ਲੋੜ ਦੇ ਲੋਕਾਂ ਦੀ ਮਨਜ਼ੂਰੀ ਦੇ ਉਲਟ ਇਸ ਸੜਕ ਨੂੰ ਉੱਚੀ ਚੁੱਕਣ ਦਾ ਕੰਮ ਸ਼ੁਰੂ ਕਰਵਾ ਦਿੱਤਾ ਸੀ ਤੇ ਇਤਰਾਜ਼ ਉਠਾਉਣ ਤੇ ਸਟੇਅ ਦੇ ਬਾਵਜੂਦ ਚੰਗੀ ਭਲੀ ਸੜਕ ਤੋੜ ਦਿੱਤੀ। ਫਿਰ ਜ਼ਿਲ੍ਹਾ ਪ੍ਰਸ਼ਾਸਨ ਦੀ ਪੜਤਾਲ 'ਚ ਛੇ ਮੁਲਾਜ਼ਮ ਦੋਸ਼ੀ ਵੀ ਪਾਏ ਗਏ, ਪਰ ਕਿਸੇ ਉੱਪਰ ਕਾਰਵਾਈ ਕਰਨ ਦੀ ਥਾਂ ਭੰਨੀ ਹੋਈ ਸੜਕ ਦੀ ਮੁਰੰਮਤ ਕਰਨ ਦੀ ਥਾਂ ਲੋਕਾਂ ਨੂੰ ਸਰਕਾਰੀ ਪੈਸਾ ਬਰਬਾਦ ਹੋਣ ਤੋਂ ਬਚਾਉਣ ਦੀ ਸਜ਼ਾ ਦਿੱਤੀ ਜਾ ਰਹੀ ਹੈ। ਉਸੇ ਤਰੀਕੇ ਮਨਰੇਗਾ ਵਿੱਚ ਵੀ ਲੋਕਪਾਲ ਵੱਲੋਂ ਪੜਤਾਲ ਕਰਕੇ ਦੋਸ਼ੀ ਦੱਸੇ ਗਏ ਮੁਲਾਜ਼ਮਾਂ ਉੱਪਰ ਤਾਂ ਕਾਰਵਾਈ ਨਹੀਂ ਹੁੰਦੀ, ਪਰ ਕਾਨੂੰਨ ਲਾਗੂ ਕਰਾਉਣ ਵਾਲੇ ਮੇਟ, ਮਜ਼ਦੂਰਾਂ ਨੂੰ ਝੂਠ ਦੇ ਅਧਾਰ 'ਤੇ ਤੰਗ ਪ੍ਰੇਸ਼ਾਨ ਕੀਤਾ ਜਾਂਦਾ ਹੈ। ਸੱਤ ਦਿਨ 'ਚ ਸ਼ਿਕਾਇਤ ਦਾ ਨਿਪਟਾਰਾ ਕਰਨਾ ਹੁੰਦਾ ਹੈ, ਪਰ 17 ਦਿਨ ਦੇ ਪੱਕੇ ਧਰਨੇ ਦੇ ਬਾਵਜੂਦ ਪ੍ਰਸ਼ਾਸਨ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਤੋਂ ਇਨਕਾਰੀ ਹਨ। ਇਸ ਮੌਕੇ ਸਿਨਮਾ ਰੋਡ ਦੇ ਦੁਕਾਨਦਾਰਾਂ ਨੇ ਵੀ ਆਪਣੀਆਂ ਦੁਕਾਨਾਂ ਦੇ ਬਾਹਰ ਖੜੇ ਹੋ ਕੇ ਰੋਸ ਪ੍ਰਦਰਸ਼ਨ ਨੂੰ ਸਮਰਥਨ ਦਿੱਤਾ ਤੇ ਮਜ਼ਦੂਰਾਂ ਨੂੰ ਜਲ ਛਕਾਇਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆਈ ਡੀ ਪੀ ਦੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਧਨੇਠਾ, ਗੁਰਮੀਤ ਸਿੰਘ ਥੂਹੀ, ਜਗਦੇਵ ਸਿੰਘ ਭੋੜ੍ਹੇ, ਲਖਵੀਰ ਸਿੰਘ ਲਾਡੀ, ਹਰਬੰਸ ਕੌਰ ਮੱਲੇਵਾਲ, ਕੁਲਵੰਤ ਕੌਰ ਥੂਹੀ, ਕੇਵਲ ਸਿੰਘ ਕੋਟ, ਜਸਪ੍ਰੀਤ ਕੌਰ ਲੌਪੇ, ਸੁਖਵਿੰਦਰ ਕੌਰ ਨੌਹਰਾ, ਹਰਦੀਪ ਕੌਰ ਬਬਲੀ, ਸੁਨੀਤਾ ਕੈਦੂਪੁਰ, ਭਿੰਦਰ ਕੌਰ ਗੁੱਜਰਹੇੜੀ ਆਦਿ ਨੇ ਸਰਗਰਮ ਸ਼ਮੂਲੀਅਤ ਕੀਤੀ।

# ਵੱਖ-ਵੱਖ ਸਕੂਲਾਂ-ਕਾਲਜਾਂ 'ਚ ਅਜ਼ਾਦੀ ਦਿਵਸ ਮਨਾਇਆ

**ਦਿੜ੍ਹਬਾ (ਜਸਵੀਰ ਲਾਡੀ)**-ਹੋਲੀ ਹਾਰਟ ਪਬਲਿਕ ਸੀਨੀਅਰ ਸੰਕੈਡਰੀ ਸਕੂਲ ਛਾਜਲੀ ਵਿਖੇ 78ਵਾਂ ਅਜ਼ਾਦੀ ਦਿਵਸ ਮਨਾਇਆ ਗਿਆ।ਸਕੂਲ ਦੇ ਵਿਦਿਆਰਥੀਆਂ ਨੇ ਦੇਸ਼ ਭਗਤੀ ਦੇ ਗੀਤਾਂ, ਭਾਸ਼ਣ, ਲੋਕ ਨਾਚ ਨੂੰ ਇੱਕ ਲੜੀ ਵਿੱਚ ਪਰੋ ਕੇ ਪੇਸ਼ ਕੀਤਾ।ਵਿਦਿਆਰਥੀਆਂ ਨੇ ਆਜ਼ਾਦੀ ਦੀ ਲੜਾਈ ਵਿੱਚ ਯੋਗਦਾਨ ਪਾਉਣ ਵਾਲੇ ਸ਼ਹੀਦਾਂ, ਸੂਰਬੀਰ ਯੋਧਿਆਂ ਨੂੰ ਇੱਕ ਨਾਟਕ ਰਾਹੀਂ ਸ਼ਰਧਾਂਜਲੀ ਭੇਟ ਕੀਤੀ।ਇਸ ਮੌਕੇ ਦੇਸ਼ ਦੀ ਵੰਡ ਸਮੇਂ ਕੁਝ ਝਲਕੀਆਂ ਪੇਸ਼ ਕੀਤੀਆਂ ਗਈਆਂ।ਸਕੂਲ ਦੇ ਚੇਅਰਮੈਨ ਮਨਦੀਪ ਸਿੰਘ ਚੱਠਾ ਤੇ ਡਾਇਰੈਕਟਰ ਅੰਮ੍ਰਿਤਪਾਲ ਸਿੰਘ, ਸਕੂਲ ਦੀ ਪ੍ਰਿੰਸੀਪਲ ਮਮਤਾ ਰਾਣੀ ਦੁਆਰਾ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਦੇਸ਼ ਭਗਤੀ ਲਈ ਪ੍ਰੇਰਿਤ ਕੀਤਾ ਅਤੇ ਦੇਸ਼ ਦੇ ਭਵਿੱਖ ਲਈ ਚੰਗੇ ਨਾਗਰਿਕ ਬਣਨ ਦਾ ਸੰਦੇਸ਼ ਦਿੱਤਾ।ਇਸ ਪ੍ਰੋਗਰਾਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਸੰਪੰਨ ਹੋਈ।

**ਸਮਰਾਲਾ (ਸੁਰਜੀਤ ਸਿੰਘ)** : ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ ਝਾੜ ਸਾਹਿਬ ਦੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਰਹਿਨੁਮਾਈ ਹੇਠ 78ਵਾਂ ਅਜ਼ਾਦੀ ਦਿਵਸ



ਮਨਾਇਆ ਗਿਆ। ਇਸ ਮੌਕੇ ਸਮਾਜ ਸ਼ਾਸਤਰ ਵਿਭਾਗ ਦੇ ਮੁਖੀ ਡਾ. ਸੁਨੀਤਾ ਕੌਸ਼ਲ, ਰਾਜਨੀਤੀ ਸਾਸ਼ਤਰ ਵਿਭਾਗ ਦੇ ਮੁਖੀ ਸੰਦੀਪ ਕੌਰ, ਐੱਨ.ਐੱਸ.ਐੱਸ. ਯੂਨਿਟ ਦੇ ਕਨਵੀਨਰ ਜਸਵੀਰ ਕੌਰ ਤੇ ਰੈੱਡ ਰਿਬਨ (ਕਲੱਬ) ਦੇ ਕਨਵੀਨਰ ਸੁਖਵਿੰਦਰ ਕੌਰ ਦੇ ਸਾਂਝੇ ਯਤਨਾਂ ਸਦਕਾ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਬੀ ਏ ਭਾਗ ਦੂਜੇ ਦੀ ਵਿਦਿਆਰਥਣ ਮਨਵੀਰ ਕੌਰ ਨੇ ਅਜ਼ਾਦੀ ਦਿਵਸ 'ਤੇ ਭਾਸ਼ਣ ਦਿੱਤਾ। ਪੋਸਟਰ ਮੇਕਿੰਗ ਮੁਕਾਬਲੇ ਵਿੱਚ ਅਰਸ਼ (ਬੀ.ਸੀ.ਏ. ਭਾਗ ਦੂਜਾ) ਨੇ ਪਹਿਲਾ ਸਥਾਨ, ਸਹਿਜਪ੍ਰੀਤ ਕੌਰ (ਬੀ ਏ ਭਾਗ ਪਹਿਲਾ) ਨੇ ਦੂਜਾ ਸਥਾਨ, ਯਸ਼ ਮੱਟੂ (ਬੀ.ਸੀ.ਏ. ਭਾਗ ਪਹਿਲਾ ਤੇ ਮਹਿਕਪ੍ਰੀਤ ਕੌਰ (ਬੀ ਏ ਪਹਿਲਾ ਭਾਗ) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਇਸ ਮੌਕੇ ਬੱਚਿਆਂ ਦੀ ਇਸ ਪ੍ਰਤਿਭਾ ਦੀ ਸਰਾਹਨਾ ਕੀਤੀ ਤੇ ਸਾਰੀਆਂ ਵਿਦਿਆਰਥਣਾਂ ਨੂੰ ਅਜ਼ਾਦੀ ਦਿਵਸ ਦੀ ਵਧਾਈ ਦਿੱਤੀ।

**ਜਗਰਾਓਂ (ਅਮਿਤ ਖੰਨਾ)** : ਸਪਰਿੰਗ ਡਿਊ ਸਕੂਲ ਨਾਨਕਸਰ ਵਿਖੇ 15 ਅਗਸਤ ਅਜ਼ਾਦੀ ਦਿਹਾੜਾ ਪ੍ਰਿੰਸੀਪਲ ਸ੍ਰੀ ਨਵਨੀਤ ਚੌਹਾਨ ਦੀ ਅਗਵਾਈ ਹੇਠ ਧੂਮ-ਧਾਮ ਨਾਲ



ਮਨਾਇਆ ਗਿਆ। ਇਸ ਦੌਰਾਨ ਸਕੂਲ ਦੇ ਪ੍ਰਾਇਮਰੀ ਵਿੰਗ ਦੇ ਵਿਦਿਆਰਥੀਆਂ ਨੇ ਭਾਸ਼ਣ, ਗੀਤ, ਕੋਰੀਓਗ੍ਰਾਫੀ ਤੇ ਸੱਭਿਆਚਾਰ ਨੂੰ ਦਰਸਾਉਂਦਾ ਪ੍ਰੋਗਰਾਮ ਪੇਸ਼ ਕੀਤਾ। ਪ੍ਰੋਗਰਾਮ ਦਾ ਅਗਾਜ਼ ਸੈਕਿੰਡ ਕਲਾਸ ਦੀਆਂ ਵਿਦਿਆਰਥਣਾਂ ਅਨੁਪ੍ਰੀਤ ਕੌਰ, ਪਰਮਾਨ ਕੌਰ, ਚੰਨਪ੍ਰੀਤ ਕੌਰ, ਤਨਵੀਰ ਕੌਰ, ਸ਼ਾਨਵੀਰ ਕੌਰ, ਇਨਾਇਤ ਨੇ ਕੋਰੀਓਗ੍ਰਾਫੀ ਮਾਣ ਵਤਨ ਦਾ ਤੇ ਗਿੱਧਾ ਪੇਸ਼ ਕੀਤਾ। ਇਸ ਤਰ੍ਹਾਂ ਸੋਲੋ ਡਾਂਸ ਵਿੱਚ ਫਸਟ ਕਲਾਸ ਦੀਆਂ ਵਿਦਿਆਰਥਣਾਂ ਸਹਿਜਦੀਪ ਕੌਰ, ਰਾਇਨਾ, ਦਿਲਰਾਜ ਪ੍ਰੀਤ ਕੌਰ, ਪ੍ਰਨੀਤ ਕੌਰ ਨੇ ਪੇਸ਼ਕਾਰੀ ਕੀਤੀ। ਯੂ-ਕੇ ਜੀ ਦੀਆਂ ਵਿਦਿਆਰਥਣਾਂ ਸ਼ੁਭਨੀਤ, ਐਸ਼ਲੀਨ, ਐਵਲੀਨ, ਰਹਿਮਤਪ੍ਰੀਤ ਤੇ ਲਕਸ਼ਮੀ ਨੇ ਗਿੱਧੇ ਦੀ ਪ੍ਰਫਾਰਮੈਂਸ ਦਿੱਤੀ। ਐੱਲ ਕੇ ਜੀ ਤੇ ਨਰਸਰੀ ਕਲਾਸ ਦੇ ਬੱਚਿਆਂ ਅਵਲੀਨ, ਲਵਲੀਨ, ਹਰਮੀਨ ਤੇ ਏਕਮਜੋਤ ਨੇ ਭੰਗੜਾ ਤੇ ਪ੍ਰਨੀਤ ਕੌਰ, ਆਸਵੀਰ ਕੌਰ, ਅਵਨੀਤ ਕੌਰ, ਨਿਮਰਤ ਕੌਰ ਤੇ ਖੁਸ਼ਗੀਤ ਕੌਰ ਨੇ ਬੈਸਟ ਡਰੈੱਸ ਵਿੱਚ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਵਾਇਸ ਪ੍ਰਿੰਸੀਪਲ ਬੇਅੰਤ ਬਾਵਾ ਨੇ ਸਮੂਹ ਸਕੂਲ ਸਟਾਫ ਤੇ ਬੱਚਿਆਂ ਨੂੰ ਅਜ਼ਾਦੀ ਦੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ। ਇਸ ਸਮੇਂ ਸਕੂਲ ਅਧਿਆਪਕ ਮੈਡਮ ਵੰਦਨਾ, ਨਿਸ਼ਾ ਸ਼ਰਮਾ, ਪ੍ਰਭਜੋਤ ਕੌਰ, ਸਤਵੀਰ ਕੌਰ, ਹਰਪ੍ਰੀਤ ਕੌਰ, ਇੰਦਰਪਾਲ ਕੌਰ, ਹਰਮਨਦੀਪ ਕੌਰ ਨੇ ਪ੍ਰੋਗਰਾਮ ਨੂੰ ਸਹਾਰਨਾ ਪੂਰਵਕ ਤਰੀਕੇ ਨਾਲ ਪੇਸ਼ ਕੀਤਾ। ਇਸ ਦੌਰਾਨ ਸਕੂਲ ਮੈਨੇਜਮੈਂਟ ਵੱਲੋਂ ਚੇਅਰਮੈਨ ਬਲਦੇਵ ਬਾਵਾ, ਪ੍ਰਧਾਨ ਮਨਜੋਤ ਕੁਮਾਰ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਸਿੰਘ ਤੇ ਮੈਨੇਜਰ ਮਨਦੀਪ ਚੌਹਾਨ ਆਦਿ ਹਾਜ਼ਰ ਸਨ।

**ਬਰੇਟਾ (ਰੀਤਵਾਲ)** : ਪਰਮਿੰਦਰਾ ਇੰਟਰਨੈਸ਼ਨਲ ਸਕੂਲ ਬਰੇਟਾ ਵਿਖੇ ਸੁਤੰਤਰਤਾ ਦਿਵਸ ਮਨਾਇਆ ਗਿਆ। ਇਸ ਮੌਕੇ ਸਕੂਲ ਮੈਨੇਜਮੈਂਟ ਤੇ ਪ੍ਰਿੰਸੀਪਲ ਮੈਡਮ ਮਮਤਾ ਸ਼ਰਮਾ ਦੀ ਰਹਿਨੁਮਾਈ ਹੇਠ ਝੰਡੇ ਦੀ ਰਸਮ ਕੀਤੀ ਗਈ ਤੇ ਰਾਸ਼ਟਰੀ ਗੀਤ ਗਾਇਆ ਗਿਆ। ਬੱਚਿਆਂ ਵੱਲੋਂ ਤਿਆਰ ਕੀਤੇ ਗਏ ਵੱਖ-ਵੱਖ ਪ੍ਰੋਗਰਾਮ ਗਿੱਧਾ, ਭੰਗੜਾ, ਬੋਲੀਆਂ,



ਸਕਿਟ, ਕੋਰੀਓਗ੍ਰਾਫੀ ਸੱਭਿਆਚਾਰਕ ਗੀਤ ਪੇਸ਼ ਕੀਤੇ ਗਏ। ਸਮੂਹ ਸਟਾਫ ਨੇ ਇਸ ਸੁਤੰਤਰਤਾ ਦਿਵਸ ਮੌਕੇ ਬੱਚਿਆਂ ਨੂੰ ਆਪੋ ਆਪਣੇ ਵਿਚਾਰ ਦੱਸੇ। ਪ੍ਰਿੰਸੀਪਲ ਮੈਡਮ ਮਮਤਾ ਸ਼ਰਮਾ ਵੱਲੋਂ ਦੇਸ਼ ਅਜ਼ਾਦ ਤੇ 1947 ਦੀ ਦੇਸ਼ ਵੰਡ ਬਾਰੇ ਬੱਚਿਆਂ ਨੂੰ ਜਾਣੂ ਕਰਵਾਇਆ ਗਿਆ।

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)** : ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਦਾ ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ ਘੱਗਾ ਵਿਖੇ ਸੁਤੰਤਰਤਾ ਦਿਵਸ ਦਾ ਤਿਉਹਾਰ ਬੜੀ ਧੂਮਧਾਮ



ਨਾਲ ਮਨਾਇਆ ਗਿਆ। ਪ੍ਰੋਗਰਾਮ ਦੇ ਸ਼ੁਰੂਆਤ ਵਿੱਚ ਵਿਦਿਆਰਥੀਆਂ ਨੇ ਸ਼ਬਦ ਗਾਇਨ ਕੀਤਾ। ਇਸ ਉਪਰੰਤ ਛੋਟੇ ਬੱਚਿਆਂ ਨੇ ਦੇਸ਼ ਪਿਆਰ ਨਾਲ ਸੰਬੰਧਤ ਕਵਿਤਾਵਾਂ ਪੇਸ਼ ਕੀਤੀਆਂ। ਸੀਨੀਅਰ ਵਿਦਿਆਰਥੀਆਂ ਨੇ ਵੱਖ-ਵੱਖ ਕਿਰਦਾਰਾਂ ਰਾਹੀਂ ਸੁਤੰਤਰਤਾ ਸੰਗਰਾਮੀਆਂ ਦੇ ਜੀਵਨ ਦੀ ਝਲਕ ਪੇਸ਼ ਕੀਤੀ। ਸਕੂਲ ਦੇ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਨੇ ਆਪਣੇ ਭਾਸ਼ਣ ਰਾਹੀਂ ਵਿਦਿਆਰਥੀਆਂ ਤੇ ਸਮੂਹ ਸਟਾਫ ਨੂੰ ਸੁਤੰਤਰਤਾ ਦਿਵਸ ਦੀ ਵਧਾਈ ਦਿੰਦਿਆਂ ਦੇਸ਼ ਪ੍ਰਤੀ ਵਫਾਦਾਰੀ ਤੇ ਆਪਣੇ ਫਰਜ਼ਾਂ ਨੂੰ ਨਿਭਾਉਣ ਲਈ ਪ੍ਰੇਰਿਤ ਕੀਤਾ। ਚੇਅਰਮੈਨ ਡਾ. ਅੰਮ੍ਰਿਤਪਾਲ ਸਿੰਘ ਕਾਲੇਕਾ ਤੇ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਨੇ ਕੌਮੀ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਸਕੂਲ ਵਿੱਚ ਬੱਚਿਆਂ ਨੂੰ ਇਸ ਖੁਸ਼ੀ ਦੇ ਮੌਕੇ ਲੱਡੂ ਵੀ ਵੰਡੇ ਗਏ।

**ਜਗਰਾਉਂ (ਅਮਿਤ ਖੰਨਾ)** : ਮਹੰਤ ਲਛਮਣ ਦਾਸ ਸੀਨੀ: ਸੈਕੰ: ਸਕੂਲ ਤਲਵੰਡੀ ਕਲਾਂ ਵਿਖੇ ਸੁਤੰਤਰਤਾ ਦਿਵਸ ਮਨਾਇਆ ਗਿਆ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਬਲਦੇਵ ਬਾਵਾ ਤੇ ਸਮੂਹ



ਸਟਾਫ ਨੇ ਤਿਰੰਗਾ ਲਹਿਰਾਇਆ।ਸਕੂਲ ਦੇ ਵਿਦਿਆਰਥੀਆਂ ਨੇ ਦੇਸ਼ ਭਗਤੀ ਦਾ ਸਮੂਹ ਗਾਨ ਪੇਸ਼ ਕੀਤਾ ਤੇ ਮੈਡਮ ਮਨਪ੍ਰੀਤ ਕੌਰ ਅਤੇ ਮੈਡਮ ਜਸਵੀਰ ਕੌਰ ਨੇ ਅਜ਼ਾਦੀ ਦੇ ਸੰਘਰਸ਼ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ।ਪ੍ਰਿੰਸੀਪਲ ਬਲਦੇਵ ਦਾਸ ਬਾਵਾ ਨੇ ਵਿਦਿਆਰਥੀਆਂ ਨੂੰ 78ਵੇਂ ਅਜ਼ਾਦੀ ਦਿਹਾੜੇ ਮੌਕੇ ਵਧਾਈ ਦਿੰਦਿਆਂ ਕਿਹਾ ਕਿ ਸਾਡੇ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਸਦਕਾ ਹੀ ਅਸੀਂ ਅੱਜ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ।ਸਾਡੇ ਦੇਸ਼ ਭਗਤਾਂ, ਗਦਰੀ ਬਾਬਿਆਂ, ਅਜ਼ਾਦੀ ਘੁਲਾਟੀਆਂ ਦੀ ਸੋਚ ਤੇ ਕੁਰਬਾਨੀਆਂ ਨੇ ਭਾਵੇਂ ਸਾਨੂੰ ਅਜ਼ਾਦ ਕਰਵਾ ਕੇ ਲੋਕਤੰਤਰ ਲੈ ਕੇ ਦਿੱਤਾ ਹੈ, ਪਰ ਅੱਜ ਵੀ ਨਸ਼ਿਆਂ, ਸਮਾਜਿਕ ਬੁਰਾਈਆਂ ਖਿਲਾਫ, ਵਾਤਾਵਰਣ ਤੇ ਪਾਣੀ ਬਚਾਉਣ ਵਰਗੇ ਪੱਖੇ 'ਤੇ ਪਹਿਰਾ ਦੇਣ ਦੀ ਵੱਡੀ ਲੋੜ ਹੈ।

**ਚੀਮਾ ਮੰਡੀ (ਰਵਿੰਦਰ ਚੀਮਾ)** : ਕਲਗੀਧਰ ਟਰੱਸਟ ਬੜੂ ਸਾਹਿਬ ਦੀ ਸਰਪ੍ਰਸਤੀ ਹੇਠ ਚੱਲ ਰਹੀ ਵਿੱਦਿਅਕ ਸੰਸਥਾ ਅਕਾਲ ਅਕੈਡਮੀ (ਪੀ ਐੱਸ ਈ ਬੀ) ਚੀਮਾਂ 'ਚ ਆਜ਼ਾਦੀ ਦਿਹਾੜਾ ਵਿਦਿਆਰਥੀਆਂ ਤੇ ਸਮੂਹ ਸਟਾਫ ਵੱਲੋਂ ਬੜੇ ਚਾਅ ਤੇ ਉਤਸ਼ਾਹ ਨਾਲ ਮਨਾਇਆ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਕੀਰਤਨ ਨਾਲ



ਕੀਤੀ ਗਈ।ਵਿਦਿਆਰਥੀਆਂ ਵੱਲੋਂ ਤਿਆਰ ਕੀਤੇ ਗਏ ਪ੍ਰੋਗਰਾਮ ਵਿੱਚ ਉਨ੍ਹਾਂ ਵੱਲੋਂ ਦੇਸ਼ ਭਗਤੀ ਭਰਪੂਰ ਕਵਿਤਾਵਾਂ, ਗੀਤ, ਕੋਰੀਓਗ੍ਰਾਫੀ ਤੇ ਨਾਟਕ ਪੇਸ਼ ਕੀਤੇ ਗਏ।ਪ੍ਰੋਗਰਾਮ ਦੀ ਸਮਾਪਤੀ ਰਾਸ਼ਟਰੀ ਗਾਨ ਨਾਲ ਕੀਤੀ ਗਈ।ਅਕੈਡਮੀ ਦੇ ਮੁਖੀ ਗੁਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਆਜ਼ਾਦੀ ਕਾਇਮ ਰੱਖਣ ਲਈ ਆਪਣੇ ਅਧਿਕਾਰਾਂ ਪ੍ਰਤੀ ਸੁਚੇਤ ਹੋਣ ਤੇ ਕਰਤੱਵਾਂ ਦਾ ਪਾਲਣ ਕਰਨ ਦੀ ਪ੍ਰੇਰਨਾ ਦਿੱਤੀ।

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** : ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਗੁਥਮੜਾ ਦੇਵੀਗੜ੍ਹ ਵਿਖੇ 78ਵਾਂ ਅਜ਼ਾਦੀ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ।ਇਸ ਸਮਾਰੋਹ ਦੀ ਸ਼ੁਰੂਆਤ ਧਾਰਮਿਕ ਸ਼ਬਦ ਨਾਲ ਕੀਤੀ ਗਈ।ਸਕੂਲ ਡਾਇਰੈਕਟਰ ਸ੍ਰ: ਭੁਪਿੰਦਰ ਸਿੰਘ ਨੇ ਅਧਿਆਪਕਾਂ ਤੇ ਵਿਦਿਆਰਥੀਆਂ ਦੇ ਨਾਲ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਅਦਾ



ਕੀਤੀ।ਸਕੂਲ ਦੇ ਨੰਨ੍ਹੇ-ਮੁੰਨੇ ਵਿਦਿਆਰਥੀਆਂ ਵੱਲੋਂ ਮਹਾਨ ਸ਼ਖਸੀਅਤਾਂ ਤੇ ਅਜ਼ਾਦੀ ਘੁਲਾਟੀਆਂ ਦੇ ਰੋਲ ਪੇਸ਼ ਕਰਕੇ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕੀਤਾ ਗਿਆ।ਵਿਦਿਆਰਥੀਆਂ ਦੇ ਅੰਤਰ-ਹਾਊਸ ਦੇਸ਼-ਭਗਤੀ ਗੀਤ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਹਾਊਸ ਨੇ ਪਹਿਲਾ ਤੇ ਸਾਹਿਬਜ਼ਾਦਾ ਫ਼ਤਿਹ ਸਿੰਘ ਜੀ ਹਾਊਸ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਸਕੂਲ ਪ੍ਰਬੰਧਕ ਡਾਇਰੈਕਟਰ ਭੁਪਿੰਦਰ ਸਿੰਘ, ਪ੍ਰੈਜ਼ੀਡੈਂਟ ਰਵਿੰਦਰ ਕੌਰ, ਪ੍ਰਿੰਸੀਪਲ ਤਰਨਦੀਪ ਅਰੋੜਾ ਤੇ ਅਕਾਦਮਿਕ ਡਾਇਰੈਕਟਰ ਤੇਜਿੰਦਰ ਕੌਰ ਵਾਲੀਆ ਨੇ ਆਜ਼ਾਦੀ ਦਿਵਸ ਦੀ ਵਧਾਈ ਦਿੰਦੇ ਹੋਏ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ।

# ਸੀ ਪੀ ਆਈ ਨੇ ਸ਼ਹੀਦਾਂ ਦੇ ਅਧੂਰੇ ਸੁਪਨੇ ਪੂਰੇ ਕਰਨ ਦਾ ਕੀਤਾ ਪ੍ਰਣ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਫਰੀਦਕੋਟ ਵੱਲੋਂ ਸਥਾਨਕ ਸ਼ਹੀਦ ਕਾਮਰੇਡ ਅਮੋਲਕ ਭਵਨ ਵਿਖੇ ਕੌਮੀ ਝੰਡਾ ਲਹਿਰਾਇਆ ਗਿਆ ਤੇ ਅਜ਼ਾਦੀ ਸੰਗਰਾਮ ਦੇ ਮਹਾਨ ਸ਼ਹੀਦਾਂ ਨੂੰ ਯਾਦ ਕੀਤਾ ਗਿਆ। ਇਸ ਮੌਕੇ ਕੀਤੇ ਗਏ ਸਾਦਾ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਪਾਰਟੀ ਦੇ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ ਨੇ ਕਿਹਾ ਕਿ ਦੋ ਸਦੀਆਂ ਦੀ ਬਰਤਾਨਵੀ ਸਾਮਰਾਜ ਦੀ ਗੁਲਾਮੀ ਹੰਢਾਉਣ ਬਾਅਦ ਅਣਗਿਣਤ ਕੁਰਬਾਨੀਆਂ ਦੇਣ ਬਾਅਦ ਹਾਸਲ ਹੋਈ ਅਜ਼ਾਦੀ ਲਈ ਪੰਜਾਬ ਨੂੰ ਸਭ ਤੋਂ ਵੱਧ ਕੀਮਤ ਤਾਰਨੀ ਪਈ।

ਪੰਜਾਬ ਦੀ ਵੰਡ ਕਾਰਨ ਲੱਖਾਂ ਬੇਗੁਨਾਹ ਲੋਕ ਕਤਲੇਆਮ ਤੇ ਸ਼ਿਕਾਰ ਹੋਏ ਅਤੇ ਦੋ ਕਰੋੜ ਲੋਕਾਂ ਨੂੰ ਘਰ-ਪਰਿਵਾਰ ਤੇ ਜ਼ਮੀਨ ਜਾਇਦਾਦ ਤੋਂ ਉਜਾੜ ਦਿੱਤਾ ਗਿਆ। ਸਮਾਗਮ ਨੂੰ ਮਾਸਟਰ ਗੁਰਚਰਨ ਸਿੰਘ ਮਾਨ, ਗੁਰਨਾਮ ਸਿੰਘ ਮਾਨੀ ਸਿੰਘ ਵਾਲਾ, ਰਮੇਸ਼ ਕੌਸ਼ਲ ਤੇ ਹਰਪਾਲ ਸਿੰਘ ਮਚਾਕੀ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਅਜ਼ਾਦੀ ਦੇ 77 ਸਾਲ ਬੀਤ ਜਾਣ ਦੇ ਬਾਵਜੂਦ ਮਿਹਨਤਕਸ਼ ਅਵਾਮ ਮਜ਼ਦੂਰਾਂ-ਕਿਸਾਨਾਂ ਦੇ ਹਾਲਾਤ ਗੁਲਾਮੀ ਵਾਲੇ ਹੀ ਹਨ ਅਤੇ ਸ਼ਹੀਦਾਂ ਦੇ ਸੁਪਨੇ ਪੂਰੇ ਨਹੀਂ ਹੋਏ। ਦੇਸ਼ ਵਿੱਚ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਬੇਇਨਸਾਫ਼ੀ ਤੇ ਆਰਥਿਕ ਨਾਬਰਾਬਰੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਦੇਸ਼ ਦੇ ਸੰਵਿਧਾਨ ਤੇ ਸੰਵਿਧਾਨਕ ਸੰਸਥਾਵਾਂ, ਲੋਕਤੰਤਰ ਤੇ ਧਰਮ ਨਿਰਪੱਖਤਾ ਨੂੰ ਵੱਡੀਆਂ ਚੁਣੌਤੀਆਂ ਦਰਪੇਸ਼ ਹਨ, ਜਿਸ ਦਾ ਮੁਕਾਬਲਾ ਕਰਨ ਲਈ ਸਾਰੀਆਂ ਦੇਸ਼ ਭਗਤ ਤਾਕਤਾਂ ਦੇ ਏਕੇ ਦੀ ਲੋੜ ਹੈ। ਪੰਜਾਬ ਇਸਤ੍ਰੀ ਸਭਾ ਤੇ ਆਸ਼ਾ ਵਰਕਰ ਯੂਨੀਅਨ ਦੀਆਂ ਸੀਨੀਅਰ ਆਗੂਆਂ ਸ਼ਸ਼ੀ ਸ਼ਰਮਾ, ਆਸ਼ਾ ਚੌਧਰੀ ਅਤੇ ਅਮਰਜੀਤ ਕੌਰ ਰਣ ਸਿੰਘ ਵਾਲਾ ਨੇ ਕਿਹਾ ਕਿ ਸਰਕਾਰਾਂ ਵੱਲੋਂ 'ਬੇਟੀ ਬਚਾਓ, ਬੇਟੀ ਪੜ੍ਹਾਉ' ਦੇ ਨਾਅਰਿਆਂ ਦਾ ਕੀ ਮਤਲਬ ਰਹਿ ਜਾਂਦਾ ਹੈ, ਜਦੋਂ ਕਲਕੱਤਾ ਵਿਖੇ ਰਾਤ ਦੀ ਡਿਊਟੀ 'ਤੇ ਤਾਇਨਾਤ ਟਰੇਨੀ ਡਾਕਟਰ ਦਾ ਬੜੀ ਬੇਰਹਿਮੀ ਨਾਲ ਬਲਾਤਕਾਰ ਤੇ ਕਤਲ ਕਰ ਦਿੱਤਾ ਜਾਂਦਾ ਹੈ। ਸਰਬ ਸੰਮਤੀ ਨਾਲ ਇਕ ਮਤਾ ਪਾਸ ਕਰਕੇ ਇਸ ਸ਼ਰਮਨਾਕ ਘਟਨਾ ਦੀ ਨਿੰਦਾ ਕਰਦੇ ਹੋਏ ਕੰਮ ਵਾਲੀਆਂ ਥਾਂਵਾਂ 'ਤੇ ਔਰਤਾਂ ਦੀ ਸੁਰੱਖਿਆ ਦੀ ਮੰਗ ਕੀਤੀ ਗਈ। ਇਸ ਮੌਕੇ ਬਜ਼ੁਰਗ ਕਾਮਰੇਡ ਸ਼ਾਮ ਸੁੰਦਰ, ਚਰਨਜੀਤ ਸਿੰਘ ਚੰਬੇਲੀ, ਗੁਰਦੀਪ ਸਿੰਘ ਤੇ ਜਸਪਾਲ ਸਿੰਘ ਦੀਪ ਸਿੰਘ ਵਾਲਾ ਅਤੇ ਹਰਪਾਲ ਸਿੰਘ ਸੇਵਾ ਮੁਕਤ ਚੀਫ ਫਾਰਮਾਸਿਸਟ ਆਦਿ ਹਾਜ਼ਰ ਸਨ।

# ਵੱਖ-ਵੱਖ ਸਕੂਲਾਂ 'ਚ ਅਜ਼ਾਦੀ ਦਿਹਾੜਾ ਮਨਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਖਾਨਪੁਰ ਬੇਟ ਦੇ ਸੱਤਿਆ ਭਾਰਤੀ ਐਲੀਮੈਂਟਰੀ ਸਕੂਲ ਵਿਖੇ ਆਜ਼ਾਦੀ ਦਿਹਾੜਾ ਮਨਾਇਆ ਗਿਆ, ਜਿਸ 'ਚ ਝੰਡਾ ਲਹਿਰਾਉਣ ਦੀ ਐਡਵੋਕੇਟ ਕਪਿਲ ਆਨੰਦ ਨੇ ਅਦਾ ਕੀਤੀ ਅਤੇ ਸਭਨਾਂ ਨੂੰ ਆਜ਼ਾਦੀ ਦਿਹਾੜੇ ਦੀ ਵਧਾਈ ਦਿੱਤੀ। ਸਕੂਲੀ ਵਿਦਿਆਰਥੀਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਗਿੱਧਾ, ਭੰਗੜਾ, ਕਵਿਤਾਵਾਂ, ਦੇਸ਼ ਭਗਤੀ ਸਬੰਧੀ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਬਿੱਟੂ ਸਰਪੰਚ ਖਾਨਪੁਰ, ਸਾਬਕਾ ਕੌਂਸਲਰ ਪਰਮਜੀਤ ਸਿੰਘ, ਰਾਣਾ ਬਲਵੀਰ ਸਿੰਘ, ਲਵਲੀ ਆਨੰਦ, ਓਮ ਪ੍ਰਕਾਸ਼ ਆਨੰਦ, ਵਿਜੈ ਆਨੰਦ, ਸੰਤ ਰਾਮ, ਮੇਜਰ ਸਿੰਘ, ਨਿਰਮਲ ਸਿੰਘ ਉਧੋਵਾਲ, ਰਾਮ ਕਿਸ਼ਨ, ਸਾਬਕਾ ਸਰਪੰਚ ਸਤਨਾਮ ਸਿੰਘ, ਬਿੰਦਰ ਲਾਲ ਫਤਹਿਗੜ੍ਹ, ਹੰਸ ਰਾਜ, ਵੀਰਪਾਲ, ਭਿੰਦਰ ਦਾਸ, ਸੁਖਵਿੰਦਰ ਸਿੰਘ ਬਿੱਟੂ, ਧਰਮਪਾਲ ਪੰਚ, ਰਾਜਿੰਦਰ ਸਿੰਘ, ਮਨਜੀਤ ਸਿੰਘ ਜੋਰਾ ਸੰਮਤੀ ਮੈਂਬਰ, ਅਜੇ ਰਾਣਾ ਜੋਧਵਾਲ, ਗੁਰਪ੍ਰੀਤ ਸਿੰਘ, ਭਜਨ ਲਾਲ, ਪ੍ਰਿੰਸੀਪਲ ਮਨਜੀਤ ਕੌਰ ਮੌਜੂਦ ਸਨ।

ਇਸੇ ਤਰ੍ਹਾਂ ਕੁਹਾੜਾ ਰੋਡ 'ਤੇ ਸਥਿਤ ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਭੱਟੀਆਂ ਵਿਖੇ ਅਜ਼ਾਦੀ ਦੀ ਵਰ੍ਹੇਗੰਢ ਮਨਾਈ ਗਈ, ਜਿਸ ਦਾ ਆਰੰਭ ਦੇਸ਼ ਭਗਤੀ ਗੀਤਾਂ ਨਾਲ ਹੋਇਆ। ਝੰਡਾ ਲਹਿਰਾਉਣ ਦੀ ਰਸਮ ਮੁੱਖ ਮਹਿਮਾਨ ਗੁਰਭਗਤ ਸਿੰਘ, ਹਰਦੇਵ ਸਿੰਘ ਨਾਮਧਾਰੀ, ਬਲਦੇਵ ਸਿੰਘ ਨਾਮਧਾਰੀ ਤੇ ਹੈੱਡ ਮਿਸਟ੍ਰੈੱਸ ਹਰਜੀਤ ਕੌਰ ਨੇ ਅਦਾ ਕੀਤੀ। ਪਰੇਡ 'ਚ ਸ਼ਾਮਲ ਹੋਏ ਚਾਰੇ ਹਾਊਸ ਦੇ ਬੱਚਿਆਂ ਨੇ ਰਾਸ਼ਟਰੀ ਝੰਡੇ ਨੂੰ ਸਾਲਮੀ ਦਿੱਤੀ। ਇਸ ਮੌਕੇ ਬੱਚਿਆਂ ਵੱਲੋਂ ਰੰਗੋਲੀ ਮੁਕਾਬਲਾ ਕਰਵਾਇਆ ਗਿਆ, ਜਿਸ 'ਚ ਗਗਨਦੀਪ ਕੌਰ ਤੇ ਸਿਮਰਜੋਤ ਕੌਰ ਨਾਨ-ਮੈਡੀਕਲ ਨੇ ਪਹਿਲਾ, ਹਰਸ਼ਦੀਪ ਕੌਰ, ਅਮਨਦੀਪ ਕੌਰ ਬਾਰਵੀਂ ਆਰਟਸ ਨੇ ਦੂਜਾ, ਜਸਲੀਨ ਕੌਰ ਤੇ ਮਮਤਾ ਬਾਰਵੀਂ ਮੈਡੀਕਲ ਨੇ ਤੀਜਾ, ਅਸ਼ੀਸ਼ ਨੇ ਕੌਂਸੋਲੇਸ਼ਨ ਇਨਾਮ ਪ੍ਰਾਪਤ ਕੀਤਾ। ਖੁਸ਼ਦੀਪ ਕੌਰ ਛੇਵੀਂ, ਪਰਮਜੀਤ ਕੌਰ ਸੱਤਵੀਂ, ਅੰਜਲੀ ਦਸਵੀਂ ਤੇ ਅੰਜਲੀ ਬਾਰਵੀਂ ਨੇ ਸੋਲੋ ਡਾਂਸ ਨਾਲ ਦੇਸ਼ ਭਗਤੀ ਦੇ ਗੀਤ ਗਾਏ। ਪ੍ਰੋਗਰਾਮ ਦਾ ਅੰਤ ਰਾਸ਼ਟਰੀ ਗਾਇਨ ਨਾਲ ਕੀਤਾ ਗਿਆ। ਸਕੂਲ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਵੱਲੋਂ ਵਿਦਿਆਰਥੀਆਂ ਨੂੰ ਪੜ੍ਹ ਕੇ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਤ ਕੀਤਾ। ਨੈਨਸੀ ਤੇ ਅਨੀਤਾ ਨੇ ਸਟੇਜ ਸੰਭਾਲੀ ਤੇ ਹੈੱਡ ਗਰਲ ਨੇ ਪਲੈਜ ਲਈ।

# ਵਾਈ ਐੱਸ ਪਬਲਿਕ ਸਕੂਲ ਥਾਂਦੇਵਾਲਾ 'ਚ ਅਜ਼ਾਦੀ ਦਿਵਸ ਮਨਾਇਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**- ਵਾਈ. ਐੱਸ. ਪਬਲਿਕ ਸੀਨੀ. ਸੈਕੰ. ਸਕੂਲ ਥਾਂਦੇਵਾਲਾ ਵਿਖੇ ਜਸਵਿੰਦਰ ਸਿੰਘ ਦੀ ਅਗਵਾਈ ਹੇਠ ਅਜ਼ਾਦੀ ਦਾ ਦਿਹਾੜਾ ਧੂਮਧਾਮ ਨਾਲ ਮਨਾਇਆ ਗਿਆ।ਸਮਾਰੋਹ ਦੀ ਸ਼ੁਰੂਆਤ ਸਕੂਲ ਦੇ ਚੇਅਰਮੈਨ ਜਸਵਿੰਦਰ ਸਿੰਘ, ਪ੍ਰਿੰਸੀਪਲ ਬੀਰਪਾਲ ਕੌਰ ਤੇ ਸਕੂਲ ਦੇ ਸੀਨੀਅਰ ਮੈਡਮ ਮਨਜੀਤ ਕੌਰ ਨੇ ਝੰਡਾ ਲਹਿਰਾਉਣ ਦੀ ਰਸਮ ਨਾਲ ਕੀਤੀ ਤੇ ਬੱਚਿਆਂ ਵੱਲੋਂ ਰਾਸ਼ਟਰੀ ਗੀਤ ਗਾਇਆ ਗਿਆ।

ਸਕੂਲ ਦੇ ਪ੍ਰਿੰਸੀਪਲ ਬੀਰਪਾਲ ਕੌਰ ਨੇ ਬੱਚਿਆਂ ਨੂੰ ਅਜ਼ਾਦੀ ਦੇ ਇਤਿਹਾਸ ਤੋਂ ਜਾਣੂੰ ਕਰਵਾਇਆ ਕਿ ਇਹ ਜੋ ਦੇਸ਼ ਨੂੰ ਅਜ਼ਾਦੀ ਮਿਲੀ ਹੈ, ਉਹ ਦੇਸ਼ ਭਗਤਾਂ ਦੀ ਕੁਰਬਾਨੀ ਦੇ ਸਦਕਾ ਹੀ ਮਿਲੀ ਹੈ।ਇਸ ਮੌਕੇ ਬੱਚਿਆਂ ਵੱਲੋਂ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਪੇਸ਼ ਕੀਤੀਆਂ ਗਈਆਂ।ਸਟੇਜ ਦੀ ਭੂਮਿਕਾ ਸਕੂਲ ਦੇ ਮੈਡਮ ਰਮਨਦੀਪ ਕੌਰ ਦੋਦਾ ਵੱਲੋਂ ਬਹੁਤ ਹੀ ਵਧੀਆ ਢੰਗ ਨਾਲ ਨਿਭਾਈ ਗਈ।ਅਖ਼ੀਰ ਵਿੱਚ ਸਕੂਲ ਦੇ ਚੇਅਰਮੈਨ ਜਸਵਿੰਦਰ ਸਿੰਘ ਨੇ ਵਿਦਿਆਰਥੀਆਂ ਤੇ ਸਮੁੱਚੇ ਸਟਾਫ਼ ਨੂੰ ਅਜ਼ਾਦੀ ਦੇ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ ਤੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਤੇ ਇਸ ਤਰ੍ਹਾਂ ਦੇ ਸ਼ਾਨਦਾਰ ਤੇ ਸ਼ਲਾਘਾਯੋਗ ਪ੍ਰੋਗਰਾਮ ਉਲੀਕਣ ਲਈ ਧੰਨਵਾਦ ਕੀਤਾ।ਇਸ ਸ਼ਾਨਦਾਰ ਮੌਕੇ ਸਮੂਹ ਸਟਾਫ ਤੇ ਬੱਚੇ ਹਾਜ਼ਰ ਸਨ।

# ਮਹਿਲਾ ਡਾਕਟਰ ਨਾਲ ਬਲਾਤਕਾਰ ਤੇ ਕਤਲ ਦੇ ਮਾਮਲੇ 'ਚ ਦੋਸ਼ੀਆਂ ਨੂੰ ਸਜ਼ਾ ਦਿਓ : ਆਈ ਡੀ ਪੀ ਡੀ

**ਲੁਧਿਆਣਾ (ਐੱਮ ਐਸ ਭਾਟੀਆ)**-ਕੋਲਕਾਤਾ ਦੇ ਇੱਕ ਮੈਡੀਕਲ ਕਾਲਜ ਹਸਪਤਾਲ ਵਿੱਚ ਇੱਕ ਸਿਖਿਆਰਥੀ ਡਾਕਟਰ ਦੇ ਬਲਾਤਕਾਰ ਤੇ ਕਤਲ ਨਾਲ ਜੁੜੀ ਹਾਲ ਹੀ ਵਿੱਚ ਵਾਪਰੀ ਦੁਖਦਾਈ ਘਟਨਾ ਅਤਿ ਭਿਆਨਕ ਹੈ ਅਤੇ ਇਸ ਨੇ ਪੂਰੇ ਭਾਈਚਾਰੇ ਤੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਹੈ।ਹਿੰਸਾ ਦੀਆਂ ਅਜਿਹੀਆਂ ਕਾਰਵਾਈਆਂ ਪੂਰੀ ਤਰ੍ਹਾਂ ਨਿੰਦਣਯੋਗ ਹਨ ਤੇ ਇੱਕ ਸੱਭਿਅਕ ਸਮਾਜ ਵਿੱਚ ਇਨ੍ਹਾਂ ਦੀ ਕੋਈ ਥਾਂ ਨਹੀਂ ਹੈ।ਇਹ ਘਟਨਾ ਔਰਤਾਂ ਦੀ ਸੁਰੱਖਿਆ ਤੇ ਮਾਣ-ਸਨਮਾਨ ਲਈ ਲਗਾਤਾਰ ਖਤਰੇ ਦੀ ਯਾਦ ਦਿਵਾਉਂਦੀ ਹੈ, ਇੱਥੋਂ ਤੱਕ ਕਿ ਉਨ੍ਹਾਂ ਥਾਵਾਂ 'ਤੇ ਵੀ ਜਿੱਥੇ ਉਨ੍ਹਾਂ ਨੂੰ ਸੁਰੱਖਿਅਤ ਮਹਿਸੂਸ ਕਰਨਾ ਚਾਹੀਦਾ ਹੈ।ਇਸਤਰੀ ਡਾਕਟਰ ਕਿਸੇ ਵੀ ਔਖੀ ਸਥਿਤੀ ਵਿੱਚ ਦਿਨ-ਰਾਤ ਕੰਮ ਕਰਦੇ ਹਨ।ਇਸ ਲਈ ਇਹ ਜ਼ਰੂਰੀ ਹੈ ਕਿ ਅਧਿਕਾਰੀਆਂ ਦੁਆਰਾ ਉਨ੍ਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ।ਇਹ ਮੰਦਭਾਗਾ ਹੈ ਕਿ ਭਾਰਤ ਸਰਕਾਰ ਡਾਕਟਰਾਂ 'ਤੇ ਹਿੰਸਾ ਵਿਰੁੱਧ ਕਾਨੂੰਨ ਬਣਾਉਣ ਲਈ ਅਜੇ ਤੱਕ ਸਹਿਮਤ ਨਹੀਂ ਹੋਈ ਹੈ।ਬਿਆਨ ਜਾਰੀ ਕਰਦੇ ਹੋਏ ਡਾਕਟਰ ਅਰੁਣ ਮਿੱਤਰਾ ਪ੍ਰਧਾਨ ਤੇ ਡਾ: ਸ਼ਕੀਲ ਉਰ ਰਹਿਮਾਨ ਜਨਰਲ ਸਕੱਤਰ ਨੇ ਕਿਹਾ ਕਿ ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ ਮੰਗ ਕਰਦੀ ਹੈ ਕਿ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਸ ਘਿਨਾਉਣੇ ਅਪਰਾਧ ਦੇ ਦੋਸ਼ੀਆਂ ਨੂੰ ਜਲਦੀ ਨਿਆਂ ਦੇ ਘੇਰੇ ਵਿੱਚ ਲਿਆਂਦਾ ਜਾਵੇ।ਕਾਨੂੰਨ ਲਾਗੂ ਕਰਨ ਵਾਲਿਆਂ ਲਈ ਇਸ ਮਾਮਲੇ ਵਿੱਚ ਸਖ਼ਤ ਕਾਰਵਾਈ ਕਰਨੀ, ਨਾ ਸਿਰਫ਼ ਇਸ ਕੇਸ ਸਗੋਂ ਔਰਤਾਂ ਵਿਰੁੱਧ ਹਿੰਸਾ ਦੇ ਵਿਆਪਕ ਮੁੱਦਿਆਂ ਨੂੰ ਹੱਲ ਕਰਨ ਲਈ ਵੀ ਮਹੱਤਵਪੂਰਨ ਹੈ।ਕਾਨੂੰਨੀ ਢਾਂਚੇ ਨੂੰ ਮਜ਼ਬੂਤ ਕਰਨਾ, ਨਿਆਂ ਨੂੰ ਜਲਦੀ ਤੋਂ ਜਲਦੀ ਯਕੀਨੀ ਬਣਾਉਣਾ ਤੇ ਔਰਤਾਂ ਦੀ ਸੁਰੱਖਿਆ ਅਤੇ ਅਧਿਕਾਰਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਭਵਿੱਖ ਵਿੱਚ ਅਜਿਹੀਆਂ ਦੁਰਘਟਨਾਵਾਂ ਨੂੰ ਰੋਕਣ ਲਈ ਜ਼ਰੂਰੀ ਕਦਮ ਹਨ।ਸਮਾਜ ਨੂੰ ਵੀ ਪੀੜਤ ਪਰਿਵਾਰ ਦੀ ਸਹਾਇਤਾ ਲਈ ਇਕੱਠੇ ਹੋਣਾ ਚਾਹੀਦਾ ਹੈ ਤੇ ਅਜਿਹੇ ਸਮਾਜ ਦੀ ਵਕਾਲਤ ਕਰਨੀ ਚਾਹੀਦੀ ਹੈ, ਜਿੱਥੇ ਹਰ ਵਿਅਕਤੀ, ਲਿੰਗ ਦੀ ਪਰਵਾਹ ਕੀਤੇ ਬਿਨਾਂ, ਹਿੰਸਾ ਜਾਂ ਵਿਤਕਰੇ ਦੇ ਡਰ ਤੋਂ ਬਿਨਾਂ ਰਹਿ ਸਕੇ।ਇਸ ਘਟਨਾ ਨੂੰ ਬਦਲਾਅ ਲਈ ਉਤਪ੍ਰੇਰਕ ਵਜੋਂ ਕੰਮ ਕਰਨਾ ਚਾਹੀਦਾ ਹੈ, ਇਸ ਬਾਰੇ ਜ਼ਰੂਰੀ ਚਰਚਾਵਾਂ ਤੇ ਕਾਰਵਾਈਆਂ ਸ਼ੁਰੂ ਕਰਨੀਆਂ ਚਾਹੀਦੀਆਂ ਹਨ ਕਿ ਸਾਡੇ ਸ਼ਹਿਰਾਂ ਨੂੰ ਹਰ ਕਿਸੇ ਲਈ ਸੁਰੱਖਿਅਤ ਕਿਵੇਂ ਬਣਾਇਆ ਜਾਵੇ।ਅਸੀਂ ਆਈ ਡੀ ਪੀ ਡੀ ਦੀਆਂ ਸਾਰੀਆਂ ਇਕਾਈਆਂ ਨੂੰ ਵਿਰੋਧ ਪ੍ਰਦਰਸ਼ਨ ਕਰਨ ਦਾ ਸੱਦਾ ਦਿੰਦੇ ਹਾਂ।

# ਹੈਪੀ ਰੋਮਾਣਾ ਵੱਲੋਂ ਕੀਤੀਆਂ ਨਿਯੁਕਤੀਆਂ ਗੈਰ-ਸੰਵਿਧਾਨਕ : ਦੀਪ ਟਿਵਾਣਾ

**ਜੈਤੋ (ਸਤੀਸ਼ ਕੁਮਾਰ ਭੀਰੀ)**-ਅਕਸਰ ਹੀ ਵਿਵਾਦਾਂ ਵਿੱਚ ਰਹਿਣ ਦੇ ਆਦੀ ਮਨਜਿੰਦਰ ਸਿੰਘ ਧਾਲੀਵਾਲ ਉਰਫ਼ ਹੈਪੀ ਰੋਮਾਣਾ ਜੋ ਕਿ ਜੈਤੋ ਤੋਂ ਕਾਂਗਰਸ ਪਾਰਟੀ ਯੂਥ ਦੇ ਹਲਕਾ ਪ੍ਰਧਾਨ ਹਨ, ਵੱਲੋਂ ਜ਼ਿਲ੍ਹਾ ਇੰਚਾਰਜ ਨੂੰ ਬਿਨਾਂ ਭਰੋਸੇ ਵਿੱਚ ਲਏ ਅਨੇਕਾਂ ਵਰਕਰਾਂ ਨੂੰ ਪਾਰਟੀ ਦੇ ਅਹੁਦਿਆਂ ਦੀ ਵੰਡ ਕੀਤੀ ਗਈ।

ਇਸ ਸਬੰਧੀ ਸੋਸ਼ਲ ਮੀਡੀਆ 'ਤੇ ਵਾਇਰਲ ਹੋਏ ਸੰਦੇਸ਼ ਅਨੁਸਾਰ ਜ਼ਿਲ੍ਹਾ ਫਰੀਦਕੋਟ ਤੋਂ ਯੂਥ ਕਾਂਗਰਸ ਦੇ ਇੰਚਾਰਜ ਦੀਪ ਟੀਵਾਨਾ ਵੱਲੋਂ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਜੈਤੋ ਹਲਕੇ ਦੇ ਯੂਥ ਪ੍ਰਧਾਨ ਹੈਪੀ ਰੋਮਾਣਾ ਵੱਲੋਂ ਕੀਤੀਆਂ ਨਿਯੁਕਤੀਆਂ ਨੂੰ ਗੈਰ ਸੰਵਿਧਾਨਕ ਕਰਾਰ ਦਿੰਦੇ ਹੋਏ ਰੋਕ ਲਗਾ ਦਿੱਤੀ।

ਇਸ ਸਬੰਧੀ ਜਾਣਕਾਰੀ ਲੈਣ ਲਈ ਦੀਪ ਟੀਵਾਨਾ ਨੂੰ ਫੋਨ ਕੀਤਾ ਤਾਂ ਉਨ੍ਹਾਂ ਕਿਹਾ ਕਿ ਮਨਜਿੰਦਰ ਸਿੰਘ ਵੱਲੋਂ ਕੀਤੀਆਂ ਨਿਯੁਕਤੀਆਂ ਗੈਰ ਸੰਵਿਧਾਨਕ ਹੋਣ ਕਰਕੇ ਉਨ੍ਹਾਂ ਵੱਲੋਂ ਇਨ੍ਹਾਂ ਨਿਯੁਕਤੀਆਂ 'ਤੇ ਰੋਕ ਲਗਾ ਦਿੱਤੀ ਗਈ ਹੈ।

# ਮਿੱਤਲ ਗਰੁੱਪ ਨੇ ਟੂਲਿਪ ਸਟੇਡੀਅਮ 'ਚ ਅਜ਼ਾਦੀ ਦਿਵਸ ਮਨਾਇਆ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਮਿੱਤਲ ਗਰੁੱਪ ਬਠਿੰਡਾ ਵੱਲੋਂ ਸਥਾਨਕ ਟੂਲਿਪ ਖੇਡ ਸਟੇਡੀਅਮ ਵਿਖੇ 78ਵਾਂ ਅਜ਼ਾਦੀ ਦਿਹਾੜਾ ਧੂਮਧਾਮ ਤੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਮਿੱਤਲ ਗਰੁੱਪ ਆਫ਼ ਕੰਪਨੀਜ਼ ਦੇ ਮੈਨੇਜਿੰਗ ਡਾਇਰੈਕਟਰ ਰਾਜਿੰਦਰ ਮਿੱਤਲ ਵੱਲੋਂ ਤਿੰਰਗਾ ਝੰਡਾ ਲਿਹਰਾਇਆ ਗਿਆ ਤੇ ਅਜ਼ਾਦੀ ਦਿਹਾੜੇ ਦੀਆਂ ਇਕੱਤਰ ਲੋਕਾਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ।ਸਮਾਗਮ 'ਚ ਗਣਪਤੀ ਇਨਕਲੇਵ ਤੇ ਸ਼ੀਸ਼ ਮਹਿਲ ਦੇ ਵਾਸੀਆਂ ਤੋਂ ਇਲਾਵਾ ਸਮੂਹ ਸਟਾਫ਼ ਵੱਲੋਂ ਪ੍ਰੋਗਰਾਮ 'ਚ ਵਧ ਚੜ੍ਹ ਕੇ ਹਿੱਸਾ ਗਿਆ।ਇਸ ਮੌਕੇ ਨਰਾਇਣਾ ਸਕੂਲ ਦੇ ਵਿਦਿਆਰਥੀਆਂ ਵੱਲੋਂ ਵੀ ਦੇਸ਼ ਭਗਤੀ ਨਾਲ ਸਬੰਧਤ ਕੋਰੀਓਗ੍ਰਾਫੀ ਤੇ ਗੀਤਾਂ ਦੀ ਪੇਸ਼ਕਾਰੀ ਕੀਤੀ ਗਈ।ਇਸ ਮੌਕੇ ਛੋਟੇ ਵਿਦਿਆਰਥੀਆਂ ਦੇ ਪੇਂਟਿੰਗ ਮੁਕਾਬਲੇ ਵੀ ਕਰਵਾਏ ਗਏ।ਟੂਲਿਪ ਸਟੇਡੀਅਮ ਵਿਖੇ ਹੋਏ ਸਮਾਗਮ 'ਚ ਤਿਰੰਗਾ ਝੰਡਾ ਲਹਿਰਾਉਣ ਉਪਰੰਤ ਐੱਮ ਡੀ ਰਾਜਿੰਦਰ ਮਿੱਤਲ ਨੇ ਜਿੱਥੇ ਇਕੱਤਰ ਲੋਕਾਂ ਨੂੰ ਅਜ਼ਾਦੀ ਦਿਹਾੜੇ ਦੀ ਵਧਾਈ ਦਿੱਤੀ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਬੈਂਡ ਵੱਲੋਂ ਵੀ ਆਪਣੀ ਪੇਸ਼ਕਾਰੀ ਕੀਤੀ ਗਈ।ਪ੍ਰੋਗਰਾਮ ਦੌਰਾਨ ਨਰਾਇਣਾ ਸਕੂਲ ਦੇ ਵਿਦਿਆਰਥੀਆਂ ਨੇ ਦੇਸ਼ ਭਗਤੀ ਦੇ ਗੀਤਾਂ ਦੇ ਇਕ ਵਿਸ਼ੇਸ਼ ਕੋਰੀਓਗ੍ਰਾਫੀ ਦੀ ਪੇਸ਼ਕਾਰੀ ਕੀਤੀ, ਜਿਸ ਨੂੰ ਇਕੱਤਰ ਲੋਕਾਂ ਵੱਲੋਂ ਕਾਫੀ ਸਲਾਹਿਆ ਗਿਆ।ਇਸ ਮੌਕੇ ਅਲੱਗ ਤੋਂ ਛੋਟੇ ਬੱਚਿਆਂ ਦਾ ਇਕ ਪੇਂਟਿੰਗ ਮੁਕਾਬਲਾ ਕਰਵਾਇਆ ਗਿਆ। ਇਨ੍ਹਾਂ ਸਾਰੇ ਮੁਕਾਬਲਿਆਂ ਤੇ ਹੋਰ ਰੰਗਾਰੰਗ ਪ੍ਰੋਗਰਾਮ 'ਚ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਮੈਨੇਜਿੰਗ ਡਾਇਰੈਕਟਰ ਰਾਜਿੰਦਰ ਮਿੱਤਲ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਟੂਲਿਪ ਕਲੱਬ ਦੇ ਜਨਰਲ ਸਕੱਤਰ ਐਡਵੋਕੇਟ ਜੈਦੀਪ ਨਾਇਅਰ ਨੇ ਸਮਾਗਮ 'ਚ ਹਿੱਸਾ ਲੈਣ ਲਈ ਪਹੁੰਚੇ ਲੋਕਾਂ ਦਾ ਧੰਨਵਾਦ ਕੀਤਾ।ਪ੍ਰੋਗਰਾਮ 'ਚ ਜੀ ਐੱਮ ਤਰੁਣ ਬਹਿਲ, ਸੀਨੀਅਰ ਜੀ ਐੱਮ ਐੱਸ ਐੱਸ ਸੰਧੂ, ਡੀ ਜੀ ਐੱਮ ਦਾਨਿਸ਼ ਚੌਧਰੀ, ਸੁਖਵਿੰਦਰ ਸਿੰਘ ਜੱਗੀ, ਕਲੱਬ ਮੈਨੇਜਰ ਬਿਕਰਮ ਸਿੰਘ ਢਿੱਲੋਂ ਤੋਂ ਇਲਾਵਾ ਹੋਰ ਅਧਿਕਾਰੀ ਹਾਜ਼ਰ ਸਨ।

# ਸੰਸਾਰ ਦਾ ਹਰ ਕੋਨਾ ਅਮਨ, ਪਿਆਰ, ਸ਼ਾਂਤੀ ਤੇ ਅਸਲ ਅਜ਼ਾਦੀ ਚਾਹੁੰਦਾ : ਸਰਬਜੀਤ ਖੋਸਾ




**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਇਸਤਰੀ ਜ਼ਿਲ੍ਹਾ ਮੋਗਾ ਵੱਲੋਂ ਅਜ਼ਾਦੀ ਦਿਨ 'ਤੇ ਸਰਬਜੀਤ ਕੌਰ ਮਹੇਸਰੀ, ਅਮਨਦੀਪ ਕੌਰ, ਰਵਿੰਦਰ ਕੌਰ ਦੀ ਅਗਵਾਈ 'ਚ ਜਨਰਲ ਬਾਡੀ ਮੀਟਿੰਗ ਕੀਤੀ ਗਈ। ਇਸ ਸਮੇਂ ਮੋਗਾ ਜ਼ਿਲ੍ਹੇ ਦੇ ਮੌਜੂਦਾ ਪ੍ਰਧਾਨ ਸਰਬਜੀਤ ਖੋਸਾ ਤੇ ਜ਼ਿਲ੍ਹਾ ਸਕੱਤਰ ਕਰਮਵੀਰ ਬੱਧਨੀ ਨੇ ਸੰਬੋਧਨ ਕੀਤਾ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਸਰਬਜੀਤ ਖੋਸਾ ਨੇ ਕਿਹਾ ਕਿ ਅੱਜ ਅਸੀਂ ਅਜ਼ਾਦੀ ਦਿਹਾੜਾ ਮਨਾ ਰਹੇ ਹਾਂ, ਪਰ ਅਜ਼ਾਦੀ ਦੇ ਇੰਨੇ ਸਾਲਾਂ ਦੇ ਬੀਤ ਜਾਣ ਦੇ ਬਾਅਦ ਵੀ ਅਸੀਂ ਗੁਲਾਮੀ ਨਾਲ ਜੂਝ ਰਹੇ ਹਾਂ। ਇੱਕ ਪਾਸੇ ਅਸੀਂ ਅਜ਼ਾਦੀ ਤੇ ਵਿਕਾਸ ਦੀਆਂ ਗੱਲਾਂ ਕਰ ਰਹੇ ਹਾਂ ਉਥੇ ਦੂਜੇ ਪਾਸੇ ਵੱਡੀ ਗਿਣਤੀ 'ਚ ਅਜਿਹੇ ਹਨ, ਜਿਨ੍ਹਾਂ ਨੂੰ ਦੋ ਵਕਤ ਦੀ ਰੋਟੀ ਤੱਕ ਨਸੀਬ ਨਹੀਂ ਹੁੰਦੀ। ਹਰ ਸਾਲ ਦੇਸ਼ ਦਾ ਝੰਡਾ ਲਹਿਰਾਉਂਦੇ ਲੀਡਰ ਝੂਠੀ ਅਜ਼ਾਦੀ ਦਾ ਡੰਕਾ ਵਜਾਉਂਦੇ ਹਨ, ਪਰ ਅਸਲ ਅਜ਼ਾਦੀ ਤਾਂ ਲੋਕਾਂ ਦੇ ਉਦਾਸ ਚਿਹਰਿਆਂ ਤੋਂ ਦੇਖੀ ਜਾਂ ਸਕਦੀ ਹੈ। ਇਸ ਸਮੇਂ ਜ਼ਿਲ੍ਹਾ ਸਕੱਤਰ ਕਰਮਵੀਰ ਬੱਧਨੀ ਨੇ ਕਿਹਾ ਕਿ ਕਲਕੱਤਾ ਵਿੱਚ ਇੱਕ ਡਾਕਟਰ ਕੁੜੀ ਦਾ ਬਲਾਤਕਾਰ ਹੋ ਜਾਣਾ ਇੱਕ ਸ਼ਰਮਨਾਕ ਗੱਲ ਹੈ ਤੇ ਪ੍ਰਸ਼ਾਸਨ ਇਸ ਨੂੰ ਆਤਮ ਹੱਤਿਆ ਦੱਸ ਕੇ ਉਸ ਦਾ ਮਜ਼ਾਕ ਬਣਾ ਰਿਹਾ ਹੈ। ਅਸੀਂ ਇਸਤਰੀ ਸਭਾ ਵੱਲੋਂ ਡਾਕਟਰ ਲਈ ਇੰਨਸਾਫ ਦੀ ਮੰਗ ਕਰਦੇ ਹੋਏ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੇ ਜਾਣ ਦੀ ਮੰਗ ਕਰਦੇ ਹਾਂ। ਉਨ੍ਹਾਂ ਅਜ਼ਾਦੀ ਦੇ ਦਿਨ 'ਤੇ ਕਿਹਾ ਕਿ ਫਲਸਤੀਨ ਜਿਨ੍ਹਾਂ ਹਲਾਤਾਂ ਵਿੱਚੋਂ ਦੀ ਗੁਜ਼ਰ ਰਿਹਾ ਹੈ, ਉਹ ਬਹੁਤ ਹੀ ਦਰਦਨਾਕ ਹਨ। ਮਾਸੂਮਾਂ ਦਾ ਕਤਲੇਆਮ ਦੇਖ ਕੇ ਹਰ ਕਿਸੇ ਦੇ ਹਿਰਦੇ ਵਲੂੰਧਰੇ ਜਾ ਰਹੇ ਹਨ। ਹਰ ਕੋਈ ਸੰਸਾਰ ਵਿੱਚ ਸ਼ਾਂਤੀ, ਅਮਨ ਤੇ ਪਿਆਰ ਚਹੁੰਦਾ ਹੈ। ਅਮਰੀਕਾ ਤੇ ਉਸ ਦੀਆਂ ਭਾਈਵਾਲ ਤਾਕਤਾਂ ਫਲਸਤੀਨ ਨੂੰ ਤਬਾਹ ਕਰਨ 'ਤੇ ਲੱਗੀਆਂ ਹੋਈਆਂ ਹਨ। ਸੰਸਾਰ ਦੇ ਸਾਰੇ ਲੋਕ ਜੰਗ ਨਹੀਂ, ਅਮਨ ਚਹੁੰਦੇ ਹਨ ਇਸੇ ਲਈ ਅੱਜ ਵੱਡੀ ਗਿਣਤੀ 'ਚ ਇਕੱਠੀਆਂ ਹੋਈਆਂ ਮਾਵਾਂ ਨੇ ਜਿੱਥੇ ਅਜਿਹੀਆਂ ਸੰਸਾਰਕ ਜੰਗਾਂ ਨਾ ਹੋਣ ਦੀ ਕਾਮਨਾ ਕੀਤੀ, ਉਥੇ ਨਾਲ ਹੀ ਹੱਥਾਂ 'ਚ ਫੁੱਲ ਫੜ ਫਲਸਤੀਨ ਲਈ ਅਮਨ ਤੇ ਪਿਆਰ ਦੀ ਮੰਗ ਕੀਤੀ। ਇਸ ਸਮੇਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਸੂਬਾ ਸਕੱਤਰ ਜਗਸੀਰ ਖੋਸਾ, ਸਰਬ ਭਾਰਤ ਨੌਜਵਾਨ ਸਭਾ ਦੇ ਆਗੂ ਰਾਜੂ ਮਹੇਸਰੀ, ਜਬਰਜੰਗ ਸਿੰਘ ਤੇ ਹਰਜੀਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਨ੍ਹਾਂ ਤੋਂ ਬਿਨਾਂ ਕੁਲਵੰਤ ਕੌਰ, ਬਲਵੀਰ ਕੌਰ, ਭਰਪੂਰ ਕੌਰ, ਸੋਨੀਆ ਰਾਣੀ, ਤੇਜ ਕੌਰ, ਅਮਰਜੀਤ ਕੌਰ ਆਦਿ ਔਰਤ ਆਗੂ ਹਾਜ਼ਰ ਸਨ।

# ਸ਼ਾਂਤੀ ਵਿੱਦਿਆ ਮੰਦਰ 'ਚ ਆਜ਼ਾਦੀ ਦਿਵਸ ਤੇ ਤੀਆਂ ਦਾ ਤਿਉਹਾਰ ਮਨਾਇਆ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਸ਼ਾਂਤੀ ਵਿੱਦਿਆ ਮੰਦਰ ਵਿਖੇ ਦੇਸ਼ ਦਾ 78ਵਾਂ ਸੁਤੰਤਰਤਾ ਦਿਵਸ ਤੇ ਤੀਆਂ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ, ਜਿਸ ਵਿੱਚ ਜੋਨਸ ਡਿਵੈਲਪਮੈਂਟ (ਆਈਡੀਈਐੱਸ) ਫ਼ਿਰੋਜ਼ਪੁਰ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ।ਸਭ ਤੋਂ ਪਹਿਲਾਂ ਮੁੱਖ ਮਹਿਮਾਨ ਨੇ ਭਗਵਾਨ ਗਣੇਸ਼ ਤੇ ਮਾਤਾ ਸਰਸਵਤੀ ਦੇ ਸਾਹਮਣੇ ਦੀਵਾ ਜਗਾਇਆ।ਉਪਰੰਤ ਪ੍ਰੋਗਰਾਮ ਸ਼ੁਰੂ ਕੀਤਾ ਗਿਆ। ਮੁੱਖ ਮਹਿਮਾਨ ਦੇ ਸਵਾਗਤ ਲਈ ਸਕੂਲੀ ਵਿਦਿਆਰਥੀਆਂ ਨੇ ਸਵਾਗਤੀ ਗੀਤ ਗਾਇਆ ਤੇ ਭਾਰਤ ਮਾਤਾ ਦੀ ਸਰਵਉੱਚਤਾ ਨੂੰ ਦਰਸਾਉਂਦਾ ਡਾਂਸ ਪੇਸ਼ ਕੀਤਾ।ਇਸ ਤੋਂ ਇਲਾਵਾ ਛੋਟੇ ਵਿਦਿਆਰਥੀਆਂ ਨੇ ਗਰੁੱਪ ਡਾਂਸ ਪੇਸ਼ ਕੀਤਾ, ਜਿਸ ਵਿੱਚ ਵਿਦਿਆਰਥੀਆਂ ਨੇ ਦੇਸ਼ ਦੇ ਸ਼ਹੀਦਾਂ ਵੱਲੋਂ ਦੇਸ਼ ਦੀ ਆਜ਼ਾਦੀ ਲਈ ਕੀਤੇ ਗਏ ਸੰਘਰਸ਼ ਬਾਰੇ ਸਕਿੱਟ ਪੇਸ਼ ਕੀਤੀ ਅਤੇ ਤੀਆਂ ਦੇ ਤਿਉਹਾਰ ਮੌਕੇ ਪੰਜਾਬ ਦਾ ਲੋਕ ਨਾਚ ਗਿੱਧਾ ਤੇ ਭੰਗੜਾ ਵੀ ਪੇਸ਼ ਕੀਤਾ, ਜਿਸ ਦੀ ਮਹਿਮਾਨਾਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ।ਦੇਸ਼ ਦੇ ਨਾਇਕਾਂ 'ਤੇ ਸਕਿੱਟ ਸੁਣ ਕੇ ਸਾਰਿਆਂ ਦੀਆਂ ਅੱਖਾਂ 'ਚ ਹੰਝੂ ਆ ਗਏ।ਇਸ ਮੌਕੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਮੁੱਖ ਮਹਿਮਾਨ ਨੇ ਸਭ ਤੋਂ ਪਹਿਲਾਂ ਦੇਸ਼ ਦੀ ਆਜ਼ਾਦੀ ਦੀ 78ਵੀਂ ਵਰ੍ਹੇਗੰਢ 'ਤੇ ਸਾਰਿਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ ਤੇ ਆਜ਼ਾਦੀ ਦਿਵਸ ਦੇ ਵਿਸ਼ੇ 'ਤੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਇਹ ਉਹ ਦਿਨ ਹੈ, ਜਿਸ 'ਤੇ ਅਸੀਂ ਅਮਰ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ। ਆਓ ਅੱਜ ਪ੍ਰਣ ਕਰੀਏ ਕਿ ਅਸੀਂ ਆਪਣੇ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਕਾਇਮ ਰੱਖਾਂਗੇ।ਸਕੂਲ ਦੀ ਪ੍ਰਿੰਸੀਪਲ ਰਜਨੀ ਮਡਾਹਰ ਨੇ ਵਿਚਾਰ ਪੇਸ਼ ਕਰਦੇ ਹੋਏ ਸਭ ਨੂੰ ਆਜ਼ਾਦੀ ਦਿਵਸ ਦੀ ਵਧਾਈ ਦਿੱਤੀ।ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਸਾਨੂੰ ਇਹ ਆਜ਼ਾਦੀ ਬਹੁਤ ਸੰਘਰਸ਼ਾਂ ਤੋਂ ਬਾਅਦ ਮਿਲੀ ਹੈ, ਇਸ ਨੂੰ ਬਰਕਰਾਰ ਰੱਖਣ ਲਈ ਸਾਨੂੰ ਇਕਜੁੱਟ ਰਹਿਣਾ ਹੋਵੇਗਾ।

ਉਨ੍ਹਾਂ ਨੇ ਵਿਦਿਆਰਥੀਆਂ ਨੂੰ ਤਿਰੰਗੇ ਦੇ ਤਿੰਨ ਰੰਗਾਂ ਦੀਆਂ ਵਿਸ਼ੇਸ਼ਤਾਵਾਂ ਬਾਰੇ ਵੀ ਦੱਸਿਆ।ਉਨ੍ਹਾਂ ਕਿਹਾ ਕਿ ਜੇਕਰ ਅਸੀਂ ਸਾਰੇ ਦੇਸ਼ ਭਗਤੀ ਦੀ ਭਾਵਨਾ ਰੱਖਦੇ ਹਾਂ ਤਾਂ ਸਾਡੇ ਦੇਸ਼ ਨੂੰ ਅੱਗੇ ਵਧਣ ਤੋਂ ਕੋਈ ਨਹੀਂ ਰੋਕ ਸਕੇਗਾ।ਪ੍ਰੋਗਰਾਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਕੀਤੀ ਗਈ। ਮੈਨੇਜਿੰਗ ਕਮੇਟੀ ਮੈਂਬਰ ਤੇ ਸਕੂਲ ਦੀ ਪ੍ਰਿੰਸੀਪਲ ਰਜਨੀ ਮਡਾਹਰ ਨੇ ਆਏ ਹੋਏ ਮੁੱਖ ਮਹਿਮਾਨ ਦਾ ਧੰਨਵਾਦ ਕੀਤਾ ਤੇ ਯਾਦਗਾਰੀ ਚਿੰਨ੍ਹ ਭੇਟ ਕੀਤਾ।

# ਛੋਟੇ ਮੁਲਾਜ਼ਮਾਂ ਦੀ ਹਾਲਤ ਬਦ ਤੋਂ ਬਦਤਰ ਹੋਈ : ਇਕਬਾਲ ਢੁੱਡੀ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**

ਅਣਗਿਣਤ ਸ਼ਹੀਦਾਂ ਦੀਆਂ ਕੁਰਬਾਨੀਆਂ ਦੇ ਕੇ ਹਾਸਲ ਕੀਤੀ ਅਜ਼ਾਦੀ ਨੂੰ ਮੁੱਠੀ ਭਰ ਕਾਰਪੋਰੇਟ ਘਰਾਣਿਆਂ ਨੇ ਆਪਣੀ ਦਾਸੀ ਬਣਾ ਲਿਆ ਹੈ, ਜਿਸ ਕਾਰਨ ਅਜ਼ਾਦੀ ਦੇ 77 ਸਾਲ ਬੀਤ ਜਾਣ ਦੇ ਬਾਅਦ ਵੀ ਦੇਸ਼ ਦੇ ਮਿਹਨਤਕਸ਼ ਮਜ਼ਦੂਰ, ਕਿਸਾਨ ਤੇ ਛੋਟੇ ਮੁਲਾਜ਼ਮ ਗੁਲਾਮੀ ਵਰਗੀ ਜੂਨ ਹੰਢਾਉਣ ਲਈ ਮਜਬੂਰ ਹਨ।ਇਹ ਸ਼ਬਦ ਦਰਜਾ ਚਾਰ ਸਰਕਾਰੀ ਕਰਮਚਾਰੀ ਯੂਨੀਅਨ ਪੰਜਾਬ ਦੇ ਸੱਦੇ 'ਤੇ ਮਿੰਨੀ ਸਕੱਤਰੇਤ ਫਰੀਦਕੋਟ ਵਿਖੇ ਭੁੱਖ ਹੜਤਾਲ 'ਤੇ ਬੈਠੇ ਮੁਲਾਜ਼ਮਾਂ ਨੂੰ ਸੰਬੋਧਨ ਕਰਦੇ ਹੋਏ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਇਕਬਾਲ ਸਿੰਘ ਢੁੱਡੀ ਨੇ ਕਹੇ।ਧਰਨੇ ਨੂੰ ਜ਼ਿਲ੍ਹਾ ਸਕੱਤਰ ਬਲਕਾਰ ਸਿੰਘ ਸਹੋਤਾ, ਆਸ਼ਾ ਵਰਕਰ ਯੂਨੀਅਨ ਏਟਕ ਦੀ ਸੂਬਾ ਪ੍ਰਧਾਨ ਬੀਬੀ ਅਮਰਜੀਤ ਕੌਰ ਰਣ ਸਿੰਘ ਵਾਲਾ, ਸਿਵਲ ਹਸਪਤਾਲ ਦੇ ਮੁਲਾਜ਼ਮ ਆਗੂ ਸੁਖਵਿੰਦਰ ਸਿੰਘ, ਭਰਾਤਰੀ ਜਥੇਬੰਦੀਆਂ ਵੱਲੋਂ ਕਿਸਾਨ ਆਗੂ ਤੂੰਬੜਭੰਨ ਤੇ ਪੈਨਸ਼ਨਰ ਆਗੂ ਅਸ਼ੋਕ ਕੌਸ਼ਲ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਭਗਵੰਤ ਮਾਨ ਸਰਕਾਰ ਦੇ ਤਹਿਤ ਛੋਟੇ ਮੁਲਾਜ਼ਮਾਂ ਦੀ ਹਾਲਤ ਬਦ ਤੋਂ ਬਦਤਰ ਹੋ ਗਈ ਹੈ।ਹਜ਼ਾਰਾਂ ਮੁਲਾਜ਼ਮਾਂ ਦਾ ਆਊਟਸੋਰਸ, ਠੇਕਾ ਤੇ ਵੱਖ-ਵੱਖ ਕੇਂਦਰੀ ਸਕੀਮਾਂ ਤਹਿਤ ਆਰਥਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ, ਜਦਕਿ ਉਨ੍ਹਾਂ ਨੂੰ ਪੱਕਾ ਕਰਕੇ ਘੱਟ ਤੋਂ ਘੱਟ ਉਜ਼ਰਤਾਂ ਦੇ ਘੇਰੇ ਵਿੱਚ ਲਿਆਉਣਾ ਚਾਹੀਦਾ ਹੈ।ਮੋਦੀ ਸਰਕਾਰ ਦੇ ਦਬਾਅ ਹੇਠ ਪੰਜਾਬ ਸਰਕਾਰ ਪੁਰਾਣੀ ਪੈਨਸ਼ਨ ਬਹਾਲ ਕਰਨ ਤੋਂ ਟਾਲ ਮਟੋਲ ਕਰ ਰਹੀ ਹੈ।

ਕੇਂਦਰੀ ਪੈਟਰਨ ਤੇ ਮਹਿੰਗਾਈ ਭੱਤਾ ਦੇਣ ਦੇ 60 ਸਾਲ ਪੁਰਾਣੇ ਸਮਝੌਤੇ ਤੋਂ ਮਾਨ ਸਰਕਾਰ ਭਜ ਰਹੀ ਹੈ, ਜਿਸ ਦਾ ਸਬੂਤ ਹੈ ਕਿ ਸਰਕਾਰ ਮੁਲਾਜ਼ਮ ਵਰਗ ਦੀਆਂ ਤਿੰਨ ਕਿਸ਼ਤਾਂ ਦਬਾਅ ਕੇ ਬੈਠੀ ਹੈ।ਪੇਅ ਕਮਿਸ਼ਨ ਦਾ ਸਾਢੇ ਪੰਜ ਸਾਲ ਦਾ ਬਕਾਇਆ ਵੀ ਨਹੀਂ ਦਿੱਤਾ ਜਾ ਰਿਹਾ।ਮੁਲਾਜ਼ਮ ਆਗੂਆਂ ਨੇ ਕਿਹਾ ਕਿ ਸਰਕਾਰ ਨੇ ਉਨ੍ਹਾਂ ਨਾਲ ਖੁਦ ਤਹਿ ਕੀਤੀਆਂ ਮੀਟਿੰਗਾਂ ਵਾਰ ਵਾਰ ਮੁਲਤਵੀ ਕੀਤੀਆਂ ਹਨ, ਜਿਸ ਦੇ ਰੋਸ ਵਜੋਂ 18 ਅਗਸਤ ਨੂੰ ਬਰਨਾਲਾ ਵਿੱਚ ਜ਼ੋਨ ਪੱਧਰ ਦੀ ਵਿਸ਼ਾਲ ਰੈਲੀ ਕੀਤੀ ਜਾਵੇਗੀ।ਇਸ ਮੌਕੇ ਇਕਬਾਲ ਸਿੰਘ ਰਣ ਸਿੰਘ ਵਾਲਾ, ਫੈਸੀਲੀਟੇਟਰ ਯੂਨੀਅਨ ਆਗੂ ਬੀਬੀ ਗੁਰਮੀਤ ਕੌਰ, ਸ਼ਿਵਨਾਥ ਦਰਦੀ, ਰਮੇਸ਼ ਢੈਪਈ, ਰਣਜੀਤ ਸਿੰਘ, ਕੁਲਬੀਰ ਸਿੰਘ ਤੇ ਫੂਡ ਸਪਲਾਈ ਦੇ ਰਾਜਿੰਦਰਪਾਲ ਸਿੰਘ ਨੇ ਵੀ ਸੰਬੋਧਨ ਕੀਤਾ। ਡਿਪਟੀ ਕਮਿਸ਼ਨਰ ਫਰੀਦਕੋਟ ਨੂੰ ਮੁੱਖ ਮੰਤਰੀ ਪੰਜਾਬ ਦੇ ਨਾਂਅ ਇਕ ਮੰਗ ਪੱਤਰ ਸੌਂਪਿਆ ਗਿਆ।

18-AUG-PAGE-5.qxd 8/17/2024 11:11 PM Page 1



# ਨਰੇਗਾ ਕਾਮਿਆਂ ਨੂੰ ਜਥੇਬੰਦ ਹੋ ਕੇ ਕੇਂਦਰ ਤੇ ਪੰਜਾਬ ਸਰਕਾਰ ਦੇ ਜਬਰ ਦਾ ਟਾਕਰਾ ਕਰਨਾ ਪਵੇਗਾ : ਗਦਾਈਆ



**ਲੁਧਿਆਣਾ (ਐੱਮ. ਐੱਸ. ਭਾਟੀਆ)**

ਪੇਂਡੂ ਕਾਮਿਆਂ ਲਈ ਯੂ ਪੀ ਏ 1 ਸਰਕਾਰ ਵੱਲੋਂ 100 ਦਿਨ ਕੰਮ ਪ੍ਰਾਪਤੀ ਦਾ ਕਾਨੂੰਨ ਕਮਿਊਨਿਸਟ ਪਾਰਟੀਆਂ ਦੇ ਸਹਿਯੋਗ ਨਾਲ ਬਣਾਇਆ ਗਿਆ, ਇਸ ਦੀ ਮੂਲ ਭਾਵਨਾ ਸੀ ਕਿ ਪਿੰਡਾਂ ਵਿੱਚ ਕੰਮ ਨਾ ਹੋਣ ਕਾਰਨ, ਕਾਮਾ ਪਿੰਡ ਵਿੱਚ ਹੀ ਕੰਮ ਕਰਕੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਸਕੇ, ਨਰੇਗਾ 2005 ਦੇ ਤਹਿਤ ਕੰਮ ਚਾਹੁੰਣ ਵਾਲਾ ਪੇਂਡੂ ਕਾਮਾਂ ਪਿੰਡ ਦੇ ਸਰਪੰਚ ਜਾਂ ਪ੍ਰੋਗਰਾਮ ਅਫ਼ਸਰ ਬੀ ਡੀ ਪੀ ਓ ਤੋਂ ਕੰਮ ਪ੍ਰਾਪਤੀ ਲਈ ਅਰਜ਼ੀ ਦੇਵੇਗਾ, ਤੇ ਬੀ ਡੀ ਪੀ ਓ ਨੇ ਨਰੇਗਾ 2005 ਦੇ ਤਹਿਤ 15 ਦਿਨਾਂ ਬਾਅਦ ਕੰਮ ਦੇਣਾ ਹੈ, ਪਰ ਅਮਲ ਬਿਲਕੁਲ ਜ਼ੀਰੋ ਹੈ, ਇਸ ਨਰੇਗਾ ਨੂੰ ਪਾਰਦਰਸ਼ੀ ਢੰਗ ਨਾਲ਼ ਲਾਗੂ ਕਰਵਾਉਣ ਲਈ ਕਾਮਿਆਂ ਨੂੰ ਜਥੇਬੰਦ ਹੋ ਕੇ ਤਿੱਖਾ ਸੰਘਰਸ਼ ਕਰਨਾ ਪਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਦੇ ਸੂਬਾ ਪ੍ਰਧਾਨ ਕਾਮਰੇਡ ਕਸ਼ਮੀਰ ਸਿੰਘ ਗਦਾਈਆ ਨੇ ਲੁਧਿਆਣਾ ਦੇ ਨੇੜਲੇ ਪਿੰਡ ਮਨਸੂਰਾਂ ਵਿਖੇ ਨਰੇਗਾ ਕਾਮਿਆਂ ਦੇ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਨਰੇਗਾ 2005 ਨੂੰ ਲਾਗੂ ਕਰਨ ਲਈ ਸੁਹਿਰਦ ਨਹੀਂ ਹਨ, ਜਦੋਂ ਕਿ ਪੇਂਡੂ ਕਿਰਤੀਆਂ ਦੀ ਹਾਲਤ ਬਹੁਤ ਤਰਸਯੋਗ ਬਣੀ ਹੋਈ ਹੈ, ਨਰੇਗਾ ਕਾਮਿਆਂ ਵੱਲੋਂ ਕੰਮ ਮੰਗਣ ਦੀਆਂ ਅਰਜ਼ੀਆਂ ਦਰਜ ਨਹੀਂ ਕੀਤੀਆਂ ਜਾਂਦੀਆਂ, ਨਾ ਅਰਜ਼ੀ ਦੀ ਵਾਪਸੀ ਰਸੀਦ ਦਿੱਤੀ ਜਾਂਦੀ ਹੈ, ਜਿੰਨੇ ਦਿਨਾਂ ਦਾ ਕੰਮ ਮੰਗਿਆ ਜਾਂਦਾ ਹੈ, ਉਸ ਮੁਤਾਬਕ ਕੰਮ ਵੀ ਨਹੀਂ ਦਿੱਤਾ ਜਾਂਦਾ, ਅਰਜ਼ੀ ਦਰਜ ਕਾਮਿਆਂ ਨੂੰ ਕੰਮ ਨਾ ਦੇਣ 'ਤੇ ਬੇਰੁਜ਼ਗਾਰੀ ਭੱਤਾ ਨਹੀਂ ਦਿੱਤਾ ਜਾਂਦਾ। ਇਸ ਲਈ ਜਦੋਂ ਨਰੇਗਾ ਕਾਮਿਆਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਅੰਦਲੋਨ ਰਸਤਾ ਚੁਣਿਆ ਜਾਂਦਾ ਹੈ ਤਾਂ ਸਰਕਾਰ ਦੇ ਇਸ਼ਾਰੇ 'ਤੇ ਮੇਟਾਂ ਨੂੰ ਹਟਾ ਦੇਣ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ।ਬਹੁਤ ਸਾਰੇ ਮੇਟਾਂ ਨੂੰ ਨਰੇਗਾ 2005 ਦੀਆਂ ਧੱਜੀਆਂ ਉਡਾਉਂਦਿਆਂ ਗੈਰ ਜਮਹੂਰੀ ਤਰੀਕੇ ਨਾਲ ਹਟਾ ਦਿੱਤਾ ਜਾਂਦਾ ਹੈ।ਨਰੇਗਾ ਕਾਮਿਆਂ ਨਾਲ਼ ਉਦੋਂ ਹੋਰ ਧੱਕਾ ਕੀਤਾ ਜਾਂਦਾ ਹੈ, ਜਦੋਂ ਉਨ੍ਹਾਂ ਦਿਹਾੜੀ 322 ਰੁਪਏ ਦਿੱਤੀ ਜਾਂਦੀ ਹੈ, ਜੋ ਰੋਟੀ ਸਮੇਤ ਹੈ, ਬਿਨਾਂ ਰੋਟੀ ਤੋਂ ਕਾਮਿਆਂ ਦੀ ਦਿਹਾੜੀ 499 ਰੁਪਏ ਦੇਣੀ ਬਣਦੀ ਹੈ ਬਾਰੇ ਪੰਜਾਬ ਸਰਕਾਰ ਨੇ ਅਜੇ ਤੱਕ ਕੇਂਦਰ ਸਰਕਾਰ ਨੂੰ ਚਿੱਠੀ ਨਹੀਂ ਭੇਜੀ।ਇਸ ਸਮੇਂ ਇਕੱਠ ਨੂੰ ਸੰਬੋਧਨ ਕਰਦਿਆਂ ਏਟਕ ਪੰਜਾਬ ਦੇ ਆਗੂ ਮਨਿੰਦਰ ਸਿੰਘ ਭਾਟੀਆ ਤੇ ਕੁੱਲ ਪੰਜਾਬ ਕਿਸਾਨ ਸਭਾ ਦੇ ਆਗੂ ਚਮਕੌਰ ਸਿੰਘ ਬਰਮੀ, ਪੱਲੇਦਾਰਾਂ ਦੇ ਆਗੂ ਭਗਵਾਨ ਸਿੰਘ ਸੋਮਲਖੇੜੀ ਅਤੇ ਆਗੂ ਜੋਰਾ ਸਿੰਘ ਮਨਸੂਰਾਂ ਨੇ ਕਿਹਾ ਕਿ ਲੁਧਿਆਣਾ ਜ਼ਿਲ੍ਹੇ ਦੇ ਮਲੌਦ ਬਲਾਕ ਤੇ ਡੇਹਲੋਂ ਵਿੱਚ ਕੰਮ ਮੰਗਦੀਆਂ ਬੀਬੀਆਂ ਦੀਆਂ ਅਰਜ਼ੀਆਂ ਦਰਜ ਨਹੀਂ ਕੀਤੀਆਂ ਜਾਂਦੀਆਂ ਤੇ ਨਾ ਹੀ ਕਾਮਿਆਂ ਲਈ ਬੇਰੁਜ਼ਗਾਰੀ ਭੱਤੇ ਦਾ ਕੋਈ ਪ੍ਰਬੰਧ ਕੀਤਾ ਜਾਂਦਾ ਹੈ।ਇਸ ਸਮੇਂ ਕਾਮਿਆਂ ਨੇ ਸਰਬਸੰਮਤੀ ਨਾਲ 7 ਮੈਂਬਰੀ ਐਡਹਾਕ ਕਮੇਟੀ ਬਣਾਈ ਇਸ ਦਾ ਕਨਵੀਨਰ ਪ੍ਰਭਜੋਤ ਕੌਰ ਨੂੰ ਬਣਾਇਆ ਗਿਆ ਤੇ ਕਾ. ਜ਼ੋਰਾ ਸਿੰਘ ਇਸ ਕਮੇਟੀ ਦੇ ਕਨਵੀਨਰ ਹੋਣਗੇ।

## ਚੋਰਾਂ ਨੇ ਪ੍ਰਾਪਰਟੀ ਡੀਲਰ ਦੇ ਦਫ਼ਤਰ ਨੂੰ ਨਿਸ਼ਾਨਾ ਬਣਾਇਆ

**ਚੌਂਕੀਮਾਨ (ਬਲਬੀਰ ਮਾਨ)**-ਚੌਂਕੀਮਾਨ ਇਲਾਕੇ ਅੰਦਰ ਪਿਛਲੇ ਸਮੇਂ ਤੋਂ ਝਪਟਮਾਰਾਂ ਤੇ ਚੋਰੀਆਂ ਦੀ ਭਰਮਾਰ ਹੋਣ ਕਾਰਨ ਆਮ ਲੋਕਾਂ ਦੇ ਮਨਾਂ ਵਿੱਚ ਡਰ ਅਤੇ ਸਹਿਮ ਦਾ ਮਾਹੌਲ ਹੈ। ਔਰਤ ਸਵਾਰੀਆਂ ਨੂੰ ਵਰਗਲਾ ਕੇ ਅਗਵਾ ਕਰਕੇ ਲੁੱਟਣਾ, ਝਪਟਮਾਰਾਂ ਦੁਆਰਾ ਰਾਹਗੀਰਾਂ ਨੂੰ ਕੁੱਟਣ ਤੋਂ ਬਾਅਦ ਲੁੱਟਣਾ, ਰਾਤ ਬਰਾਤੇ ਬਜ਼ਾਰਾਂ ਵਿੱਚ ਦੁਕਾਨਾਂ ਦੇ ਜਿੰਦਰੇ ਤੋੜ ਕੇ ਕੀਮਤੀ ਸਮਾਨ ਲੁੱਟਣਾ ਆਦਿ ਇਹ ਵਰਤਾਰਾ ਆਮ ਜਿਹਾ ਹੋ ਗਿਆ ਲਗਦਾ ਹੈ। ਚੌਂਕੀਮਾਨ ਸਥਾਨ ਤੋਂ ਕਰੀਬ 20-22 ਪਿੰਡਾਂ ਤੋਂ ਲੋਕਾਂ ਦਾ ਰੋਜ਼ੀ ਰੋਟੀ ਤੇ ਆਪਣੇ ਕੰਮਾਂ ਕਾਰਾਂ ਦਾ ਰੁਝਾਨ ਬਣਿਆ ਹੋਇਆ ਹੈ। ਸਵੇਰੇ ਚਾਰ ਵਜੇ ਤੋਂ ਲੈਕੇ ਰਾਤ ਗਿਆਰਾਂ ਵਜੇ ਤੱਕ ਇਨ੍ਹਾਂ ਯਾਤਰੀਆਂ ਦਾ ਆਉਣ ਜਾਣ ਬਣਿਆ ਰਹਿੰਦਾ ਹੈ। ਇਹ ਸ਼ਰਾਰਤੀ ਅਨਸਰ ਜ਼ਿਆਦਾਤਰ ਸਵੇਰੇ ਜਾਂ ਸ਼ਾਮ ਨੂੰ ਵਾਰਦਾਤਾਂ ਨੂੰ ਅੰਜਾਮ ਦਿੰਦੇ ਹਨ। ਪਿਛਲੇ ਦਿਨੀਂ ਹੀ ਚੌਂਕੀਮਾਨ ਅੱਡੇ 'ਤੇ ਕਰਿਆਨੇ ਦੀ ਦੁਕਾਨ ਅੰਦਰ ਚੋਰੀ ਦੀ ਘਟਨਾ ਵਾਪਰ ਚੁੱਕੀ ਹੈ। ਪਿਛਲੇ ਦਿਨੀਂ ਬਹੁਤ ਸਾਰੇ ਟਿਊਬਵੈਲਾਂ ਦੀਆਂ ਕੀਮਤੀ ਤਾਰਾਂ ਚੋਰੀ ਹੋ ਗਈਆਂ। ਸਵੱਦੀ ਕਲਾਂ ਵਿਖੇ ਵੀ ਬਜ਼ਾਰ ਅਤੇ ਦਾਨਾ ਮੰਡੀ ਅੰਦਰ ਆੜ੍ਹਤੀਆਂ ਦੀਆਂ ਦੁਕਾਨਾਂ ਵਿੱਚੋਂ ਜਿੰਦੇ ਤੋੜ ਕੇ ਕੀਮਤੀ ਸਮਾਨ ਲੁੱਟ ਲਿਆ ਗਿਆ। ਹਰ ਪਿੰਡ ਵਿੱਚ ਗਲੀ ਮੁਹੱਲੇ ਦੇ ਮੋੜਾਂ ਤੇ ਲੱਗੇ ਕੈਮਰਿਆਂ ਤੋਂ ਬੇਖੌਫ ਇਹ ਲੋਕ ਆਪਣੇ ਕਾਰਨਾਮੇ ਕਰਕੇ ਚਲਦੇ ਬਣਦੇ ਹਨ। ਪੁਲਸ ਤੋਂ ਸੁਰੱਖਿਆ ਦੀ ਉਡੀਕ ਕਰਦਿਆਂ ਲੋਕਾਂ ਨੂੰ ਆਪਣੀ ਰਾਖੀ ਆਪ ਕਰਨ ਦਾ ਫ਼ਰਮਾਨ ਮਿਲ ਜਾਂਦਾ ਹੈ। ਸਟਾਫ਼ ਦੀ ਘਾਟ ਦੇ ਬਹਾਨੇ ਬਣਾਏ ਜਾਂਦੇ ਹਨ, ਜਦੋਂ ਕਿ ਰਾਜਨੀਤਕ ਲੋਕਾਂ ਦੇ ਆਉਣ ਸਮੇਂ ਹਰ ਮੋੜ ਤੇ ਤਲਾਸ਼ੀਆਂ ਲੈਣ ਲਈ ਨਫ਼ਰੀ ਪਤਾ ਨੀ ਕਿੱਥੋਂ ਆ ਜਾਂਦੀ ਹੈ ? ਅੱਜ ਫੇਰ ਚੌਂਕੀਮਾਨ ਦੇ ਮੁੱਖ ਅੱਡੇ ਤੇ ਲੋਕਾਂ ਤੇ ਪੁਲਸ ਪ੍ਰਸ਼ਾਸਨ ਦਾ ਮੂੰਹ ਚਿੜਾਉਂਦਿਆਂ ਦੁਕਾਨਾਂ ਦੇ ਜਿੰਦਰੇ ਟੋਹਦਿਆਂ ਇਨ੍ਹਾਂ ਸ਼ਰਾਰਤੀ ਅਨਸਰਾਂ ਨੇ ਮਾਨ ਪ੍ਰਾਪਰਟੀ ਡੀਲਰ ਦੇ ਦਫ਼ਤਰ ਦੇ ਜਿੰਦਰੇ ਤੋੜਕੇ ਫਰੋਲਾ ਫਰਾਲੀ ਕੀਤੀ। ਇਲਾਕੇ ਦੇ ਲੋਕਾਂ ਦੀ ਪੁਲਸ ਅਤੇ ਸਿਵਲ ਪ੍ਰਸ਼ਾਸਨ ਤੋਂ ਮੰਗ ਹੈ ਕਿ ਉਨ੍ਹਾਂ ਦੇ ਜਾਨ ਮਾਲ ਦੀ ਰਾਖੀ ਲਈ ਯੋਗ ਪ੍ਰਬੰਧ ਕਰਕੇ ਰਾਤ ਨੂੰ ਦਸ ਵਜੇ ਤੋਂ ਸਵੇਰੇ ਚਾਰ ਵਜੇ ਤੱਕ ਗਸ਼ਤ ਵਧਾ ਕੇ ਇਨ੍ਹਾਂ ਲੁਟੇਰਿਆਂ, ਝਪਟਮਾਰਾਂ ਤੇ ਹੋਰ ਸ਼ਰਾਰਤੀ ਅਨਸਰਾਂ ਨੂੰ ਨੱਥ ਪਾ ਕੇ ਆਮ ਲੋਕਾਂ ਦੇ ਜਾਨ ਅਤੇ ਮਾਲ ਦੀ ਰਾਖੀ ਕੀਤੀ ਜਾਵੇ।

### ਭੋਗ 'ਤੇ ਵਿਸ਼ੇਸ਼

## ਸਾਦਗੀ ਦੇ ਪੁੰਜ ਸਨ ਕਾਮਰੇਡ ਨਿਹਾਲ ਸਿੰਘ ਮਾਨਸਾ



ਸਾਦਗੀ ਦੇ ਪੁੰਜ ਬੇਦਾਗ ਤੇ ਨਿਸ਼ਕਾਮ ਸੇਵਾਵਾਂ ਦੀ ਪ੍ਰਤੀਕ ਸ਼ਖ਼ਸੀਅਤ ਉੱਘੇ ਕਮਿਊਨਿਸਟ ਤੇ ਕਿਸਾਨ ਆਗੂ ਕਾ. ਨਿਹਾਲ ਸਿੰਘ ਮਾਨਸਾ (87) ਪਾਰਟੀ ਸਫਾ, ਜਨਤਕ ਖੇਤਰ ਤੇ ਭਾਈਵਾਲ ਧਿਰਾਂ ਵਿੱਚ ਸਤਿਕਾਰ ਵਜੋਂ ਜਾਣੇ ਜਾਂਦੇ ਸਨ।ਉਨ੍ਹਾਂ ਦਾ ਜੱਦੀ ਪਿੰਡ ਬੱਪੀਆਣਾ ਪਾਰਟੀ ਦਾ ਗੜ੍ਹ ਤੇ ਮਾਨਸਾ ਸਮੇਤ ਬਠਿੰਡਾ ਜ਼ਿਲ੍ਹਾ ਮਿੰਨੀ ਮਾਸਕੋ ਕਰਕੇ ਜਾਣਿਆ ਜਾਂਦਾ ਰਿਹਾ ਹੈ।ਪੰਜਾਬ ਅੰਦਰ ਮੁਜ਼ਾਰਿਆਂ ਨੂੰ ਜ਼ਮੀਨਾਂ ਦੇ ਮਾਲਕ ਬਣਾਉਣ ਲਈ ਕਾਮਰੇਡ ਤੇਜਾ ਸਿੰਘ ਸੁਤੰਤਰ, ਕਾਮਰੇਡ ਜੰਗੀਰ ਸਿੰਘ ਜੋਗਾ, ਕਾਮਰੇਡ ਧਰਮ ਸਿੰਘ ਫੱਕਰ ਆਦਿ ਆਗੂਆਂ ਦੀ ਅਗਵਾਈ ਹੇਠ ਲੜੇ ਗਈ ਮੁਜ਼ਾਰਾ ਲਹਿਰ ਤੇ ਸੁਤੰਤਰ ਸੰਗਰਾਮੀਏ ਅਤੇ ਅਜ਼ਾਦੀ ਘੁਲਾਟੀਏ ਇਸ ਇਲਾਕੇ ਦੀ ਵੱਡੀ ਦੇਣ ਸੀ, ਜਿਸ ਕਰਕੇ ਇਨ੍ਹਾਂ ਦੇ ਪਰਿਵਾਰ 'ਤੇ ਵੀ ਪਾਰਟੀ ਦਾ ਪ੍ਰਭਾਵ ਹੋਣਾ ਸੁਭਾਵਿਕ ਹੀ ਸੀ।

ਪਿਤਾ ਸ੍ਰ. ਅਰਜਨ ਸਿੰਘ ਦੇ ਘਰ ਅਤੇ ਮਾਤਾ ਚੰਦ ਕੌਰ ਦੀ ਕੁੱਖੋਂ 1938 ਵਿੱਚ ਜਨਮ ਲੈਣ ਵਾਲੇ ਸਾਥੀ ਦਾ ਪਰਿਵਾਰ ਮਿਹਨਤੀ ਤੇ ਕਿਸਾਨੀ ਦੇ ਕਿਤੇ ਨਾਲ ਜੁੜਿਆ ਹੋਇਆ ਸੀ।ਉਨ੍ਹਾਂ ਨੇ ਮੁੱਢਲੀ ਸਿੱਖਿਆ ਪਿੰਡ ਦੇ ਹੀ ਸਰਕਾਰੀ ਪ੍ਰਾਇਮਰੀ ਸਕੂਲ ਤੇ ਦਸਵੀਂ ਤੱਕ ਦੀ ਪੜ੍ਹਾਈ ਖਾਲਸਾ ਹਾਈ ਸਕੂਲ ਮਾਨਸਾ ਤੋਂ ਪ੍ਰਾਪਤ ਕੀਤੀ।1960 ਵਿਆਂ 'ਚ ਪਟਵਾਰੀ ਦੀ ਨੌਕਰੀ ਭਲਾਈਆਣੇ ਜ਼ਿਲ੍ਹਾ ਫਰੀਦਕੋਟ ਤੋਂ ਸ਼ੁਰੂ ਕੀਤੀ, ਸਰਕਾਰ ਦੇ ਗਲਤ ਫੈਸਲਿਆਂ ਤੇ ਜਥੇਬੰਦੀ ਦੀ ਬਿਹਤਰੀ ਲਈ ਕੀਤੇ ਸੰਘਰਸ਼ ਕਰਕੇ ਕੇਵਲ ਦੋ ਸਾਲ ਬਾਅਦ ਨੌਕਰੀ ਛੱਡਣੀ ਪਈ ਤੇ ਵਾਪਸ ਪਿੰਡ ਬੱਪੀਆਣਾ ਆਉਣਾ ਪਿਆ।

1962 ਦੇ ਸਮੇਂ ਆਪਣੇ ਪਿੰਡ ਇਕਾਈ ਦੇ ਆਗੂਆਂ ਦੀ ਪ੍ਰੇਰਨਾ ਤੇ ਅਗਵਾਈ ਸਦਕਾ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਲਈ ਤੇ ਪਾਰਟੀ ਦੇ ਸ਼ਹਿਰੀ ਸਕੱਤਰ, ਜ਼ਿਲ੍ਹਾ ਕੌਂਸਲ ਮੈਂਬਰ ਤੇ ਲੰਮਾਂ ਸਮਾਂ ਸੂਬਾ ਕੌਂਸਲ ਦੇ ਮੈਂਬਰ ਰਹਿ ਕੇ ਲੋਕ ਘੋਲਾਂ ਦੀ ਅਗਵਾਈ ਕੀਤੀ।ਪਾਰਟੀ ਦੇ ਜ਼ਿਲ੍ਹਾ ਸਹਾਇਕ ਸਕੱਤਰ ਤੇ ਕੁੱਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਤੇ ਸਕੱਤਰ ਹੁੰਦਿਆਂ ਕਿਸਾਨਾਂ ਮਜ਼ਦੂਰਾਂ ਲਈ ਸੰਘਰਸ਼ ਕੀਤਾ।

ਅੱਤਵਾਦ ਦੇ ਕਾਲੇ ਦੌਰਾਨ ਪਾਰਟੀ ਹੁਕਮਾਂ ਅਨੁਸਾਰ ਅੱਤਵਾਦ ਖਿਲਾਫ ਲੜੇ ਤੇ ਇਸੇ ਦੌਰ ਦੌਰਾਨ ਪਾਰਟੀ ਵੱਲੋਂ ਚੋਣ ਮੈਦਾਨ ਵਿੱਚ ਵੀ ਉਤਾਰੇ ਗਏ ਉਮੀਦਵਾਰਾਂ ਦੀ ਜਿੱਤ ਲਈ ਜੋਖਮ ਲੈ ਕੇ ਦਿਨ ਰਾਤ ਮਿਹਨਤ ਕੀਤੀ।ਸਾਥੀ ਨਿਹਾਲ ਸਿੰਘ ਮਾਨਸਾ ਜਿੱਥੇ ਪਾਰਟੀ ਲਈ ਇੱਕ ਅਡੋਲ ਤੇ ਸਿੱਦਕੀ ਆਗੂ ਸਾਬਿਤ ਹੋਏ, ਉਥੇ ਪਰਿਵਾਰ ਪ੍ਰਤੀ ਵੀ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਈ।ਪਰਿਵਾਰਕ ਮੈਂਬਰਾਂ 'ਚ ਦੋ ਬੇਟੇ ਸੁਖਵਿੰਦਰ ਸਿੰਘ ਤੇ ਰਜਿੰਦਰ ਸਿੰਘ, ਜੋ ਕਿ ਸਫਲ ਕਿਸਾਨ ਹਨ।ਦੋ ਬੇਟੀਆਂ ਮਨਜੀਤ ਕੌਰ ਤੇ ਦਲਜੀਤ ਕੌਰ ਆਪਣੇ ਸ਼ਾਦੀ ਸ਼ੁਦਾ ਹਨ ਤੇ ਆਪੋ ਆਪਣੇ ਪਰਿਵਾਰ ਪੂਰੀ ਤਰ੍ਹਾਂ ਖੁਸ਼ਹਾਲ ਤੇ ਵਧੀਆ ਜੀਵਨ ਬਸਰ ਕਰ ਰਹੀਆਂ ਹਨ।ਕਰੀਬ 86/87 ਸਾਲ ਦੀ ਉਮਰ ਵਿੱਚ ਸੰਖੇਪ ਬਿਮਾਰੀ ਕਰਕੇ ਮਿਤੀ 10/8/24 ਦੀ ਸਵੇਰ ਪਰਿਵਾਰ ਤੇ ਪਾਰਟੀ ਨੂੰ ਸਦਾ ਲਈ ਅਲਵਿਦਾ ਕਹਿ ਗਏ।ਉਨ੍ਹਾਂ ਨਮਿੱਤ ਸ਼ਰਧਾਂਜਲੀ ਸਮਾਗਮ ਤੇ ਸ੍ਰੀ ਸਹਿਜ ਪਾਠ ਦੇ ਭੋਗ ਤੇ ਅੰਤਿਮ ਅਰਦਾਸ 18 ਅਗਸਤ ਐਤਵਾਰ ਨੂੰ ਬਾਅਦ ਦੁਪਹਿਰ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ (ਕਸੌਂਦਿਆਂ ਵਾਲ਼ਾ) ਗਲ਼ੀ ਨੰਬਰ 1 ਕਚਹਿਰੀ ਰੋਡ ਮਾਨਸਾ ਵਿਖੇ ਹੋਵੇਗਾ।ਇਸ ਮੌਕੇ ਧਾਰਮਿਕ, ਸਮਾਜਿਕ, ਜਨਤਕ ਤੇ ਰਾਜਨੀਤਕ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਣਗੀਆਂ।

*-ਕਾਮਰੇਡ ਕ੍ਰਿਸ਼ਨ ਸਿੰਘ ਚੌਹਾਨ*

### ਕਾਤਰਾਂ

## 2 ਚੋਰੀ ਦੇ ਮੋਬਾਇਲ ਸਮੇਤ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਅਮੀਰ ਖਾਸ ਦੀ ਪੁਲਸ ਵੱਲੋਂ ਚੋਰੀ ਦੇ 2 ਮੋਬਾਇਲ ਸਮੇਤ ਇਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਰਣਜੀਤ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਦੇ ਨਾਲ ਗਸ਼ਤ ਦੌਰਾਨ ਲਿੰਕ ਰੋਡ ਪਿੰਡ ਅਮੀਰ ਖਾਸ ਤੋਂ ਥਾਰਾ ਸਿੰਘ ਵਾਲਾ ਜਾ ਰਹੇ ਸੀ ਤਾਂ ਜਗਜੀਤ ਸਿੰਘ ਜੋ ਕਿ ਚੋਰੀ ਦੇ ਮੋਬਾਇਲ ਫੋਨ ਖਰੀਦਣ ਅਤੇ ਵੇਚਣ ਦਾ ਆਦੀ ਹੈ, ਜੋ ਅੱਜ ਵੀ ਚੋਰੀ ਦੇ ਮੋਬਾਇਲ ਸਮੇਤ ਥਾਰਾ ਸਿੰਘ ਵਾਲਾ ਤੋਂ ਲਿੰਕ ਰੋਡ ਅਮੀਰ ਖਾਸ ਵੱਲ ਆ ਰਿਹਾ ਸੀ, ਪੁਲਸ ਪਾਰਟੀ ਨੇ ਨਾਕਾਬੰਦੀ ਕਰਕੇ ਚੋਰੀ ਦੇ 2 ਮੋਬਾਇਲ ਸਮੇਤ ਜਗਜੀਤ ਸਿੰਘ ਪੁੱਤਰ ਜਸਪਾਲ ਸਿੰਘ ਵਾਸੀ ਸੁਖੇਰਾ ਬੋਦਲਾ ਨੂੰ ਕਾਬੂ ਕੀਤਾ ਗਿਆ ਹੈ। ਥਾਣਾ ਅਮੀਰ ਖਾਸ ਵਿਖੇ ਮੁਕੱਦਮਾ ਰਜਿਸਟਰ ਕੀਤਾ ਗਿਆ ਹੈ।

## ਰੇਲਵੇ ਸਟੇਸ਼ਨ ਤੋਂ ਮਿਲੀ ਅਣਪਛਾਤੀ ਲਾਸ਼



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜੀ ਆਰ ਪੀ ਨੂੰ ਫਤਿਹਗੜ੍ਹ ਸਾਹਿਬ ਦੇ ਰੇਲਵੇ ਸਟੇਸ਼ਨ ਦੇ ਪਲੇਟਫਾਰਮ ਤੋਂ ਇੱਕ ਨਾ-ਮਾਲੂਮ ਵਿਅਕਤੀ ਦੀ ਲਾਸ਼ ਮਿਲਣ ਦਾ ਸਮਾਚਾਰ ਹੈ। ਜੀ ਆਰ ਪੀ ਥਾਣਾ ਸਰਹੰਦ ਵਿਖੇ ਤਾਇਨਾਤ ਸਹਾਇਕ ਥਾਣੇਦਾਰ ਕਾਬਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਰੇਲਵੇ ਸਟੇਸ਼ਨ ਫਤਿਹਗੜ੍ਹ ਸਾਹਿਬ ਦੇ ਪਲੇਟਫਾਰਮ 'ਤੇ ਇੱਕ ਵਿਅਕਤੀ ਗੰਭੀਰ ਬੀਮਾਰ ਹਾਲਤ ਵਿੱਚ ਪਿਆ ਹੈ।ਉਕਤ ਨਾਮਾਲੂਮ ਵਿਅਕਤੀ ਨੂੰ 108 ਐਂਬੂਲੈਂਸ ਰਾਹੀਂ ਸਿਵਲ ਹਸਪਤਾਲ ਫਤਿਹਗੜ੍ਹ ਸਾਹਿਬ ਵਿਖੇ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਚੈੱਕ ਕਰਕੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ, ਜਿਸ ਦੀ ਲਾਸ਼ ਨੂੰ 72 ਘੰਟਿਆਂ ਲਈ ਸਿਵਲ ਹਸਪਤਾਲ ਫਤਿਹਗੜ੍ਹ ਸਾਹਿਬ ਦੀ ਮੋਰਚਰੀ ਵਿੱਚ ਰਖਵਾਇਆ ਗਿਆ ਹੈ।ਉਨ੍ਹਾਂ ਅਪੀਲ ਕੀਤੀ ਕਿ ਮ੍ਰਿਤਕ ਸਬੰਧੀ ਕਿਸੇ ਕੋਲ ਕੋਈ ਵੀ ਜਾਣਕਾਰੀ ਹੋਵੇ ਤਾਂ ਤੁਰੰਤ ਜੀ ਆਰ ਪੀ ਥਾਣਾ ਸਰਹੰਦ ਨੂੰ ਸੂਚਿਤ ਕੀਤਾ ਜਾਵੇ।

## ਰੱਖੜੀ ਵਾਲੇ ਦਿਨ 11 ਤੋਂ 5 ਵਜੇ ਤੱਕ ਖੁੱਲ੍ਹਣਗੇ ਸੇਵਾ ਕੇਂਦਰ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਡਿਪਟੀ ਕਮਿਸ਼ਨਰ ਸ੍ਰੀਮਤੀ ਪ੍ਰਨੀਤ ਸ਼ੇਰਗਿੱਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੇ ਪ੍ਰਸ਼ਾਸਨਕ ਸੁਧਾਰ ਤੇ ਲੋਕ ਸ਼ਿਕਾਇਤਾਂ ਸਬੰਧੀ ਵਿਭਾਗ ਵੱਲੋਂ ਕੀਤੇ ਗਏ ਫੈਸਲੇ ਅਨੁਸਾਰ 19 ਅਗਸਤ ਰੱਖੜੀ ਵਾਲੇ ਦਿਨ ਸੇਵਾ ਕੇਂਦਰ ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤੱਕ ਖੁੱਲ੍ਹੇ ਰਹਿਣਗੇ।ਉਨ੍ਹਾਂ ਦੱਸਿਆ ਕਿ ਆਮ ਲੋਕਾਂ ਦੀ ਸਹੂਲਤ ਲਈ ਸਰਕਾਰ ਦੇ ਫੈਸਲੇ ਅਨੁਸਾਰ ਜਿੱਥੇ ਸਰਕਾਰੀ ਵਿਭਾਗ ਰੱਖੜੀ ਵਾਲੇ ਦਿਨ ਸਵੇਰੇ 11 ਵਜੇ ਸ਼ੁਰੂ ਹੁੰਦੇ ਹਨ, ਉਸੇ ਤਰ੍ਹਾਂ ਸੇਵਾ ਕੇਂਦਰ ਵੀ ਸਵੇਰੇ 11 ਵਜੇ ਤੋਂ ਸ਼ੁਰੂ ਹੋਣਗੇ।

## ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਦੇ ਰੈਜ਼ੀਡੈਂਟ ਡਾਕਟਰਾਂ ਵੱਲੋਂ ਹੜਤਾਲ




**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ, ਗੁਰਪ੍ਰੀਤ ਸਿੰਘ ਬੇਦੀ)**-ਰੈਜ਼ੀਡੈਂਟ ਡਾਕਟਰ ਐਸੋਸੀਏਸ਼ਨ ਆਫ ਪੰਜਾਬ ਦੀ ਕਾਲ 'ਤੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਫਰੀਦਕੋਟ ਦੇ ਰੈਜ਼ੀਡੈਂਟ ਡਾਕਟਰਾਂ ਨੇ ਦੋ ਦਿਨਾਂ ਦੀ ਹੜਤਾਲ ਦਾ ਐਲਾਨ ਕੀਤਾ ਅਤੇ ਅੱਜ ਹੜਤਾਲ ਦੌਰਾਨ ਹਸਪਤਾਲ ਦੀਆਂ ਸਾਰੀਆਂ ਸੇਵਾਵਾਂ ਨੂੰ ਬੰਦ ਰਖਿਆ ਗਿਆ।ਇਸ ਮੌਕੇ ਰੈਜ਼ੀਡੈਂਟ ਐਸੋਸੀਏਸ਼ਨ ਫਰੀਦਕੋਟ ਦੇ ਪ੍ਰਧਾਨ ਡਾਕਟਰ ਰਾਮ ਮਿਹਰ ਸ਼ਰਮਾ ਨੇ ਦੱਸਿਆ ਕਿ ਅੱਜ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਫਰੀਦਕੋਟ ਦੇ ਸਮੂਹ ਰੈਜ਼ੀਡੈਂਟ ਡਾਕਟਰਾਂ ਵੱਲੋਂ ਦੋ ਦਿਨਾਂ ਦੀ ਹੜਤਾਲ ਤੇ ਹਸਪਤਾਲ ਓਪੀਡੀ ਦੀਆਂ ਸਾਰੀਆਂ ਸੇਵਾਵਾਂ ਠੱਪ ਰੱਖਣ ਦਾ ਨਿਰਣੇ ਲਿਆ ਗਿਆ।ਉਨ੍ਹਾਂ ਅੱਜ ਸ਼ਾਮ ਨੂੰ ਕੈਂਡਲ ਮਾਰਚ ਕੱਢਣ ਦਾ ਵੀ ਐਲਾਨ ਕੀਤਾ, ਜੋਕਿ ਮੈਡੀਕਲ ਹਸਪਤਾਲ ਦੀ ਐਮਰਜੈਂਸੀ ਤੋਂ ਸ਼ੁਰੂ ਕਰਕੇ ਸਾਦਿਕ ਚੌਂਕ ਤੱਕ ਕੱਢਿਆ ਜਾਵੇਗਾ।ਉਨ੍ਹਾਂ ਦੱਸਿਆ ਕਿ ਇਹ ਰੋਸ ਮੁਜ਼ਾਹਰਾ ਡਾਕਟਰਾਂ ਦੀ ਸੁਰੱਖਿਆ ਨੂੰ ਲੈ ਕੇ ਕੀਤਾ ਜਾ ਰਿਹਾ ਹੈ, ਕਿਉਂਕਿ ਬੀਤੇ ਦਿਨੀਂ ਹੋਈ ਆਰ ਜੀ ਕਰ ਮੈਡੀਕਲ ਕਾਲਜ ਤੇ ਹਸਪਤਾਲ ਕੋਲਕਾਤਾ ਵਿਖੇ ਛਾਤੀ ਮੈਡੀਸਨ ਦੀ ਦੂਜੇ ਸਾਲ ਦੀ ਪੋਸਟ ਗ੍ਰੈਜੂਏਟ ਰੈਜ਼ੀਡੈਂਟ ਡਾਕਟਰ ਨਾਲ ਵਾਪਰੀ ਦੁਖਦਾਈ ਘਟਨਾ ਦੇ ਸਬੰਧ ਵਿੱਚ ਡੂੰਘੀ ਸੰਵੇਦਨਾ ਪ੍ਰਗਟ ਕਰਦੇ ਹਾਂ।ਕਰ ਮੈਡੀਕਲ ਕਾਲਜ ਤੇ ਹਸਪਤਾਲ ਕੋਲਕਾਤਾ 'ਚ 9 ਅਗਸਤ 2024 ਨੂੰ ਹਸਪਤਾਲ ਦੇ ਸੈਮੀਨਾਰ ਹਾਲ ਵਿੱਚ ਨੌਜਵਾਨ ਡਾਕਟਰ ਦਾ ਜਿਨਸੀ ਸ਼ੋਸ਼ਣ ਕੀਤਾ ਗਿਆ ਸੀ ਅਤੇ ਉਸ ਦੀ ਹੱਤਿਆ ਤੋਂ ਬਾਅਦ ਇੱਕਮੁੱਠਤਾ ਵਿੱਚ ਅਤੇ ਇਸ ਘਿਨਾਉਣੇ ਅਪਰਾਧ ਦਾ ਵਿਰੋਧ ਕਰਨ ਲਈ ਅੱਜ ਤੋਂ ਸਾਰੀਆਂ ਗੈਰ-ਜ਼ਰੂਰੀ ਤੇ ਚੋਣਵੇਂ ਹਸਪਤਾਲ ਸੇਵਾਵਾਂ, ਓਪੀਡੀ, ਓਟੀਐੱਸ ਤੇ ਵਾਰਡਾਂ ਸਮੇਤ ਮੁਅੱਤਲ ਕਰਨ ਦਾ ਐਲਾਨ ਕਰਦੇ ਹਾਂ।ਅਸੀਂ ਇਸ ਭਿਆਨਕ ਕਾਰਵਾਈ ਦੀ ਤੁਰੰਤ ਨਿਰਪੱਖ ਤੇ ਪਾਰਦਰਸ਼ੀ ਜਾਂਚ ਦੀ ਅਪੀਲ ਕਰਦੇ ਹਾਂ।ਇਸ ਦੁਖਦਾਈ ਸਮੇਂ ਵਿੱਚ ਡਾਕਟਰ ਦੇ ਪਰਿਵਾਰ, ਦੋਸਤਾਂ ਤੇ ਸਾਥੀ ਨਿਵਾਸੀਆਂ ਨਾਲ ਸਾਡੀ ਡੂੰਘੀ ਸੰਵੇਦਨਾ ਹੈ।

## ਮੰਦਰ ਦੇ ਗੱਲੇ 'ਚੋਂ ਪੈਸੇ ਚੋਰੀ ਕਰਨ ਦੇ ਦੋਸ਼ 'ਚ ਪਤੀ-ਪਤਨੀ ਕਾਬੂ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੰਦਰ ਦੇ ਗੱਲੇ 'ਚ ਤਾਰ ਪਾ ਕੇ ਪੈਸੇ ਚੋਰੀ ਕਰਨ ਦੇ ਦੋਸ਼ 'ਚ ਖਮਾਣੋਂ ਪੁਲਸ ਵੱਲੋਂ ਪਤੀ-ਪਤਨੀ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ।ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਹਰਬੰਸ ਸਿੰਘ ਨੇ ਦੱਸਿਆ ਕਿ ਸਰੂਪ ਪ੍ਰਕਾਸ਼ ਨਾਮਕ ਵਿਅਕਤੀ ਨੇ ਸ਼ਿਕਾਇਤ ਦਿੱਤੀ ਸੀ ਕਿ ਪਿੰਡ ਰਾਏਪੁਰ ਰਾਈਆਂ ਵਿਖੇ ਸਥਿਤ ਸ਼ਿਵ ਸਤੀ ਮੰਦਰ ਦੇ ਗੱਲੇ 'ਚੋਂ ਪੈਸੇ ਚੋਰੀ ਹੋਏ ਹਨ, ਜਿਸ ਸਬੰਧੀ ਕੀਤੀ ਗਈ ਪੜਤਾਲ ਦੌਰਾਨ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਚੈੱਕ ਕੀਤੀ ਗਈ ਤਾਂ ਪਤਾ ਲੱਗਾ ਕਿ ਮੱਥਾ ਟੇਕਣ ਦੇ ਬਹਾਨੇ ਮੰਦਰ 'ਚ ਆਉਂਦੇ ਜਸਵਿੰਦਰ ਸਿੰਘ ਉਰਫ ਜੱਸੀ ਤੇ ਉਸ ਦੀ ਪਤਨੀ ਮਨਪ੍ਰੀਤ ਕੌਰ ਵਾਸੀਆਨ ਪਿੰਡ ਉਦੋਵਾਲ (ਲੁਧਿਆਣਾ) ਹਾਲ ਵਾਸੀ ਪਿੰਡ ਕਟਾਣੀ ਖੁਰਦ ਵੱਲੋਂ ਮੰਦਰ ਦੇ ਗੱਲੇ 'ਚ ਤਾਰ ਪਾ ਕੇ ਦੋ ਵਾਰ ਪੈਸੇ ਚੋਰੀ ਕੀਤੇ ਗਏ ਹਨ।ਥਾਣਾ ਖਮਾਣੋਂ ਵਿਖੇ ਦਰਜ ਕੀਤੇ ਗਏ ਮੁਕੱਦਮੇ 'ਚ ਜਸਵਿੰਦਰ ਸਿੰਘ ਉਰਫ ਜੱਸੀ ਤੇ ਉਸ ਦੀ ਪਤਨੀ ਮਨਪ੍ਰੀਤ ਕੌਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਉਨ੍ਹਾਂ ਵੱਲੋਂ ਵਾਰਦਾਤ 'ਚ ਵਰਤੇ ਗਏ ਮੋਟਰਸਾਈਕਲ ਨੂੰ ਵੀ ਪੁਲਸ ਵੱਲੋਂ ਕਬਜ਼ੇ 'ਚ ਲੈ ਲਿਆ ਗਿਆ ਹੈ।ਸਹਾਇਕ ਥਾਣੇਦਾਰ ਹਰਬੰਸ ਸਿੰਘ ਨੇ ਦੱਸਿਆ ਕਿ ਜਸਵਿੰਦਰ ਸਿੰਘ ਉਰਫ ਜੱਸੀ ਤੇ ਮਨਪ੍ਰੀਤ ਕੌਰ ਨਸ਼ੇ ਕਰਨ ਦੇ ਆਦੀ ਹਨ, ਜੋ ਕਿ ਪਹਿਲਾਂ ਵੀ ਕਈ ਚੋਰੀਆਂ ਨੂੰ ਅੰਜਾਮ ਦੇ ਚੁੱਕੇ ਹਨ।

## 77 ਕਿੱਲੋ ਹੈਰੋਇਨ ਬਰਾਮਦਗੀ ਮਾਮਲੇ 'ਚ ਲੋੜੀਂਦਾ ਤਸਕਰ ਗ੍ਰਿਫ਼ਤਾਰ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਫ਼ਰੀਦਕੋਟ ਪੁਲਸ ਨੇ ਗੁਲਾਬ ਸਿੰਘ, ਜੋ 77 ਕਿਲੋਗ੍ਰਾਮ ਹੈਰੋਇਨ ਬਰਾਮਦਗੀ ਮਾਮਲੇ ਵਿੱਚ ਲੋੜੀਂਦਾ ਮੁੱਖ ਮੁਲਜ਼ਮ ਹੈ, ਦੀ ਗ੍ਰਿਫ਼ਤਾਰੀ ਨਾਲ ਸਰਹੱਦ ਪਾਰੋਂ ਹੋਣ ਵਾਲੀ ਨਾਰਕੋ ਸਮਗਲਿੰਗ ਨੂੰ ਨੱਥ ਪਾਉਣ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ। ਇਹ ਜਾਣਕਾਰੀ ਇੱਥੇ ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਸ (ਡੀਜੀਪੀ) ਗੌਰਵ ਯਾਦਵ ਨੇ ਦਿੱਤੀ।ਇਹ ਕਾਰਵਾਈ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸਐਸਓਸੀ) ਫਾਜ਼ਿਲਕਾ ਵੱਲੋਂ 77.8 ਕਿਲੋਗ੍ਰਾਮ ਹੈਰੋਇਨ (41.8 ਕਿਲੋਗ੍ਰਾਮ +36 ਕਿਲੋਗ੍ਰਾਮ) ਤੇ ਤਿੰਨ ਪਿਸਤੌਲਾਂ ਦੀ ਬਰਾਮਦਗੀ ਸਮੇਤ ਚਾਰ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਸੀਮਾ ਪਾਰ ਦੇ ਦੋ ਵੱਖ-ਵੱਖ ਨਸ਼ਾ ਤਸਕਰੀ ਰੈਕੇਟਾਂ ਦਾ ਪਰਦਾਫਾਸ਼ ਕਰਨ ਦੇ ਲਗਭਗ ਇੱਕ ਸਾਲ ਬਾਅਦ ਅਮਲ ਵਿੱਚ ਲਿਆਂਦੀ ਗਈ ਹੈ।ਦੱਸਣਯੋਗ ਹੈ ਕਿ ਇਹ ਖੇਪ ਦਰਿਆਈ ਰਸਤੇ ਰਾਹੀਂ ਆਈ ਸੀ।ਇਸ ਸਬੰਧੀ ਦੋ ਵੱਖ-ਵੱਖ ਕੇਸ ਦਰਜ ਕੀਤੇ ਗਏ ਸਨ ਤੇ ਗ੍ਰਿਫ਼ਤਾਰ ਮੁਲਜ਼ਮ ਦੋਵਾਂ ਮਾਮਲਿਆਂ ਵਿੱਚ ਪੰਜਾਬ ਪੁਲਸ ਨੂੰ ਲੋੜੀਂਦਾ ਸੀ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਨੇ 36 ਕਿਲੋਗ੍ਰਾਮ ਨਸ਼ੀਲੇ ਪਦਾਰਥ ਦੀ ਡਿਲਿਵਰੀ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਸੀ ਤੇ ਪਾਕਿਸਤਾਨ ਅਧਾਰਤ ਤਸਕਰਾਂ ਨਾਲ ਵੀ ਇਸ ਦੇ ਸਬੰਧ ਸਨ। ਉਨ੍ਹਾਂ ਕਿਹਾ ਕਿ ਗੁਲਾਬ ਸਿੰਘ ਦੀ ਗ੍ਰਿਫ਼ਤਾਰੀ ਸਮੁੱਚੇ ਤਸਕਰੀ ਨੈੱਟਵਰਕ ਨੂੰ ਤੋੜਨ ਤੇ ਭਵਿੱਖ ਵਿੱਚ ਤਸਕਰੀ ਗਤੀਵਿਧੀਆਂ ਨੂੰ ਠੱਲ੍ਹ ਪਾਉਣ ਲਈ ਸਹਾਈ ਹੋਵੇਗੀ।

ਇਸ ਆਪ੍ਰੇਸ਼ਨ ਦੇ ਵੇਰਵੇ ਸਾਂਝੇ ਕਰਦਿਆਂ ਸੀਨੀਅਰ ਪੁਲਿਸ ਕਪਤਾਨ (ਐੱਸ.ਐੱਸ.ਪੀ.) ਫ਼ਰੀਦਕੋਟ ਡਾ. ਪ੍ਰਗਿਆ ਜੈਨ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਤਕਨੀਕੀ ਤੇ ਮਨੁੱਖੀ ਸੂਝ-ਬੂਝ ਨਾਲ ਅਮਲ ਵਿੱਚ ਲਿਆਂਦੇ। ਇਸ ਆਪ੍ਰੇਸ਼ਨ ਦੌਰਾਨ ਸੀ.ਆਈ.ਏ. ਫ਼ਰੀਦਕੋਟ, ਸਪੈਸ਼ਲ ਬ੍ਰਾਂਚ, ਐੱਸ.ਐੱਚ.ਓ. ਸਾਦਿਕ ਤੇ ਟੈਕਨੀਕਲ ਸੈੱਲ ਦੀਆਂ ਪੁਲਸ ਟੀਮਾਂ ਨੇ ਐੱਸ ਪੀ ਇਨਵੈਸਟੀਗੇਸ਼ਨ ਜਸਮੀਤ ਸਿੰਘ ਦੀ ਨਿਗਰਾਨੀ ਹੇਠ ਸਾਂਝੇ ਆਪ੍ਰੇਸ਼ਨ ਦੌਰਾਨ ਪਿੰਡ ਰੁਪਿਆਂਵਾਲੀ ਦੇ ਬੱਸ ਸਟੈਂਡ ਤੋਂ ਮੁਲਜ਼ਮ ਗੁਲਾਬ ਸਿੰਘ ਨੂੰ ਕਾਬੂ ਕੀਤਾ, ਜੋ ਕਿ ਇੱਕ ਸਾਲ ਤੋਂ ਭਗੌੜਾ ਸੀ।

ਉਨ੍ਹਾਂ ਦੱਸਿਆ ਕਿ ਫੜੇ ਗਏ ਮੁਲਜ਼ਮ ਨੇ ਹੈਰੋਇਨ ਤੇ ਹਥਿਆਰਾਂ ਦੀ ਖੇਪ ਬਰਾਮਦ ਕਰਨ ਲਈ ਗੋਤਾਖੋਰਾਂ ਦਾ ਪ੍ਰਬੰਧ ਕੀਤਾ ਸੀ ਤੇ ਵੱਖ-ਵੱਖ ਐਪਾਂ ਰਾਹੀਂ ਪਾਕਿਸਤਾਨ ਸਥਿਤ ਸਮੱਗਲਰਾਂ ਦੇ ਸੰਪਰਕ ਵਿੱਚ ਸੀ।ਉਨ੍ਹਾਂ ਦੱਸਿਆ ਕਿ ਦੋਸ਼ੀ ਗੁਲਾਬ ਸਿੰਘ ਦਾ ਪੁਰਾਣਾ ਅਪਰਾਧਿਕ ਰਿਕਾਰਡ ਹੈ ਤੇ ਫਰੀਦਕੋਟ ਤੇ ਸੂਬੇ ਦੇ ਹੋਰਨਾਂ ਜ਼ਿਲ੍ਹਿਆਂ ਵਿੱਚ ਵੀ ਕਈ ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਿਹਾ ਹੈ।

## ਪਟਿਆਲਵੀ ਨਿਸ਼ਚਿੰਤ ਰਹਿਣ : ਵਿਧਾਇਕ ਅਜੀਤਪਾਲ ਕੋਹਲੀ

### *ਵੱਡੀ ਨਦੀ ਦੀ ਸਫਾਈ ਦਾ ਲਿਆ ਜਾਇਜ਼ਾ*



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਦੇ ਹੋਣਹਾਰ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਪਟਿਆਲਾ ਵੱਡੀ ਨਦੀ ਦੀ ਸਫਾਈ ਦਾ ਜਾਇਜ਼ਾ ਲੈਣ ਮੌਕੇ ਆਖਿਆ ਕਿ ਪਟਿਆਲਵੀ ਬਿਲਕੁਲ ਨਿਸ਼ਚਿੰਤ ਰਹਿਣ, ਮੈਂ ਤੇ ਸਮੁੱਚੇ ਅਧਿਕਾਰੀ ਹਰ ਸਮੇਂ 24 ਘੰਟੇ ਉਨ੍ਹਾਂ ਦੀ ਸੇਵਾ ਵਿੱਚ ਹਾਜ਼ਰ ਹਾਂ।ਪਿਛਲੇ ਮਹੀਨੇ ਵੀ ਅਜੀਤਪਾਲ ਕੋਹਲੀ ਨੇ ਪਟਿਆਲਾ ਨਦੀ ਤੇ ਹੋਰ ਵੱਖ ਵੱਖ ਥਾਵਾਂ ਦਾ ਦੌਰਾ ਕੀਤਾ ਸੀ ਅਤੇ ਆਦੇਸ਼ ਕੀਤੇ ਸਨ ਕਿ ਇਸ ਨੂੰ ਪੂਰੀ ਤਰ੍ਹਾਂ ਸਾਫ ਕਰਵਾਇਆ ਜਾਵੇ ਤਾਂ ਜੋ ਇਥੇ ਪਾਣੀ ਨਾ ਰੁਕੇ।ਹੁਣ ਨਦੀ ਵਿੱਚ ਬੂਟੀ ਪੂਰੀ ਤਰ੍ਹਾਂ ਸਾਫ ਹੈ, ਜਿਸ 'ਤੇ ਅਜੀਤਪਾਲ ਨੇ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ।ਵਿਧਾਇਕ ਕੋਹਲੀ ਨੇ ਆਖਿਆ ਕਿ ਅਸੀਂ ਹਰ ਸਮੇਂ ਹਰ ਥਾਂ ਪੂਰੀ ਨਜ਼ਰ ਰੱਖ ਰਹੇ ਹਾਂ।ਪਟਿਆਲਾ ਨਦੀ ਵਿੱਚ ਪਾਣੀ ਦੀ ਮਾਤਰਾ ਨਾ-ਮਾਤਰ ਹੈ।ਅਸੀ ਕਿਸੇ ਵੀ ਸਥਿਤੀ ਨਾਲ ਨਜਿਠਣ ਲਈ ਹਰ ਸਮੇਂ ਤਿਆਰ ਹਾਂ।ਪਟਿਆਲਵੀਆਂ ਨੂੰ ਘਬਰਾਉਣ ਦੀ ਜ਼ਰਾ ਵੀ ਲੋੜ ਨਹੀਂ।ਉਨ੍ਹਾਂ ਆਖਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਲੋਕਾਂ ਦੀ ਆਪਣੀ ਸਰਕਾਰ ਹੈ।ਵਿਧਾਇਕ ਕੋਹਲੀ ਨੇ ਇਸ ਮੌਕੇ ਸਮੁੱਚੇ ਅਧਿਕਾਰੀਆਂ ਨੂੰ ਵੀ ਹਦਾਇਤਾਂ ਦਿੱਤੀਆਂ ਕਿ ਉਹ ਲਗਾਤਾਰ ਬਰਸਾਤਾਂ ਦਾ ਜਾਇਜ਼ਾ ਲੈਣ ਤੇ ਪਾਣੀ ਨੂੰ ਲਗਾਤਾਰ ਚੈੱਕ ਕਰਦੇ ਰਹਿਣ।ਉਨ੍ਹਾਂ ਆਖਿਆ ਕਿ ਅਸੀਂ ਪਟਿਆਲਾ ਦੇ ਵਿਕਾਸ ਲਈ ਪੂਰੀ ਵਿਉਂਤਬੰਦੀ ਨਾਲ ਕੰਮ ਕਰ ਰਹੇ ਹਾਂ।ਪਟਿਆਲਾ ਦੇ ਚੌਕਾਂ ਨੂੰ, ਹੋਰ ਵੱਖ ਵੱਖ ਥਾਵਾਂ ਨੂੰ ਸਾਫ ਸੁਥਰਾ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ।ਉਨ੍ਹਾਂ ਇਸ ਮੌਕੇ ਹੋਰ ਵੀ ਵੱਖ ਵੱਖ ਥਾਵਾਂ ਦਾ ਜਾਇਜ਼ਾ ਲਿਆ।ਇਸ ਦੌਰਾਨ ਉਨ੍ਹਾ ਨਾਲ ਵੱਖ ਵੱਖ ਅਧਿਕਾਰੀ ਵੀ ਮੌਜੂਦ ਸਨ।

## ਤਲਵੰਡੀ ਸਾਬੋ ਦੇ ਸਿਵਿਆਂ ਉੱਪਰ ਫਿਰ ਮੰਡਰਾ ਰਹੀਆਂ ਨੇ ਇੱਲਾਂ!



**ਤਲਵੰਡੀ ਸਾਬੋ (ਜਗਦੀਪ ਗਿੱਲ)**-ਪੌਣੀ ਦਰਜਨ ਦੇ ਕਰੀਬ ਇਥੋਂ ਦੀਆਂ ਹੋਰ ਤਮਾਮ ਸ਼ਮਸ਼ਾਨ ਭੂਮੀਆਂ ਨੂੰ ਦਰਕਨਾਰ ਕਰਦਿਆਂ ਕਚਹਿਰੀਆਂ ਦੇ ਨਜ਼ਦੀਕ ਬਚੀ ਖੁਚੀ ਸ਼ਮਸ਼ਾਨ ਭੂਮੀ ਦੀ ਉਸ ਜਗ੍ਹਾ ਉੱਪਰ ਵੀ ਇੱਕ ਵਾਰ ਫਿਰ ਇੱਲ੍ਹਾਂ ਮੰਡਰਾ ਰਹੀਆਂ ਪ੍ਰਤੀਤ ਹੋ ਰਹੀਆਂ ਹਨ, ਸੋਨੇ ਦੇ ਭਾਅ ਦੀ ਜਗ੍ਹਾ ਵਾਲੀ ਜਿਸ ਸ਼ਮਸ਼ਾਨ ਭੂਮੀ ਦੇ ਵੱਡੇ ਹਿੱਸੇ ਨੂੰ ਪਹਿਲਾਂ ਹੀ ਕੁਝ ਕਥਿਤ ਚੋਰ ਬਿਰਤੀ ਦੇ ਲੋਕ ਕਥਿਤ ਤੌਰ 'ਤੇ ਜੱਫੇ ਮਾਰੀ ਬੈਠੇ ਹਨ।ਦੱਸ ਦਈਏ ਕਿ ਇੱਥੋਂ ਦੀਆਂ ਹੋਰ ਸ਼ਮਸ਼ਾਨ ਭੂਮੀਆਂ, ਜਿਨ੍ਹਾਂ ਦੀ ਗਿਣਤੀ ਅੱਠ ਤੋਂ ਨੌਂ ਦੇ ਕਰੀਬ ਹੈ, ਨੂੰ ਲੈ ਕੇ ਅੱਜ ਤੱਕ ਕਦੇ ਵਿਵਾਦ ਨਹੀਂ ਛਿੜਿਆ, ਜਿਸ ਦਾ ਇੱਕ ਕਾਰਨ ਸ਼ਾਇਦ ਇਹੋ ਹੈ ਕਿ ਉਕਤ ਸ਼ਮਸ਼ਾਨ ਭੂਮੀਆਂ ਵਾਲੀ ਜਗ੍ਹਾ ਦੀ ਕੀਮਤ ਹੱਥਲੀ ਸ਼ਮਸ਼ਾਨ ਭੂਮੀ ਦੇ ਮੁਕਾਬਲ ਤਨ ਬਹੁਤ ਨਗੂਣੀ ਹੈ।ਇੱਥੇ ਇਸ ਗੱਲ ਦਾ ਜ਼ਿਕਰ ਕਰਨਾ ਵੀ ਬੇਲੋੜਾ ਨਹੀਂ ਹੋਵੇਗਾ ਕਿ ਤਲਵੰਡੀ ਸਾਬੋ ਵਿੱਚ ਬਾਹਰਲੇ ਪਿੰਡਾਂ ਤੋਂ ਆ ਕੇ ਪੱਕੇ ਤੌਰ 'ਤੇ ਵਸ ਚੁੱਕੇ ਲੋਕਾਂ ਦੀ ਵੱਡੀ ਗਿਣਤੀ, ਜਿਨ੍ਹਾਂ 'ਚੋਂ ਕੁਝ ਤਾਂ ਪ੍ਰਾਪਰਟੀ ਦੇ ਧੰਦੇ ਨਾਲ ਵੀ ਜੁੜੇ ਹੋਏ ਹਨ, ਦੀ ਕੇਵਲ ਤੇ ਕੇਵਲ ਇਸੇ ਹਥਲੀ ਸ਼ਮਸ਼ਾਨ ਭੂਮੀ ਵਿੱਚ ਦਿਲਚਸਪੀ ਭਾਵੇਂ ਕੁਝ ਸੁਚੇਤ ਲੋਕਾਂ ਨੂੰ ਤਾਂ ਸਮਝ ਆਉਣ ਲੱਗੀ ਹੈ, ਪ੍ਰੰਤੂ ਸਥਾਨਕ ਆਬਾਦੀ ਦਾ ਵੱਡਾ ਹਿੱਸਾ ਹਾਲੇ ਵੀ ਇਸ ਡੂੰਘੀ ਚਾਲ ਤੋਂ ਬੇਖਬਰ ਬੈਠਾ ਵਿਖਾਈ ਦੇ ਰਿਹਾ ਹੈ।

ਵਰਨਨ ਯੋਗ ਹੈ ਕਿ ਇਸੇ ਸ਼ਮਸ਼ਾਨ ਭੂਮੀ ਵਾਲੀ ਛੇ ਕਿੱਲਿਆਂ ਤੋਂ ਵੱਧ ਜ਼ਮੀਨ ਵਿੱਚੋਂ ਚਾਰ ਏਕੜਾਂ ਵਿੱਚ ਬੱਸ ਅੱਡਾ ਬਣਾਉਣ ਦੀ ਪੰਚਾਇਤ ਦੀ ਮੰਗ ਨੂੰ ਲੈ ਕੇ ਦੋ ਦਹਾਕੇ ਪਹਿਲਾਂ ਉਦੋਂ ਦੀ ਵਿਵਾਦ ਖੜਾ ਹੋ ਗਿਆ ਸੀ ਜਦੋਂ ਵੇਲੇ ਦੀ ਅਕਾਲੀ ਸਰਕਾਰ ਦੇ ਮੁੱਖ ਮੰਤਰੀ ਅੱਗੇ ਸ਼੍ਰੋਮਣੀ ਕਮੇਟੀ ਦੇ ਮਰਹੂਮ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਵੱਲੋਂ ਇੱਥੇ ਨਵਾਂ ਬੱਸ ਅੱਡਾ ਬਣਾਉਣ ਵਿਰੁੱਧ ਲੱਤ ਗੱਡ ਦਿੱਤੀ ਗਈ ਸੀ।ਜ਼ਿਕਰਯੋਗ ਹੈ ਕਿ ਇਸ ਸ਼ਮਸ਼ਾਨ ਭੂਮੀ ਦੀ ਇਸ ਬੇਸ਼ਕੀਮਤੀ ਜਗ੍ਹਾ ਵਿੱਚੋਂ ਕੁਝ ਹਿੱਸੇ ਵਿੱਚ ਪਹਿਲਾਂ ਹੀ ਨਗਰ ਕੌਂਸਲ ਵੱਲੋਂ ਅਣ ਅਧਿਕਾਰਤ ਤੌਰ 'ਤੇ ਦੁਕਾਨਾਂ ਉਸਾਰ ਲਈਆਂ ਗਈਆਂ ਹਨ।ਸ਼ਮਸ਼ਾਨ ਭੂਮੀ ਵਾਲੀਆਂ ਦੁਕਾਨਾਂ ਸਮੇਤ ਇਥੇ ਹੋਰ ਥਾਵਾਂ ਉਪਰ ਆਪਣੇ ਚਹੇਤਿਆਂ ਨੂੰ ਦੁਕਾਨਾਂ ਬਣਾ ਕੇ ਦੇਣ ਦੇ ਦੋਸ਼ ਇੱਥੇ ਪਹਿਲਾਂ ਵੀ ਨਗਰ ਪੰਚਾਇਤ ਤੇ ਪੰਚਾਇਤ ਪ੍ਰਸ਼ਾਸਨ ਉੱਪਰ ਲੱਗਦੇ ਆ ਰਹੇ ਹਨ।ਹੋਰ ਤਾਂ ਹੋਰ ਪਿਛਲੀਆਂ ਸਰਕਾਰਾਂ ਦੇ ਵਕਤ ਸ਼ਹਿਰ ਵਿੱਚ ਨਗਰ ਕੌਂਸਲ ਵੱਲੋਂ ਬਣਾਈਆਂ ਦੁਕਾਨਾਂ ਵਿੱਚੋਂ ਉਨ੍ਹਾਂ ਦੁਕਾਨਾਂ ਦੀ ਗਿਣਤੀ ਵੀ ਥੋੜ੍ਹੀ ਨਹੀਂ, ਜਿਨ੍ਹਾਂ ਨੂੰ ਮੌਕੇ ਮੌਕੇ ਦੇ ਕੁਝ ਕੌਂਸਲਰਾਂ ਨੂੰ ਕਥਿਤ ਤੌਰ 'ਤੇ ਸਿੱਧੇ ਆਪ ਜਾਂ ਉਨ੍ਹਾਂ ਦੇ ਫਰਜ਼ੀ ਚਹੇਤੇ ਖੜ੍ਹੇ ਕਰਕੇ ਹੜੱਪ ਲੈਣ ਦਾ ਰਾਹ ਦੇ ਦਿੱਤਾ ਜਾਂਦਾ ਰਿਹਾ ਹੈ।ਮੇਲੇ 'ਤੇ ਗਏ ਕਿਸੇ ਸਾਧ ਦੀ ਭੂਰੀ ਚੋਰੀ ਹੋ ਜਾਣ ਵਾਲੇ ਮੁਹਾਵਰੇ ਵਾਂਗ ਹੁਣ ਇੱਕ ਵਾਰ ਫੇਰ ਸਾਰਾ ਇਕੱਠ ਸਬੰਧਤ ਸ਼ਮਸ਼ਾਨ ਭੂਮੀ ਦੀ ਉਸ ਬੇਸ਼ਕੀਮਤੀ ਜਗ੍ਹਾ ਉੱਪਰ ਵਿਖਾਈ ਦੇ ਰਿਹਾ ਹੈ, ਸੋਸ਼ਲਗਿਰੀ ਦੇ ਚੋਗੇ ਪਹਿਨ ਕੇ ਕੁਝ ਚਲਾਕ ਲੋਕ ਜਿਸ ਉੱਪਰ ਆਪਣਾ ਏਕਾ ਅਧਿਕਾਰ ਕਾਇਮ ਕਰਨ ਲਈ ਤਰਲੋ ਮੱਛੀ ਹੋ ਰਹੇ ਨਜ਼ਰੀਂ ਪੈ ਰਹੇ ਹਨ।ਸਥਾਨਕ ਸਿਆਣੇ ਤੇ ਸੁਚੇਤ ਲੋਕਾਂ ਦਾ ਮੰਨਣਾ ਹੈ ਕਿ 'ਖੁਦਾ ਖੈਰ ਕਰੇ'।

## ਡਾਕਟਰ ਦੀ ਹੱਤਿਆ ਦੇ ਵਿਰੋਧ 'ਚ ਆਈ ਐੱਮ ਏ ਵੱਲੋਂ ਕੈਂਡਲ ਮਾਰਚ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ/ਪਰਮਜੀਤ ਸਿੰਘ/ਚਾਵਲਾ)**-ਕਲਕੱਤਾ ਵਿਖੇ ਆਰ ਜੀ ਕੇ ਆਰ ਮੈਡੀਕਲ ਕਾਲਜ ਤੇ ਹਸਪਤਾਲ ਦੇ ਇੱਕ ਰੈਜ਼ੀਡੈਂਟ ਡਾਕਟਰ ਨਾਲ ਦੁਸ਼ਕਰਮ ਤੇ ਹੱਤਿਆ ਦੇ ਮਾਮਲੇ ਵਿਰੁੱਧ ਸ੍ਰੀ ਮੁਕਤਸਰ ਸਾਹਿਬ ਵਿਖੇ ਇੰਡੀਅਨ ਮੈਡੀਕਲ ਐਸੋਸੀਏਸ਼ਨ ਵੱਲੋਂ ਪ੍ਰਧਾਨ ਡਾਕਟਰ ਰੰਜੂ ਸਿੰਗਲਾ ਦੀ ਅਗਵਾਈ ਹੇਠ ਕੈਂਡਲ ਮਾਰਚ ਕੀਤਾ ਗਿਆ।ਇਸ ਮਾਮਲੇ ਦੇ ਵਿਰੋਧ ਵਿੱਚ ਸ਼ਹਿਰ ਦੇ ਤਮਾਮ ਪ੍ਰਾਈਵੇਟ ਡਾਕਟਰ ਓਪੀਡੀ ਬੰਦ ਕਰਕੇ ਸ਼ਨੀਵਾਰ ਨੂੰ ਪੂਰਨ ਤੌਰ 'ਤੇ ਹੜਤਾਲ 'ਤੇ ਰਹੇ।ਡਾਕਟਰ ਰੰਜੂ ਸਿੰਗਲਾ ਨੇ ਕਿਹਾ ਕਿ ਇੰਡੀਅਨ ਮੈਡੀਕਲ ਐਸੋਸੀਏਸ਼ਨ ਦਾ ਇਸ ਪ੍ਰਦਰਸ਼ਨ ਪਿੱਛੇ ਮੁੱਖ ਮਕਸਦ ਪੀੜਤ ਡਾਕਟਰ ਨੂੰ ਤੁਰੰਤ ਇਨਸਾਫ ਦਿਵਾਉਣਾ ਹੈ।ਇਸ ਦੇ ਇਲਾਵਾ ਪੰਜਾਬ ਦੇ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਉਚਿਤ ਸੁਰੱਖਿਆ ਵਿਵਸਥਾ ਲਾਗੂ ਕਰਨ ਅਤੇ ਡਾਕਟਰਾਂ ਤੇ ਸਿਹਤ ਕਰਮੀਆਂ ਦੀ ਸੁਰੱਖਿਆ ਨੂੰ ਵੀ ਯਕੀਨੀ ਬਣਾਉਣਾ ਹੈ। ਇਸ ਮੌਕੇ ਡਾਕਟਰ ਵਿਕਰਮਜੀਤ, ਡਾਕਟਰ ਸੁਖਵਿੰਦਰ ਸਿੰਘ, ਡਾਕਟਰ ਤਰਸੇਮ ਬਾਂਸਲ, ਡਾਕਟਰ ਕਿਰਨ, ਡਾਕਟਰ ਐੱਸ ਕੇ ਜਿੰਦਲ, ਡਾਕਟਰ ਮਦਨ ਮੋਹਨ ਬਾਂਸਲ, ਡਾਕਟਰ ਬੰਦਨਾ ਬਾਂਸਲ, ਡਾਕਟਰ ਬਲਵਿੰਦਰ, ਡਾਕਟਰ ਜਾਗ੍ਰਿਤੀ, ਡਾਕਟਰ ਸੁਰਿੰਦਰ ਅਰੋੜਾ, ਡਾਕਟਰ ਨੀਰਜ, ਡਾਕਟਰ ਅਸ਼ੋਕ ਕਮਰਾ, ਡਾਕਟਰ ਨੀਰਜ ਗਰਗ, ਡਾਕਟਰ ਕਰਨੈਲ ਸਿੰਘ, ਡਾਕਟਰ ਪ੍ਰੇਮ ਗਿਰਧਰ, ਡਾਕਟਰ ਬਲਬੀਰ, ਡਾਕਟਰ ਦਿਨੇਸ਼, ਡਾਕਟਰ ਸੁਲੇਖਾ, ਡਾਕਟਰ ਰਕੇਸ਼ ਗੋਇਲ, ਡਾਕਟਰ ਰੇਣੂ, ਡਾਕਟਰ ਸੰਜੀਵ ਚੁੱਘ, ਡਾਕਟਰ ਚੈਸਥਾ, ਡਾਕਟਰ ਅਨੰਦ ਗਾਵੜੀ, ਡਾਕਟਰ ਕਵਿਤਾ ਗਾਵੜੀ, ਡਾਕਟਰ ਜੇ ਐੱਸ ਸਚਦੇਵਾ, ਡਾਕਟਰ ਪ੍ਰਭਾ ਸਚਦੇਵਾ, ਡਾਕਟਰ ਨਵਦੀਪ ਗਰੋਵਰ, ਡਾਕਟਰ ਦੀਪੀਕਾ ਆਦਿ ਮੌਜੂਦ ਸਨ।

## ਚੇਅਰਮੈਨ ਕਾਉਣੀ ਨੇ ਪਿਉਰੀ ਪਿੰਡ ਨੂੰ ਪਾਣੀ ਵਾਲਾ ਟੈਂਕਰ ਦਿੱਤਾ



**ਸ੍ਰੀ ਮੁਕਤਸਰ ਸਾਹਿਬ/ਗਿੱਦੜਬਾਹਾ (ਸ਼ਮਿੰਦਰ ਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ/ਜਸਵੰਤ ਗਿੱਲ ਛੱਤਿਆਣਾ)**-ਜ਼ਿਲ੍ਹਾ ਯੋਜਨਾ ਬੋਰਡ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਸੁਖਜਿੰਦਰ ਸਿੰਘ ਕਾਉਣੀ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਆਪਣੇ ਕੋਟੇ ਵਿੱਚੋਂ ਕਈ ਤਰ੍ਹਾਂ ਦੇ ਲੋਕਾਂ ਦੀ ਲੋੜ ਵਾਲੇ ਕਾਰਜ ਕੀਤੇ ਗਏ ਹਨ।ਇਸੇ ਲੜੀ ਤਹਿਤ ਉਨ੍ਹਾਂ ਪਿੰਡ ਪਿਉਰੀ ਦੇ ਲੋਕਾਂ ਦੀ ਸੁਵਿਧਾ ਲਈ ਪਾਣੀ ਵਾਲਾ ਟੈਂਕਰ ਸਵਰਗਵਾਸੀ ਰੇਸ਼ਮ ਸਿੰਘ ਦੀ ਯਾਦ ਵਿੱਚ ਪਿੰਡ ਵਾਸੀਆਂ ਨੂੰ ਭੇਟ ਕੀਤਾ।ਇਸ ਮੌਕੇ ਸੁਖਜਿੰਦਰ ਸਿੰਘ ਕਾਉਣੀ ਨੇ ਕਿਹਾ ਕਿ ਸਾਡੇ ਵੀਰ ਸਵਰਗਵਾਸੀ ਰੇਸ਼ਮ ਸਿੰਘ ਦੀ ਇੱਛਾ ਸੀ ਕਿ ਉਨ੍ਹਾਂ ਦੇ ਪਿੰਡ ਵਿੱਚ ਲੋਕਾਂ ਨੂੰ ਪੀਣ ਵਾਲੇ ਪਾਣੀ ਦੇ ਪ੍ਰਬੰਧ ਲਈ ਇੱਕ ਟੈਂਕਰ ਦਿੱਤਾ ਜਾਵੇ ਪਰ ਅੱਜ ਸਾਡਾ ਵੀਰ ਸਾਡੇ ਵਿੱਚ ਨਹੀਂ।ਉਨ੍ਹਾਂ ਦੇ ਪਰਵਾਰ ਦੀ ਮੌਜੂਦਗੀ ਵਿੱਚ ਅਸੀਂ ਇਹ ਟੈਂਕਰ ਸਾਰੇ ਪਿੰਡ ਵਾਸੀਆਂ ਨੂੰ ਸਪੁਰਦ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਹਰ ਖੇਤਰ ਵਿੱਚ ਜਿੱਥੇ ਸੁਧਾਰ ਕੀਤੇ ਗਏ ਹਨ ਤੇ ਲੋਕਾਂ ਨੂੰ ਸੁਵਿਧਾਵਾਂ ਉਪਲਬਧ ਕਰਵਾਈਆਂ ਗਈਆਂ ਹਨ। ਇਸ ਮੌਕੇ ਗੁਰਪ੍ਰੀਤ ਸਿੰਘ ਮੈਂਬਰ, ਕੁਲਦੀਪ ਸਿੰਘ, ਡਾ ਹਰਪ੍ਰੀਤ ਸਿੰਘ, ਗੁਰਜੀਤ ਸਿੰਘ, ਰਵਿੰਦਰ ਸਿੰਘ, ਧਰਮਪਾਲ ਸਿੰਘ, ਮਨਜੀਤ ਕੌਰ, ਲੱਖਾ, ਰਾਜਾ ਮੱਲਣ ਮੈਂਬਰ ਲੇਬਰ ਬੋਰਡ ਪੰਜਾਬ, ਮਨਦੀਪ ਬਰਾੜ ਵੀ ਮੌਜੂਦ ਸਨ।

## ਡਾਕਟਰਾਂ ਦੇ ਵਿਰੋਧ ਪ੍ਰਦਰਸ਼ਨ 'ਤੇ ਹਮਲਾ ਕਰਨ ਵਾਲੇ ਗੁੰਡਾ ਅਨਸਰਾਂ ਦੀ ਪੁਸ਼ਤਪਨਾਹੀ ਬੰਦ ਕੀਤੀ ਜਾਵੇ : ਜਮਹੂਰੀ ਅਧਿਕਾਰ ਸਭਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਜਮਹੂਰੀ ਅਧਿਕਾਰ ਸਭਾ ਪੰਜਾਬ ਕਲਕੱਤਾ ਦੇ ਆਰ ਜੀ ਕਰ ਮੈਡੀਕਲ ਕਾਲਜ ਵਿੱਚ ਇੱਕ ਮਹਿਲਾ ਪੋਸਟ ਗਰੈਜੂਏਟ ਡਾਕਟਰ ਨਾਲ ਡਿਊਟੀ ਸਮੇਂ ਕੀਤੇ ਸਮੂਹਕ ਬਲਾਤਕਾਰ ਤੇ ਕਤਲ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ।ਉਸ ਦੇ ਵਿਰੋਧ ਵਿੱਚ ਔਰਤਾਂ ਦੀ ਸੁਰੱਖਿਆ ਲਈ ਪ੍ਰਦਰਸ਼ਨ ਉੱਤੇ 14-15 ਅਗਸਤ ਦੀ ਅੱਧੀ ਰਾਤ ਨੂੰ ਇਸੇ ਹਸਪਤਾਲ ਵਿੱਚ ਗੁੰਡਾ ਅਨਸਰਾਂ ਵੱਲੋਂ ਹਸਪਤਾਲ ਵਿੱਚ ਦਾਖ਼ਲ ਹੋ ਕੇ ਡਾਕਟਰਾਂ ਦੀ ਕੁੱਟਮਾਰ ਤੇ ਹਸਪਤਾਲ ਦੀ ਕੀਤੀ ਭੰਨਤੋੜ ਕਰਕੇ ਡਾਕਟਰਾਂ ਨੂੰ ਦਹਿਸ਼ਤਜ਼ਦਾ ਕਰਨ ਦੀ ਕਾਰਵਾਈ 'ਤੇ ਗਹਿਰੀ ਚਿੰਤਾ ਪ੍ਰਗਟ ਕਰਦੀ ਹੈ।ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਸਭਾ ਦੇ ਪ੍ਰਧਾਨ ਪ੍ਰੋ. ਜਗਮੋਹਨ ਸਿੰਘ, ਪ੍ਰਿਤਪਾਲ ਸਿੰਘ ਜਨਰਲ ਸਕੱਤਰ ਤੇ ਅਮਰਜੀਤ ਸ਼ਾਸਤਰੀ ਪ੍ਰੈੱਸ ਸਕੱਤਰ ਨੇ ਦੱਸਿਆ ਕਿ 9 ਅਗਸਤ ਦੀ ਰਾਤ ਨੂੰ ਕਲਕੱਤੇ ਦੇ ਆਰ ਜੀ ਕਰ ਮੈਡੀਕਲ ਕਾਲਜ ਤੇ ਹਸਪਤਾਲ ਵਿੱਚ ਇੱਕ ਡਾਕਟਰ, ਜੋ ਲਗਾਤਾਰ 36 ਘੰਟੇ ਦੀ ਡਿਊਟੀ ਦੌਰਾਨ ਹਸਪਤਾਲ ਅੰਦਰਲੇ ਸੈਮੀਨਾਰ ਰੂਮ ਵਿੱਚ ਆਰਾਮ ਕਰ ਰਹੀ ਸੀ, ਨਾਲ ਵਹਿਸ਼ੀਆਨਾ ਢੰਗ ਨਾਲ ਨਾ ਸਿਰਫ ਸਮੂਹਕ ਬਲਾਤਕਾਰ ਕੀਤਾ ਗਿਆ, ਸਗੋਂ ਉਸ ਦਾ ਕਤਲ ਵੀ ਕਰ ਦਿੱਤਾ ਗਿਆ।ਕਾਲਜ ਪ੍ਰਸ਼ਾਸਨ ਨੇ ਪਹਿਲਾਂ ਇਸ ਨੂੰ ਆਤਮਹੱਤਿਆ ਦਾ ਮਾਮਲਾ ਕਹਿ ਕੇ ਦਬਾਉਣ ਦੀ ਕੋਸ਼ਿਸ਼ ਕੀਤੀ, ਪਰ ਜਦੋਂ ਮੈਡੀਕਲ ਜਾਂਚ ਵਿੱਚ ਬਲਾਤਕਾਰ ਤੇ ਨਿਰਦਈ ਵਹਿਸ਼ੀਪੁਣੇ ਨਾਲ ਕੀਤੇ ਕਤਲ ਦੇ ਤੱਥ ਸਾਹਮਣੇ ਆਏ ਤਾਂ ਸੰਜੇ ਰਾਏ ਨਾਮ ਦੇ ਦੋਸ਼ੀ, ਜੋ ਪੁਲਸ ਦਾ ਵਲੰਟੀਅਰ ਦੱਸਿਆ ਜਾ ਰਿਹਾ ਹੈ, ਨੂੰ ਗ੍ਰਿਫ਼ਤਾਰ ਕਰਕੇ ਮਾਮਲਾ ਟਾਲਣ ਦੀ ਕੋਸ਼ਿਸ਼ ਕੀਤੀ ਗਈ।ਜਦੋਂ ਇਸ ਮਾਮਲੇ ਨੇ ਦੇਸ਼ ਭਰ ਦੇ ਮੈਡੀਕਲ ਕਾਲਜਾਂ ਤੇ ਹਸਪਤਾਲਾਂ ਵਿੱਚ ਰਾਤ ਦੀ ਡਿਊਟੀ ਸਮੇਂ ਔਰਤ ਡਾਕਟਰਾਂ, ਨਰਸਾਂ ਤੇ ਸਿਹਤ ਕਰਮਚਾਰੀਆਂ ਦੀ ਸੁਰੱਖਿਆ ਦੇ ਮਾਮਲੇ ਨੂੰ ਲੈ ਕੇ ਆਵਾਜ਼ ਉਠਾਈ ਅਤੇ ਇਸ ਘਿਣਾਉਣੇ ਕਾਂਡ ਵਿੱਚ ਸ਼ਾਮਲ ਹੋਰ ਦੋਸ਼ੀਆਂ ਦੀ ਪਹਿਚਾਣ ਕਰਨ ਤੇ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਤਾਂ ਏਮਜ ਤੇ ਹੋਰ ਸਰਕਾਰੀ ਸਿਹਤ ਸੰਸਥਾਵਾਂ ਨੇ ਹੜਤਾਲੀ ਡਾਕਟਰਾਂ ਨੂੰ ਸੁਪਰੀਮ ਕੋਰਟ ਦੇ ਫੈਸਲਿਆਂ ਨੂੰ ਅਧਾਰ 'ਤੇ ਹੜਤਾਲ ਨੂੰ ਖ਼ਤਮ ਕਰਨ ਦੀਆਂ ਧਮਕੀਆਂ ਦਿੱਤੀਆਂ।ਹੁਣ ਤੱਕ 9 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਤੇ 3 ਹੋਰ ਬਾਕੀ ਹਨ।ਬੰਗਾਲ ਸਰਕਾਰ ਨੇ ਇਸ ਕਾਲਜ ਦੇ ਪ੍ਰਿੰਸੀਪਲ ਨੂੰ ਕਿਸੇ ਦੂਸਰੇ ਕਾਲਜ ਵਿੱਚ ਬਦਲ ਕੇ ਵੀ ਉਸ ਸਚਾਈ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਿਸ 'ਚ ਇਹ ਜ਼ਾਹਰ ਹੋਇਆ ਕਿ ਦੋਸ਼ੀ ਸੰਜੇ ਰਾਏ ਦੇ ਪ੍ਰਿੰਸੀਪਲ ਨਾਲ ਨਿੱਘੇ ਰਿਸ਼ਤੇ ਹਨ।

ਕੋਲਕਾਤਾ ਤੇ ਬੰਗਾਲ ਵਿੱਚ ਕੰਮ ਕਾਜੀ ਔਰਤਾਂ ਦੀ ਸੁਰੱਖਿਆ ਨੂੰ ਲੈ ਕੇ 'ਰੀਕਲੇਮ ਦਾ ਨਾਈਟ' ਮੁਹਿੰਮ ਤਹਿਤ ਔਰਤਾਂ ਦਾ ਇੱਕ ਵਿਸ਼ਾਲ ਪ੍ਰਦਰਸ਼ਨ 14-15 ਅਗਸਤ ਦੀ ਅੱਧੀ ਰਾਤ ਗਲੀਆਂ ਬਜ਼ਾਰਾਂ ਵਿੱਚ ਨਿੱਕਲਿਆ। ਜਿਨ੍ਹਾਂ ਦੀ ਮੰਗ ਸੀ ਕਿ ਔਰਤਾਂ ਨਾਲ ਅਜਿਹੇ ਘਿਣਾਉਣੇ ਅਪਰਾਧ ਤੋਂ ਮੁਕਤੀ ਕਦੋਂ ਮਿਲੇਗੀ ਤਾਂ ਆਰ ਜੀ ਕਰ ਕਾਲਜ ਵਿੱਚ ਹਿੰਸਕ ਹਜ਼ੂਮ ਉਦੋਂ ਅੱਧੀ ਰਾਤ ਦਾਖ਼ਲ ਹੋਇਆ ਜਦੋਂ ਕਾਲਜ ਦੇ ਡਾਕਟਰ, ਨਰਸਾਂ ਤੇ ਔਰਤ ਕਰਮਚਾਰੀ ਇਸ ਰੋਸ ਪ੍ਰਦਰਸ਼ਨ ਦੀ ਤਿਆਰੀ ਕਰ ਰਹੇ ਸਨ। ਰਾਜਨੀਤੀ ਤੋਂ ਪ੍ਰੇਰਤ ਇਸ ਹਿੰਸਕ ਹਜ਼ੂਮ ਨੇ ਕਾਲਜ ਦੇ ਐਮਰਜੈਂਸੀ ਵਾਰਡ, ਗਾਇਨੀ, ਈਐੱਨਟੀ ਵਾਰਡ ਦੀ ਭੰਨ ਤੋੜ ਕੀਤੀ, ਡਾਕਟਰਾਂ, ਕਰਮਚਾਰੀਆਂ, ਮਰੀਜ਼ਾਂ ਤੇ ਮਰੀਜ਼ਾਂ ਦੇ ਰਿਸ਼ਤੇਦਾਰਾਂ ਨੂੰ ਵੀ ਕੁੱਟਿਆ ਤੇ ਇਸ ਅੰਦਰਲੇ ਸਾਮਾਨ ਨੂੰ ਭੰਨਿਆ ਤੋੜਿਆ। ਇਸ ਹਿੰਸਕ ਭੀੜ ਨੇ ਘਟਨਾ ਵਾਲੇ ਸੈਮੀਨਾਰ ਰੂਮ ਦੀ ਭੰਨ ਤੋੜ ਕੀਤੀ, ਕਾਰਾਂ ਤੇ ਗੱਡੀਆਂ ਨੂੰ ਨੁਕਸਾਨ ਪਹੁੰਚਾਇਆ, ਨਰਸਾਂ ਨੂੰ ਬਲਾਤਕਾਰ ਦੀਆਂ ਧਮਕੀਆਂ ਦਿੱਤੀਆਂ, ਜਦੋਂਕਿ ਪੁਲਸ ਮੂਕ ਦਰਸ਼ਕ ਬਣੀ ਰਹੀ।ਹਿੰਸਕ ਹਜ਼ੂਮ ਦਾ ਮਕਸਦ ਘਟਨਾ ਦੇ ਤੱਥਾਂ ਨੂੰ ਮਿਟਾਉਣਾ ਸੀ।

ਸਭਾ ਮੰਗ ਕਰਦੀ ਹੈ ਕੰਮਕਾਜੀ ਔਰਤਾਂ ਦੀ ਹਰ ਅਦਾਰੇ ਵਿੱਚ ਸੁਰੱਖਿਆ ਯਕੀਨੀ ਬਣਾਈ ਜਾਵੇ, ਹਸਪਤਾਲਾਂ ਵਿੱਚ ਸੁਰੱਖਿਆ ਲਈ ਲੋੜੀਂਦੇ ਕਦਮ ਚੁੱਕੇ ਜਾਣ, ਦੋਸ਼ੀਆਂ ਨੂੰ ਪਾਰਦਰਸ਼ੀ ਢੰਗ ਨਾਲ ਚਿੰਨ੍ਹਤ ਕਰਕੇ ਉਨ੍ਹਾਂ ਉੱਤੇ ਸਖ਼ਤ ਧਾਰਾਵਾਂ ਤਹਿਤ ਕੇਸ ਦਰਜ ਕਰਦਿਆਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।ਸਭਾ ਜਮਹੂਰੀ ਹਲਕਿਆਂ ਨੂੰ ਇਸ ਘਟਨਾ ਤੇ ਘਟਨਾ ਪਿੱਛੋਂ ਕੀਤੀ ਜਾ ਰਹੀ ਸੌੜੀ ਰਾਜਨੀਤੀ ਤੋਂ ਪ੍ਰੇਰਿਤ ਵਰਤਾਰਿਆਂ ਦਾ ਪਰਦਾਚਾਕ ਕਰਨ ਅਤੇ ਪੀੜਤਾਂ ਦੇ ਹੱਕ ਵਿੱਚ ਆਵਾਜ਼ ਉਠਾਉਣ ਦਾ ਸੱਦਾ ਦਿੱਤਾ।

## ਏ ਆਈ ਟੀ ਯੂ ਸੀ ਨੇ ਕੋਲਕਾਤਾ ਦੇ ਡਾਕਟਰ ਨਾਲ ਬਲਾਤਕਾਰ ਤੇ ਕਤਲ ਲਈ ਇਨਸਾਫ ਦੀ ਕੀਤੀ ਮੰਗ

**ਲੁਧਿਆਣਾ (ਐੱਮ ਐੱਸ ਭਾਟੀਆ)**-ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ ਨੇ ਕੋਲਕਾਤਾ ਦੇ ਆਰ ਜੀ ਕਰ ਮੈਡੀਕਲ ਕਾਲਜ ਹਸਪਤਾਲ ਵਿੱਚ ਪੋਸਟ ਗ੍ਰੈਜੂਏਟ ਮਹਿਲਾ ਸਿਖਿਆਰਥੀ ਦੇ ਬੇਰਹਿਮੀ ਨਾਲ ਬਲਾਤਕਾਰ ਅਤੇ ਹੱਤਿਆ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸਭ ਤੋਂ ਦੁਖਦਾਈ ਹਕੀਕਤ ਇਹ ਹੈ ਕਿ ਇੱਕ ਹਫ਼ਤਾ ਬੀਤ ਜਾਣ ਦੇ ਬਾਵਜੂਦ ਵੀ ਜਾਂਚ ਵਿੱਚ ਕੋਈ ਭਰੋਸੇਯੋਗ ਸਫਲਤਾ ਨਹੀਂ ਮਿਲੀ। ਮਹਿਲਾ ਡਾਕਟਰਾਂ ਦੀ ਨਿਆਂ, ਸੁਰੱਖਿਆ ਅਤੇ ਸੁਰੱਖਿਆ ਲਈ ਹੜਤਾਲੀ ਡਾਕਟਰਾਂ ਵਿੱਚ ਸ਼ਾਮਲ ਹੈ। ਏ.ਆਈ.ਟੀ.ਯੂ.ਸੀ ਅਪਰਾਧ ਦੀ ਫਾਸਟ ਟ੍ਰੈਕ ਜਾਂਚ ਦੀ ਮੰਗ ਕਰਦੀ ਹੈ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕਰਦੀ ਹੈ। ਮੁਢਲੀ ਡਾਕਟਰੀ ਜਾਂਚ ਸਪੱਸ਼ਟ ਤੌਰ 'ਤੇ ਸਮੂਹਿਕ ਬਲਾਤਕਾਰ ਦੇ ਮਾਮਲੇ ਵੱਲ ਇਸ਼ਾਰਾ ਕਰਦੀ ਹੈ। ਫਿਰ ਕਈ ਅਪਰਾਧੀ ਹੋਣੇ ਚਾਹੀਦੇ ਹਨ। ਪਰ ਹੁਣ ਤੱਕ ਸਿਰਫ ਇੱਕ ਹੀ ਗ੍ਰਿਫ਼ਤਾਰੀ ਹੋਈ ਹੈ। ਘਟਨਾ ਨੂੰ 'ਖੁਦਕੁਸ਼ੀ' ਦੱਸ ਕੇ ਮੁਢਲੀ ਰਿਪੋਰਟਿੰਗ, ਮਾਪਿਆਂ ਨੂੰ ਲਾਸ਼ ਦੇਖਣ ਵਿੱਚ ਦੇਰੀ, ਜਲਦੀ ਸਸਕਾਰ, ਕਾਲਜ ਵਿੱਚ ਭੰਨ-ਤੋੜ ਆਦਿ ਜਵਾਬਾਂ ਤੋਂ ਵੱਧ ਸਵਾਲ ਛੱਡਦੇ ਹਨ। ਏ ਆਈ ਟੀ ਯੂ ਸੀ ਨੇ ਸੀ ਬੀ ਆਈ ਤੋਂ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ। ਕੰਮ ਵਾਲੀ ਥਾਂ 'ਤੇ ਇਹ ਭਿਆਨਕ ਘਟਨਾ ਵਾਪਰੀ ਹੈ, ਜੋ ਜ਼ਾਹਰ ਹੈ ਕਿ ਮਹਿਲਾ ਡਾਕਟਰ ਲਈ ਅਸੁਰੱਖਿਅਤ ਸਾਬਤ ਹੋਈ ਹੈ। ਕਥਿਤ ਤੌਰ 'ਤੇ ਉਸ ਕੋਲ ਲਗਾਤਾਰ 36 ਘੰਟਿਆਂ ਦਾ ਕੰਮ ਦਾ ਸਮਾਂ ਸੀ। ਦੁਨੀਆ ਦੇ ਕਿਸੇ ਵੀ ਸੱਭਿਅਕ ਦੇਸ਼ ਵਿੱਚ ਡਾਕਟਰ 36 ਘੰਟੇ ਲਗਾਤਾਰ ਕੰਮ ਨਹੀਂ ਕਰਦੇ। ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਡਾਕਟਰ ਸੈਮੀਨਾਰ ਹਾਲ ਵਿੱਚ ਆਰਾਮ ਕਰਨ ਲਈ ਗਈ ਸੀ। ਇਸ ਦਾ ਮਤਲਬ ਹੈ ਕਿ ਇੱਥੇ ਡਾਕਟਰਾਂ ਖਾਸ ਕਰਕੇ ਮਹਿਲਾ ਡਾਕਟਰਾਂ ਲਈ ਆਰਾਮ ਕਰਨ ਲਈ ਕੋਈ ਕਮਰੇ ਨਹੀਂ। ਇਹ ਲਗਾਤਾਰ ਅਤੇ ਜਾਣਬੁੱਝ ਕੇ ਕੀਤੇ ਗਏ ਅਪਰਾਧ ਹਨ। ਆਰ ਜੀ ਕਰ ਮੈਡੀਕਲ ਕਾਲਜ ਹਸਪਤਾਲ ਦੇ ਸਰਾਸਰ ਗੈਰ-ਕਾਨੂੰਨੀ ਕੰਮਾਂ ਦੇ ਖਿਲਾਫ ਸਖਤ ਕਾਰਵਾਈ ਦੀ ਮੰਗ ਕਰਦੇ ਹਾਂ। ਏ ਆਈ ਟੀ ਯੂ ਸੀ ਨੇ ਹਸਪਤਾਲ ਵਿੱਚ ਡਾਕਟਰਾਂ, ਨਰਸਾਂ ਅਤੇ ਹੋਰ ਕਰਮਚਾਰੀਆਂ ਦੇ ਕੰਮਕਾਜੀ ਹਾਲਾਤ ਦੀ ਜਾਂਚ ਦੀ ਮੰਗ ਕੀਤੀ ਹੈ।

ਸਾਰੇ ਹਸਪਤਾਲਾਂ ਵਿੱਚ ਨਿਯਮਤ ਕੰਮ ਦੇ ਘੰਟੇ, ਆਰਾਮ ਕਰਨ ਵਾਲੇ ਕਮਰੇ, ਟਾਇਲਟ ਸਹੂਲਤਾਂ ਅਤੇ ਸੁਰੱਖਿਅਤ ਕੰਮ ਦੇ ਮਾਹੌਲ ਨੂੰ ਯਕੀਨੀ ਬਣਾਉਣ ਲਈ ਇੱਕ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ। ਹਜ਼ਾਰਾਂ ਡਾਕਟਰ ਜਿਨ੍ਹਾਂ ਨੇ ਜਾਨਾਂ ਬਚਾਉਣ ਦੀ ਸਹੁੰ ਖਾਧੀ ਹੈ, ਨਿਆਂ, ਸੁਰੱਖਿਆ ਅਤੇ ਸੁਰੱਖਿਆ ਦੀ ਮੰਗ ਕਰਦੇ ਹੋਏ ਸੜਕਾਂ 'ਤੇ ਨਿਕਲੇ ਹਨ। ਇਸ ਗੰਭੀਰਤਾ ਦੇ ਘਿਨਾਉਣੇ ਅਪਰਾਧ ਦੀ ਘਟਨਾ ਨੇ ਇੱਕ ਵਾਰ ਫਿਰ ਭਾਰਤ ਨੂੰ ਸ਼ਰਮਸਾਰ ਅਤੇ ਬਦਨਾਮ ਕੀਤਾ ਹੈ। ਏ ਆਈ ਟੀ ਯੂ ਸੀ ਦਾ ਆਲ ਇੰਡੀਆ ਵਰਕਿੰਗ ਵੂਮੈਨ ਫੋਰਮ ਸਾਰੇ ਰਾਜਾਂ ਵਿੱਚ ਏਕਤਾ ਦੇ ਚਿੰਨ੍ਹ ਵਿੱਚ ਡਾਕਟਰਾਂ ਦੇ ਵਿਰੋਧ ਪ੍ਰਦਰਸ਼ਨ ਵਿੱਚ ਸ਼ਾਮਲ ਹੋਵੇਗਾ।

## ਜਮਹੂਰੀ ਕਿਸਾਨ ਸਭਾ ਨੇ ਮਨਾਈ ਚਾਚਾ ਅਜੀਤ ਸਿੰਘ ਦੀ ਬਰਸੀ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਜਮਹੂਰੀ ਕਿਸਾਨ ਸਭਾ ਜ਼ਿਲ੍ਹਾ ਪਟਿਆਲਾ ਵੱਲੋਂ ਮਹਾਨ ਦੇਸ਼ ਭਗਤ ਚਾਚਾ ਅਜੀਤ ਸਿੰਘ ਦੀ 78ਵੀਂ ਬਰਸੀ ਪਿੰਡ ਨਿਆਲ ਵਿਖੇ ਮਨਾਈ ਗਈ। ਸਮਾਗਮ ਦੀ ਅਗਵਾਈ ਮਲਕੀਤ ਸਿੰਘ ਨਿਆਲ, ਪ੍ਰਲਾਦ ਸਿੰਘ, ਚਰਨਜੀਤ ਕੌਰ ਤੇ ਮਨਦੀਪ ਕੌਰ ਨੇ ਕੀਤੀ।ਵਰਦੇ ਮੀਂਹ, ਭਾਰੀ ਗਰਮੀ ਤੇ ਖਰਾਬ ਮੌਸਮ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਕਿਸਾਨ ਵੀਰ, ਔਰਤਾਂ ਤੇ ਕਿਰਤੀ ਲੋਕ ਇਸ ਇਕੱਠ ਵਿੱਚ ਹੁੰਮ ਹੁਮਾ ਕੇ ਪੁੱਜੇ।ਇਕੱਠ ਨੂੰ ਸੰਬੋਧਨ ਕਰਦਿਆਂ ਦਰਸ਼ਨ ਬੇਲੂ ਮਾਜਰਾ, ਗੁਰਮੀਤ ਸਿੰਘ ਕਾਲਾਝਾੜ, ਜਗਜੀਤ ਸਿੰਘ ਦੁਗਾਲ, ਸੁਖਦੇਵ ਸਿੰਘ ਨਿਆਲ, ਮਨਦੀਪ ਕੌਰ ਤੇ ਪ੍ਰਕਾਸ਼ ਕੌਰ ਨੇ ਕਿਹਾ ਕਿ ਹਾਲਾਤ ਦੁਬਾਰਾ ਫੇਰ ਉਸ ਤਰ੍ਹਾਂ ਦੇ ਬਣ ਰਹੇ ਹਨ, ਜਿਸ ਤਰ੍ਹਾਂ ਪੁਰਾਣੇ ਸਮੇਂ 'ਚ ਕਿਰਤੀ ਲੋਕਾਂ 'ਤੇ ਤਸ਼ੱਦਦ ਤੇ ਉਨ੍ਹਾਂ ਦੀ ਲੁੱਟ ਹੁੰਦੀ ਸੀ।ਆਗੂਆਂ ਨੇ ਕਿਹਾ ਕਿ ਸਮਾਂ ਇਹ ਮੰਗ ਕਰ ਰਿਹਾ ਹੈ ਕਿ ਉਨ੍ਹਾਂ ਲੋਕਾਂ ਖਿਲਾਫ ਦੁਬਾਰਾ ਫੇਰ ਤਿੱਖੀ ਤੇ ਤੇਜ਼ ਲੜਾਈ ਵਿੱਢੀ ਜਾਵੇ।ਉਨ੍ਹਾਂ ਕਿਹਾ ਕਿ ਦੇਸ਼ ਅਜ਼ਾਦ ਹੋਣ ਦੇ ਸਮੇਂ ਅੰਗਰੇਜ਼ ਸਾਡੇ ਦੇਸ਼ ਦੀ ਲੁੱਟ ਕਰਦੇ ਸਨ, ਅੱਜ ਉਹੀ ਕੰਮ ਕਾਰਪੋਰੇਟਾਂ ਦੇ ਹੱਥ ਵਿੱਚ ਆ ਗਿਆ ਹੈ।

## ਜੇ ਐੱਨ ਇੰਟਰਨੈਸ਼ਨਲ ਸਕੂਲ ਵਾਲੀਬਾਲ ਮੁਕਾਬਲੇ 'ਚ ਰਿਹਾ ਅੱਵਲ



**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**-ਜੇ. ਐੱਨ. ਇੰਟਰਨੈਸ਼ਨਲ ਸਕੂਲ ਸੈਦੇ ਕੇ ਮੋਹਨ ਦੇ ਵਿਦਿਆਰਥੀਆਂ ਨੇ ਸਰਕਾਰੀ ਹਾਈ ਸਕੂਲ ਜੀਵਾ ਅਰਾਈਂ ਵਿੱਚ ਚੱਲ ਰਹੇ ਅੰਡਰ-19 ਜ਼ੋਨਲ ਖੇਡਾਂ ਵਿੱਚ ਭਾਗ ਲਿਆ। ਵਿਦਿਆਰਥੀਆਂ ਨੇ ਵਾਲੀਬਾਲ ਮੁਕਾਬਲੇ 'ਚ ਚੰਗਾ ਪ੍ਰਦਰਸ਼ਨ ਕਰਦੇ ਹੋਏ ਪਹਿਲਾ ਸਥਾਨ ਪ੍ਰਾਪਤ ਕਰ ਆਪਣੇ ਮਾਪਿਆਂ, ਅਧਿਆਪਕਾਂ ਤੇ ਸਕੂਲ ਦਾ ਨਾਮ ਰੌਸ਼ਨ ਕੀਤਾ।ਇਸ ਮੌਕੇ ਸਕੂਲ ਪ੍ਰਿੰਸੀਪਲ ਡਾ: ਰਵਿੰਦਰ ਕੁਮਾਰ ਨੇ ਦੱਸਿਆ ਕਿ ਇਨ੍ਹਾਂ ਵਿਦਿਆਰਥੀਆਂ ਨੂੰ ਯੋਗ ਤੇ ਮਿਹਨਤੀ ਅਧਿਆਪਕਾਂ ਦੁਆਰਾ ਪੜ੍ਹਾਈ ਦੇ ਨਾਲ ਨਾਲ ਖੇਡਾਂ ਦੀ ਤਿਆਰੀ ਵੀ ਕਰਵਾਈ ਜਾਂਦੀ ਹੈ।ਇਸ ਮੌਕੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕਰਨ ਲਈ ਸਕੂਲ ਦੇ ਚੇਅਰਮੈਨ ਜਨਕ ਰਾਜ ਮੁੰਜਾਲ, ਮੈਨੇਜਿੰਗ ਡਾਇਰੈਕਟਰ ਅਰਜੁਨ ਮੁੰਜਾਲ, ਮੈਨੇਜਮੈਂਟ ਮੈਂਬਰ ਏਕਤਾ ਮੁੰਜਾਲ, ਮੈਨੇਜਮੈਂਟ ਮੈਂਬਰ ਅੰਜਲੀ ਚਾਨਣਾ ਤੇ ਸਕੂਲ ਦੇ ਪ੍ਰਿੰਸੀਪਲ ਡਾ: ਰਵਿੰਦਰ ਕੁਮਾਰ ਨੇ ਸਕੂਲ ਮੈਨੇਜਮੈਂਟ ਦਾ ਧੰਨਵਾਦ ਕੀਤਾ ਤੇ ਵਿਦਆਰਥੀਆਂ, ਸਮੂਹ ਸਕੂਲ ਸਟਾਫ ਤੇ ਡੀ.ਪੀ.ਈ. ਸਾਜਨ ਕੁਮਾਰ ਨੂੰ ਮੁਬਾਰਕਾਂ ਦਿੱਤੀਆਂ।

## ਸੀ ਜੀ ਐੱਮ ਮੋਹਲਾਂ 'ਚ ਫਰੈਂਡਲੀ ਫੁੱਟਬਾਲ ਮੈਚ ਕਰਵਾਇਆ



**ਮਲੋਟ (ਗੁਰਮੀਤ ਸਿੰਘ ਮੱਕੜ)**-ਆਜ਼ਾਦੀ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਸੀ.ਜੀ.ਐੱਮ. ਕਾਲਜ ਮੋਹਲਾਂ ਦੇ ਸਰੀਰਕ ਸਿੱਖਿਆ ਵਿਭਾਗ ਵੱਲੋਂ ਕਾਲਜ ਵਿਖੇ ਫੁੱਟਬਾਲ ਦਾ ਮੈਚ ਕਰਵਾਇਆ ਗਿਆ। ਕਾਲਜ ਚੇਅਰਮੈਨ ਸੱਤਪਾਲ ਮੋਹਲਾਂ ਤੇ ਕਾਲਜ ਪ੍ਰਿੰਸੀਪਲ ਡਾ. ਬਲਜੀਤ ਸਿੰਘ ਨੇ ਖਿਡਾਰੀਆਂ ਨਾਲ ਜਾਣ-ਪਛਾਣ ਕਰਨ ਤੋਂ ਬਾਅਦ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਮੈਚ ਸ਼ੁਰੂ ਕਰਵਾਇਆ। ਕਾਲਜ ਮੈਨੇਜਮੈਂਟ ਕਮੇਟੀ ਮੈਂਬਰ ਨਵਜੀਤ ਮੋਹਲਾਂ, ਜਗਤਾਰ ਬਰਾੜ ਤੇ ਰਾਜ ਕੁਮਾਰ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਖੇਡਾਂ ਨੂੰ ਹੋਰ ਉਤਸ਼ਾਹਤ ਕਰਨ ਲਈ ਲੀਗ ਟੂਰਨਾਮੈਂਟ ਵੀ ਕਰਵਾਇਆ ਜਾਵੇਗਾ। ਫਾਈਨਲ ਮੈਚ ਸੀ.ਜੀ.ਐੱਮ. ਕਾਲਜ ਮੋਹਲਾਂ ਦੀ ਟੀਮ ਤੇ ਪਿੰਡ ਕਰਮਪੱਟੀ ਦੀ ਟੀਮ ਵਿਚਕਾਰ ਹੋਇਆ, ਜਿਸ ਵਿੱਚ ਪਿੰਡ ਕਰਮਪੱਟੀ ਦੀ ਟੀਮ 4-2 ਨਾਲ ਜੇਤੂ ਰਹੀ। ਕਾਲਜ ਚੇਅਰਮੈਨ ਸੱਤਪਾਲ ਮੋਹਲਾਂ, ਕਮੇਟੀ ਮੈਂਬਰਾਂ ਤੇ ਕਾਲਜ ਪ੍ਰਿੰਸੀਪਲ ਡਾ. ਬਲਜੀਤ ਸਿੰਘ ਨੇ ਜੇਤੂ ਟੀਮ ਨੂੰ ਵਧਾਈ ਦਿੱਤੀ। ਸਰੀਰਕ ਸਿੱਖਿਆ ਵਿਭਾਗ ਦੇ ਪ੍ਰੋ. ਪਵਨਪ੍ਰੀਤ ਸਿੰਘ ਸੰਧੂ ਤੇ ਪ੍ਰੋ. ਡਿੰਕੀਪਾਲ ਸਿੰਘ ਗਰੇਵਾਲ ਨੇ ਇਸ ਮੈਚ ਨੂੰ ਨਿਯਮਾਂ ਮੁਤਾਬਿਕ ਕਰਵਾਇਆ।

## ਲੈਪਟੌਪ ਵਾਪਸ ਕਰਕੇ ਦਿਖਾਈ ਇਮਾਨਦਾਰੀ



**ਬਰੇਟਾ (ਰੀਤਵਾਲ)**-ਇਮਾਨਦਾਰੀ ਅਜੇ ਜ਼ਿੰਦਾ ਹੈ, ਇਸ ਦੀ ਮਿਸਾਲ ਬਰੇਟਾ ਵਿਖੇ ਦੇਖਣ ਨੂੰ ਮਿਲੀ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਅਮਨ ਗੋਇਲ ਵਾਸੀ ਬਰੇਟਾ ਨੇ ਦੱਸਿਆ ਕਿ ਮੈਂ ਬੀਤੇ ਦਿਨ ਵੀਰਵਾਰ ਨੂੰ ਜਾਖਲ ਤੋਂ ਬਰੇਟਾ ਵੱਲ ਪੀ ਆਰ ਟੀ ਸੀ ਦੀ ਬੱਸ ਵਿੱਚ ਆ ਰਿਹਾ ਸੀ ਤਾਂ ਜਦੋਂ ਮੈਂ ਬਰੇਟਾ ਵਿਖੇ ਆਪਣੇ ਘਰ ਪਹੁੰਚਿਆ ਤਾਂ ਮੈਨੂੰ ਚਾਰਜ ਲਗਾਉਣ ਸਮੇਂ ਪਤਾ ਲੱਗਾ ਕਿ ਮੇਰਾ ਲੈਪਟੌਪ ਬੱਸ ਵਿੱਚ ਰਹਿ ਗਿਆ ਹੈ, ਜਿਸ ਤੋਂ ਬਾਅਦ ਮੈਨੂੰ ਤੇ ਮੇਰੇ ਪਰਿਵਾਰ ਨੂੰ ਇਸ ਗੱਲ ਦੀ ਟੈਂਸ਼ਨ ਹੋ ਗਈ ਕਿ ਹੁਣ ਗੁੰਮ ਹੋਇਆ ਏਨਾ ਮਹਿੰਗਾ ਲੈਪਟੌਪ ਮਿਲੇਗਾ ਜਾਂ ਨਹੀਂ।ਬਹੁਤ ਦੇਰ ਬਾਅਦ ਖੋਜ ਕਰਨ 'ਤੇ ਬੱਸ ਦੇ ਡਰਾਇਵਰ ਨਾਲ ਫੋਨ 'ਤੇ ਸੰਪਰਕ ਕੀਤਾ ਤਾਂ ਉਨ੍ਹਾ ਕਿਹਾ ਕਿ ਤੁਹਾਡਾ ਲੈਪਟੌਪ ਸਾਡੇ ਕੋਲ ਹੈ।ਤੁਹਾਨੂੰ ਬਿਲਕੁੱਲ ਵੀ ਘਬਰਾਉਣ ਦੀ ਲੋੜ ਨਹੀਂ।ਅਗਲੇ ਦਿਨ ਬੁਢਲਾਡਾ ਦੇ ਬੱਸ ਸਟੈਂਡ ਵਿਖੇ ਬੱਸ ਦੇ ਡਰਾਇਵਰ ਗੁਰਜੀਤ ਸਿੰਘ ਤੇ ਕੰਡਕਟਰ ਬੂਟਾ ਸਿੰਘ ਨੇ ਮੈਨੂੰ ਬੁਲਾ ਕੇ ਮੇਰਾ ਲੈਪਟੌਪ ਦੇ ਦਿੱਤਾ।ਸ਼ਹਿਰ ਵਿੱਚ ਇਸ ਇਮਾਨਦਾਰੀ ਦੀ ਖੂਬ ਚਰਚਾ ਹੋ ਰਹੀ ਹੈ।ਲੈਪਟੌਪ ਮਾਲਕ ਅਮਨ ਗੋਇਲ ਨੇ ਗੁਰਜੀਤ ਸਿੰਘ ਤੇ ਬੂਟਾ ਸਿੰਘ ਦਾ ਤਹਿ ਦਿਲੋਂ ਧੰਨਵਾਦ ਕੀਤਾ।

## ਚਰਨ ਕੰਵਲ ਸਾਹਿਬ ਸਪੋਰਟਸ ਕਲੱਬ ਵੱਲੋਂ ਮੁਫ਼ਤ ਮੈਡੀਕਲ ਕੈਂਪ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਚਰਨ ਕੰਵਲ ਸਾਹਿਬ ਸਪੋਰਟਸ ਐਂਡ ਵੈੱਲਫੇਅਰ ਕਲੱਬ ਵੱਲੋਂ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਸੰਗਰਾਂਦ ਦਿਹਾੜੇ 'ਤੇ ਪਹਿਲਾ ਮੁਫ਼ਤ ਮੈਡੀਕਲ ਕੈਂਪ ਲਾਇਆ ਗਿਆ। ਖੇਡਾਂ ਦੇ ਨਾਲ-ਨਾਲ ਸਮਾਜ ਸੇਵੀ ਕਾਰਜਾਂ ਵਿੱਚ ਵੀ ਉਪਰਾਲਾ ਕਰ ਰਹੀ ਕਲੱਬ ਦੇ ਪ੍ਰਧਾਨ ਜਸਪਾਲ ਸਿੰਘ ਜੱਜ ਨੇ ਦੱਸਿਆ ਕਿ ਕੈਂਪ ਦਾ ਉਦਘਾਟਨ ਬਾਬਾ ਸੁਰਿੰਦਰ ਸਿੰਘ (ਕਾਰ ਸੇਵਾ ਵਾਲੇ) ਤੇ ਬਾਬਾ ਸੁੱਧ ਸਿੰਘ ਟੂਸੇ ਵਾਲਿਆਂ ਨੇ ਸੰਯੁਕਤ ਰੂਪ ਵਿੱਚ ਕੀਤਾ। ਇੰਡਸ ਹੈਲਥ ਸ਼ਿਉਰ ਹਸਪਤਾਲ ਘੜੂੰਆਂ ਤੋਂ ਆਈ ਟੀਮ ਨੇ ਮਰੀਜ਼ਾਂ ਦੀ ਜਾਂਚ ਕੀਤੀ ਤੇ ਉਨ੍ਹਾਂ ਨੂੰ ਲੋੜੀਂਦੀਆਂ ਦਵਾਈਆਂ ਮੁਫ਼ਤ ਦਿੱਤੀਆਂ ਗਈਆਂ। ਇਸ ਮੌਕੇ ਡਾ. ਨਿਕੁਮ ਗੁਪਤਾ, ਡਾ. ਪ੍ਰਿਆ ਤੇ ਉਨ੍ਹਾਂ ਦੀ ਟੀਮ ਨੇ ਮਰੀਜ਼ਾਂ ਦੀ ਜਾਂਚ ਕੀਤੀ ਤੇ ਵੱਖ-ਵੱਖ ਬਿਮਾਰੀਆਂ ਤੋਂ ਬਚਾਅ ਸੰਬੰਧੀ ਜਾਗਰੂਕ ਕੀਤਾ। ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਸ਼੍ਰੋਮਣੀ ਕਮੇਟੀ ਮੈਂਬਰ ਹਰਜਤਿੰਦਰ ਸਿੰਘ ਬਾਜਵਾ, ਜਥੇਦਾਰ ਹਰਜੀਤ ਸਿੰਘ ਸ਼ੇਰੀਆਂ, ਮੈਨੇਜਰ ਜਸਵੀਰ ਸਿੰਘ ਮੰਗਲੀ, ਬਲਵੀਰ ਸਿੰਘ ਮਾਨ, ਜਸਵੀਰ ਸਿੰਘ ਢਿੱਲੋਂ, ਸਿਮਰਨ, ਖੁਸ਼ਬੂ, ਕਮਲਜੀਤ ਕੌਰ, ਅਮਰਜੀਤ ਸਿੰਘ, ਅਮਰਿੰਦਰ ਸਿੰਘ, ਗਗਨਦੀਪ ਸਿੰਘ ਗਿੱਲ, ਗੁਰਪ੍ਰੀਤ ਸਿੰਘ ਮੌਜੂਦ ਸਨ।

## ਸਰਕਾਰੀ ਸਕੂਲ ਮਰਦਾਂ ਹੇੜੀ ਨੂੰ ਸਟੇਸ਼ਨਰੀ ਤੇ ਸਾਊਂਡ ਸਿਸਟਮ ਭੇਟ



**ਸਮਾਣਾ (ਇਕਬਾਲ ਸਿੰਘ ਬੱਲ)**-ਲਾਇਨਜ਼ ਕਲੱਬ ਸਮਾਣਾ ਰੋਜ਼ ਵੱਲੋਂ 78ਵਾਂ ਆਜ਼ਾਦੀ ਦਿਵਸ ਗੌਰਮਿੰਟ ਹਾਈ ਸਕੂਲ ਮਰਦਾਂ ਹੇੜੀ ਵਿਖੇ ਮਨਾਇਆ ਗਿਆ।ਇਸ ਮੌਕੇ ਕਲੱਬ ਦੇ ਪ੍ਰਧਾਨ ਪੰਕਜ ਗਰਗ ਵੱਲੋਂ ਝੰਡਾ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ ਤੇ ਸਕੂਲ ਦੇ ਬੱਚਿਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ।ਇਸ ਮੌਕੇ ਸੰਸਥਾ ਵੱਲੋਂ ਸਕੂਲ ਨੂੰ ਇੱਕ ਸਾਊਂਡ ਸਿਸਟਮ ਲਈ ਨਗਦ ਰਾਸ਼ੀ ਭੇਟ ਕੀਤੀ ਗਈ।ਇਸ ਮੌਕੇ ਕਲੱਬ ਦੇ ਅਹੁਦੇਦਾਰਾਂ ਵੱਲੋਂ ਬੱਚਿਆਂ ਲਈ ਬਹੁਤ ਸਾਰਾ ਸਾਮਾਨ ਰਿਫਰੈਸ਼ਮੈਂਟ ਦੇ ਰੂਪ ਵਿੱਚ ਲਿਆਂਦਾ ਗਿਆ ਤੇ ਬੱਚਿਆਂ ਨੂੰ ਸਟੇਸ਼ਨਰੀ ਵੰਡੀ ਗਈ। ਬੱਚਿਆਂ ਦੀ ਪ੍ਰਫਰਮੈਂਸ ਤੋਂ ਖੁਸ਼ ਹੋ ਕੇ ਨਿੱਜੀ ਤੌਰ 'ਤੇ ਬੱਚਿਆਂ ਨੂੰ ਇਨਾਮ ਦਿੱਤਾ ਗਿਆ। ਪ੍ਰੋਗਰਾਮ ਤੋਂ ਬਾਅਦ ਬੱਚਿਆਂ ਨੂੰ ਕਲੱਬ ਵੱਲੋਂ ਰਿਫਰੈਸ਼ਮੈਂਟ ਵੀ ਦਿੱਤੀ ਗਈ। ਸਕੂਲ ਦੇ ਹੈੱਡ ਮਾਸਟਰ ਸ੍ਰੀ ਭੂਸ਼ਣ ਕੁਮਾਰ ਤੇ ਉਨ੍ਹਾਂ ਦੇ ਸਟਾਫ਼ ਵੱਲੋਂ ਕਲੱਬ ਦਾ ਧੰਨਵਾਦ ਕਰਦੇ ਹੋਏ ਕਿਹਾ ਗਿਆ ਕਿ ਕਲੱਬ ਵੱਲੋਂ ਦਿੱਤੀ ਗਈ ਸਹਾਇਤਾ ਰਾਸ਼ੀ ਇਸ ਸਕੂਲ ਵਿੱਚ ਪੜ੍ਹ ਰਹੇ ਬੱਚਿਆਂ ਨੂੰ ਪੜ੍ਹਾਈ ਲਈ ਇੱਕ ਵਧੀਆ ਵਾਤਾਵਰਨ ਦੇਣ ਵਿੱਚ ਸਹਾਇਕ ਹੋਵੇਗੀ।ਇਸ ਮੌਕੇ ਕਲੱਬ ਦੇ ਸੈਕਟਰੀ ਪੰਕਜ ਬਾਂਸਲ, ਅੰਸ਼ੁਲ ਢੀਂਗੜਾ, ਪ੍ਰੋਜੈਕਟ ਡਾਇਰੈਕਟਰ ਸੁਮੇਰ ਸਿੰਘ, ਜੀਵਨ ਮਿੱਤਲ, ਸੰਜੀਵ ਗੋਇਲ, ਦੀਪਕ ਸਿੰਗਲਾ, ਰਿਤੇਸ਼ ਸਿੰਗਲਾ, ਵਿਕਾਸ ਸਿੰਗਲਾ ਤੇ ਵਿਨੋਦ ਸਿੰਗਲਾ ਮੌਜੂਦ ਰਹੇ।

# ਕਿਸਾਨਾਂ ਨੇ ਕਾਲੇ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਭਾਕਿਯੂ ਬਲਾਕ ਮਹਿਲ ਕਲਾਂ ਦੀ ਅਗਵਾਈ ਹੇਠ ਕਿਸਾਨਾਂ ਵੱਲੋਂ ਕਾਲੇ ਕਾਨੂੰਨਾਂ ਦੀਆਂ ਕਾਪੀਆਂ ਸਾੜਨ ਉਪਰੰਤ ਟਰੈਕਟਰਾਂ ਦੇ ਕਾਫਲੇ ਸਮੇਤ ਬਲਾਕ ਦੇ ਤਿੰਨ ਦਰਜਨ ਦੇ ਕਰੀਬ ਪਿੰਡਾਂ ਅੰਦਰ ਕੇਂਦਰ ਸਰਕਾਰ ਦੇ ਖਿਲਾਫ਼ ਰੋਸ ਮਾਰਚ ਕੱਢਿਆ ਗਿਆ।ਇਸ ਮੌਕੇ ਜਸਪਾਲ ਸਿੰਘ ਕਲਾਲ ਮਾਜਰਾ, ਕਰਨੈਲ ਸਿੰਘ ਗਾਂਧੀ, ਨਛੱਤਰ ਸਿੰਘ ਸਹੌਰ, ਜਗਪਾਲ ਸਿੰਘ ਸਹਿਜੜਾ, ਜੰਗੀਰ ਸਿੰਘ ਦਿਉਲ, ਰਘਬੀਰ ਸਿੰਘ, ਸੁਖਵਿੰਦਰ ਸਿੰਘ ਖਿਆਲੀ, ਗੁਰਮੇਲ ਸਿੰਘ ਕਲਾਲਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਹਮੇਸ਼ਾ ਹੀ ਕਿਸਾਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਗਿਆ ਹੈ। ਅੱਜ ਜਿੱਥੇ ਦੇਸ਼ ਦੇ ਅੰਨ ਭੰਡਾਰ ਭਰਨ ਵਾਲੇ ਕਿਸਾਨਾਂ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਸੀ, ਉਥੇ ਕਿਰਤੀ ਕਿਸਾਨਾਂ ਨੂੰ ਸਰਕਾਰਾਂ ਖਿਲਾਫ਼ ਰੋਸ ਮਾਰਚ ਕਰਨੇ ਪੈ ਰਹੇ ਹਨ।ਦੇਸ਼ ਦੀਆਂ ਘੱਟ ਗਿਣਤੀਆਂ ਤੇ ਲੋਕਾਂ ਦੀ ਗੱਲ ਕਰਨ ਵਾਲੇ ਆਗੂਆਂ ਨੂੰ ਜੇਲ੍ਹਾਂ ਵਿੱਚ ਡੱਕਿਆ ਜਾ ਰਿਹਾ ਹੈ।ਦੇਸ਼ ਅੰਦਰ ਨਵੇਂ ਨਵੇਂ ਮਾਰੂ ਕਾਨੂੰਨ ਲਿਆ ਕੇ ਲੋਕਾਂ ਦੀ ਆਵਾਜ਼ ਨੂੰ ਬੰਦ ਕੀਤਾ ਜਾ ਰਿਹਾ ਹੈ, ਜੋ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਕੇਂਦਰ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਦਾ ਡੱਟਵਾਂ ਵਿਰੋਧ ਕੀਤਾ ਜਾਵੇ।

**ਮੱਖੂ (ਰਛਪਾਲ ਸਿੰਘ ਸੰਧੂ)** : ਭਾਰਤੀ ਕਿਸਾਨ ਯੂਨੀਅਨ ਬਹਿਰਾਮ ਕੇ ਵੱਲੋਂ ਜਨਰਲ ਸਕੱਤਰ ਪੰਜਾਬ ਜਸਵੰਤ ਸਿੰਘ ਗੱਟਾ ਦੀ ਅਗਵਾਈ 'ਚ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਆਮ ਲੋਕਾਂ 'ਤੇ ਥਾਪੇ ਗਏ ਜਾਬਰ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ ਗਈਆਂ ਅਤੇ ਮੋਦੀ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ ਧਰਮ ਸਿੰਘ, ਸਵਰਨ ਸਿੰਘ, ਹਰਮਿੰਦਰ ਸਿੰਘ ਸੰਘੇੜਾ, ਮਹਾਵੀਰ ਸਿੰਘ, ਜਗਸੀਰ ਸਿੰਘ, ਕੁਲਦੀਪ ਸਿੰਘ, ਹਰਜਿੰਦਰ ਸਿੰਘ, ਗੁਰਮੀਤ ਸਿੰਘ, ਸੁਖਚੈਨ ਸਿੰਘ ਆਦਿ ਹਾਜ਼ਰ ਸਨ।

## ਗੁਰਲੀਨ ਰੱਖੜਾ ਨੂੰ ਸਿੱਖਿਆ ਮੰਤਰੀ ਬੈਂਸ ਨੇ ਸਪੈਸ਼ਲ ਐਵਾਰਡ ਦੇ ਕੇ ਕੀਤਾ ਸਨਮਾਨਤ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸਰਕਾਰੀ ਐਮੀਨੈਂਸ ਸੀਨੀਅਰ ਸੈਕੰਡਰੀ ਸਕੂਲ ਥਰੀ ਬੀ ਟੂ ਮੋਹਾਲੀ ਸਿੱਖਿਆ ਪ੍ਰਾਪਤ ਕਰਨ ਵਾਲੀ ਪੀ ਆਈ ਐਸ ਦੀ ਦੀ ਫੈਂਸਿੰਗ ਖਿਡਾਰਨ ਗੁਰਲੀਨ ਕੌਰ ਰੱਖੜਾ ਪਟਿਆਲਾ ਨੂੰ 15 ਅਗਸਤ ਦੇ ਆਜ਼ਾਦੀ ਦਿਹਾੜੇ ਮੌਕੇ ਮੋਹਾਲੀ ਵਿਖੇ ਹੋਏ ਜ਼ਿਲ੍ਹਾ ਪੱਧਰੀ ਸਮਾਗਮ ਵਿੱਚ ਪਹੁੰਚੇ ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਸਪੈਸ਼ਲ ਜ਼ਿਲ੍ਹਾ ਐਵਾਰਡ ਦੇ ਕੇ ਗੁਰਲੀਨ ਕੌਰ ਰੱਖੜਾ ਨੂੰ ਸਨਮਾਨਤ ਕੀਤਾ ਹੈ। ਪੀ ਆਈ ਐਸ ਦੀ ਖਿਡਾਰਨ ਗੁਰਲੀਨ ਕੌਰ ਰੱਖੜਾ 2024 ਵਿੱਚ ਮਹਾਰਾਸ਼ਟਰਾ ਦੇ ਔਰੰਗਾਵਾਦ ਵਿਖੇ ਹੋਈਆਂ ਸਕੂਲੀ ਨੈਸ਼ਨਲ ਫੈਂਸਿੰਗ ਚੈਂਪੀਅਨਸ਼ਿਪ ਵਿੱਚ ਬਰਾਊਨ ਮੈਡਲ ਜਿੱਤਿਆ ਸੀ, ਉੱਥੇ ਹੀ ਪਹਿਲਾਂ ਵੀ ਕਈ ਵਾਰ ਨੈਸ਼ਨਲ ਮੁਕਾਬਲਿਆਂ ਵਿੱਚ ਸਕੂਲ ਵੱਲੋਂ ਭਾਗ ਲੈ ਚੁੱਕੀ ਹੈ ਅਤੇ ਸਟੇਟ ਪਧਰੀ ਮੁਕਾਬਲੇ ਵਿੱਚ ਚਾਰ ਵਾਰ ਗੋਲਡ, ਪੰਜ ਵਾਰ ਸਿਲਵਰ ਮੈਡਲ ਜਿੱਤ ਕੇ ਆਪਣੇ ਪਿੰਡ ਅਤੇ ਸਕੂਲ ਦਾ ਨਾਂਅ ਰੋਸ਼ਨ ਕੀਤਾ ਹੈ। ਜਿਸ 'ਤੇ ਖੁਸ਼ੀ ਪ੍ਰਗਟ ਕਰਦੇ ਹੋਏ ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਜਿੱਥੇ ਖਿਡਾਰਨ ਗੁਰਲੀਨ ਕੌਰ ਦੀ ਹੌਸਲਾ ਅਫਜ਼ਾਈ ਕੀਤੀ ਉਥੇ ਹੀ ਕਿਹਾ ਕਿ ਪੰਜਾਬ ਸਰਕਾਰ ਖਿਡਾਰੀਆਂ ਨੇ ਮਾਨ ਸਨਮਾਨ ਲਈ ਹਮੇਸ਼ਾ ਵਚਨਵੱਧ ਹੈ। ਇਸ ਮੌਕੇ ਪੀ ਆਈ ਐਸ ਦੇ ਫੈਂਸਿੰਗ ਕੋਚ ਪੰਕਜ ਸਿੰਗਲਾ ਨੇ ਕਿਹਾ ਕਿ ਗੁਰਲੀਨ ਕੌਰ ਨੇ ਨੈਸ਼ਨਲ ਮੁਕਾਬਲੇ ਵਿੱਚ ਜਿੱਤ ਦਰਜ ਕਰਾ ਕੇ ਪੀ ਆਈ ਐਸ ਤੇ ਸਕੂਲ ਦਾ ਨਾਂਅ ਰੋਸ਼ਨ ਕੀਤਾ ਹੈ ਜੋ ਕਿ ਸਾਡੇ ਲਈ ਮਾਣ ਵਾਲੀ ਗੱਲ ਹੈ।



# ਨਰੇਗਾ ਮਜ਼ਦੂਰਾਂ ਫੂਕਿਆ ਸਰਕਾਰ ਦਾ ਪੁਤਲਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ (ਏਟਕ) ਦੇ ਜ਼ਿਲ੍ਹਾ ਮੋਗਾ ਵੱਲੋਂ ਨਰੇਗਾ ਮਜ਼ਦੂਰਾਂ ਦੇ ਮਸਲਿਆਂ ਨੂੰ ਲੈ ਕੇ ਤੇ ਡਿਪਟੀ ਕਮਿਸ਼ਨਰ ਵੱਲੋਂ ਮੀਟਿੰਗ ਨਾ ਦੇਣ ਦੇ ਵਿਰੋਧ ਵਿੱਚ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ।ਇਸ ਮੌਕੇ ਗੱਲਬਾਤ ਕਰਦਿਆਂ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਜਗਸੀਰ ਸਿੰਘ ਖੋਸਾ ਤੇ ਜ਼ਿਲ੍ਹਾ ਕਨਵੀਨਰ ਸ਼ੇਰ ਸਿੰਘ ਦੌਲਤਪੁਰਾ ਨੇ ਕਿਹਾ ਕਿ ਜ਼ਿਲ੍ਹੇ ਦਾ ਨਰੇਗਾ ਪ੍ਰਸ਼ਾਸਨ ਨਰੇਗਾ ਕਾਮਿਆਂ ਪ੍ਰਤੀ ਬੇਹੱਦ ਬੇਰੁਖੀ ਵਾਲਾ ਵਤੀਰਾ ਅਪਣਾ ਰਿਹਾ ਹੈ, ਜੋ ਕਿ ਬੇਹੱਦ ਮੰਦਭਾਗਾ ਹੈ।ਉਨ੍ਹਾਂ ਕਿਹਾ ਕਿ ਨਰੇਗਾ ਕਾਮਿਆਂ ਦੀ 100 ਦਿਨਾਂ ਦੀ ਗਾਰੰਟੀ ਦਾ ਐਵਰੇਜ ਤੀਜਾ ਹਿੱਸਾ ਹੀ ਮਜ਼ਦੂਰਾਂ ਨੂੰ ਮਿਲ ਰਿਹਾ ਹੈ।ਮਜ਼ਦੂਰਾਂ ਦੀ ਦਿਹਾੜੀ ਐਕਟ ਅਨੁਸਾਰ 431 ਦੇਣ ਦੀ ਬਜਾਏ 322 ਰੁਪਏ ਦਿੱਤੀ ਜਾ ਰਹੀ ਹੈ।ਜ਼ਿਲ੍ਹਾ ਮੋਗਾ ਵਿਖੇ ਨਰੇਗਾ ਵਿੱਚ ਕੰਮ ਕਰਦੇ ਨਰੇਗਾ ਮੇਟ ਬਿਨਾਂ ਕਿਸੇ ਕਾਰਨ ਤੋਂ ਹਟਾਏ ਗਏ ਹਨ।ਇਨ੍ਹਾਂ ਮਸਲਿਆਂ ਨੂੰ ਲੈ ਕੇ 29/07/2024 ਨੂੰ ਡਿਪਟੀ ਕਮਿਸ਼ਨਰ ਮੋਗਾ ਨੂੰ ਮੰਗ ਪੱਤਰ ਦੇ ਕੇ ਮੀਟਿੰਗ ਦੀ ਮੰਗ ਕੀਤੀ ਸੀ, ਪਰ ਹਾਲੇ ਤੱਕ ਡਿਪਟੀ ਕਮਿਸ਼ਨਰ ਨੇ ਯੂਨੀਅਨ ਨੂੰ ਮੀਟਿੰਗ ਲਈ ਸੱਦਾ ਨਹੀਂ ਦਿੱਤਾ, ਜੋ ਕਿ ਮਜ਼ਦੂਰਾਂ ਨਾਲ ਸਰਾਸਰ ਧੱਕਾ ਹੈ, ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਵਰਾਜ ਸਿੰਘ ਢੁੱਡੀਕੇ, ਕਮਲੇਸ਼ ਸਿੰਘ, ਰਾਜੂ ਮਹੇਸ਼ਰੀ, ਜਬਰਜੰਗ ਸਿੰਘ, ਅਮਰਜੀਤ ਕੌਰ ਮਹਿਣਾ, ਜਸਵੀਰ ਕੌਰ ਨੱਥੂਵਾਲਾ, ਸਰਬਜੀਤ ਕੌਰ ਖੋਸਾ ਆਦਿ ਹਾਜ਼ਰ ਸਨ।

# ਬਜ਼ੁਰਗ ਜੋੜੇ ਤੋਂ ਛਾਪ ਖੋਹ ਕੇ ਭੱਜੇ ਚਾਰੇ ਨੌਜਵਾਨ ਦਬੋਚੇ

**ਭਗਤਾ ਭਾਈ ਕਾ (ਰਾਜੀਵ ਗੋਇਲ)**

ਥਾਣਾ ਦਿਆਲਪੁਰਾ ਦੀ ਪੁਲਸ ਵੱਲੋਂ ਲੁੱਟ ਖੋਹ ਕਰਨ ਵਾਲੇ ਕਾਰ ਸਵਾਰ ਚਾਰ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਬੀਤੀ ਸ਼ਾਮ ਬਰਨਾਲਾ ਜ਼ਿਲ੍ਹੇ ਨਾਲ ਸੰਬੰਧਤ ਇੱਕ ਬਿਰਧ ਜੋੜਾ ਨੇੜਲੇ ਪਿੰਡ ਸਲਾਬਤਪੁਰਾ ਦੇ ਮੁੱਖ ਚੌਂਕ ਵਿੱਚ ਬਰਨਾਲਾ ਜਾਣ ਵਾਲੀ ਬੱਸ ਦੀ ਉਡੀਕ ਕਰ ਰਿਹਾ ਸੀ ਤੇ ਇੰਨੇ ਨੂੰ ਆਲਟੋ ਕਾਰ 'ਤੇ ਸਵਾਰ ਚਾਰ ਨੌਜਵਾਨ ਉਕਤ ਜੋੜੇ ਕੋਲ ਆ ਕੇ ਰੁਕੇ ਤੇ ਰਸਤਾ ਪੁੱਛਣ ਦੇ ਬਹਾਨੇ ਉਨ੍ਹਾਂ ਨੂੰ ਉਲਝਾਉਣ ਲੱਗ ਪਏ।ਇੰਨੇ ਨੂੰ ਇਨ੍ਹਾਂ ਨੌਜਵਾਨਾਂ ਨੇ ਉਕਤ ਬਜ਼ੁਰਗ ਆਦਮੀ ਦੇ ਹੱਥ ਵਿੱਚ ਪਾਈ ਸੋਨੇ ਦੀ ਸ਼ਾਪ ਖੋਹ ਲਈ ਤੇ ਮੌਕੇ ਤੋਂ ਫਰਾਰ ਹੋ ਗਏ, ਜਿਸ ਤੋਂ ਬਾਅਦ ਥਾਣਾ ਦਿਆਲਪੁਰਾ ਦੀ ਪੁਲਸ ਵੱਲੋਂ ਤੁਰੰਤ ਹਰਕਤ ਵਿੱਚ ਆਉਂਦੇ ਹੋਏ ਇਨ੍ਹਾਂ ਲੁਟੇਰਿਆਂ ਦਾ ਪਿੱਛਾ ਕਰਦੇ ਹੋਏ ਸਲਾਬਤਪੁਰਾ ਨੇੜਲੇ ਪਿੰਡ ਆਦਮਪੁਰਾ ਦੇ ਸੈਦੋ ਰੋਡ ਕੋਲ ਇਨ੍ਹਾਂ ਲੁਟੇਰਿਆਂ ਨੂੰ ਕਾਬੂ ਕਰ ਲਿਆ ਗਿਆ।ਕਾਬੂ ਕੀਤੇ ਲੁਟੇਰਿਆਂ ਪਾਸੋਂ ਬਜ਼ੁਰਗ ਜੋੜੇ ਦੀ ਖੋਹੀ ਸ਼ਾਪ ਸਮੇਤ ਵਾਰਦਾਤ ਵਿੱਚ ਵਰਤੀ ਆਲਟੋ ਕਾਰ ਬਰਾਮਦ ਕਰ ਲਈ ਗਈ ਹੈ।ਕਾਬੂ ਕੀਤੇ ਨੌਜਵਾਨਾਂ ਦੀ ਪਹਿਚਾਣ ਦਿਲਬਾਗ ਸਿੰਘ ਵਾਸੀ ਘੱਲ ਕਲਾਂ, ਧਰਮਿੰਦਰ ਸਿੰਘ ਤੇ ਵੀਰਪਾਲ ਸਿੰਘ ਵਾਸੀ ਰੌਲੀ ਤੇ ਧਰਮਪਾਲ ਸਿੰਘ ਵਾਸੀ ਇੰਦਗੜ੍ਹ ਜ਼ਿਲ੍ਹਾ ਮੋਗਾ ਵਜੋਂ ਹੋਈ ਹੈ।ਥਾਣਾ ਦਿਆਲਪੁਰਾ ਦੇ ਮੁਖੀ ਜਗਰੂਪ ਸਿੰਘ ਤੇ ਚੌਂਕੀ ਇੰਚਾਰਜ ਅਵਤਾਰ ਸਿੰਘ ਨੇ ਦੱਸਿਆ ਕਿ ਸਾਰੇ ਹੀ ਨੌਜਵਾਨਾਂ ਨੂੰ ਗ੍ਰਿਫਤਾਰ ਕਰਕੇ ਖੋਹੀ ਸ਼ਾਪ ਬਰਾਮਦ ਕਰ ਲਈ ਗਈ ਹੈ ਤੇ ਸ਼ਿਕਾਇਤਕਰਤਾ ਵੱਲੋਂ ਇਨ੍ਹਾਂ ਨੌਜਵਾਨਾਂ ਦੀ ਪਹਿਚਾਣ ਕਰ ਲਈ ਗਈ ਹੈ।ਇਸ ਮਸਲੇ ਵਿੱਚ ਵਰਤੀ ਫੁਰਤੀ ਨੂੰ ਲੈ ਕੇ ਇਲਾਕੇ ਦੇ ਲੋਕਾਂ ਵੱਲੋਂ ਥਾਣਾ ਦਿਆਲਪੁਰਾ ਦੀ ਪੁਲਸ ਦੀ ਪੁਰਜ਼ੋਰ ਸ਼ਲਾਘਾ ਕੀਤੀ ਜਾ ਰਹੀ ਹੈ।

ਉਧਰ ਇਸ ਕਾਰਵਾਈ ਨੂੰ ਲੈ ਕੇ ਪ੍ਰੈੱਸ ਕਲੱਬ ਭਗਤਾ ਦੇ ਨੁਮਾਇੰਦਿਆਂ ਵੱਲੋਂ ਥਾਣਾ ਦਿਆਲਪੁਰਾ ਦੇ ਮੁਖੀ ਜਗਰੂਪ ਸਿੰਘ ਤੇ ਚੌਂਕੀ ਇੰਚਾਰਜ ਅਵਤਾਰ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

**ਪ੍ਰੈੱਸ ਕਲੱਬ ਭਗਤਾ ਵੱਲੋਂ ਥਾਣਾ ਮੁਖੀ ਸਨਮਾਨਤ**



# ਬਾਬਾ ਗੁਰਵਿੰਦਰ ਸਿੰਘ ਖੇੜੀ ਜੱਟਾਂ ਗ੍ਰਿਫ਼ਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਕਰੀਬ 4 ਦਿਨ ਪਹਿਲਾਂ ਸਰਹਿੰਦ ਦੀ ਮਾਤਾ ਗੁਜ਼ਰੀ ਵਿਖੇ ਤੇ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਵਿਖੇ ਚੱਲੀ ਕਥਿਤ ਗੋਲੀ ਅਤੇ ਹੋਏ ਲੜਾਈ ਝਗੜੇ ਦੇ ਮਾਮਲੇ 'ਚ ਇਰਾਦਾ ਕਤਲ ਦੇ ਦੋਸ਼ਾਂ ਤਹਿਤ ਬਾਬਾ ਗੁਰਵਿੰਦਰ ਸਿੰਘ ਖੇੜੀ ਜੱਟਾਂ ਜੋ ਕਿ ਸੋਸ਼ਲ ਮੀਡੀਆ 'ਤੇ ਕਾਫੀ ਚਰਚਿਤ ਰਹਿੰਦੇ ਹਨ, ਨੂੰ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਵੱਲੋਂ ਬੀਤੀ ਰਾਤ ਗ੍ਰਿਫ਼ਤਾਰ ਕਰ ਲਿਆ ਗਿਆ ਹੈ।ਡੀ.ਐੱਸ.ਪੀ. ਫ਼ਤਹਿਗੜ੍ਹ ਸੁਖਨਾਜ਼ ਸਿੰਘ ਨੇ ਦੱਸਿਆ ਕਿ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਦਰਜ 95 ਨੰਬਰ ਕਰਾਸ ਕੇਸ ਵਿੱਚ ਬਾਬਾ ਗੁਰਵਿੰਦਰ ਸਿੰਘ ਖੇੜੀ ਜੱਟਾਂ, ਬਾਬੇ ਦੇ ਭਰਾ ਪ੍ਰਭਦੀਪ ਸਿੰਘ, ਸੱਸ ਗੁਰਜੀਤ ਕੌਰ, ਸਾਲੇ ਰਮਨਜੋਤ ਸਿੰਘ, ਜਸਪਾਲ ਸਿੰਘ ਤੇ ਸਤਵੀਰ ਸਿੰਘ ਤੋਂ ਇਲਾਵਾ ਨਾਮਾਲੂਮ ਵਿਅਕਤੀਆਂ ਨੂੰ ਵੀ ਨਾਮਜ਼ਦ ਕੀਤਾ ਗਿਆ ਸੀ ਤੇ ਇਸ ਮਾਮਲੇ 'ਚ ਪ੍ਰਭਦੀਪ ਸਿੰਘ, ਜਸਪਾਲ ਸਿੰਘ ਤੇ ਸਤਵੀਰ ਸਿੰਘ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ, ਜਦੋਂ ਕਿ ਗੁਰਵਿੰਦਰ ਸਿੰਘ ਖੇੜੀ ਜੱਟਾਂ ਨੂੰ ਬੀਤੀ ਰਾਤ ਗ੍ਰਿਫ਼ਤਾਰ ਕੀਤਾ ਗਿਆ ਹੈ।ਗ੍ਰਿਫ਼ਤਾਰੀ ਉਪਰੰਤ ਪੁਲਸ ਵੱਲੋਂ ਮੈਡੀਕਲ ਲਈ ਹਸਪਤਾਲ ਲਿਜਾਏ ਜਾ ਰਹੇ ਬਾਬਾ ਗੁਰਵਿੰਦਰ ਸਿੰਘ ਖੇੜੀ ਜੱਟਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੋਸ਼ ਲਗਾਏ ਕਿ ਉਸ ਦੀ ਪਤਨੀ ਸਾਹਿਬਜੋਤ ਕੌਰ ਨੂੰ ਉਸ ਦੀ ਸੱਸ ਗੁਰਜੀਤ ਕੌਰ ਵੱਲੋਂ ਜਬਰੀ ਕਿਤੇ ਛੁਪਾ ਕੇ ਰੱਖਿਆ ਹੋਇਆ ਹੈ, ਜਿਸ ਦੀ ਜਾਂਚ ਹੋਣੀ ਚਾਹੀਦੀ ਹੈ।ਅਦਾਲਤ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੁਰਵਿੰਦਰ ਸਿੰਘ ਖੇੜੀ ਜੱਟਾਂ ਦੇ ਵਕੀਲ ਘੁੰਮਣ ਬ੍ਰਦਰਜ਼ ਨੇ ਦੋਸ਼ ਲਗਾਏ ਕਿ ਬਾਬਾ ਗੁਰਵਿੰਦਰ ਸਿੰਘ ਖੇੜੀ ਜੱਟਾਂ ਦੇ ਕਈ ਗੰਭੀਰ ਸੱਟਾਂ ਲੱਗਣ ਤੋਂ ਇਲਾਵਾ ਉਨ੍ਹਾਂ ਦਾ ਜਬਾੜ੍ਹਾ ਵੀ ਟੁੱਟਾ ਹੋਇਆ ਹੈ, ਜਿਸ ਦਾ ਆਪ੍ਰੇਸ਼ਨ ਸੈਕਟਰ 32 ਹਸਪਤਾਲ ਚੰਡੀਗੜ੍ਹ ਵਿਖੇ ਹਾਲੇ ਹੋਣਾ ਸੀ, ਪਰ ਬੀਤੇ ਕੱਲ੍ਹ ਪੁਲਸ ਵੱਲੋਂ ਉਨ੍ਹਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਉਨ੍ਹਾ ਕਿਹਾ ਕਿ ਪੂਰਨ ਇਲਾਜ ਤੋਂ ਪਹਿਲਾਂ ਕੀਤੀ ਗਈ ਇਸ ਗ੍ਰਿਫਤਾਰੀ ਨਾਲ ਉਨ੍ਹਾਂ ਦੇ ਮੁਵੱਕਿਲ ਦਾ ਨੁਕਸਾਨ ਹੋ ਸਕਦਾ ਹੈ, ਜਿਸ ਸੰਬੰਧੀ ਉਨ੍ਹਾਂ ਵੱਲੋਂ ਅਦਾਲਤ ਕੋਲ ਵੀ ਗੁਹਾਰ ਲਗਾਈ ਗਈ ਹੈ ਕਿ ਬਾਬਾ ਗੁਰਵਿੰਦਰ ਸਿੰਘ ਖੇੜੀ ਜੱਟਾਂ ਨੂੰ ਰਿਮਾਂਡ 'ਚ ਭੇਜਣ ਤੋਂ ਪਹਿਲਾਂ ਉਨ੍ਹਾਂ ਦਾ ਸਹੀ ਇਲਾਜ ਕਰਵਾਇਆ ਜਾਵੇ।



## ਟ੍ਰੈਫਿਕ ਇੰਚਾਰਜ ਨੇ ਔਰਤ ਦੀ ਜਾਨ ਬਚਾਈ

**ਦੋਰਾਹਾ (ਹਰਮਿੰਦਰ ਸੇਠ)**-ਟ੍ਰੈਫਿਕ ਇੰਚਾਰਜ ਗੁਰਦੀਪ ਸਿੰਘ ਠੇਕੀ ਨੇ ਪੈਰ 'ਤੇ ਸੱਟ ਲੱਗੀ ਹੋਣ ਦੇ ਬਾਵਜੂਦ ਇਕ ਔਰਤ ਦੀ ਜਾਨ ਬਚਾਈ। ਪ੍ਰਾਪਤ ਜਾਣਕਾਰੀ ਅਨੁਸਾਰ ਸ਼ੁੱਕਰਵਾਰ ਇਕ ਔਰਤ ਗੀਤਾ ਦੇਵੀ ਪਤਨੀ ਰਾਮ ਕਰਨ ਵਾਸੀ 33 ਫੁੱਟਾ ਰੋਡ ਲੁਹਾਰਾ ਲੁਧਿਆਣਾ, ਜੋ ਨਹਿਰ ਵਿੱਚ ਛਾਲ ਮਾਰਨ ਲੱਗੀ ਸੀ, ਉਸ ਨੂੰ ਟ੍ਰੈਫਿਕ ਇੰਚਾਰਜ ਗੁਰਦੀਪ ਸਿੰਘ ਨੇ ਬੜੀ ਮੁਸ਼ਕਲ ਨਾਲ ਬਚਾ ਲਿਆ। ਟ੍ਰੈਫਿਕ ਇੰਚਾਰਜ ਗੁਰਦੀਪ ਸਿੰਘ ਠੇਕੀ ਨੇ ਉਸ ਨੂੰ ਦੋਰਾਹਾ ਪੁਲਸ ਹਵਾਲੇ ਕਰ ਦਿੱਤਾ, ਜਿਸ ਨੂੰ ਬਾਅਦ ਵਿੱਚ ਦੋਰਾਹਾ ਪੁਲਸ ਨੇ ਪੁੱਛਗਿੱਛ ਕਰਨ ਉਪਰੰਤ ਪਰਿਵਾਰ ਹਵਾਲੇ ਕਰ ਦਿੱਤਾ। ਇਸ ਤੋਂ ਪਹਿਲਾਂ ਵੀ ਟ੍ਰੈਫਿਕ ਇੰਚਾਰਜ ਗੁਰਦੀਪ ਸਿੰਘ ਕਈ ਜਾਨਾਂ ਬਚਾ ਚੁਕਾ ਹੈ, ਜਿਸ ਕਰਕੇ ਇਸ ਨੂੰ ਕਈ ਵਾਰ ਸੀਨੀਅਰ ਅਧਿਕਾਰੀਆਂ ਵੱਲੋਂ ਸਨਮਾਨਤ ਵੀ ਕੀਤਾ ਗਿਆ ਹੈ। ਇਸ ਮੌਕੇ ਹਾਜ਼ਰ ਲੋਕਾਂ ਨੇ ਪੁਲਸ ਮੁਲਾਜ਼ਮ ਠੇਕੀ ਦੀ ਸ਼ਲਾਘਾ ਕੀਤੀ।

# ਡੀ ਟੀ ਐੱਫ ਵੱਲੋਂ ਈ ਟੀ ਟੀ ਅਧਿਆਪਕਾਂ ਦੀਆਂ ਤਰੱਕੀਆਂ ਕਰਨ ਦੀ ਮੰਗ



**ਲੌਂਗੋਵਾਲ (ਕੁਲਦੀਪ ਅੱਤਰੀ/ਪ੍ਰਦੀਪ ਸਿੰਘ ਸੱਪਲ)**-ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੀ ਜ਼ਿਲ੍ਹਾ ਸੰਗਰੂਰ ਇਕਾਈ ਨੇ ਜ਼ਿਲ੍ਹੇ ਵਿੱਚ ਨਿਯਮਾਂ ਅਨੁਸਾਰ ਈਟੀਟੀ ਅਧਿਆਪਕਾਂ ਦੀਆਂ ਬਤੌਰ ਹੈੱਡ ਟੀਚਰ ਤਰੱਕੀਆਂ ਤੁਰੰਤ ਕੀਤੇ ਜਾਣ ਦੀ ਮੰਗ ਕੀਤੀ ਹੈ।ਇਸ ਮੌਕੇ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ ਨਮੋਲ ਤੇ ਸਕੱਤਰ ਹਰਭਗਵਾਨ ਗੁਰਨੇ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਲੰਮੇ ਸਮੇਂ ਤੋਂ ਇਹ ਤਰੱਕੀਆਂ ਪੈਂਡਿੰਗ ਹਨ, ਜਦਕਿ ਨਿਯਮਾਂ ਅਨੁਸਾਰ ਇਹ ਤਰੱਕੀਆਂ ਨਿਯਮਤ ਸਮੇਂ ਬਾਅਦ ਬਿਨਾਂ ਕਿਸੇ ਦੇਰੀ ਦੇ ਕੀਤੀਆਂ ਜਾਣੀਆਂ ਬਣਦੀਆਂ ਹਨ।ਇਸ ਦਾ ਨੁਕਸਾਨ ਜ਼ਿਲ੍ਹੇ ਦੇ ਵੱਡੀ ਗਿਣਤੀ ਈਟੀਟੀ ਅਧਿਆਪਕਾਂ ਨੂੰ ਹੋ ਰਿਹਾ ਹੈ, ਜੋ ਈਟੀਟੀ ਅਧਿਆਪਕ ਹੀ ਰਿਟਾਇਰ ਹੋ ਰਹੇ ਹਨ, ਜਦਕਿ ਉਨ੍ਹਾਂ ਜਿੰਨੀ ਸਰਵਿਸ ਵਾਲੇ ਹੋਰ ਜ਼ਿਲ੍ਹਿਆਂ ਦੇ ਅਧਿਆਪਕ ਤਰੱਕੀ ਲੈ ਕੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਤੱਕ ਬਣ ਗਏ ਹਨ।

ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸੰਗਰੂਰ ਤੇ ਪ੍ਰੈੱਸ ਸਕੱਤਰ ਜਸਬੀਰ ਨਮੋਲ ਨੇ ਕਿਹਾ ਕਿ ਜਥੇਬੰਦੀ ਇਸ ਸਬੰਧੀ ਲਗਾਤਾਰ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.) ਸੰਗਰੂਰ ਦੇ ਸੰਪਰਕ ਵਿੱਚ ਹੈ, ਪ੍ਰੰਤੂ ਇਸ ਦਫ਼ਤਰ ਦਾ ਰਵੱਈਆ ਤਸੱਲੀਬਖ਼ਸ਼ ਨਹੀਂ ਹੈ।ਪਿਛਲੇ ਦਿਨੀਂ ਜ਼ਿਲ੍ਹਾ ਸਿੱਖਿਆ ਅਫ਼ਸਰ ਜਥੇਬੰਦੀ ਨੂੰ ਸਮਾਂ ਦੇ ਕੇ ਨਹੀਂ ਮਿਲੇ। ਜਥੇਬੰਦਕ ਸਕੱਤਰ ਪਵਨ ਕੁਮਾਰ ਤੇ ਵਿੱਤ ਸਕੱਤਰ ਯਾਦਵਿੰਦਰ ਪਾਲ ਧੂਰੀ ਨੇ ਕਿਹਾ ਕਿ ਤਰੱਕੀਆਂ ਵਿੱਚ ਰਿਜ਼ਰਵੇਸ਼ਨ ਨੂੰ ਸਹੀ ਤਰੀਕੇ ਨਾਲ ਲਾਗੂ ਨਾ ਕਰਨ ਕਰਕੇ ਸਬੰਧਤ ਅਧਿਆਪਕਾਂ ਵਿੱਚ ਜੋ ਰੋਸ ਹੈ, ਉਹ ਵੀ ਜਾਇਜ਼ ਹੈ ਤੇ ਨਿਯਮਾਂ ਅਨੁਸਾਰ ਹਰੇਕ ਅਧਿਆਪਕ ਨੂੰ ਉਸ ਦਾ ਬਣਦਾ ਹੱਕ ਸਮੇਂ ਸਿਰ ਮਿਲਣਾ ਚਾਹੀਦਾ ਹੈ।

## ਭਾਈ ਘਨੱਈਆ ਵੈੱਲਫੇਅਰ ਸੋਸਾਇਟੀ ਦੇ ਅਹੁਦੇਦਾਰ ਸਨਮਾਨਤ



**ਜਲਾਲਾਬਾਦ (ਜੀਤ ਕੁਮਾਰ)**-ਭਾਈ ਘਨੱਈਆ ਜੀ ਵੈੱਲਫੇਅਰ ਸੋਸਾਇਟੀ (ਰਜਿ.) ਜਲਾਲਾਬਾਦ ਦੇ ਅਹੁਦੇਦਾਰਾਂ ਨੂੰ ਸੁਤੰਤਰਤਾ ਦਿਵਸ ਮੌਕੇ ਸਥਾਨਕ ਬਹੁ-ਮੰਤਵੀ ਸਪੋਰਟਸ ਸਟੇਡੀਅਮ ਵਿਖੇ ਤਹਿਸੀਲ ਪੱਧਰੀ ਸਮਾਗਮ ਦੌਰਾਨ 'ਪ੍ਰਸੰਸਾ-ਪੱਤਰ' ਦੇ ਕੇ ਸਨਮਾਨਤ ਕੀਤਾ ਗਿਆ।

ਇਹ ਸਨਮਾਨ ਤਹਿਸੀਲਦਾਰ ਸੁਖਦੇਵ ਸਿੰਘ ਬੰਗੜ, ਡੀ.ਐੱਸ.ਪੀ. ਅੱਛਰੂ ਰਾਮ ਸ਼ਰਮਾ, ਮਾਰਕਿਟ ਕਮੇਟੀ ਜਲਾਲਾਬਾਦ ਦੇ ਚੇਅਰਮੈਨ ਦੇਵਰਾਜ ਸ਼ਰਮਾ, ਐੱਸ.ਐੱਚ.ਓ. ਅੰਗਰੇਜ ਕੁਮਾਰ ਤੇ ਸਮਾਜ ਸੇਵੀ ਹਰੀਸ਼ ਸੇਤੀਆ ਵੱਲੋਂ ਦਿੱਤਾ ਗਿਆ। ਸੋਸਾਇਟੀ ਦੇ ਪ੍ਰਧਾਨ ਗੁਰਮੁੱਖ ਸਿੰਘ, ਸਕੱਤਰ ਭਗਵਾਨ ਸਿੰਘ ਤੇ ਮੈਂਬਰ ਹਰਭਜਨ ਸਿੰਘ ਨੂੰ ਇਹ ਸਨਮਾਨ ਵਾਤਾਵਰਣ ਦੀ ਸ਼ੁੱਧਤਾ ਲਈ ਕੀਤੇ ਗਏ ਉਪਰਾਲੇ ਦੌਰਾਨ ਸਮਾਜ ਲਈ ਵੱਡਮੁੱਲੀ ਸੇਵਾ ਕਰਨ ਦੀ ਮਾਨਤਾ ਵਜੋਂ ਇਹ ਸਨਮਾਨ ਦਿੱਤਾ ਗਿਆ ਹੈ। ਵਰਣਨਯੋਗ ਹੈ ਕਿ ਵਾਤਾਵਰਣ ਦੀ ਸ਼ੁੱਧਤਾ ਤੇ ਹਰਿਆਲੀ ਲਿਆਉਣ ਲਈ ਪਿਛਲੇ ਕਰੀਬ 2 ਮਹੀਨਿਆਂ ਤੋਂ ਸੇਵਾ ਭਾਵਨਾ ਨਾਲ ਭਾਈ ਘਨੱਈਆ ਜੀ ਵੈੱਲਫੇਅਰ ਸੋਸਾਇਟੀ ਦੇ ਅਹੁਦੇਦਾਰ ਤੇ ਮੈਂਬਰ ਹਰੇਕ ਸ਼ਨੀਵਾਰ ਨੂੰ ਸਥਾਨਕ ਸ਼ਹਿਰ ਵਿੱਚ ਪੌਦਿਆਂ ਦਾ ਲੰਗਰ ਲਗਾ ਕੇ ਲੋਕਾਂ ਨੂੰ ਮੁਫਤ ਵੰਡਣ ਦਾ ਕੰਮ ਕਰ ਰਹੇ ਹਨ ਤੇ ਲੋਕਾਂ ਨੂੰ ਹਰਿਆਲੀ ਲਿਆਉਣ ਲਈ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਪ੍ਰੇਰਿਤ ਕਰ ਰਹੇ ਹਨ।

# ਬੋਲੀ ਕਲਰਕ ਅਮਿਤੋਜ ਸ਼ਰਮਾ ਪਦਉਨਤ, ਬਣੇ ਮੰਡੀ ਸੁਪਰਵਾਈਜ਼ਰ

**ਕੋਟਕਪੂਰਾ (ਰਛਪਾਲ ਭੁੱਲਰ)**

ਸਥਾਨਕ ਮਾਰਕਿਟ ਕਮੇਟੀ ਵਿੱਚ ਬਤੌਰ ਬੋਲੀ ਕਲਰਕ ਵਜੋਂ ਕੰਮ ਕਰ ਰਹੇ ਸ੍ਰੀ ਅਮਿਤੋਜ ਸ਼ਰਮਾ ਨੂੰ ਉਨ੍ਹਾਂ ਦੀਆਂ ਕੰਮ ਪ੍ਰਤੀ ਸੇਵਾਵਾਂ ਨੂੰ ਦੇਖਦੇ ਹੋਏ ਗੁਰਮੀਤ ਸਿੰਘ ਆਰੇਵਾਲਾ ਚੇਅਰਮੈਨ ਮਾਰਕਿਟ ਨੇ ਸੈਕਟਰੀ ਯੁਗਵੀਰ ਕੁਮਾਰ ਦੀ ਹਾਜ਼ਰੀ ਵਿੱਚ ਉਨ੍ਹਾਂ ਨੂੰ ਬਤੌਰ ਮੰਡੀ ਸੁਪਰਵਾਈਜ਼ਰ ਪਦਉਨਤ ਹੋਣ 'ਤੇ ਨਿਯੁਕਤੀ ਪੱਤਰ ਸੌਂਪਦਿਆਂ ਉਸ ਦੇ ਚੰਗੇਰੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ। ਚੇਅਰਮੈਨ ਤੇ ਸਕੱਤਰ ਨੇ ਦੱਸਿਆ ਕਿ ਅਮਿਤੋਜ ਸ਼ਰਮਾ ਇਸ ਤੋਂ ਪਹਿਲਾਂ ਮੰਡੀ ਵਿੱਚ ਬਤੌਰ ਬੋਲੀ ਕਲਰਕ ਵਜੋਂ ਆਪਣੀਆਂ ਵਧੀਆ ਸੇਵਾਵਾਂ ਨਿਭਾਅ ਰਹੇ ਸਨ, ਜਿਸ ਕਰਕੇ ਉਨ੍ਹਾਂ ਨੂੰ ਹੁਣ ਤਰੱਕੀ ਦੇ ਕੇ ਮੰਡੀ ਸੁਪਰਵਾਈਜ਼ਰ ਲਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਇਮਾਨਦਾਰ, ਨਿਰਪੱਖ ਤੇ ਪ੍ਰਗਤੀਸ਼ੀਲ ਸੋਚ ਵਾਲਿਆਂ ਨੂੰ ਲੋਕਾਂ ਦੀ ਸੇਵਾ ਲਈ ਅੱਗੇ ਲਿਆ ਰਹੀ ਹੈ। ਇਸੇ ਸੋਚ ਤਹਿਤ ਅੱਜ ਅਮਿਤੋਜ ਸ਼ਰਮਾ ਦੀ ਪ੍ਰਮੋਸ਼ਨ ਕੀਤੀ ਗਈ ਹੈ। ਚੇਅਰਮੈਨ ਗੁਰਮੀਤ ਸਿੰਘ ਤੇ ਸਕੱਤਰ ਯੁਗਵੀਰ ਕੁਮਾਰ ਨੇ ਉਮੀਦ ਪ੍ਰਗਟਾਈ ਕਿ ਅਮਿਤੋਜ ਸ਼ਰਮਾ ਪਹਿਲਾਂ ਨਾਲੋਂ ਵੀ ਚੰਗੀਆਂ ਸੇਵਾਵਾਂ ਨਿਭਾਉਣ ਲਈ ਯਤਨਸ਼ੀਲ ਰਹਿਣਗੇ। ਇਸ ਦੌਰਾਨ ਅਮਿਤੋਜ ਸ਼ਰਮਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ, ਸਪੀਕਰ ਕੁਲਤਾਰ ਸਿੰਘ ਸੰਧਵਾਂ, ਪ੍ਰੀਤ ਕੰਵਰ ਸਿੰਘ ਬਰਾੜ ਜ਼ਿਲ੍ਹਾ ਮੰਡੀ ਅਫਸਰ ਫਰੀਦਕੋਟ, ਗੁਰਮੀਤ ਸਿੰਘ ਆਰੇਵਾਲਾ ਚੇਅਰਮੈਨ ਤੇ ਸਕੱਤਰ ਯੁਗਵੀਰ ਕੁਮਾਰ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ, ਉਸ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਵਾਂਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਲੇਖਾਕਾਰ ਮੈਡਮ ਚਰਨਜੀਤ ਕੌਰ, ਮੰਡੀ ਸੁਪਰਵਾਈਜ਼ਰ ਸਿਮਰਨਜੀਤ ਸਿੰਘ ਮੱਕੜ, ਕੁਲਬੀਰ ਸਿੰਘ, ਹਰਗੋਬਿੰਦ ਸਿੰਘ ਸਮੇਤ ਹੋਰ ਸਟਾਫ ਮੈਂਬਰ ਹਾਜ਼ਰ ਸਨ।

**ਚੇਅਰਮੈਨ ਤੇ ਸਕੱਤਰ ਨੇ ਸੌਂਪਿਆ ਨਿਯੁਕਤੀ ਪੱਤਰ**



## ਪ੍ਰਜਾਪਤ ਸਮਾਜ ਨੇ ਸਮੇਂ ਦੀ ਮੰਗ ਮੁਤਾਬਕ ਆਧੁਨਿਕ ਤਕਨੀਕ ਅਪਣਾਈ

**ਕੋਟਕਪੂਰਾ (ਰਛਪਾਲ ਭੁੱਲਰ)**

ਪ੍ਰਜਾਪਤ ਸਮਾਜ ਦੇ ਲੋਕ ਪਿਛਲੀ ਕਈ ਸਦੀਆਂ ਤੋਂ ਮਿੱਟੀ ਦੇ ਬਰਤਨ ਬਣਾਉਂਦੇ ਆ ਰਹੇ ਹਨ ਪਰ ਜਿਵੇਂ ਜਿਵੇਂ ਮਨੁੱਖ ਸਮੇਂ ਮੁਤਾਬਕ ਆਧੁਨਿਕ ਹੋਇਆ ਤਾਂ ਅੱਜ ਦਾ ਮਨੁੱਖ ਪ੍ਰਜਾਪਤ ਸਮਾਜ ਵਲੋਂ ਬਣਾਏ ਜਾਣ ਵਾਲੇ ਪੁਰਾਤਨ ਬਰਤਨਾਂ ਦੀ ਵਰਤੋਂ ਤੋਂ ਗੁਰੇਜ਼ ਕਰਨ ਲੱਗ ਪਿਆ ਅਤੇ ਆਧੁਨਿਕ ਅਤੇ ਫੈਸ਼ਨ ਡਿਜ਼ਾਈਨਰ ਚੀਜ਼ਾਂ ਨੂੰ ਪਹਿਲ ਦੇਣ ਲੱਗ ਪਿਆ। ਜਿਸ ਨਾਲ ਘੁਮਿਆਰ ਦੁਆਰਾ ਬਣਾਏ ਗਏ ਬਰਤਨਾਂ ਦੀ ਮੰਗ ਘਟ ਗਈ ਅਤੇ ਉਨਾਂ ਦੀ ਆਮਦਨ ਵੀ ਘਟ ਗਈ। ਹੁਣ ਸਰਕਾਰ ਦੇ ਮਹਿਕਮੇ ਅਤੇ ਕਾਰੀਗਰ ਉਥਾਨ ਸਕੀਮ ਤਹਿਤ ਪ੍ਰਜਾਪਤ ਸਮਾਜ ਦੇ ਕਾਰੀਗਰਾਂ ਨੂੰ ਮਿੱਟੀ ਦੇ ਬਰਤਨਾਂ ਲਈ ਨਵੀਂ ਅਤੇ ਆਧੁਨਿਕ ਤਕਨੀਕ ਦੀ ਸਿਖਲਾਈ ਦਿੱਤੀ ਜਾ ਰਹੀ ਹੈ। ਇਹ ਟ੍ਰੇਨਿੰਗ ਮਹਿਕਮੇ ਵਲੋਂ ਪ੍ਰਜਾਪਤ ਧਰਮਸ਼ਾਲਾ ਵਿਖੇ ਇੱਕ ਮਹੀਨੇ ਲਈ ਦਿੱਤੀ ਜਾ ਰਹੀ ਹੈ, ਜਿਸ ਵਿੱਚ ਮੋਗਾ ਸ਼ਹਿਰ ਦੇ ਅਸ਼ੋਕ ਕੁਮਾਰ ਨੂੰ ਮੁੱਖ ਟ੍ਰੇਨਰ ਨਿਯੁਕਤ ਕੀਤਾ ਗਿਆ ਹੈ। ਹੁਣ ਪ੍ਰਜਾਪਤ ਸਮਾਜ ਦੇ ਲੋਕ ਵੱਧ ਚੜ੍ਹ ਕੇ ਫੈਂਸੀ ਅਤੇ ਡਿਜ਼ਾਇਨਿੰਗ ਆਈਟਮਾਂ ਬਣਾਉਣਾ ਸਿੱਖ ਰਹੇ ਹਨ। ਟ੍ਰੇਨਿੰਗ ਮੌਕੇ ਪ੍ਰਜਾਪਤ ਸਮਾਜ ਸੇਵਾ ਸੁਸਾਇਟੀ ਦੇ ਮੈਂਬਰ ਐਡਵੋਕੇਟ ਅਜੀਤ ਵਰਮਾ, ਹੰਸ ਰਾਜ, ਅਰਜਨ ਰਾਮ, ਧਰਮਵੀਰ ਸੁੱਖੀ ਅਤੇ ਮਾਟੀ ਕਲਾਂ ਬੋਰਡ ਦੇ ਪ੍ਰਧਾਨ ਰਾਜ ਕੁਮਾਰ ਨੇ ਟ੍ਰੇਨਿੰਗ ਸੈਂਟਰ ਵਿੱਚ ਹਾਜ਼ਰੀ ਲਵਾਈ।



## ਦਿਮਾਗੀ ਤੌਰ 'ਤੇ ਪ੍ਰੇਸ਼ਾਨ ਵਿਅਕਤੀ ਵੱਲੋਂ ਖੁਦਕੁਸ਼ੀ

**ਮਾਨਸਾ (ਰੀਤਵਾਲ)**-ਇਥੇ ਰੇਲ ਗੱਡੀ ਹੇਠਾਂ ਆਉਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਜਾਣ ਦਾ ਸਮਾਚਾਰ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਚੌਂਕੀ ਇੰਚਾਰਜ ਨਿਰਮਲ ਸਿੰਘ ਮਾਨਸਾ ਨੇ ਦੱਸਿਆ ਕਿ ਬੀਤੇ ਦਿਨ ਦੁਪਹਿਰ 3 ਵਜੇ ਦੇ ਕਰੀਬ ਮਾਨਸਾ ਦੇ ਓਵਰ ਬ੍ਰਿਜ ਦੇ ਨਜ਼ਦੀਕ ਰਾਜਵਿੰਦਰ ਸਿੰਘ (51) ਵਾਸੀ ਕਰੀਪੁਰ ਡੂੰਮ (ਮਾਨਸਾ) ਨੇ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਹੋਣ ਕਾਰਨ ਰੇਲ ਗੱਡੀ ਹੇਠਾਂ ਆ ਕੇ ਖੁਦਕੁਸ਼ੀ ਕਰ ਲਈ।



ਰੇਲਵੇ ਪੁਲਸ ਨੇ ਮ੍ਰਿਤਕ ਦੇ ਬੇਟੇ ਗੁਰਪ੍ਰੀਤ ਸਿੰਘ ਦੇ ਬਿਆਨਾਂ 'ਤੇ 194 ਬੀ ਐੱਨ ਐੱਸ ਐੱਸ ਤਹਿਤ ਕਾਰਵਾਈ ਕਰਦੇ ਹੋਏ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ।ਮ੍ਰਿਤਕ ਆਪਣੇ ਪਿੱਛੇ ਪਤਨੀ ਤੋਂ ਇਲਾਵਾ ਦੋ ਲੜਕੇ ਛੱਡ ਗਿਆ ਹੈ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਫਰੀਦਕੋਟ ਦੀ ਮਹੀਨਾਵਾਰ ਮੀਟਿੰਗ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ, ਗੁਰਪ੍ਰੀਤ ਬੇਦੀ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੇ ਬਲਾਕ ਫਰੀਦਕੋਟ ਦੀ ਮਹੀਨਾਵਾਰ ਮੀਟਿੰਗ ਵਰਮਾ ਪੈਲੇਸ ਫਿਰੋਜ਼ਪੁਰ ਰੋਡ ਫਰੀਦਕੋਟ ਵਿਖੇ ਬਲਾਕ ਪ੍ਰਧਾਨ ਡਾ. ਅੰਮ੍ਰਿਤਪਾਲ ਸਿੰਘ ਟਹਿਣਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਡਾ. ਰਸ਼ਪਾਲ ਸਿੰਘ ਸੰਧੂ ਵਿਸ਼ੇਸ਼ ਤੌਰ 'ਤੇ ਪਹੁੰਚੇ। ਅੱਜ ਦੀ ਇਸ ਮੀਟਿੰਗ ਵਿੱਚ ਮੋਗਾ ਮੈਡੀਸਿਟੀ ਸਪੈਸ਼ਲਿਟੀ ਹਸਪਤਾਲ ਦੇ ਅਜੇ ਨੇਗੀ, ਮਾਰਕੀਟਿੰਗ ਮੈਨੇਜਰ ਪੀਟਰ ਗੌਰੀ ਅਤੇ ਉਨ੍ਹਾਂ ਦੇ ਹੋਰ ਸਾਥੀ ਵਿਸ਼ੇਸ਼ ਤੌਰ 'ਤੇ ਪਹੁੰਚੇ ਜਿਨਾਂ ਨੇ ਆਪਣੇ ਹਸਪਤਾਲ ਵਿਚ ਮਰੀਜ਼ਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਬਾਰੇ ਡਾ. ਸਾਥੀਆਂ ਨੂੰ ਜਾਣੂੰ ਕਰਵਾਇਆ। ਉਨ੍ਹਾਂ ਦੱਸਿਆ ਕਿ ਬਹੁਤ ਹੀ ਘੱਟ ਰੇਟਾਂ ਵਿੱਚ ਮਰੀਜ਼ਾਂ ਨੂੰ ਵਧੀਆ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ਅਤੇ ਬਹੁਤ ਕਿ ਘੱਟ ਰੇਟਾਂ ਵਿੱਚ ਮਰੀਜ਼ਾਂ ਦੇ ਉਪ੍ਰੇਸ਼ਨ ਵੀ ਕੀਤੇ ਜਾਂਦੇ ਹਨ। ਇਸ ਮੌਕੇ ਜ਼ਿਲਾ ਪ੍ਰਧਾਨ ਡਾ ਰਸ਼ਪਾਲ ਸਿੰਘ ਸੰਧੂ ਨੇ ਕਿਹਾ ਕਿ ਜ਼ਿਲ੍ਹਾ ਫਰੀਦਕੋਟ ਸਟੇਟ ਕਮੇਟੀ ਨਾਲ ਮਿਲ ਕੇ ਕੰਮ ਕਰੇਗਾ। ਇਹ ਸਟੇਟ ਕਮੇਟੀ ਪਹਿਲਾਂ 17 ਜ਼ਿਲ੍ਹਿਆਂ ਨਾਲ ਮਿਲ ਕੇ ਕੰਮ ਕਰਦੀ ਸੀ ਪਰ ਹੁਣ ਫਰੀਦਕੋਟ ਜ਼ਿਲ੍ਹੇ ਦਾ ਰਲੇਵਾਂ ਹੋਣ ਕਾਰਨ 18 ਜ਼ਿਲ੍ਹਿਆਂ ਨਾਲ ਮਿਲ ਕੇ ਕੰਮ ਕਰੇਗੀ, ਜਿਸ ਵਿੱਚ ਕੁੱਲ ਢਾਈ ਲੱਖ ਤੋਂ 3 ਲੱਖ ਦੇ ਕਰੀਬ ਡਾਕਟਰ ਸਾਥੀ ਹਨ। ਇਸ ਮੌਕੇ ਡਾ. ਐਚ ਐਸ ਵੋਹਰਾ, ਡਾ. ਗੁਰਤੇਜ ਰੁਮਾਣਾ, ਡਾ. ਵਿਜੇ ਕੁਮਾਰ ਕਮਿਆਣਾ, ਡਾ. ਗੁਰਤੇਜ ਦਾਨਾ ਰਮਾਣਾ, ਡਾ. ਰਜਿੰਦਰ ਅਰੋੜਾ, ਡਾ. ਨਿਰਮਲ ਸਿੰਘ, ਡਾ. ਬਲਦੇਵ ਸਿੰਘ, ਡਾ. ਰਾਜਵਿੰਦਰ ਸਿੰਘ ਅਤੇ ਇਸ ਮੀਟਿੰਗ ਵਿੱਚ 100 ਤੋਂ ਵੱਧ ਡਾ. ਸਾਥੀ ਹਾਜ਼ਰ ਸਨ।

## ਰਾਜੇਸ਼ ਤ੍ਰਿਪਾਠੀ ਨੇ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਵਜੋਂ ਸੰਭਾਲਿਆ ਅਹੁਦਾ

**ਸ੍ਰੀ ਮੁਕਤਸਰ ਸਾਹਿਬ (ਸੁਮਿੰਦਰ ਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ)**-2016 ਬੈਚ ਦੇ ਆਈ. ਏ. ਐਸ. ਰਾਜੇਸ਼ ਤ੍ਰਿਪਾਠੀ ਨੇ ਅੱਜ ਬਤੌਰ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ।ਇਸ ਤੋਂ ਪਹਿਲਾਂ ਤ੍ਰਿਪਾਠੀ ਵਧੀਕ ਸਕੱਤਰ, ਮਾਲ ਅਤੇ ਮੁੜ ਵਸੇਬਾ ਅਤੇ ਵਾਧੂ ਚਾਰਜ ਡਾਇਰੈਕਟਰ, ਲੈਂਡ ਰਿਕਾਰਡ, ਸੈਟਲਮੈਂਟ, ਏਕੀਕਰਨ ਅਤੇ ਭੂਮੀ ਗ੍ਰਹਿਣ, ਜਲੰਧਰ ਤੋਂ ਇਲਾਵਾ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀ ਮੁਕਤਸਰ ਸਾਹਿਬ ਅਤੇ ਅਹਿਮ ਆਹੁਦਿਆਂ 'ਤੇ ਰਹਿ ਕੇ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ।ਡਿਪਟੀ ਕਮਿਸ਼ਨਰ ਨੇ ਪਹਿਲਾਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਗਾਰਡ ਆਫ ਆਨਰ ਲਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਜੀਵ ਕੁਮਾਰ ਵਧੀਕ ਡਿਪਟੀ ਕਮਿਸ਼ਨਰ (ਜਨਰਲ), ਬਲਜੀਤ ਕੌਰ ਐਸ.ਡੀ.ਐਮ. ਸ੍ਰੀ ਮੁਕਤਸਰ ਸਾਹਿਬ, ਸੰਦੀਪ ਸਿੰਘ ਜ਼ਿਲ੍ਹਾ ਮਾਲ ਅਫਸਰ ਵੀ ਮੌਜੂਦ ਸਨ।ਇਸ ਮੌਕੇ ਉਨ੍ਹਾਂ ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਨੂੰ ਕਿਸੇ ਵੀ ਪ੍ਰਕਾਰ ਦੀ ਕੋਈ ਸਮੱਸਿਆ ਪੇਸ਼ ਆਵੇ ਤਾਂ ਉਹ ਸਿੱਧੇ ਤੌਰ 'ਤੇ ਦਫਤਰ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਵਿਖੇ ਜਾਂ ਸਿੱਧੇ ਤੌਰ 'ਤੇ ਉਨ੍ਹਾਂ ਨਾਲ ਸੰਪਰਕ ਕਰ ਸਕਦੇ ਹਨ।



# ਠਾਠ ਨਾਨਕਸਰ ਵਿਖੇ ਤਿੰਨ ਰੋਜ਼ਾ ਧਾਰਮਿਕ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਇਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**

ਨਾਨਕਸਰ ਸੰਪਰਦਾਇ ਦੇ 13 ਵੇਂ ਅਸਥਾਨ ਨਾਨਕਸਰ ਠਾਠ ਮਹਿਲ ਕਲਾਂ ਵਿਖੇ ਤਿੰਨ ਰੋਜ਼ਾ ਧਾਰਮਿਕ ਸਮਾਗਮ ਮੁੱਖ ਸੇਵਾਦਾਰ ਸੰਤ ਬਾਬਾ ਕੇਹਰ ਸਿੰਘ ਦੀ ਅਗਵਾਈ ਹੇਠ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਮੁੱਖ ਸੇਵਾਦਾਰ ਸੰਤ ਬਾਬਾ ਕੇਹਰ ਸਿੰਘ ਨੇ ਸਮੂਹ ਸੰਗਤਾਂ ਨੂੰ ਜੀ ਆਇਆਂ ਨੂੰ ਆਖਦਿਆਂ ਕਲੇਰਾਂ ਵਾਲੇ ਮਹਾਂਪੁਰਸ਼ਾਂ ਦੀਆਂ ਸਿੱਖਿਆਵਾਂ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜ ਕੇ ਜੀਵਨ ਸਫਲਾ ਬਣਾਉਣ ਦਾ ਸੰਦੇਸ਼ ਦਿੱਤਾ।

ਹਜ਼ੂਰੀ ਰਾਗੀ ਭਾਈ ਰਾਜਵਿੰਦਰ ਸਿੰਘ ਖ਼ਾਲਸਾ ਦੇ ਕੀਰਤਨੀ ਜਥੇ ਨੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਮਹੰਤ ਗੁਰਪ੍ਰੀਤ ਸਿੰਘ ਨੇ ਸੰਗਤਾਂ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਸੰਤ ਬਾਬਾ ਨੰਦ ਸਿੰਘ, ਸੰਤ ਬਾਬਾ ਈਸ਼ਰ ਸਿੰਘ ਦੇ ਆਗਮਨ ਪੁਰਬ ਦੀ ਖ਼ੁਸ਼ੀ 'ਚ ਸਾਲਾਨਾ ਸੰਤ ਸਮਾਗਮ 10 ਤੋਂ 16 ਸਤੰਬਰ ਤੱਕ ਠਾਠ ਨਾਨਕਸਰ ਮਹਿਲ ਕਲਾਂ ਵਿਖੇ ਹੋ ਰਿਹਾ ਹੈ। ਜਿਸ ਦੀਆਂ ਤਿਆਰੀਆਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਵਲੋਂ ਪੂਰੇ ਉਤਸ਼ਾਹ ਨਾਲ ਕੀਤੀਆਂ ਜਾ ਰਹੀਆਂ ਹਨ।ਇਸ ਮੌਕੇ ਬਾਬਾ ਗੁਰਦੀਪ ਸਿੰਘ, ਭਾਈ ਰਾਜਵਿੰਦਰ ਸਿੰਘ ਕਲਾਲ ਮਾਜਰਾ, ਅਰਸ਼ਦੀਪ ਸਿੰਘ, ਕਰਨੈਲ ਸਿੰਘ ਕੈਲਾ, ਹਰਭਜਨ ਸਿੰਘ ਸੋਢਾ ਸਾਬਕਾ ਸਰਪੰਚ, ਸਰਬਜੀਤ ਸਿੰਘ ਸੰਭੂ, ਭਾਈ ਮਨਜੀਤ ਸਿੰਘ ਸਹਿਜੜਾ, ਬਹਾਦਰ ਸਿੰਘ, ਅਮਰਜੀਤ ਸਿੰਘ ਸੋਢਾ, ਮਲਕੀਤ ਸਿੰਘ ਮੀਤਾ, ਜਸਪ੍ਰੀਤ ਸਿੰਘ ਭੰਮੀਪੁਰਾ, ਅਮਰਜੀਤ ਸਿੰਘ ਬੱਸੀਆਂ, ਦਰਸ਼ਨਪ੍ਰੀਤ ਸਿੰਘ, ਜਗਸੀਰ ਸਿੰਘ ਧਾਲੀਵਾਲ ਆਦਿ ਹਾਜ਼ਰ ਸਨ।

# ਜੋਸ਼ੋ-ਖਰੋਸ਼ ਨਾਲ ਵੱਖ-ਵੱਖ ਥਾਈਂ 78ਵਾਂ ਆਜ਼ਾਦੀ ਦਿਹਾੜਾ ਮਨਾਇਆ


ਕਪੂਰਥਲਾ

**ਮੋਹਾਲੀ, ਕੁਰਾਲੀ (ਗੁਰਜੀਤ ਬਿੱਲਾ)** ਰਿਆਤ ਬਾਹਰਾ ਯੂਨੀਵਰਸਿਟੀ ਨੇ 78ਵੇਂ ਸੁਤੰਤਰਤਾ ਦਿਵਸ ਮਨਾਇਆ। ਸਮਾਗਮ ਯੂਨੀਵਰਸਿਟੀ ਕੈਂਪਸ ਚ ਬੜੇ ਜੋਸ ਨਾਲ ਹੋਇਆ। ਸਮਾਗਮ ਦੀ ਸ਼ੁਰੂਆਤ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਰਾਸ਼ਟਰੀ ਝੰਡਾ ਲਹਿਰਾਉਣ ਨਾਲ ਕੀਤੀ। ਰਿਆਤ ਬਾਹਰਾ ਦੇ ਵਿਦਿਆਰਥੀਆਂ ਦੁਆਰਾ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਮੌਕੇ ਰਜਿਸਟਰਾਰ ਡਾ: ਦਿਨੇਸ ਸਰਮਾ, ਡੀਨ ਅਕਾਦਮਿਕ ਮਾਮਲੇ ਡਾ: ਸਤੀਸ ਕੁਮਾਰ ਬਾਂਸਲ ਤੋਂ ਇਲਾਵਾ ਸਮੂਹ ਸਟਾਫ ਮੈਂਬਰ ਮੌਜੂਦ ਸਨ। ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ:


ਜਲੰਧਰ

ਪਰਵਿੰਦਰ ਸਿੰਘ ਨੂੰ ਪੰਜਾਬ ਦੇ ਉਚੇਰੀ ਸਿੱਖਿਆ ਅਤੇ ਤਕਨੀਕੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਮੋਹਾਲੀ ਵਿਖੇ ਸੁਤੰਤਰਤਾ ਦਿਵਸ ਸਮਾਗਮ ਦੌਰਾਨ ਸਿੱਖਿਆ ਦੇ ਖੇਤਰ ਵਿੱਚ ਪਾਏ ਵੱਡਮੁੱਲੇ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ।

**ਮੋਹਾਲੀ (ਗੁਰਜੀਤ ਬਿੱਲਾ)** ਸੁਤੰਤਰਤਾ ਦਿਵਸ ਮੌਕੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਿਹੜੇ 'ਚ ਸਾਦੇ ਢੰਗ ਨਾਲ ਆਜ਼ਾਦੀ ਦਿਹਾੜੇ ਦਾ ਸਮਾਗਮ ਮਨਾਇਆ ਗਿਆ। ਬੋਰਡ ਦੇ ਚੇਅਰਮੈਨ ਕਮਲ ਕਿਸ਼ੋਰ ਯਾਦਵ (ਆਈ.ਏ.ਐੱਸ) ਜੀ ਨੇ ਕੌਮੀ ਝੰਡੇ ਨੂੰ ਲਹਿਰਾਇਆ ਅਤੇ ਸਲਾਮੀ ਦਿੱਤੀ। ਇਸ ਮੌਕੇ ਬੋਰਡ ਦੇ ਸਕੱਤਰ ਅਵਿਕੇਸ਼ ਗੁਪਤਾ (ਪੀ ਸੀ ਐਸ) ਨੇ ਬੋਰਡ ਅਧਿਕਾਰੀਆਂ ਅਤੇ ਮੁਲਾਜਮਾਂ ਨੇ ਸਮਾਗਮ 'ਚ ਸ਼ਿਰਕਤ ਕੀਤੀ। ਇਸ ਮੌਕੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਕੱਤਰ ਅਵਿਕੇਸ਼ ਗੁਪਤਾ


ਮਹਿਤਪੁਰ

(ਪੀ ਸੀ ਐੱਸ), ਸੰਯੁਕਤ ਸਕੱਤਰ, ਉੱਪ ਸਕੱਤਰ ਸਾਹਿਬਾਨ, ਹੋਰ ਅਧਿਕਾਰੀ/ਕਰਮਚਾਰੀ ਦੇ ਨਾਲ-ਨਾਲ ਜੱਥੇਬੰਦੀ ਦੇ ਨੁਮਾਇੰਦੇ ਵੀ ਹਾਜ਼ਰ ਸਨ।

**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਸੁਤੰਤਰਤਾ ਦਿਵਸ ਚਰਨ ਗੰਗਾ ਸਟੇਡੀਅਮ ਸ੍ਰੀ ਅਨੰਦਪੁਰ ਸਾਹਿਬ ਵਿਖੇ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਪ੍ਰਧਾਨ ਹਰਜੀਤ ਸਿੰਘ ਜੀਤਾ ਅਤੇ ਸੰਦੀਪ ਕੁਮਾਰ ਤਹਿਸੀਲਦਾਰ, ਗੁਰਪ੍ਰੀਤ ਸਿੰਘ ਡੀ ਐਸ ਪੀ, ਈਸਾਨ ਚੌਧਰੀ ਬੀ ਡੀ ਪੀ ਓ ਅਤੇ ਕੌਂਸਲਰਾਂ ਵੱਲੋਂ ਆਜ਼ਾਦੀ ਦਿਹਾੜੇ ਮੌਕੇ ਸਟੇਡੀਅਮ ਦੇ ਨਾਲ ਬੂਟੇ ਲਗਾਏ ਗਏ ਅਤੇ ਹਰਿਆਵਲ ਪੰਜਾਬ ਦਾ ਸੰਦੇਸ ਦਿੱਤਾ ਗਿਆ। ਇਸ ਮੌਕੇ ਪ੍ਰਵੀਨ ਕੌਸਲ ਕੌਂਸਲਰ, ਮਨਪ੍ਰੀਤ ਕੌਰ ਅਰੋੜਾ ਕੌਂਸਲਰ, ਰੀਤਾ ਅਡਵਾਲ ਕੌਂਸਲਰ, ਬਲਵੀਰ ਕੌਰ ਕੌਂਸਲਰ, ਦਲਜੀਤ ਸਿੰਘ ਕੈਥ ਕੌਂਸਲਰ, ਜਸਬੀਰ ਕੌਰ ਗਰਚਾ ਕੌਂਸਲਰ, ਗੁਰਪ੍ਰੀਤ ਕੌਰ ਕੌਂਸਲਰ, ਮਨਪ੍ਰੀਤ ਕੌਰ ਅਰੋੜਾ ਕੌਂਸਲਰ, ਵਿਕਰਮਜੀਤ ਸਿੰਘ ਸੰਧੂ


ਹੁਸ਼ਿਆਰਪੁਰ

ਕੌਂਸਲਰ, ਕਮਲਜੀਤ ਭੱਟੀ ਕੌਂਸਲਰ, ਪਰਮਵੀਰ ਸਿੰਘ ਰਾਣਾ ਕੌਂਸਲਰ, ਗੁਰਿੰਦਰ ਸਿੰਘ ਵਾਲੀਆ ਕੌਂਸਲਰ, ਦਵਿੰਦਰ ਕੌਸਲ,ਉੱਘੇ ਸਮਾਜ ਸੇਵੀ ਇੰਦਰਜੀਤ ਸਿੰਘ ਅਰੋੜਾ ਪ੍ਰਧਾਨ ਵਪਾਰ ਮੰਡਲ, ਕੁਲਦੀਪ ਸਿੰਘ, ਸੁਨੀਲ ਅਡਵਾਲ ਪ੍ਰਧਾਨ ਰੇਹੜੀ ਫੜੀ ਯੂਨੀਅਨ ਮੌਜੂਦ ਸਨ।

**ਜਲੰਧਰ, ( ਸ਼ੈਲੀ ਐਲਬਰਟ )** ਜਲੰਧਰ ਪ੍ਰੋਫ਼ੈਸ਼ਨਲ ਫੋਟੋਗ੍ਰਾਫਰਜ਼ ਐਸੋਸੀਏਸ਼ਨ ਵੱਲੋਂ ਅਜ਼ਾਦੀ ਦੇ 78 ਸਾਲ ਪੂਰੇ ਹੋਣ 'ਤੇ ਆਪਣੇ ਦਫ਼ਤਰ 537 ਨਿਊ ਜਵਾਹਰ ਨਗਰ ਵਿੱਚ ਰਾਸ਼ਟਰੀ ਝੰਡਾ ਲਹਿਰਾਇਆ ਗਿਆ, ਜਿਸ 'ਚ ਪ੍ਰਿੰਟ ਐਂਡ ਇਲੈਕਟ੍ਰਾਨਿਕ ਮੀਡੀਆ ਐਸੋਸੀਏਸ਼ਨ ਦੇ ਪ੍ਰਧਾਨ ਸੁਰਿੰਦਰ ਪਾਲ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਮੌਕੇ ਜਲੰਧਰ ਫੋਟੋਗ੍ਰਾਫਰਜ਼ ਐਸੋਸੀਏਸ਼ਨ ਦੇ ਪ੍ਰਧਾਨ ਰਮੇਸ਼ ਹੈਪੀ ਨੇ ਸਾਰੇ ਫੋਟੋਗ੍ਰਾਫਰ ਭਰਾਵਾਂ ਨੂੰ ਆਜ਼ਾਦੀ ਦੇ 78 ਸਾਲ ਪੂਰੇ ਹੋਣ 'ਤੇ ਵਧਾਈ ਦਿੱਤੀ। ਇਸ ਮੌਕੇ ਜਨਰਲ ਸਕੱਤਰ ਰਾਜੇਸ਼ ਥਾਪਾ, ਪੰਜਾਬ ਦੇ ਸਾਬਕਾ ਪ੍ਰਧਾਨ ਸੁਰਿੰਦਰ ਬੇਰੀ, ਮੁੱਖ ਸਲਾਹਕਾਰ ਰਮੇਸ਼ ਗਾਬਾ, ਸੀਨੀਅਰ ਮੀਤ ਪ੍ਰਧਾਨ ਰਿਸ਼ੀ ਸ਼ਰਮਾ, ਸੁਰਿੰਦਰ ਵਰਮਾ, ਤਰਲੋਕ ਚੁੱਘ, ਸੰਦੀਪ ਕੁਮਾਰ ਕਮਲ ਗੰਭੀਰ, ਸ਼ੁਭਾਸ਼ ਚੰਦਰ, ਸਾਹਿਲ ਓਂਕਾਰ, ਉਦੈ ਕੁਮਾਰ, ਕਮਲਜੀਤ ਪਵਾਰ,ਟਿੰਕੂ ਪੰਡਿਤ, ਸੁਨੀਲ ਕੁਮਾਰ, ਹਰੀਸ਼ ਕੁਮਾਰ, ਅਸ਼ੋਕ ਕੁਮਾਰ, ਕੁਨਾਲ, ਗੁਰਪਾਲ, ਕਰਨ ਨਾਰੰਗ ਆਦਿ ਫੋਟੋਗ੍ਰਾਫਰ ਹਾਜ਼ਰ ਸਨ।

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਬੱਬਰ ਕਰਮ ਸਿੰਘ ਮੈਮੋਰੀਅਲ ਟਰੱਸਟ/ ਸਕੂਲ ਦੌਲਤਪੁਰ ਵਿਖੇ ਅਜ਼ਾਦੀ ਦਿਵਸ ਮਨਾਇਆ ਗਿਆ। ਇਸ ਮੌਕੇ ਤਿਰੰਗਾ ਝੰਡਾ ਫਹਿਰਾਓਣ ਦੀ ਰਸਮ ਪ੍ਰਿੰਸੀਪਲ ਸ਼ਹੀਦ ਭਗਤ ਸਿੰਘ ਕਾਲਜ ਬੰਗਾ ਡਾ. ਹਰਭਜਨ ਸਿੰਘ ਦੁਆਰਾ ਕੀਤੀ ਗਈ।ਸਕੂਲ ਦੇ ਵਿਦਿਆਰਥੀਆਂ ਵੱਲੋਂ ਦੇਸ਼ ਆਜ਼ਾਦੀ ਲਈ ਜਾਨਾਂ ਵਾਰਨ ਵਾਲੇ ਬਹਾਦਰ ਯੋਧਿਆਂ ਦੀਆਂ ਗਾਥਾਵਾਂ ਅਤੇ ਦੇਸ਼ ਭਗਤੀ ਦੇ ਗੀਤ ਗਾਏ।ਅੰਤ ਵਿੱਚ ਮੁਖ ਮਹਿਮਾਨ ਡਾ. ਹਰਭਜਨ ਸਿੰਘ ਨੇ ਜਿੱਥੇ ਬੱਚਿਆਂ ਨੂੰ ਬੱਬਰ ਸ਼ਹੀਦਾਂ ਦੇ ਜੀਵਨ ਤੋਂ ਸੇਧ ਲੈ ਕੇ ਵਧੀਆ ਇਨਸਾਨ


ਸੁਲਤਾਨਪੁਰ ਲੋਧੀ

ਬਣਨ ਲਈ ਪ੍ਰੇਰਿਤ ਕੀਤਾ।

**ਸੁਲਤਾਨਪੁਰ ਲੋਧੀ (ਹਨੀ)** ਫਾਲਕਨ ਫਾਊਂਡੇਸ਼ਨ ਸਕੂਲ ਸੁਲਤਾਨਪੁਰ ਲੋਧੀ ਵਿਖੇ ਆਜ਼ਾਦੀ ਦਿਵਸ ਮਨਾਇਆ ਗਿਆ। ਇਸ ਦੌਰਾਨ ਵਿਦਿਆਰਥੀਆਂ ਨੇ ਦੇਸ਼ ਪ੍ਰਤੀ ਆਪਣਾ ਪਿਆਰ ਜਤਾਉਂਦੇ ਹੋਏ ਕਵਿਤਾਵਾਂ, ਗੀਤ, ਡਾਂਸ ਆਦਿ ਆਈਟਮਾਂ ਪੇਸ਼ ਕੀਤੀਆਂ।ਇਸ ਮੌਕੇ ਸਕੂਲ ਦੇ ਚੇਅਰਮੈਨ ਕਰਨਲ ਅਜੀਤ ਸਿੰਘ ਢਿਲੋਂ, ਮੈਨੇਜਿੰਗ ਡਾਇਰੈਕਟਰ ਮੈਡਮ ਨਵਦੀਪ ਕੌਰ ਢਿਲੋਂ ਅਤੇ ਸਪੈਸ਼ਲ ਗੈਸਟ ਗੁਰਦੀਪ ਕੌਰ ਵੀ ਸ਼ਾਮਲ ਸਨ। ਸਕੂਲ ਦੇ ਚੇਅਰਮੈਨ ਢਿੱਲੋਂ ਵੱਲੋਂ ਵਿਦਿਆਰਥੀਆਂ


ਅਨੰਦਪੁਰ ਸਾਹਿਬ

ਨੂੰ ਦੇਸ਼ ਪ੍ਰਤੀ ਵਫਾਦਾਰੀ, ਪਿਆਰ ਦੀ ਭਾਵਨਾ ਰੱਖਣ ਸਬੰਧੀ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਸਕੂਲ ਦੇ ਹੈੱਡ ਇੰਚਾਰਜ਼ ਮੈਡਮ ਮੀਰਾਂ ਪੁਰੀ, ਮੈਡਮ ਮਮਤਾ, ਮੈਡਮ ਲਵਪ੍ਰੀਤ, ਮੈਡਮ ਨੇਹਾ, ਮੈਡਮ ਚੰਚਲ, ਮੈਡਮ ਮਨਜੀਤ ਆਦਿ ਹਾਜ਼ਰ ਸਨ।

**ਇਸੇ ਤਰ੍ਹਾਂ** ਨਨਕਾਣਾ ਸਾਹਿਬ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਆਜ਼ਾਦੀ ਦਿਵਸ ਮਨਾਇਆ ਗਿਆ। ਇੰਜੀਨੀਅਰ ਸਵਰਨ ਸਿੰਘ, ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਹਰਨਿਆਮਤ ਕੌਰ ਅਤੇ ਇੰਜੀਨੀਅਰ ਨਿਮਰਤਾ ਕੌਰ ਸਮਾਗਮ 'ਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ, ਜਿਨ੍ਹਾਂ ਦਾ ਪ੍ਰਿੰਸੀਪਲ ਨਿਧੀ ਸੰਗੋਤਰਾ ਅਤੇ ਸਟਾਫ਼ ਮੈਂਬਰਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।ਪ੍ਰਿੰਸੀਪਲ ਮੈਡਮ ਨੇ ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆ ਨੂੰ ਆਜ਼ਾਦੀ ਦਿਵਸ ਦੀਆਂ


ਟਾਂਡਾ

ਵਧਾਈਆਂ ਦਿੱਤੀਆਂ। ਇਸ ਦੌਰਾਨ ਵਿਦਿਆਰਥੀਆਂ ਵਲੋਂ ਦੇਸ਼ ਭਗਤੀ ਦੇ ਰੰਗ ਵਿਚ ਰੰਗਿਆ ਸ਼ਾਨਦਾਰ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ।

**ਕਪੂਰਥਲਾ (ਹਨੀ)** ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਵਿਖੇ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਈ ਦੇ 'ਚ ਸਵਤੰਤਰਤਾ ਦਿਵਸ ਸੰਬੰਧੀ ਸਮਾਗਮ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਵਿਦਿਆਰਥੀਆਂ ਦਰਮਿਆਨ ਫਲੈਗ ਮੇਕਿੰਗ ਐਕਟੀਵੀਟੀ ਦਾ ਆਯੋਜਨ ਵੀ ਕੀਤਾ ਗਿਆ। ਇਸ ਤੋਂ ਪਹਿਲਾਂ ਝੰਡਾ ਲਹਿਰਾਉਣ ਦੀ ਰਸਮ ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਨੇ ਨਿਭਾਈ।ਪ੍ਰਿੰਸੀਪਲ ਰੇਨੂ ਅਰੋੜਾ ਨੇ ਸਮੂਹ ਸਟਾਫ ਮੈਂਬਰਾਂ ਤੇ ਵਿਦਿਆਰਥੀਆਂ ਨੂੰ ਆਜ਼ਾਦੀ ਦਿਹਾੜੇ ਦੀ ਵਧਾਈ ਦਿੱਤੀ।ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ,


ਜਲੰਧਰ

ਡਾਇਰੈਕਟਰ ਸਕੂਲ ਇੰਜਨੀਅਰ ਹਨਿਆਮਤ ਕੌਰ ਅਤੇ ਪ੍ਰਸ਼ਾਸ਼ਕ ਇੰਜੀਨੀਅਰ ਨਿਮਰਤਾ ਕੌਰ ਨੇ ਵੀ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੂੰ ਆਜ਼ਾਦੀ ਦੇ ਦਿਹਾੜੇ ਦੀ ਵਧਾਈ ਦਿੱਤੀ। ਇਸ ਮੌਕੇ ਮੈਡਮ ਸ਼ੀਲਾ ਸ਼ਰਮਾ, ਅਮਨਦੀਪ, ਸੀਮਾ, ਕਰਨਜੀਤ, ਰੁਪਿੰਦਰਜੀਤ, ਨੀਤੂ, ਸਵਿਤਾ, ਪ੍ਰਿਅੰਕਾ, ਹੁਸ਼ਿਆਰ ਸਿੰਘ, ਕਵਿਤਾ, ਸੁਖਵਿੰਦਰ ਕੁਮਾਰੀ, ਮੋਨਿਕਾ, ਡੀ. ਪੀ. ਗੁਰਪ੍ਰੀਤ ਸਿੰਘ ਬਲਵਿੰਦਰ ਕੌਰ ਆਦਿ ਸਟਾਫ਼ ਮੈਂਬਰ ਹਾਜ਼ਰ ਸਨ।

**ਇਸੇ ਤਰ੍ਹਾ** ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੌਂਗਾ ਦੀ ਅਗਵਾਈ ਹੇਠ ਆਜ਼ਾਦੀ ਦਿਵਸ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ।ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਵਿਸ਼ੇਸ਼ ਤੌਰ 'ਤੇ ਸਮਾਗਮ ਵਿੱਚ ਪਹੁੰਚੇ ਅਤੇ ਤਿਰੰਗਾ ਲਹਿਰਾ ਕੇ ਪ੍ਰੋਗਰਾਮ ਦਾ ਆਗਾਜ਼ ਕੀਤਾ।ਐਨ ਸੀ ਸੀ ਕੈਡਿਸ ਨੇ ਹੱਥਾਂ 'ਚ ਤਿਰੰਗਾ ਝੰਡਾ ਫੜ ਕੇ ਦੇਸ਼ ਭਗਤੀ ਦੇ ਸਲੋਗਨ ਗਾਏ।ਸਮਾਗਮ ਦੇ ਅੰਤ ਵਿੱਚ ਇੰਜੀਨੀਅਰ ਹਨਿਆਮਤ ਕੌਰ ਅਤੇ ਪ੍ਰਿੰਸੀਪਲ ਪ੍ਰਭਦੀਪ ਕੌਰ ਮੌਂਗਾ ਨੇ ਸਮੂਹ ਸਟਾਫ ਮੈਂਬਰਾਂ ਤੇ ਵਿਦਿਆਰਥੀਆਂ ਨੂੰ ਆਜ਼ਾਦੀ ਦਿਹਾੜੇ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ।

**ਜਲੰਧਰ (ਰਾਜੇਸ਼ ਥਾਪਾ)** ਖੇਤਰੀ ਲੇਖਾ ਦਫ਼ਤਰ (ਪੇ), ਜਲੰਧਰ ਵਿਖੇ ਸੁਤੰਤਰਤਾ ਦਿਵਸ ਮਨਾਇਆ ਗਿਆ।ਇਸ ਮੌਕੇ ਰੱਖਿਆ ਲੇਖਾ ਵਿਭਾਗ ਦੀ ਵਧੀਕ ਕੰਟਰੋਲਰ ਸ੍ਰੀਮਤੀ ਮਨਜੀਤ ਕੌਰ ਨੇ ਝੰਡਾ ਲਹਿਰਾਇਆ।ਪ੍ਰੋਗਰਾਮ ਵਿੱਚ ਕੁਮਾਰ ਅਭਿਸ਼ੇਕ, ਸਹਾਇਕ ਲੇਖਾ ਅਫਸਰ ਦੁਆਰਾ ਇੱਕ ਲੈਕਚਰ ਅਤੇ ਗੁਰਪ੍ਰੀਤ ਸਿੰਘ, ਸਹਾਇਕ ਲੇਖਾ ਅਫਸਰ ਅਤੇ ਰਾਜਕੁਮਾਰੀ ਜਾਨਵੀ ਦੁਆਰਾ ਸੱਭਿਆਚਾਰਕ ਪੇਸ਼ਕਾਰੀਆਂ ਵੀ ਸ਼ਾਮਲ ਸਨ।ਇਸ ਪ੍ਰੋਗਰਾਮ ਤੋਂ ਬਾਅਦ ਰੁੱਖ ਲਗਾਉਣ ਦੀ ਰਸਮ ਅਦਾ ਕੀਤੀ ਗਈ, ਜਿਸ ਵਿੱਚ ਸ੍ਰੀਮਤੀ ਮਨਜੀਤ ਕੌਰ ਵਧੀਕ ਕੰਟਰੋਲਰ ਰੱਖਿਆ ਲੇਖਾ, ਸੰਤੋਖ ਰਾਜ ਡਿਪਟੀ. ਕੰਟਰੋਲਰ, ਲਛਮਣ ਸਿੰਘ


ਕਪੂਰਥਲਾ

ਸਹਾਇਕ ਕੰਟਰੋਲਰ, ਕਸ਼ਮੀਰੀ ਲਾਲ ਲੇਖਾ ਅਫਸਰ ਅਤੇ ਮੋਹਨ ਲਾਲ ਸੰਯੁਕਤ ਕੰਟਰੋਲਰ (ਸੇਵਾਮੁਕਤ) ਅਤੇ ਹੋਰ ਸੇਵਾਮੁਕਤ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਭਾਗ ਲਿਆ।

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਮਹਾਰਾਜਾ ਜੱਸਾ ਸਿੰਘ ਰਾਮਗੜੀਆ ਮੈਮੋਰੀਅਲ ਸੋਸਾਇਟੀ ਰਜਿ. ਹੁਸ਼ਿਆਰਪੁਰ ਵੱਲੋਂ ਪ੍ਰਧਾਨ ਮਹਿੰਦਰ ਪਾਲ ਧੀਮਾਨ ਦੀ ਅਗਵਾਈ ਹੇਠ ਮਹਾਰਾਜਾ ਜੱਸਾ ਸਿੰਘ ਰਾਮਗੜੀਆ ਚੌਂਕ ਹੁਸ਼ਿਆਰਪੁਰ ਵਿਖੇ ਆਜ਼ਾਦੀ ਦਿਹਾੜੇ ਮੌਕੇ ਤਿਰੰਗਾ ਝੰਡਾ ਲਹਿਰਾਇਆ ਗਿਆ। ਆਮ ਆਦਮੀ ਪਾਰਟੀ ਦੇ ਸੂਬਾ ਸਕੱਤਰ


ਮੋਹਾਲੀ

ਪੰਜਾਬ ਸਤਵੰਤ ਸਿੰਘ ਸਿਆਣ ਨੇ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਇਸ ਮੌਕੇ ਮਹਾਰਾਜਾ ਜੱਸਾ ਸਿੰਘ ਰਾਮਗੜੀਆ ਮੈਮੋਰੀਅਲ ਸੋਸਾਇਟੀ ਹੁਸ਼ਿਆਰਪੁਰ ਦੇ ਪ੍ਰਧਾਨ ਮਹਿੰਦਰਪਾਲ ਧੀਮਾਨ ਨੇ ਦੇਸ਼ਵਾਸੀਆਂ ਨੂੰ ਆਜ਼ਾਦੀ ਦਿਹਾੜੇ ਦੀਆਂ ਮੁਬਾਰਕਾਂ ਦਿੱਤੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਜਿਲਾ ਜੋਇੰਟ ਸਕੱਤਰ ਜੋਗਿੰਦਰ ਸਿੰਘ ਰਾਜਾ, ਅਜੇ ਰਾਣਾ ਸਕੱਤਰ, ਹਰਜਿੰਦਰ ਸਿੰਘ ਵਿਰਦੀ ਮੀਤ ਪ੍ਰਧਾਨ, ਸਤਵਿੰਦਰ ਸਿੰਘ ਨੰਦੜਾ, ਪਰਮਜੀਤ ਸਿੰਘ ਕਲਿਆਣ, ਰਵਿੰਦਰ ਸਿੰਘ ਚੱਡਾ, ਛੱਜਾ ਸਿੰਘ ਧੀਮਾਨ, ਮਲਕੀਤ ਸਿੰਘ ਮਰਵਾਹਾ, ਸੁਭਾਸ਼ ਚੰਦਰ, ਪ੍ਰੋਫੈਸਰ ਮਾਲਵਿੰਦਰ ਸਿੰਘ ਮੌਜੂਦ ਸਨ ਹਾਜ਼ਰ ਸਨ।

**ਇਸੇ ਤਰ੍ਹਾਂ** ਰਿਆਤ ਬਾਹਰਾ ਐਜੂਕੇਸ਼ਨ ਸਿਟੀ ਵੱਲੋਂ ਆਜ਼ਾਦੀ


ਫਿਲੌਰ

## ਕੁਰੂਕਸ਼ੇਤਰ 'ਚ ਸੁਤੰਤਰਤਾ ਦਿਵਸ ਸਮਾਰੋਹ 'ਚ ਮੁੱਖ ਮੰਤਰੀ ਨੇ ਫਹਿਰਾਇਆ ਝੰਡਾ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਪਿਛਲੇ 10 ਸਾਲਾਂ ਦੌਰਾਨ ਹਰਿਆਣਾ ਭਾਈਚਾਰਾ, ਸਮ੍ਰਾਨ ਵਿਕਾਸ, ਸਮਰਸਤਾ, ਸਹਿਨਸ਼ੀਲਤਾ ਦੇ ਨਾਲ-ਨਾਲ ਉਨ੍ਹਾਂ ਬਦਲਾਆਂ ਦਾ ਗਵਾਹ ਰਿਹਾ ਹੈ, ਜਿਨ੍ਹਾਂ ਤੋਂ ਹਰ ਆਦਮੀ ਦਾ ਜੀਵਨ ਸਰਲ, ਸੁਗਮ ਅਤੇ ਸੁਰੱਖਿਅਤ ਹੋਇਆ ਹੈ।ਇਨ੍ਹਾਂ 10 ਸਾਲਾਂ ਵਿਚ ਮੌਜੂਦਾ ਸੂਬਾ ਸਰਕਾਰ ਨੇ ਸੂਬੇ ਦੀ ਜਨਤਾ ਨੂੰ ਭੇਦਭਾਵ ਕਰਨ ਵਾਲੀ ਵਿਵਸਥਾ ਤੋਂ ਆਜਾਦੀ ਦਿਵਾਈ ਹੈ। ਡਰ, ਭ੍ਰਿਸ਼ਟਾਚਾਰ ਤੇ ਭਾਈ-ਭਤੀਜਵਾਦ ਨਾਲ, ਵਿਕਾਸ ਵਿਚ ਅਸਮਾਨਤਾ ਕਰਨ ਵਾਲੇ ਖੇਤਰਵਾਦ ਤੋਂ, ਨੌਜੁਆਨਾਂ ਨੂੰ ਸਰਕਾਰੀ ਨੌਕਰੀਆਂ ਪਾਉਣ ਵਿਚ ਪਰਚੀ-ਖਰਚੀ ਤੋਂ ਅਸੀਂ ਆਜਾਦੀ ਦਿਵਾਈ ਹੈ।ਮੁੱਖ ਮੰਤਰੀ ਵੀਰਵਾਰ ਨੂੰ 78ਵੇਂ ਸੁਤੰਤਰਤਾ ਦਿਵਸ ਮੌਕੇ ਕੁਰੂਕਸ਼ੇਤਰ ਵਿਚ ਪ੍ਰਬੰਧਿਤ ਰਾਜ ਪੱਧਰੀ ਸਮਾਰੋਹ ਨੂੰ ਸੰਬੋਧਿਤ ਕਰ ਰਹੇ ਸਨ।ਸ੍ਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਗਰੀਬਾਂ ਦੇ ਸਿਰ 'ਤੇ ਛੱਤ ਉਪਲਬਧ ਕਰਵਾਉਣ ਲਈ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ 49 ਹਜ਼ਾਰ 975 ਮਕਾਨ ਬਣਾਏ ਗਏ ਹਨ ਅਤੇ 14 ਹਜਾਰ 202 ਮਕਾਨ ਬਣਾਏ ਜਾ ਰਹੇ ਹਨ।

ਦਿਹਾੜਾ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਕੈਂਪਸ ਡਾਇਰੈਕਟਰ ਡਾ: ਚੰਦਰ ਮੋਹਨ ਨੇ ਰਾਸ਼ਟਰੀ ਝੰਡਾ ਲਹਿਰਾਇਆ।ਡਾ: ਚੰਦਰ ਮੋਹਨ ਨੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਕਰਨ ਵਾਲਿਆਂ ਨੂੰ ਯਾਦ ਕੀਤਾ। ਇਸ ਮੌਕੇ ਡਾਇਰੈਕਟਰ ਐਡਮਿਨ ਕੁਲਦੀਪ ਰਾਣਾ, ਐਡਮਿਸ਼ਨ ਹੈੱਡ ਹਰਿੰਦਰ ਜਸਵਾਲ, ਸਹਾਇਕ ਡਾਇਰੈਕਟਰ ਗੁਰਪ੍ਰੀਤ ਬੇਦੀ, ਪਲੇਸਮੈਂਟ ਅਫ਼ਸਰ ਮਨਮੀਤ ਬੈਂਸ, ਸੰਦੀਪ ਸੈਨੀ ਕੈਂਪਸ ਦਾ ਸਮੁੱਚਾ ਸਟਾਫ਼ ਹਾਜ਼ਰ ਸੀ।

**ਫਿਲੌਰ (ਬੀ ਐੱਸ ਕੈਨੇਡੀ)**- ਫਿਲੌਰ ਵਿਖੇ ਸੁਤੰਤਰਤਾ ਦਿਵਸ ਸਮਾਰੋਹ ਵਿਖੇ ਉਘੇ ਸਰਵੋਦਯ ਲੀਡਰ ਅਤੇ ਅਜ਼ਾਦੀ ਘੁਲਾਟੀਏ ਸਵ. ਉਜਾਗਰ ਸਿੰਘ ਬਿਲਗਾ ਦੇ ਸਪੁੱਤਰ ਸੀ ਪੀ ਐਸ ਗੁਲਸ਼ਨ ਨੂੰ ਸਨਮਾਨਤ ਕਰਦੇ ਹੋਏ ਐਸ ਡੀ ਐਮ ਫਿਲੌਰ ਅਮਨਪਾਲ ਸਿੰਘ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਵਡਮੁੱਲਾ ਯੋਗਦਾਨ ਪਾਉਣ ਵਾਲੇ ਅਜ਼ਾਦੀ ਘੁਲਾਟੀਏ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਭਾਰਤ ਨੂੰ ਅਜ਼ਾਦ ਕਰਵਾਉਣ ਲਈ ਆਪਣੀਆਂ ਕੀਮਤੀ ਜਾਨਾਂ ਨੂੰ ਦਾਅ 'ਤੇ ਲਾਉਣ ਵਾਲੇ ਅਜ਼ਾਦੀ ਘੁਲਾਟੀਏ ਦੀ ਸ਼ਹਾਦਤ ਦੀ ਬਦੌਲਤ ਹੀ ਅੱਜ ਅਸੀਂ ਅਜ਼ਾਦ ਮੁਲਕ ਵਿਚ ਅਜ਼ਾਦ ਜ਼ਿੰਦਗੀ ਬਤੀਤ ਕਰ ਰਹੇ ਹਾਂ। ਸਾਨੂੰ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਭੁੱਲਣਾ ਨਹੀਂ ਚਾਹੀਦਾ। ਉਨਾਂ ਕਿਹਾ ਦੇਸ਼ ਦੀ ਆਜ਼ਾਦੀ ਵਿੱਚ ਆਪਣਾ ਯੋਗਦਾਨ ਪਾਉਣ ਵਾਲੇ ਅਜ਼ਾਦੀ ਘੁਲਾਟੀਏ ਸਵ ਉਜਾਗਰ ਸਿੰਘ ਬਿਲਗਾ ਵਰਗੇ ਦੇਸ਼ ਭਗਤਾਂ ਵਰਗੇ ਦੇਸ਼ ਨੂੰ ਲੋੜ ਹੈ।

**ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ)**-ਐਮ.ਐਸ.ਕੇ.ਡੇ ਬੋਰਡਿੰਗ ਸੀ.ਬੀ.ਐਸ.ਈ. ਸੈਕੰਡਰੀ ਸਕੂਲ, ਕੋਟਲੀ ਜੰਡ ਵਿਖੇ ਦੇਸ਼ ਦਾ ਆਜ਼ਾਦੀ ਦਿਹਾੜਾ ਧੂਮਧਾਮ ਨਾਲ ਮਨਾਇਆ ਗਿਆ। ਪ੍ਰਿੰਸੀਪਲ ਪਰਮਿੰਦਰ ਕੌਰ ਦੀ ਅਗਵਾਈ ਹੇਠ ਮਨਾਏ ਗਏ ਸਵਤੰਤਰਤਾ ਦਿਵਸ ਸਮਾਗਮ ਵਿੱਚ ਸਕੂਲ ਪ੍ਰਧਾਨ ਸੁੱਖਵਿੰਦਰ ਸਿੰਘ ਅਰੋੜਾ ਨੇ ਰਾਸ਼ਟਰੀ ਤਿਰੰਗਾ ਲਹਿਰਾਇਆ। ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦਾ ਪ੍ਰੋਗਰਾਮ ਪੇਸ਼ ਕੀਤਾ ਗਿਆ ।ਇਸ ਮੌਕੇ ਸਕੂਲ ਸਟਾਫ ਵਿੱਚ ਲਖਬੀਰ ਸਿੰਘ, ਮਨਮੋਹਣ ਸਿੰਘ ,ਕਸ਼ਿਸ਼ ਗਿੱਲ, ਆਗਿਆ ਕੌਰ, ਰਜਿੰਦਰ ਕੌਰ, ਰਜਨੀ ਬਾਲਾ, ਪ੍ਰਭਜੋਤ ਕੌਰ ਤੋਂ ਇਲਾਵਾ ਗੁਰਸ਼ਰਨ ਕੌਰ, ਪ੍ਰੀਤੀ, ਮਨਦੀਪ ਕੌਰ, ਅਮਨਦੀਪ ਸੰਧੂ, ਹਰਮਨਜੋਤ ਕੌਰ, ਨਰਿੰਦਰ ਕੌਰ ,ਪ੍ਰਦੀਪ


ਸੁਲਤਾਨਪੁਰ ਲੋਧੀ

ਕੌਰ, ਮੀਨਾ ਅਤੇ ਬਬੀਤਾ ਹਾਜ਼ਰ ਸਨ। ਇਸੇ ਤਰ੍ਹਾਂ ਹੀ ਸਰ ਮਾਰਸ਼ਲ ਸਕੂਲ ਬੈਂਸ ਅਵਾਨ ਵਿਖੇ ਵੀ ਦੇਸ਼ ਦਾ 78ਵਾਂ ਆਜ਼ਾਦੀ ਦਿਵਸ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸੰਸਥਾ ਦੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਨੇ ਤਿਰੰਗਾ ਝੰਡਾ ਲਹਿਰਾਇਆ । ਸਕੂਲ ਦੇ ਵਿਦਿਆਰਥੀਆਂ ਨੇ ਦੇਸ਼ ਭਗਤੀ ਦਾ ਪ੍ਰੋਗਰਾਮ ਵੀ ਪੇਸ਼ ਕੀਤਾ। ਇਸ ਮੌਕੇ ਪ੍ਰਿੰਸੀਪਲ ਕਮਲਪ੍ਰੀਤ ਸਿੰਘ, ਵਾਈਸ ਪ੍ਰਿੰਸੀਪਲ ਕਨਿਕਾ, ਗਗਨਪ੍ਰੀਤ ਕੌਰ, ਹਰਪ੍ਰੀਤ ਕੌਰ, ਸੁਖਲਿੰਦਰ ਪਾਲ ਸਿੰਘ, ਗਗਨਦੀਪ, ਅਮਨ ਟੀਨਾ ਤੋਂ ਇਲਾਵਾ ਪ੍ਰਿੰਯਕਾ, ਅੰਜੂ ,ਪ੍ਰਭਜੋਤ, ਗਗਨਦੀਪ, ਸੰਦੀਪ ਕੌਰ, ਬਲਦੇਵ


ਮੋਹਾਲੀ

ਸਿੰਘ, ਖੁਸ਼ਦੀਪ, ਭਾਵਨਾ, ਨਵਨੀਤ ,ਰਣਜੀਤ ਕੌਰ ਵੀ ਹਾਜ਼ਰ ਸਨ।

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** 78ਵਾਂ ਸੁਤੰਤਰਤਾ ਦਿਵਸ ਚਰਨ ਗੰਗਾ ਸਟੇਡੀਅਮ ਸ੍ਰੀ ਅਨੰਦਪੁਰ ਸਾਹਿਬ ਵਿਖੇ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਜਿੱਥੇ ਅਲੱਗ ਅਲੱਗ ਸਕੂਲਾਂ ਨੇ ਸੱਭਿਆਚਾਰਕ ਪ੍ਰੋਗਰਾਮ ਵਿੱਚ ਭਾਗ ਲਿਆ ਅਤੇ ਆਜ਼ਾਦੀ ਪ੍ਰਾਪਤ ਕਰਨ ਲਈ ਕੀਤੀਆਂ ਕੁਰਬਾਨੀਆਂ ਨੂੰ ਯਾਦ ਕੀਤਾ । ਪ੍ਰਧਾਨ ਹਰਜੀਤ ਸਿੰਘ ਜੀਤਾ ਵੱਲੋਂ ਆਜ਼ਾਦੀ ਦਿਹਾੜੇ ਮੌਕੇ ਲੰਗਰ ਦਾ ਖਾਸ ਪ੍ਰਬੰਧ ਉੱਘੇ ਸਮਾਜ ਸੇਵੀ ਇੰਦਰਜੀਤ ਸਿੰਘ ਅਰੋੜਾ ਪ੍ਰਧਾਨ ਵਪਾਰ ਮੰਡਲ ਦੀ ਦੇਖ ਰੇਖ ਹੇਠ ਕੀਤਾ ਗਿਆ । ਨਗਰ ਕੌਂਸਲ ਵੱਲੋਂ ਵੀ ਹਰ ਤਰ੍ਹਾਂ ਦੇ ਪ੍ਰਬੰਧ ਕੀਤੇ ਗਏ ਸੀ ਜਿਨ੍ਹਾਂ ਵਿੱਚ ਸੱਭਿਆਚਾਰਕ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਬੱਚਿਆਂ ਲਈ ਸਟੇਜ ਅਤੇ ਵਰਖਾ ਦੇ ਮੌਸਮ ਨੂੰ ਮੁੱਖ ਰੱਖਦੇ ਹੋਏ


ਲੋਹੀਆਂ

ਵਾਟਰ ਬਰੂਫ ਟੈਂਟ ਅਤੇ ਸਟੇਜ ਦਾ ਪ੍ਰਬੰਧ ਕੀਤਾ ਗਿਆ। ਆਮ ਲੋਕਾਂ ਦੇ ਬੈਠਣ ਲਈ ਸਟੇਡੀਅਮ ਵਿੱਚ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ ਸੀ ਤਾਂ ਕਿ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਨਾ ਆ ਸਕੇ। ਸੱਭਿਆਚਾਰਕ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਹਰੇਕ ਸਕੂਲ ਨੂੰ ਪ੍ਰਧਾਨ ਹਰਜੀਤ ਸਿੰਘ ਜੀਤਾ ਵੱਲੋਂ 2100 ਰੁਪਏ ਰਾਸ਼ੀ ਦਾ ਇਨਾਮ ਦਿੱਤਾ ਗਿਆ। ਇਸ ਮੌਕੇ ਪ੍ਰਵੀਨ ਕੌਸ਼ਲ ਕੌਂਸਲਰ, ਮਨਪ੍ਰੀਤ ਕੌਰ ਅਰੋੜਾ ਕੌਂਸਲਰ, ਰੀਤਾ ਅਡਵਾਲ ਕੌਂਸਲਰ, ਬਲਵੀਰ ਕੌਰ ਕੌਂਸਲਰ, ਦਲਜੀਤ ਸਿੰਘ ਕੈਂਥ ਕੌਂਸਲਰ, ਜਸਬੀਰ ਕੌਰ ਗਰਚਾ ਕੌਂਸਲਰ, ਗੁਰਪ੍ਰੀਤ ਕੌਰ ਕੌਂਸਲਰ, ਵਿਕਰਮਜੀਤ ਸਿੰਘ ਸੰਧੂ ਕੌਂਸਲਰ, ਕਮਲਜੀਤ ਭੱਟੀ ਕੌਂਸਲਰ, ਪਰਮਵੀਰ ਸਿੰਘ ਰਾਣਾ ਕੌਂਸਲਰ, ਗੁਰਿੰਦਰ ਸਿੰਘ ਵਾਲੀਆ ਕੌਂਸਲਰ, ਦਵਿੰਦਰ ਕੌਸ਼ਲ,ਉੱਘੇ ਸਮਾਜ ਸੇਵੀ, ਕੁਲਦੀਪ ਸਿੰਘ, ਸੁਨੀਲ ਅਡਵਾਲ ਪ੍ਰਧਾਨ ਰੇਹੜੀ ਫੜ੍ਹੀ ਯੂਨੀਅਨ, ਨੌਜਵਾਨ ਆਗੂ ਦਵਿੰਦਰ ਸਿੰਘ ਸ਼ੰਮੀ ਬਰਾਰੀ ਆਦਿ ਹਾਜ਼ਰ ਸਨ।

**ਮਹਿਤਪੁਰ (ਰਾਜਾ)** ਇਥੇ ਐੱਸ ਡੀ ਮਾਡਲ ਸੀਨੀਅਰ ਸੈਕੰਡਕਰੀ


ਆਦਮਪੁਰ

ਸਕੂਲ ਵਿਖੇ ਸੁਤੰਤਰਤਾ ਦਿਵਸ ਮਨਾਇਆ ਗਿਆ । ਵਿਦਿਆਰਥੀਆਂ ਵਿਚਕਾਰ ਫੈਂਸੀ ਪਹਿਰਾਵੇ ਨਾਲ ਸੰਬੰਧਿਤ ਕੰਪੀਟੀਸ਼ਨ ਕਰਵਾਏ ਗਏ। ਪਹਿਲੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੇ ਤਿਰੰਗੇ ਝੰਡੇ ਬਣਾਉਣ ਦੀਆਂ ਗਤੀਵਿਧੀਆਂ ਵਿੱਚ ਭਾਗ ਲਿਆ। ਇਸੇ ਤਰ੍ਹਾਂ ਛੇਵੀਂ ਤੋਂ ਅੱਠਵੀ ਜਮਾਤ ਤੱਕ ਦੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦੇ ਗੀਤ ਪੇਸ਼ ਕੀਤੇ ਗਏ ਤੇ ਵਿਦਿਆਰਥੀਆਂ ਨੇ ਦੇਸ਼ ਭਗਤਾਂ ਨੂੰ ਸ਼ਰਧਾਂਜਲੀਆਂ ਦਿੰਦੇ ਹੋਏ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ। ਅਧਿਆਪਕਾਵਾਂ ਵੱਲੋਂ, ਜਮਾਤਾਂ ਵਿੱਚ ਵਿਦਿਆਰਥੀਆਂ ਨੂੰ ਆਜ਼ਾਦੀ ਦੇ ਮਹੱਤਵ ਬਾਰੇ ਦੱਸਿਆ ਤੇ ਦੇਸ਼ ਭਗਤਾਂ ਦਾ ਸਨਮਾਨ ਕਰਨ ਲਈ ਪ੍ਰੇਰਿਤ ਕੀਤਾ। ਸਕੂਲ ਦੇ ਪ੍ਰਿੰਸੀਪਲ ਵੀਨਾ ਮਹਿਤਾ ਨੇ ਬੱਚਿਆ ਨੂੰ ਦੇਸ਼ ਲਈ ਕੁਰਬਾਨੀਆਂ ਦੇਣ ਵਾਲੇ ਸ਼ਹੀਦਾਂ ਬਾਰੇ ਦੱਸਿਆ ਅਤੇ ਨੂੰ ਕਿਹਾ ਕਿ ਸਾਡੇ ਸਾਰਿਆਂ ਦਾ ਇਹ ਫਰਜ਼ ਹੈ ਕਿ ਅਸੀਂ ਆਪਣੇ ਦੇਸ਼ ਦੀ ਅਜ਼ਾਦੀ ਨੂੰ ਸੰਭਾਲ ਕੇ ਰੱਖੀਏ ਅਤੇ ਆਪਣੇ ਦੇਸ਼ ਨੂੰ ਤਰੱਕੀ ਵੱਲ ਲੈ ਕੇ ਜਾਣਾ ਸਾਡਾ ਆਪਣਾ ਫ਼ਰਜ਼ ਹੈ। ਸਾਡੇ ਸੂਰਬੀਰਾਂ ਨੇ ਆਜ਼ਾਦੀ ਪ੍ਰਾਪਤ ਕਰਨ ਲਈ ਬਹੁਤ ਘਾਲਣਾ ਘਾਲੀਆਂ ਸਨ। ਉਨ੍ਹਾਂ ਨੇ ਕਿਹਾ ਕਿ ਸਾਨੂੰ ਉਨ੍ਹਾਂ ਦੀਆਂ ਸ਼ਹਾਦਤਾਂ ਨੂੰ ਪ੍ਰਣਾਮ ਕਰਨਾ ਚਾਹੀਦਾ ਹੈ।

**ਲੋਹੀਆਂ ਖਾਸ (ਯੋਗੇਸ਼ਵਰ)** : ਬੀ.ਕੇ ਇੰਟਰਨੈਸ਼ਨਲ ਕਨਵੈਂਟ ਸਕੂਲ ਅਤੇ ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ ਵਾੜਾ ਜੋਧ ਸਿੰਘ ਵਿਖੇ ਸੁਤੰਤਰਤਾ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ। ਸਕੂਲ ਮੈਨੇਜਮੈਂਟ ਸ਼੍ਰੀਮਤੀ ਅਮਰਜੀਤ ਕੌਰ ਅਤੇ ਸ਼੍ਰੀਮਤੀ ਨੀਤੀਮਾ ਵੱਲੋਂ ਤਿਰੰਗਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ।ਸੀਨੀਅਰ ਵਿਦਿਆਰਥੀਆਂ ਵੱਲੋਂ ਦੇਸ਼ ਨੂੰ ਆਜ਼ਾਦ ਕਰਵਾਉਣ ਵਾਲੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ ਅਤੇ ਸੁਤੰਤਰਤਾ ਦਿਵਸ ਦੇ ਸੰਬੰਧ ਵਿੱਚ ਆਪਣੇ ਵਿਚਾਰਾਂ ਰਾਹੀਂ ਸਾਰੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ।


ਨਵਾਂਸ਼ਹਿਰ

ਕਿੰਡਰਗਾਰਟਨ ਦੇ ਨਨੇ ਮੁੰਨੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦੇ ਗੀਤ ਤੇ ਡਾਂਸ ਕਰਕੇ ਦੇਸ਼ ਪ੍ਰਤੀ ਆਪਣੇ ਜਜ਼ਬੇ ਨੂੰ ਪ੍ਰਗਟ ਕੀਤਾ ਗਿਆ।

**ਮਹਿਤਪੁਰ (ਰਾਜਾ)** ਸਵ. ਰਵੀਪਾਲ ਸਿੰਘ ਦੇ ਪਾਏ ਹੋਏ ਪੂਰਨਿਆਂ ਉੱਤੇ ਚਲਦੇ ਸਿਮਰਜੀਤ ਸਿੰਘ ਮੋਮੀ ਚੇਅਰਮੈਨ ਅਤੇ ਪ੍ਰਿੰਸੀਪਲ ਮੈਡਮ ਰੰਜਨਾ ਰਾਏ ਦੀ ਅਗਵਾਈ ਹੇਠ ਪ੍ਰੋਗਰਾਮ ਉਲੀਕਿਆ ਗਿਆ ।ਆਜ਼ਾਦੀ ਦਿਵਸ ਦੇ ਮੌਕੇ 'ਤੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ ।ਵਿਦਿਆਰਥੀਆਂ ਵੱਲੋਂ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤੇ ਗਏ। ਵਿਦਿਆਰਥੀ ਵੱਖ-ਵੱਖ ਆਜ਼ਾਦੀ ਘੁਲਾਟੀਆਂ ਦੀ ਵੇਸ਼


ਮੇਹਟੀਆਣਾ

ਭੂਸ਼ਾ ਦੇ ਵਿੱਚ ਬਹੁਤ ਹੀ ਸੋਹਣੇ ਲੱਗ ਰਹੇ ਸਨ। ਵਿਦਿਆਰਥੀ ਵੱਖ ਵੱਖ ਆਜ਼ਾਦੀ ਘੁਲਾਟੀਏ ਜਿਵੇਂ ਰਾਣੀ ਲਕਸ਼ਮੀ ਬਾਈ ,ਮਹਾਤਮਾ ਗਾਂਧੀ, ਸੁਭਾਸ਼ ਚੰਦਰ ਬੋਸ, ਭਗਤ ਸਿੰਘ ਆਦਿ ਦੇ ਕਿਰਦਾਰ ਨਿਭਾ ਰਹੇ ਸਨ। ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੇ ਕਿਰਦਾਰ ਅਤੇ ਉਹਨਾਂ ਦਾ ਇਤਿਹਾਸ ਵਿੱਚ ਕੀ ਯੋਗਦਾਨ ਹੈ ਇਸ ਪ੍ਰਤੀ ਬੱਚਿਆਂ ਨੂੰ ਜਾਣੂ ਕਰਵਾਇਆ ਗਿਆ ।

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਉਘੇ ਸਮਾਜ ਸੇਵਕ, ਸੀਨੀਅਰ ਟਕਸਾਲੀ ਕਾਂਗਰਸੀ ਆਗੂ ਕੁਲਵਿੰਦਰ ਸਿੰਘ ਰਸੂਲਪੁਰ ਦੀ ਅਗਵਾਈ ਹੇਠ 15 ਅਗਸਤ ਬੁਹਤ ਧੂਮਧਾਮ ਨਾਲ ਮਨਾਇਆ ਗਿਆ।ਉਨ੍ਹਾਂ ਨੇ ਕਾਂਗਰਸ ਪਾਰਟੀ ਦੇ ਦਫ਼ਤਰ ਚੱਬੇਵਾਲ ਵਿਖੇ ਰਾਸ਼ਟਰੀ ਝੰਡਾ ਲਹਿਰਾਇਆ। ਉਨ੍ਹਾਂ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਦੇਸ਼ ਦਾ


ਮਹਿਤਪੁਰ

78ਵਾਂ ਅਜ਼ਾਦੀ ਦਿਵਸ ਮਨਾ ਰਹੇ ਹਾਂ।ਉਨ੍ਹਾਂ ਕਿਹਾ ਭਾਰਤ ਦੇ ਮਹਾਨ ਸਪੂਤਾਂ ਨੇ ਜਾਨਾਂ ਕੁਰਬਾਨ ਕਰਕੇ ਅਜ਼ਾਦੀ ਲੈ ਕੇ ਦਿੱਤੀ।ਇਨ੍ਹਾਂ ਸੂਰਬੀਰਾਂ ਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ। ਇਸ ਮੌਕੇ ਦਵਿੰਦਰ ਸਿੰਘ ਖਾਲਸਾ ਬਲਾਕ ਪ੍ਰਧਾਨ ਚੱਬੇਵਾਲ, ਚੌਧਰੀ ਗੁਰਪ੍ਰੀਤ ਯੂਥ ਪ੍ਰਧਾਨ ਚੱਬੇਵਾਲ, ਠੇਕੇਦਾਰ ਸੰਤੋਖ ਸਿੰਘ ਰਸੂਲਪੁਰ, ਕੁਲਵਿੰਦਰ ਸਿੰਘ ਰਹੱਲੀ ਸਰਕਲ ਪ੍ਰਧਾਨ, ਕੁਲਵਿੰਦਰ ਸਿੰਘ ਸਰਕਲ ਪ੍ਰਧਾਨ ਖੈਰੜ, ਬਿੱਕੀ ਕਾਲੇਵਾਲ ਭਗਤਾਂ ਸਰਕਲ ਪ੍ਰਧਾਨ, ਲੰਬੜਦਾਰ ਗੁਰਦੇਵ ਸਿੰਘ ਠੱਕਰਵਾਲ, ਕਰਮਜੀਤ ਸਿੰਘ ਠੱਕਰਵਾਲ, ਅਮਰੀਕ ਸਿੰਘ ਚੱਬੇਵਾਲ, ਜੈ ਗਣੇਸ਼ ਪਚਨੰਗਲਾਂ, ਟਿੰਕੂ ਜਾਂਗਲੀਆਣਾ, ਸਰਕਲ ਯੂਥ ਪ੍ਰਧਾਨ ਬੀਬੀ ਹਰਬੰਸ ਕੌਰ ਮਹਿਲਾ ਬਲਾਕ ਪ੍ਰਧਾਨ ਮਾਹਿਲਪੁਰ, ਭੁਪਿੰਦਰ ਸਿੰਘ ਭਿੰਦਾ ਕੈਂਡੋਵਾਲ, ਗਿਆਨ ਸਿੰਘ ਸਾਬਕਾ ਸਰਪੰਚ ਕੈਂਡੋਵਾਲ, ਬੀਬੀ ਬਲਵੰਤ ਕੌਰ ਮਹਿਲਾ ਪ੍ਰਧਾਨ ਸਰਪੰਚ ਲਾਲ ਪੁਰ ਭਾਣਾਂ ,ਬੀਬੀ ਰਵਿੰਦਰ ਕੌਰ ਮਹਿਲਾ ਪ੍ਰਧਾਨ ਬਬੇਲੀ, ਬੀਬੀ ਸੁਰਿੰਦਰ ਕੌਰ ਮਹਿਲਾ ਬਲਾਕ ਪ੍ਰਧਾਨ, ਹਰਮੀਤ ਸਿੰਘ ਸਰਪੰਚ ਸਾਰੰਗੋਵਾਲ, ਠੇਕੇਦਾਰ ਰਾਮਜੀ ਸਾਰੰਗਵਾਲ,


ਹੁਸ਼ਿਆਰਪੁਰ

ਗਿਆਨ ਚੰਦ ਕਾਲ਼ਾ ਡੀਜੇ ਅਜਨੋਹਾ ਨਿੱਕੂ ਭਾਜੀ ਅਜਨੋਹਾ ਆਦਿ ਹਾਜ਼ਰ ਸਨ।

**ਆਦਮਪੁਰ (ਪਰਮਜੀਤ ਸਿੰਘ)**:- ਇਥੇ ਤਹਿਸੀਲ ਪੱਧਰੀ ਸਮਾਗਮ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਮਨਾਇਆ ਗਿਆ, ਜਿਸ ਵਿਚ ਮੁੱਖ ਮਹਿਮਾਨ ਤਹਿਸੀਲਦਾਰ ਗੁਰਪ੍ਰੀਤ ਸਿੰਘ ਵਲੋਂ ਝੰਡਾ ਲਹਿਰਾਇਆ ਤੇ ਪੁਲਸ ਟੁਕੜੀ ਵਲੋਂ ਸਲਾਮੀ ਦਿੱਤੀ ਗਈ । ਆਪਣੇ ਸੰਬੋਧਨੀ ਭਾਸ਼ਣ ਵਿਚ ਗੁਰਪ੍ਰੀਤ ਸਿੰਘ ਨੇ ਦੇਸ਼ ਦੀ ਅਜਾਦੀ ਲਈ ਕੁਰਬਾਨੀਆਂ ਕਰਨ ਵਾਲੇ ਸ਼ਹੀਦਾਂ ਨੂੰ ਨਮਨ ਕੀਤਾ ਅਤੇ ਪੰਜਾਬ ਸਰਕਾਰ ਵਲੋਂ ਲੋਕ ਭਲਾਈ ਦੇ ਕੀਤੇ ਜਾਂਦੇ ਕਾਰਜਾਂ ਬਾਰੇ ਜਾਣਕਾਰੀ ਦਿੱਤੀ ।

ਸਮਾਗਮ ਵਿੱਚ ਵੱਖ ਵੱਖ ਸਕੂਲਾਂ ਦੇ ਬੱਚਿਆਂ ਵਲੋਂ ਪ੍ਰਿੰਸੀਪਲ ਰਾਮ ਆਸਰਾ ਦੀ ਅਗਵਾਈ ਵਿੱਚ ਤਿਆਰ ਕੀਤੀਆਂ ਸੱਭਿਆਚਾਰਕ ਪੇਸ਼ਕਾਰੀਆਂ ਪੇਸ਼ ਕੀਤੀਆਂ ਗਈਆਂ । ਇਸ ਮੌਕੇ ਆਦਮਪੁਰ ਸਕੂਲ ਦੀ ਹੋਣਹਾਰ ਵਿਦਿਆਰਥਣ ਪਾਵਨੀ ਕਸ਼ਯਪ, ਡੀ ਐਸ ਪੀ ਆਦਮਪੁਰ ਸੁਮਿਤ ਸੂਦ, ਥਾਣੇਦਾਰ ਆਦਮਪੁਰ ਰਵਿੰਦਰ ਸਿੰਘ, ਨਾਇਬ ਤਹਿਸੀਲਦਾਰ ਸੁਖਵਿੰਦਰ ਸਿੰਘ, ਚੇਅਰਮੈਨ ਪਰਮਜੀਤ ਸਿੰਘ ਰਾਜਵੰਸ਼, ਕਾਨੂੰਗੋ ਸਰਬਜੀਤ ਸਿੰਘ,ਸਟੇਟ ਐਵਾਰਡੀ ਪ੍ਰਿੰਸੀਪਲ ਰਾਮ ਆਸਰਾ, ਲੈਕਚਰਾਰ ਗੁਰਿੰਦਰ ਸਿੰਘ ਕਡਿਆਣਾ, ਈ ਓ ਆਦਮਪੁਰ ਰਾਮਜੀਤ , ਪੁਸ਼ਪਿੰਦਰ ਵਿਰਦੀ, ਰਜਿੰਦਰ ਸਿੰਘ, ਕਮਲਜੀਤ , ਪਵਨ ਕੁਮਾਰੀ , ਨੀਨਾ, ਬਲਜੀਤ ਸਿੰਘ, ਡਾਕਟਰ ਪਵਨ ਮਿਗਲਾਨੀ , ਤਹਿਸੀਲ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ, ਵੱਖ ਵੱਖ ਵਿਭਾਗਾਂ ਦੇ ਮਿਹਨਤੀ ਕਰਮਚਾਰੀਆਂ ਤੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਪੰਡੋਰੀ ਨਿੱਝਰਾਂ ਸਕੂਲ ਦੇ ਲੈਕਚਰਾਰ ਗੁਰਿੰਦਰ ਸਿੰਘ ਵਲੋਂ ਨਿਭਾਈ ਗਈ।

## ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਤੇ ਐੱਸ.ਕੇ.ਐੱਮ, ਕੇ.ਐੱਮ.ਐੱਮ ਨੇ ਟਰੈਕਟਰ ਮਾਰਚ ਕਰਕੇ ਤਿੰਨ ਅਪਰਾਧਿਕ ਕਾਨੂੰਨਾਂ ਦੀਆਂ ਫੂਕੀਆਂ ਕਾਪੀਆਂ



**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)** : ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਜਲੰਧਰ ਵੱਲੋਂ 15 ਅਗਸਤ ਨੂੰ ਪੰਜਾਬ ਭਰ ਵਿੱਚ ਟਰੈਕਟਰ ਮਾਰਚ ਕਰਕੇ ਤਿੰਨ ਅਪਰਾਧਿਕ ਕਾਨੂੰਨਾਂ ਦੀਆਂ ਕਾਪੀਆਂ ਫੂਕਣ ਦੇ ਪ੍ਰੋਗਰਾਮ ਤਹਿਤ ਸੂਬਾ ਮੀਤ ਪ੍ਰਧਾਨ ਜਸਵੀਰ ਸਿੰਘ ਪਿੱਦੀ ਦੀ ਪ੍ਰਧਾਨਗੀ ਹੇਠ ਇਕ ਵਿਆਪਕ ਟਰੈਕਟਰ ਮਾਰਚ ਕੀਤਾ ਗਿਆ ਜੋ ਕਿ ਪੂਨੀਆਂ ਮੰਡੀ ਤੋਂ ਸ਼ੁਰੂ ਹੋ ਕੇ ਵਾਇਆ ਸ਼ਾਹਕੋਟ, ਮਲਸੀਆਂ, ਲੋਹੀਆਂ ਖ਼ਾਸ ਹੁੰਦਾ ਹੋਇਆਂ ਪੂਨੀਆਂ ਵਿਖੇ ਸਮਾਪਤ ਕਰ ਦਿੱਤਾ ਗਿਆ। ਇਸ ਮਾਰਚ ਵਿਚ ਸੈਕੜੇ ਕਿਸਾਨਾਂ ਨੇ ਆਪਣੇ ਟਰੈਕਟਰਾਂ ਸਮੇਤ ਹਿੱਸਾ ਲਿਆ ।ਇਸ ਮਾਰਚ ਦੌਰਾਨ ਸ਼ਾਹਕੋਟ ਤਹਿਸੀਲ ਸਾਹਮਣੇ ਤਿੰਨ ਅਪਰਾਧਿਕ ਕਾਨੂੰਨਾਂ ਦੀਆਂ ਕਾਪੀਆਂ ਫੂਕੀਆਂ ਗਈਆਂ ।ਪ੍ਰੈੱਸ ਬਿਆਨ ਜਾਰੀ ਕਰਦੇ ਹੋਏ ਸੂਬਾ ਮੀਤ ਪ੍ਰਧਾਨ ਜਸਵੀਰ ਸਿੰਘ ਪਿੱਦੀ, ਸੂਬਾ ਕਮੇਟੀ ਮੈਂਬਰ ਸਲਵਿੰਦਰ ਸਿੰਘ ਜਾਣੀਆਂ, ਜ਼ਿਲ੍ਹਾ ਪ੍ਰਧਾਨ ਗੁਰਮੇਲ ਸਿੰਘ ਰੈੜਵਾਂ, ਜ਼ਿਲ੍ਹਾ ਪ੍ਰੈੱਸ ਸਕੱਤਰ ਹਰਪ੍ਰੀਤ ਸਿੰਘ ਕੋਟਲੀ ਗਾਜਰਾਂ ਨੇ ਦੱਸਿਆ ਕਿ ਸਰਕਾਰ ਦੁਆਰਾ ਦਿੱਲੀ ਮੋਰਚਾ 2 ਦੌਰਾਨ ਸ਼ੰਭੂ ਬਾਰਡਰ ਅਤੇ ਖਨੌਰੀ ਬਾਰਡਰ ਅਤੇ ਦੂਸਰੇ ਬਾਰਡਰਾਂ ਤੇ ਕਿਸਾਨਾਂ ਮਜ਼ਦੂਰਾਂ ਤੇ ਤਸ਼ੱਦਦ ਕਰਨ ਵਾਲੇ ਪੁਲਸ ਮੁਲਾਜ਼ਮਾਂ ਨੂੰ ਰਾਸ਼ਟਰਪਤੀ ਅਵਾਰਡ ਨਾਲ ਸਨਮਾਨਿਤ ਕਰਨ ਦੇ ਵਿਰੋਧ ਵਿਚ ਪੰਜਾਬ ਭਰ ਵਿੱਚ ਦੋਨਾਂ ਫੋਰਮਾਂ ਦੇ ਸੱਦੇ ਉੱਤੇ ਟਰੈਕਟਰ ਰੋਸ ਮਾਰਚ ਕੀਤਾ ਜਾ ਰਿਹਾ ਹੈ ਜਿਸ ਵਿੱਚ ਹਜ਼ਾਰਾਂ ਟਰੈਕਟਰ ਇਨ੍ਹਾਂ ਮਾਰਚਾਂ ਵਿੱਚ ਹਿੱਸਾ ਲੈ ਰਹੇ ਹਨ ਅਤੇ ਹਜ਼ਾਰਾਂ ਕਿਸਾਨ, ਮਜ਼ਦੂਰ, ਬੀਬੀਆਂ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਮਨੁੱਖੀ ਹੱਕਾਂ ਦਾ ਘਾਣ ਕਰਨ ਵਾਲੇ ਤਿੰਨ ਅਪਰਾਧਿਕ ਕਾਨੂੰਨਾਂ ਦੀਆਂ ਕਾਪੀਆਂ ਸਾੜ ਰਹੇ ਹਨ । ਉਹਨਾਂ ਅੱਗੇ ਕਿਹਾ ਕਿ ਹਰਿਆਣੇ ਦੇ ਬਾਰਡਰਾਂ ਉਤੇ ਚੱਲ ਰਹੇ ਮੋਰਚਿਆਂ ਦੇ 31 ਅਗਸਤ ਨੂੰ 200 ਦਿਨ ਪੂਰੇ ਹੋਣ 'ਤੇ ਲੱਖਾਂ ਕਿਸਾਨਾਂ ਮਜ਼ਦੂਰਾਂ ਬੀਬੀਆਂ ਦੇ ਇਕੱਠ ਕੀਤੇ ਜਾਣਗੇਅਤੇ 15 ਅਗਸਤ ਨੂੰ 1947 ਵਿੱਚ ਹੋਈ ਪੰਜਾਬ ਤੇ ਬੰਗਾਲ ਵੰਡ ਵੇਲੇ 8 ਤੋਂ 10 ਲੱਖ ਲੋਕਾਂ ਦੇ ਹੋਏ ਕਤਲੇਆਮ ਵਿਚ ਮਾਰੇ ਗਏ ਬੇਕਸੂਰ ਲੱਖਾਂ ਲੋਕਾਂ ਨੂੰ ਸ਼ਰਧਾਂਜਲੀ ਦਿੱਤੀ ਜਾਵੇਗੀ ਤੇ ਦੁੱਖ ਦਾ ਇਜ਼ਹਾਰ ਕੀਤਾ ਜਾਵੇਗਾ। ਕੇਂਦਰ ਸਰਕਾਰ ਸਾਮਰਾਜੀ ਸੰਸਥਾਵਾਂ ਦੇ ਦਬਾਅ ਹੇਠ ਕਿਸਾਨਾਂ ਦੀਆਂ ਹੱਕੀ ਮੰਗਾਂ ਗਰੰਟੀ ਕਾਨੂੰਨ 32 ਧਾਰਾ ਮੁਤਾਬਕ 50% ਮੁਨਾਫ਼ਾ ਜੋੜਕੇ ਦੇਣ ਨੂੰ ਤਿਆਰ ਨਹੀਂ ਹੈ, ਕਿਸਾਨਾਂ ਮਜ਼ਦੂਰਾਂ ਨੂੰ ਆਪਣੀਆਂ ਹੱਕੀ ਮੰਗਾਂ ਲਈ ਦਿੱਲੀ ਵਿੱਚ ਰੋਸ ਪ੍ਰਦਰਸ਼ਨ ਕਰਨ ਤੋਂ ਹਰਿਆਣਾ ਦੇ ਬਾਰਡਰਾਂ ਉੱਤੇ ਗੈਰ ਕਾਨੂੰਨੀ ਢੰਗ ਨਾਲ ਸੜਕਾਂ ਵਿੱਚ ਕੰਧਾਂ ਕੱਢ ਕੇ ਰੋਕਿਆ ਹੋਇਆ ਹੈ ਤੇ ਕਿਸਾਨਾਂ ਮਜ਼ਦੂਰਾਂ ਉਤੇ ਅੰਨ੍ਹਾ ਤਸ਼ੱਦਦ ਕਰਕੇ 22 ਸਾਲਾ ਸ਼ੁਭਕਰਨ ਸਮੇਤ 25 ਕਿਸਾਨਾਂ ਮਜ਼ਦੂਰਾਂ ਦੀਆਂ ਜਾਨਾਂ ਦੀ ਆਹੂਤੀ ਲਈ ਗਈ ਹੈ ਤੇ 433 ਕਿਸਾਨ ਮਜ਼ਦੂਰ ਸਖ਼ਤ ਫੱਟੜ ਕੀਤੇ ਗਏ ਹਨ। ਕਿਸਾਨਾਂ ਮਜ਼ਦੂਰਾਂ ਉਤੇ ਤਸ਼ੱਦਦ ਕਰਨ ਵਾਲੇ ਹਰਿਆਣਾ ਦੇ 6 ਪੁਲਸ ਅਫਸਰਾਂ ਨੂੰ ਰਾਸ਼ਟਰਪਤੀ ਪਾਸੋਂ ਮੈਡਲ ਦਵਾਉਣ ਦੇ ਫੈਸਲੇ ਕੀਤੇ ਜਾ ਰਹੇ ਹਨ।ਉਹਨਾਂ ਦੇਸ਼ ਭਰ ਦੇ ਲੋਕਾਂ ਨੂੰ ਚੱਲ ਰਹੇ ਦੇਸ਼ ਵਿਆਪੀ ਅੰਦੋਲਨ ਵਿੱਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ। ਇਸ ਮੌਕੇ ਹੋਰਨਾ ਤੋ ਇਲਾਵਾ ਜਗਦੀਸ਼ ਪਾਲ ਸਿੰਘ ਚੱਕ ਬਾਹਮਣੀਆਂ, ਨਿਰਮਲ ਸਿੰਘ ਢੰਡੋਵਾਲ, ਰਜਿੰਦਰ ਸਿੰਘ ਨੰਗਲ ਅੰਬੀਆਂ, ਜਰਨੈਲ ਸਿੰਘ ਰਾਮ, ਸਤਨਾਮ ਸਿੰਘ ਰਾਈਵਾਲ, ਸ਼ੇਰ ਸਿੰਘ ਰਾਮੇ, ਜੁਗਿੰਦਰ ਸਿੰਘ ਖਾਲਸਾ ਤਲਵੰਡੀ ਸੰਗੇੜਾ, ਜਰਨੈਲ ਸਿੰਘ ਪਰਜੀਆਂ, ਜਗਤਾਰ ਸਿੰਘ ਕੰਗ ਖੁਰਦ, ਜਗਤਾਰ ਸਿੰਘ ਚੱਕ ਵਡਾਲਾ, ਸਹਿਜਪ੍ਰੀਤ ਸਿੰਘ ਜਾਣੀਆਂ, ਕੁਲਦੀਪ ਸਿੰਘ ਕੁਹਾੜ ਕਲਾਂ ਅਤੇ ਜਲੰਧਰ ਜ਼ਿਲ੍ਹੇ ਦੇ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ, ਬੀਬੀਆਂ ਟਰੈਕਟਰ ਮਾਰਚ ਦਾ ਹਿੱਸਾ ਬਣੇ ।

## ਦੋ ਸ਼ਰਾਬ ਸਮੱਗਲਰ ਗ੍ਰਿਫ਼ਤਾਰ, 14 ਪੇਟੀਆਂ ਸ਼ਰਾਬ ਬਰਾਮਦ

**ਜਲੰਧਰ ( ਸ਼ੈਲੀ ਐਲਬਰਟ)** - ਜਲੰਧਰ ਦਿਹਾਤੀ ਪੁਲਸ ਨੇ ਨਾਜਾਇਜ਼ ਸ਼ਰਾਬ ਦੀ ਤਸਕਰੀ ਕਰਨ ਵਾਲੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਖੁਰਦਪੁਰ ਨੇੜੇ ਰੁਟੀਨ ਚੈਕਿੰਗ ਦੌਰਾਨ ਇੱਕ ਟਾਟਾ ਐਕਸਐਮ ਸਿਟੀ ਗੱਡੀ (ਪੀਬੀ10-ਐਫਵੀ-7824) ਵਿੱਚੋਂ 14 ਪੇਟੀਆਂ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਹੈ। ਗ੍ਰਿਫਤਾਰ ਕੀਤੇ ਗਏ ਵਿਅਕਤੀਆਂ, ਗੁਰਦੇਵ ਨਗਰ, ਜਲੰਧਰ ਦੇ ਸੰਜੂ ਅਤੇ ਬੀਸਾਪੁਰ, ਯੂ.ਪੀ. ਦੇ ਰਹਿਣ ਵਾਲੇ ਇਲਿਆਸ ਨੂੰ 14 ਅਗਸਤ, 2024 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਦੇ ਵਾਹਨ ਤੋਂ ਖੁਰਦਪੁਰ ਪਾਵਰ ਸਟੇਸ਼ਨ ਨੇੜੇ ਇੱਕ ਰੁਟੀਨ ਚੈਕਿੰਗ ਦੌਰਾਨ, ਪੁਲਿਸ ਨੇ ਇੰਪੀਰੀਅਲ ਬਲੂ ਵਿਸਕੀ ਦੇ 10 ਡੱਬੇ ਅਤੇ ਆਲ ਸੀਜ਼ਨ ਵਿਸਕੀ ਦੇ 4 ਡੱਬੇ ਬਰਾਮਦ ਕੀਤੇ ਹਨ । ਸੀਨੀਅਰ ਕਪਤਾਨ ਪੁਲਸ ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਇਸ ਸਫ਼ਲ ਅਭਿਆਨ ਨੂੰ ਸੀਨੀਅਰ ਪੁਲਿਸ ਕਪਤਾਨ ਜਸਰੂਪ ਕੌਰ ਬਾਠ, ਆਈ.ਪੀ.ਐਸ ਅਤੇ ਉਪ ਪੁਲਸ ਕਪਤਾਨ (ਡੀ.ਐਸ.ਪੀ.) ਸੁਮਿਤ ਸੂਦ, ਪੀ.ਪੀ.ਐਸ., ਸਬ. -ਡਵੀਜ਼ਨ ਆਦਮਪੁਰ ਦੇ ਦੇਖ ਰੇਖ ਹੇਠਾਂ ਕੀਤਾ ਗਿਆ ਹੈ । ਥਾਣਾ ਆਦਮਪੁਰ ਦੇ ਐਸਐਚਓ ਇੰਸਪੈਕਟਰ ਰਵਿੰਦਰਪਾਲ ਸਿੰਘ ਅਤੇ ਏਐਸਆਈ ਰਵਿੰਦਰ ਸਿੰਘ ਦੀ ਅਗਵਾਈ ਹੇਠ ਪੁਲੀਸ ਟੀਮ ਖੁਰਦਪੁਰ ਪਾਵਰ ਸਟੇਸ਼ਨ ਨੇੜੇ ਨਾਕਾਬੰਦੀ ਕੀਤੀ ਹੋਈ ਸੀ । ਮੁਖਬਰ ਦੀ ਸੂਚਨਾ ਤੇ ਕਾਰਵਾਈ ਕਰਦਿਆਂ ਹੁਸ਼ਿਆਰਪੁਰ ਤੋਂ ਜਲੰਧਰ ਜਾ ਰਹੀ ਗੱਡੀ ਨੂੰ ਰੋਕ ਲਿਆ । ਗੱਡੀ ਦੀ ਤਲਾਸ਼ੀ ਲੈਣ 'ਤੇ ਪੁਲਸ ਨੇ ਇੰਪੀਰੀਅਲ ਬਲੂ ਵਿਸਕੀ ਦੇ 10 ਡੱਬੇ (240 ਬੋਤਲਾਂ, 90,000 ਮਿਲੀਲੀਟਰ) ਅਤੇ ਆਲ ਸੀਜ਼ਨ ਵਿਸਕੀ ਦੇ 4 ਡੱਬੇ (48 ਬੋਤਲਾਂ, 36,000 ਮਿ.ਲੀ.) ਬਰਾਮਦ ਕੀਤੇ।। ਫੜੇ ਗਏ ਵਿਅਕਤੀਆਂ ਦੀ ਪਛਾਣ ਸੰਜੂ ਪੁੱਤਰ ਰੂਪ ਲਾਲ ਵਾਸੀ ਗੁਰਦੇਵ ਨਗਰ, ਜਲੰਧਰ ਅਤੇ ਇਲਿਆਸ ਪੁੱਤਰ ਹਸੀਬ ਪੁੱਤਰ ਹਸੀਬ ਵਾਸੀ ਬੀਸਾਪੁਰ, ਯੂ.ਪੀ, ਜੋ ਕਿ ਮੌਜੂਦਾ ਸਮੇਂ ਜਲੰਧਰ ਵਿੱਚ ਹੀ ਰਹਿੰਦਾ ਹੈ ਵਜੋਂ ਹੋਈ ਹੈ । ਥਾਣਾ ਆਦਮਪੁਰ ਵਿਖੇ ਆਬਕਾਰੀ ਐਕਟ ਦੀ ਧਾਰਾ 61/1/14 ਤਹਿਤ ਮੁਕੱਦਮਾ (ਨੰਬਰ 115, ਮਿਤੀ 14.08.2024) ਦਰਜ ਕੀਤਾ ਗਿਆ ਹੈ।

## ਜ਼ਿਲ੍ਹਾ ਟਾਸਕ ਫੋਰਸ ਨੇ ਬਾਲ ਮਜ਼ਦੂਰੀ ਸੰਬੰਧੀ ਚੈਕਿੰਗ ਕੀਤੀ

**ਨਵਾਂਸ਼ਹਿਰ (ਮਨੋਜ ਲਾਡੀ)**-ਜ਼ਿਲ੍ਹਾ ਨਵਾਂਸ਼ਹਿਰ ਵਿੱਚ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਟਾਸਕ ਫੋਰਸ ਵੱਲੋਂ ਬਾਲ ਮਜ਼ਦੂਰੀ ਸਬੰਧੀ ਚੈਕਿੰਗ ਕੀਤੀ ਗਈ। ਇਹ ਚੈਕਿੰਗ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਦੀ ਅਗਵਾਈ ਹੇਠ ਕੀਤੀ ਗਈ। ਚੈਕਿੰਗ ਦੌਰਾਨ ਨਵਾਂਸ਼ਹਿਰ ਦੇ ਮੇਨ ਬਾਜ਼ਾਰ, ਚੰਡੀਗੜ੍ਹ ਰੋਡ ਦੇ ਢਾਬਿਆਂ ਅਤੇ ਕੋਠੀ ਰੋਡ 'ਤੇ ਦੁਕਾਨਾਂ ਦੀ ਚੈਕਿੰਗ ਕੀਤੀ ਗਈ ਅਤੇ ਟੀਮ ਵੱਲੋਂ ਬਾਲ ਮਜਦੂਰੀ ਵਿੱਚ ਲੱਗੇ ਹੋਏ ਦੋ ਬੱਚਿਆਂ ਨੂੰ ਰੈਸਕਿਊ ਕੀਤਾ ਗਿਆ ਅਤੇ ਬੱਚਿਆਂ ਦੇ ਬੈਸਟ ਇੰਟਰੈਸਟ ਨੂੰ ਦੇਖਦੇ ਹੋਏ ਬਾਲ ਭਲਾਈ ਕਮੇਟੀ ਅੱਗੇ ਪੇਸ਼ ਕੀਤਾ ਗਿਆ। ਮੌਕੇ 'ਤੇ ਹਾਜ਼ਰ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਨੇ ਦੱਸਿਆ ਕਿ ਜੋ ਕੋਈ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਮਜ਼ਦੂਰੀ ਕਰਵਾਉਂਦਾ ਹੈ ਤਾਂ ਉਸ ਖਿਲਾਫ ਜੂਵੇਨਾਈਲ ਜਸਟਿਸ ਐਕਟ ਅਨੁਸਾਰ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਕੰਚਨ ਅਰੋੜਾ ਵੱਲੋਂ ਆਮ ਜਨਤਾ ਨੂੰ ਅਪੀਲ ਕੀਤੀ ਕਿ ਜ਼ੀਰੋ ਤੋਂ 18 ਸਾਲ ਤੱਕ ਦੇ ਬੱਚਿਆਂ ਤੋਂ ਕੋਈ ਵੀ ਦੁਕਾਨਦਾਰ ਜਾਂ ਕੋਈ ਵੀ ਵਿਅਕਤੀ ਕਿਸੇ ਤਰ੍ਹਾਂ ਦੇ ਕੰਮ 'ਤੇ ਨਾ ਲਗਾਵੇ ਬਲਕਿ ਅਜਿਹਾ ਕਰਨ ਵਾਲੇ ਬੱਚਿਆਂ ਨੂੰ ਕੌਂਸਲਿੰਗ ਕਰਦੇ ਹੋਏ ਸਿੱਖਿਆ ਵਾਲੇ ਪਾਸੇ ਮੋੜਿਆ ਜਾਵੇ ਤਾਂ ਜੋ ਬੱਚਿਆਂ ਦੇ ਉਜਵਲ ਭਵਿੱਖ ਦੀ ਸਿਰਜਣਾ ਹੋ ਸਕੇ।

# ਬਸਪਾ ਬੰਗਾ ਹਲਕੇ ਦੀ ਪੰਜਾਬ ਪ੍ਰਧਾਨ ਗੜ੍ਹੀ ਨੇ ਕੀਤੀ ਸਮੀਖਿਆ ਤੇ ਹਲਕੇ ਦੀ ਚੋਣ ਕੀਤੀ



ਬੰਗਾ (ਅਵਤਾਰ ਕਲੇਰ)-ਪੰਜਾਬ ਭਰ ਵਿੱਚ ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਬੰਗਾ ਹਲਕੇ ਦੀ ਮੀਟਿੰਗ ਪ੍ਰਵੀਨ ਬੰਗਾ ਇੰਚਾਰਜ ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਦੀ ਅਗਵਾਈ ਵਿੱਚ ਹੋਈ। ਮੀਟਿੰਗ ਵਿੱਚ ਮੁੱਖ ਮਹਿਮਾਨ ਬਸਪਾ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਮੁੱਖ ਮਹਿਮਾਨ ਵਜੋਂ ਤੇ ਵਿਸ਼ੇਸ਼ ਤੌਰ 'ਤੇ ਬਲਜਿੰਦਰ ਰਤਨ ਐਨ ਆਰ ਆਈ ਬੰਗਾ ਸ਼ਾਮਲ ਹੋਏ। ਮੀਟਿੰਗ ਵਿੱਚ ਆਉਣ ਵਾਲੀਆਂ ਪੰਚਾਇਤ ਤੇ ਹੋਰ ਚੋਣਾਂ ਨੂੰ ਮੁੱਖ ਰੱਖਦੇ ਹੋਏ ਪੰਜਾਬ ਪ੍ਰਧਾਨ ਨੇ ਹਲਕੇ ਦੀ ਸਮੀਖਿਆ ਕਰਦੇ ਹੋਏ ਜੱਥੇਬੰਦਕ ਢਾਂਚੇ ਨੂੰ ਚੁਸਤ ਦਰੁਸਤ ਕਰਨ ਲਈ ਵਿਧਾਨ ਸਭਾ ਦੇ ਪੰਜ ਜ਼ੋਨ ਬਣਾ ਕੇ ਸੀਨੀਅਰ ਲੀਡਰਸ਼ਿਪ ਦੀ ਅਗਵਾਈ ਵਿੱਚ ਤੈਅ ਸਮੇਂ ਵਿੱਚ ਕੰਮ ਵੰਡੇ ਜਾਣ ਦਾ ਫੈਸਲਾ ਲਿਆ। ਪਾਰਟੀ ਦੀ ਨੀਤੀ ਮੁਤਾਬਕ 50% ਨੌਜਵਾਨਾਂ ਨੂੰ ਨੁਮਾਇੰਦਗੀ ਦਿੰਦੇ ਹੋਏ ਬੰਗਾ ਹਲਕੇ ਦੀ ਚੋਣ ਕੀਤੀ। ਪ੍ਰਧਾਨ ਰਾਮ ਲਭਾਇਆ ਲਧਾਣਾ ਉਚਾ ਰਿਟਾਇਰ ਜੇ ਏ, ਉਪ ਪ੍ਰਧਾਨ ਸਰਪੰਚ ਅਸ਼ੋਕ ਕੁਮਾਰ ਖੋਥੜਾਂ, ਜਨਰਲ ਸਕੱਤਰ ਹਰਮੇਸ਼ ਵਿਰਦੀ, ਕੈਸ਼ੀਅਰ ਸਤਪਾਲ ਔੜ, ਜੁਆਇੰਟ ਸਕੱਤਰ ਜਸਵੰਤ ਕਟਾਰੀਆ, ਬੰਗਾ ਸ਼ਹਿਰੀ ਪ੍ਰਧਾਨ ਹਰਜਿੰਦਰ ਲੱਧੜ, ਜ਼ਿਲ੍ਹਾ ਯੂਥ ਇੰਚਾਰਜ ਬੀ ਵੀ ਐਫ ਕੁਲਦੀਪ ਬਹਿਰਾਮ, ਲੇਡੀਜ਼ ਵਿੰਗ ਰਵਿੰਦਰ ਮਹਿਮੀ, ਜ਼ਿਲ੍ਹਾ ਕੋ ਕਨਵੀਨਰ ਲੇਡੀਜ਼ ਵਿੰਗ ਪਰਮਜੀਤ ਕੌਰ ਬਹਿਰਾਮ, ਇੰਚਾਰਜ ਹਲਕਾ ਬੰਗਾ ਯੂਥ ਵਿੰਗ ਬੀ ਵੀ ਐਫ ਜਤਿੰਦਰ ਖਮਾਚੋਂ ਦੀ ਚੋਣ ਕੀਤੀ ਗਈ। ਆਗੂ ਪ੍ਰਵੀਨ ਬੰਗਾ ਨੇ ਨਵੀਂ ਚੁਣੀ ਟੀਮ ਨੂੰ ਵਧਾਈਆਂ ਦਿਤੀਆਂ। ਇਸ ਮੀਟਿੰਗ ਵਿੱਚ ਸਰਪੰਚ ਮਨੋਹਰ ਕਮਾਮ, ਹਰਬਲਾਸ ਬਸਰਾ, ਚਰਨਜੀਤ ਮੰਢਾਲੀ, ਕੁਲਦੀਪ ਬਹਿਰਾਮ, ਜਸਪਾਲ ਲਧਾਣਾ, ਜ਼ੋਰਾਵਰ ਬੋਧੀ, ਰਾਜ ਦਦਰਾਲ, ਹਰਜਿੰਦਰ ਜੰਡਿਆਲੀ ਮੈਂਬਰ ਬਲਾਕ ਸੰਮਤੀ ਬੰਗਾ, ਚਰਨਜੀਤ ਸੱਲ੍ਹਾ, ਪ੍ਰਕਾਸ਼ ਚੰਦ, ਮਲਕੀਤ ਮੰਢਾਲੀ ਅਤੇ ਹੋਰ ਪਾਰਟੀ ਵਰਕਰ ਹਾਜ਼ਰ ਸਨ।

# ਅਕਾਲ ਗਲੈਕਸੀ ਕਾਨਵੈਂਟ ਸਕੂਲ 'ਚ ਅਜ਼ਾਦੀ ਦਿਵਸ ਮਨਾਇਆ







ਲੋਹੀਆਂ ਖਾਸ (ਯੋਗੇਸ਼ਵਰ) : ਅਕਾਲ ਗਲੈਕਸੀ ਕਾਨਵੈਂਟ ਸਕੂਲ ਸਿੱਧੂਪੁਰ ਲੋਹੀਆਂ ਖਾਸ ਵਿਖੇ ਆਜ਼ਾਦੀ ਦਿਹਾੜੇ ਨੂੰ ਸਮਰਪਿਤ ਪ੍ਰਿੰਸੀਪਲ ਮੈਡਮ ਅਮਨਪ੍ਰੀਤ ਕੌਰ ਦੀ ਯੋਗ ਅਗਵਾਈ ਹੇਠਾਂ ਵਿਸ਼ੇਸ਼ ਅਸੈਂਬਲੀ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਸਕੂਲ ਵਿਦਿਆਰਥੀਆਂ ਦੁਆਰਾ ਮਾਰਚ ਪਾਸ ਕੀਤਾ ਗਿਆ। ਸਕੂਲ ਦੇ ਪ੍ਰੈਜ਼ੀਡੈਂਟ ਗੁਰਦੀਪ ਸਿੰਘ ਜੱਜ ਅਤੇ ਵਾਈਸ ਪ੍ਰੈਸੀਡੈਂਟ ਕੁਲਵਿੰਦਰ ਸਿੰਘ ਜੱਜ ਮੁੱਖ ਮਹਿਮਾਨ ਵਜੋਂ ਪਹੁੰਚੇ ਅਤੇ ਉਹਨਾਂ ਦੁਆਰਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ।ਇਸ ਮੌਕੇ ਸਕੂਲ ਸੰਗੀਤ ਅਧਿਆਪਕ ਹਰਦੀਪ ਸਿੰਘ ਦੁਆਰਾ ਦੇਸ਼ ਭਗਤੀ ਦੇ ਗੀਤ ਗਾਇਨ ਕੀਤੇ ਗਏ ਅਤੇ ਵਿਦਿਆਰਥੀਆਂ ਦੁਆਰਾ ਵੱਖ-ਵੱਖ ਦੇਸ਼ ਭਗਤੀ ਦੇ ਗੀਤਾਂ ਤੇ ਸ਼ਾਨਦਾਰ ਡਾਂਸ ਪਰਫਾਰਮੈਂਸ ਦਿੱਤੀ ਗਈ।ਭੈਣ-ਭਰਾ ਦੇ ਪਵਿੱਤਰ ਰੱਖੜੀ ਦੇ ਤਿਉਹਾਰ ਨੂੰ ਮਨਾਉਂਦਿਆਂ ਸਕੂਲ ਵਿਦਿਆਰਥੀਆਂ ਦੁਆਰਾ ਰੱਖੜੀ ਤੇ ਖਾਸ ਪੇਸ਼ਕਾਰੀ ਦਿੱਤੀ ਗਈ।ਇਸ ਮੌਕੇ ਵਾਈਸ ਪ੍ਰੈਜ਼ੀਡੈਂਟ ਕੁਲਵਿੰਦਰ ਸਿੰਘ ਜੱਜ ਦੁਆਰਾ ਸਮੂਹ ਸਟਾਫ਼ ਨੂੰ ਅਤੇ ਵਿਦਿਆਰਥੀਆਂ ਨੂੰ ਇਸ ਆਜ਼ਾਦੀ ਦਿਹਾੜੇ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ। ਇਸ ਮੌਕੇ ਅਕਾਡਮੀਕ ਕੰਸਲਟੈਂਟ ਮੈਡਮ ਦੀਪਿਕਾ, ਅਬਜਰਵਰ ਵੀਨੂੰ ਮਲਹੋਤਰਾ, ਕੋਆਰਡੀਨੇਟਰਜ਼ ਮੈਡਮ ਅੰਨਪੂਰਨਾ, ਰਮਨੀਤ ਕੌਰ, ਰੁਪਿੰਦਰ ਕੌਰ, ਬਬੀਤਾ, ਮਨਜੀਤ ਕੌਰ, ਬੋਸਕੀ, ਲੋਕੇਸ਼ਵਰੀ ਸ਼ਰਮਾ ਅਤੇ ਅਧਿਆਪਕ ਕਮਲਪ੍ਰੀਤ ਕੌਰ, ਪੂਜਾ, ਅੰਮ੍ਰਿਤਪਾਲ ਸਿੰਘ, ਮਨਜੀਤ ਸਿੰਘ, ਕਾਰਤਿਕ ਸਚਦੇਵਾ, ਕੋਮਲ ਸ਼ਰਮਾ ਹਾਜ਼ਰ ਸਨ।

# ਡਾ. ਭੀਮ ਰਾਓ ਅੰਬੇਡਕਰ ਦਾ ਬੁੱਤ ਸਥਾਪਤ ਕਰਕੇ ਅਜ਼ਾਦੀ ਦਿਹਾੜਾ ਮਨਾਇਆ



ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )—ਪਿੰਡ ਸੰਘੇ ਜਾਗੀਰ ਵਿੱਚ ਅਜ਼ਾਦੀ ਦਿਹੜੇ ਦੇ ਮੌਕੇ 'ਤੇ ਪਿੰਡ ਵਿੱਚ ਬਣੀ ਡਾ. ਅੰਬੇਡਕਰ ਪਾਰਕ ਵਿੱਚ ਭਾਰਤੀ ਸੰਵਿਧਾਨ ਦੇ ਨਿਰਮਾਤਾ,ਨਾਰੀ ਜਾਤੀ ਦੇ ਮੁਕਤੀਦਾਤਾ, ਦਲਿਤਾਂ ਦੇ ਮਸੀਹਾ ਅਤੇ ਯੁੱਗ ਪੁਰਸ਼ ਬਾਵਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ ਸਟੈਚੂ ਲਗਾਇਆ ਗਿਆ।ਇਹ ਸਟੈਚੂ ਚੁੰਬਰ ਪਰਵਾਰ ਦੇ ਐਨ. ਆਰ. ਆਈ ਵੀਰਾਂ ਦੇ ਸਹਿਯੋਗ ਨਾਲ ਲਗਾਇਆ ਗਿਆ। ਬੁਲਾਰਿਆਂ ਵੱਲੋਂ ਬਾਬਾ ਸਾਹਿਬ ਦੇ ਸਮਾਜ ਅਤੇ ਦੇਸ਼ ਪ੍ਰਤੀ ਕੀਤੇ ਸੰਘਰਸ਼ ਨੂੰ ਯਾਦ ਕੀਤਾ ਗਿਆ।ਸਟੈਚੂ ਨੂੰ ਨਤਮਸਤਕ ਹੋਣ ਦੇ ਨਾਲ ਨਾਲ ਦੇਸ਼ ਦੇ ਕੌਮੀ ਝੰਡੇ ਨੂੰ ਵੀ ਸਲਾਮੀ ਦਿੱਤੀ ਗਈ।ਵਿਦੇਸ਼ ਤੋਂ ਆਏ ਐਨ. ਆਰ. ਆਈ. ਦੇਸ ਰਾਜ ਜਰਮਨ,ਊਸ਼ਾ ਰਾਜ ਜਰਮਨ ਅਤੇ ਦੀਪ ਕੁਮਾਰ ਇਟਲੀ ਨੇ ਵੀ ਬਾਬਾ ਸਾਹਿਬ ਦੇ ਜੀਵਨ ਤੋਂ ਜਾਣੂ ਕਰਵਾਇਆ। ਇਸ ਮੌਕੇ ਜਗਦੀਸ਼ ਸ਼ੇਰਪੁਰੀ ਜ਼ਿਲ੍ਹਾ ਪ੍ਰਧਾਨ ਬਸਪਾ, ਦੇਵ ਰਾਜ ਸੁੰਮਨ ਪ੍ਰਧਾਨ ਨਕੋਦਰ,ਮੰਗਤ ਸਿੰਘ ਮਿੰਟੀ,ਬੱਬੂ ਬਾਠ,ਵੇਦ ਪ੍ਰਕਾਸ਼ ਨਕੋਦਰ,ਹੰਸ ਰਾਜ ਸਿੱਧੂ,ਹਰਬੰਸ ਲਾਲ,ਲਖਵਿੰਦਰ ਪਾਲ,ਓਮ ਪ੍ਰਕਾਸ਼ ਮੰਗਾ,ਤਰਸੇਮ ਲਾਲ,ਸੁਰਿੰਦਰ ਪਾਲ,ਚਮਨ ਲਾਲ,ਬਲਵੀਰ ਰਾਮ,ਹੰਸ ਰਾਜ,ਸਨੀ ਲੱਭੂ ਆਦਿ ਹਾਜ਼ਰ ਸਨ। ਸਟੇਜ ਸੰਚਾਰ ਦੀ ਭੂਮਿਕਾ ਸਰਪੰਚ ਕਸ਼ਮੀਰੀ ਲਾਲ ਨੇ ਨਿਭਾਈ।

## ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ 'ਤੇ ਸ਼ੋਭਾ ਯਾਤਰਾ 24 ਨੂੰ

**ਫਿਲੌਰ (ਨਿਰਮਲ)** ਸ੍ਰੀ ਰਾਧਾ ਕ੍ਰਿਸ਼ਨਾ ਪਾਠਸ਼ਾਲਾ ਮੰਦਰ ਫਿਲੌਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਫਿਲੌਰ ਨਿਵਾਸੀਆਂ ਦੇ ਸਹਿਯੋਗ ਨਾਲ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਸਬੰਧ ਵਿੱਚ ਵਿਸ਼ਾਲ ਸ਼ੋਭਾ ਯਾਤਰਾ 24 ਅਗਸਤ ਨੂੰ ਪਾਠਸ਼ਾਲਾ ਮੰਦਰ ਤੋਂ ਦੁਪਹਿਰ 2 ਵਜੇ ਸ੍ਰੀ ਸਨਾਤਨ ਧਰਮ ਸਭਾ ਪਾਠਸ਼ਾਲਾ ਮੰਦਰ ਵੱਲੋਂ ਕੱਢੀ ਜਾਵੇਗੀ। ਜੋ ਸਾਰੇ ਸ਼ਹਿਰ ਦੀ ਪਰਿਕਰਮਾ ਕਰੇਗੀ। ਤਿਆਰੀਆਂ ਜ਼ੋਰਾਂ ਨਾਲ ਚੱਲ ਰਹੀਆਂ ਹਨ। ਜਨਮ ਅਸ਼ਟਮੀ 26 ਅਗਸਤ ਨੂੰ ਮਨਾਈ ਜਾਵੇਗੀ।

## ਅਜ਼ਾਦੀ ਦਿਵਸ 'ਤੇ ਖ਼ੂਨਦਾਨ ਸੇਵਾਵਾਂ ਪ੍ਰਤੀ ਦ੍ਰਿੜਤਾ ਦਾ ਪ੍ਰਣ ਲਿਆ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਖ਼ੂਨਦਾਨ ਲਹਿਰ ਨੂੰ ਸਮਰਪਿਤ ਸਥਾਨਕ ਸਮਾਜ ਸੇਵੀ ਸੰਸਥਾ ਬੀ.ਡੀ.ਸੀ ਬਲੱਡ ਸੈਂਟਰ ਵਿਖੇ ਅਜਾਦੀ ਦਿਵਸ ਬਹੁਤ ਉਤਸ਼ਾਹ ਤੇ ਸ਼ਰਧਾ ਨਾਲ ਮਨਾਇਆ ਗਿਆ। ਸੰਸਥਾ ਦੀ ਮੈਨੇਜਮੈਂਟ ਤੇ ਸਟਾਫ ਵਲੋਂ ਭਵਨ ਦੇ ਮੁੱਖ ਗੇਟ ਤੇ ਇਸ ਸਬੰਧੀ ਇਕੱਠ ਕੀਤਾ ਗਿਆ। ਝੰਡਾ ਝਲਾਉਣ ਦੀ ਰਸਮ ਸੰਸਥਾ ਦੇ ਸਕੱਤਰ ਜੇ ਐਸ ਗਿੱਦਾ ਵਲੋਂ ਨਿਭਾਈ ਗਈ। ਇਸ ਮੌਕੇ ਰਾਸ਼ਟਰੀ ਗੀਤ ਦਰਮਿਆਨ ਸਭ ਨੇ ਤਿਰੰਗੇ ਝੰਡੇ ਨੂੰ ਸਲਾਮੀ ਦਿੱਤੀ। ਦੇਸ਼ ਭਗਤੀ ਦੇ ਨਾਅਰੇ ਬੁਲੰਦ ਕੀਤੇ ਗਏ। ਅਜ਼ਾਦੀ ਦਿਵਸ ਦੀਆਂ ਵਧਾਈਆਂ ਸਾਂਝੀਆਂ ਕੀਤੀਆਂ ਅਤੇ ਖ਼ੂਨਦਾਨ ਸੇਵਾਵਾਂ ਪ੍ਰਤੀ ਦ੍ਰਿੜਤਾ ਦਾ ਪ੍ਰਣ ਲੈਣ ਦੀ ਪ੍ਰੇਰਨਾ ਕੀਤੀ। ਇਸ ਮੌਕੇ ਪ੍ਰਵੇਸ਼ ਕੁਮਾਰ, ਡਾ: ਅਜੇ ਬੱਗਾ, ਡਾ: ਦਿਆਲ ਸਰੂਪ, ਮਨਮੀਤ ਸਿੰਘ ਮੈਨੇਜਰ, ਬੀਰਬਲ ਤੱਖੀ, ਦੇਸ ਰਾਜ ਬਾਲੀ, ਸਿਮਰਨਜੀਤ ਤੱਖੀ, ਮਲਕੀਅਤ ਸਿੰਘ ਸੜੋਆ,ਰਾਜੀਵ ਭਾਰਦਵਾਜ, ਮੁਕੇਸ਼ ਕਾਹਮਾ, ਹਿਤੇਂਦਰ ਖੰਨਾ, ਰਾਜਿੰਦਰ ਠਾਕੁਰ, ਅਸ਼ੀਸ਼, ਸੀਮਾ, ਪਵਨਜੀਤ, ਪ੍ਰਿਅੰਕਾ ਕੌਸ਼ਲ, ਅਨੀਤਾ ਕੁਮਾਰੀ, ਮੰਦਨਾ, ਸੁਨੈਨਾ ਸ਼ਰਮਾ, ਅੰਕਿਤਾ, ਨੇਹਾ, ਮੋਹਿਤ ਕਮਲਜੀਤ ਕੌਰ, ਕੁਲਜੀਤ ਕੌਰ, ਜਸਕਰਨ , ਦੀਪਕ ਸ਼ਰਮਾ ਅਤੇ ਸਟਾਫ ਹਾਜ਼ਰ ਸੀ। ਇਸ ਮੌਕੇ ਅਜ਼ਾਦੀ ਦਿਵਸ ਦੀ ਖੁਸ਼ੀ ਵਿੱਚ ਸੱਭ ਨੂੰ ਮਠਿਆਈ ਵਰਤਾਈ ਗਈ।

## ਫਲਦਾਰ ਤੇ ਛਾਂਦਾਰ ਬੂਟੇ ਲਗਾਏ

**ਕਾਲਾ ਸੰਘਿਆਂ (ਮਨਜੀਤ ਮਾਨ)** ਭਾਰਤੀਆ ਵਾਲਮੀਕਿ ਸਭਾ (ਰਜਿ ) ਇਕਾਈ ਪੰਜਾਬ ਦੇ ਪ੍ਰਧਾਨ ਮਾਸਟਰ ਮਹਿੰਦਰਪਾਲ ਉੱਗੀ ਦੀ ਪ੍ਰੇਰਨਾ ਸਦਕਾ ਭਾਰਤ ਨੂੰ ਹਰਿਆ ਭਰਿਆ ਰੱਖਣ ਲਈ ਫੋਕਲ ਪੁਆਇੰਟ ਉੱਗੀ 'ਚ ਪੁਲਸ ਚੌਕੀ ਉੱਗੀ ਦੇ ਕੰਪਲੈਕਸ ਵਿਖੇ ਵੱਖ-ਵੱਖ ਕਿਸਮ ਦੇ ਛਾਂਦਾਰ ਅਤੇ ਫਲਦਾਰ ਬੂਟੇ ਪੁਲਸ ਚੌਕੀ ਉੱਗੀ ਦੇ ਇੰਚਾਰਜ਼ ਬਲਵੀਰ ਸਿੰਘ ਐਸ. ਆਈ ਵੱਲੋਂ ਲਗਾਏ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜਿੰਦਰ ਕੁਮਾਰ ਏ. ਐਸ. ਆਈ, ਅਮਨਪ੍ਰੀਤ ਕੌਰ ਹੈੱਡ ਕਾਂਸਟੇਬਲ, ਜਗਤਾਰ ਸਿੰਘ ਉੱਘੇ ਸਮਾਜ ਸੇਵੀ, ਕੈਪਟਨ ਬਲਵੀਰ ਸਿੰਘ (ਲੁਧਿਆਣਾ ), ਪਰਮਜੀਤ ਸਿੰਘ ਪ੍ਰਧਾਨ (ਦਿਹਾਤੀ ), ਅਮਨਦੀਪ ਸਿੰਘ ਕਾਂਸਟੇਬਲ, ਨਿਰਮਲ ਸਿੰਘ ਬਗ਼ਲਣਾ, ਕੁਲਵਿੰਦਰ ਸਿੰਘ, ਅਸ਼ੋਕ ਕੁਮਾਰ, ਕੁਲਵਿੰਦਰ ਕੌਰ ਆਦਿ ਹਾਜ਼ਰ ਸਨ।

## ਰੱਖੜੀ ਵਾਲੇ ਦਿਨ ਖੁੱਲ੍ਹੇ ਰਹਿਣਗੇ ਸੇਵਾ ਕੇਂਦਰ

**ਜਲੰਧਰ (ਰਾਜੇਸ਼ ਥਾਪਾ )** : ਰੱਖੜੀ ਦੇ ਤਿਉਹਾਰ ਵਾਲੇ ਦਿਨ ਜ਼ਿਲ੍ਹੇ ਵਿਚਲੇ ਸੇਵਾ ਕੇਂਦਰ 19 ਅਗਸਤ ਨੂੰ ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤੱਕ ਖੁੱਲ੍ਹੇ ਰਹਿਣਗੇ।ਵਿਭਾਗ ਨੇ ਸਮੂਹ ਲੋਕਾਂ ਨੂੰ ਨਾਗਰਿਕ ਸੇਵਾਵਾਂ ਦਾ ਲਾਭ ਲੈਣ ਲਈ 19 ਅਗਸਤ ਨੂੰ ਸਵੇਰੇ 11 ਵਜੇ ਤੋਂ ਬਾਅਦ ਸੇਵਾ ਕੇਂਦਰਾਂ ਵਿੱਚ ਜਾਣ ਦੀ ਅਪੀਲ ਕੀਤੀ ਹੈ। ਇਹ ਫੈਸਲਾ ਰੱਖੜੀ ਦੇ ਤਿਉਹਾਰ ਦੌਰਾਨ ਲੋਕਾਂ ਦੀ ਸਹੂਲਤ ਲਈ ਲਿਆ ਗਿਆ ਹੈ।

## ਸੁਤੰਤਰਤਾ ਦਿਵਸ ਮੌਕੇ ਸਮਾਜ ਸੇਵੀ ਸਨਮਾਨਿਤ

**ਮੋਹਾਲੀ (ਗੁਰਜੀਤ ਬਿੱਲਾ)** 78ਵੇਂ ਸੁਤੰਤਰਤਾ ਦਿਵਸ ਮੌਕੇ ਵਿਸਵਾਸ ਫਾਊਂਡੇਸਨ ਨੂੰ ਮੋਹਾਲੀ ਪ੍ਰਸਾਸਨ ਵੱਲੋਂ ਸ਼ਾਨਦਾਰ ਸੇਵਾ ਕਾਰਜਾਂ, ਖੂਨਦਾਨ ਕੈਂਪ ਅਤੇ ਹੋਰ ਸਮਾਜ ਸੇਵੀ ਕੰਮਾਂ ਲਈ ਸਨਮਾਨਿਤ ਕੀਤਾ ਗਿਆ। ਵਿਸ਼ਵਾਸ ਫਾਉਂਡੇਸ਼ਨ ਦੀ ਪ੍ਰਧਾਨ ਸਾਧਵੀ ਨੀਲਿਮਾ ਵਿਸ਼ਵਾਸ ਨੇ ਦੱਸਿਆ ਕਿ ਮੋਹਾਲੀ 'ਚ ਪ੍ਰਸ਼ਾਸਨ ਦੀ ਤਰਫੋਂ ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਸਨਮਾਨ ਪੱਤਰ ਦੇ ਕੇ ਸਨਮਾਨ ਕੀਤਾ ਗਿਆ। ਰਿਸ਼ੀ ਸ਼ਿਸੂਪਾਲ ਸਿੰਘ ਪਠਾਨੀਆ ਅਤੇ ਜਿਤੇਂਦਰ ਮਨਚੰਦਾ ਨੇ ਵਿਸ਼ਵਾਸ ਫਾਉਂਡੇਸ਼ਨ ਦੀ ਤਰਫੋਂ ਇਹ ਸਨਮਾਨ ਮਿਲਕੇ ਪ੍ਰਾਪਤ ਕੀਤਾ।

## ਬੀਬੀ ਭਾਨੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ



**ਮੋਹਾਲੀ (ਗੁਰਜੀਤ ਬਿੱਲਾ)** ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਸਿੱਖ ਕੌਮ ਦੀ ਸਤਿਕਾਰਤ ਹਸਤੀ ਬੀਬੀ ਭਾਨੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਉਤਸ਼ਾਹ ਪੂਰਵਕ ਮਨਾਇਆ ਗਿਆ। ਗੁਰਮਤਿ ਸਮਾਗਮ 'ਚ ਭਾਈ ਬਲਬੀਰ ਸਿੰਘ ਪਾਰਸ ਅਤੇ ਅੰਮ੍ਰਿਤਸਰ ਵਾਲੀਆਂ ਬੀਬੀਆਂ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ ਬੀਬੀ ਭਾਨੀ ਜੀ ਦਾ ਪੂਰਾ ਜੀਵਨ ਬ੍ਰਿਤਾਂਤ ਸੰਗਤਾਂ ਨੂੰ ਵਿਸਥਾਰ ਸਹਿਤ ਢਾਡੀ ਵਾਰਾਂ ਵਿੱਚ ਸੁਣਾਇਆ।

## ਫਗਵਾੜਾ ਪੱਤਰਕਾਰ ਸੰਗਠਨ ਦਾ ਗਠਨ

**ਫਗਵਾੜਾ (ਡਾ.ਰਮਨ ਸ਼ਰਮਾ)** ਫਗਵਾੜਾ ਦੇ ਇਲਾਕਾ ਸਤਨਾਮਪੁਰਾ ਵਿਖੇ ਪੱਤਰਕਾਰ ਭਾਈਚਾਰੇ ਦੀ ਮੀਟਿੰਗ ਸੀਨੀਅਰ ਪੱਤਰਕਾਰ ਸੁਸ਼ੀਲ ਸ਼ਰਮਾ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਸ 'ਚ ਪੱਤਰਕਾਰਤਾ ਦੇ ਖੇਤਰ 'ਚ ਕੰਮ ਕਰ ਰਹੇ ਪੱਤਰਕਾਰਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਦੁਆਉਣ ਅਤੇ ਨਵੇਂ ਸੰਗਠਨ ਨੂੰ ਬਣਾਉਣ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਡਾ. ਰਮਨ ਸ਼ਰਮਾ, ਅਸ਼ੋਕ ਸ਼ਰਮਾ, ਜੀਵਨ ਸੰਘਾ, ਮੋਨਿਕਾ ਬੇਦੀ, ਗੁਰਪ੍ਰੀਤ ਕੌਰ, ਸਤਪ੍ਰਕਾਸ਼ ਸਿੰਘ ਸੰਗੂ, ਪ੍ਰਵੀਨ ਕਨੋਜੀਆ, ਜਸਵਿੰਦਰ ਸਿੰਘ ਭਗਤਪੁਰਾ, ਨਰਿੰਦਰਪਾਲ ਸਿੰਘ ਮਾਹੀ, ਐਡਵੋਕੇਟ ਧੰਨਦੀਪ ਕੌਰ ਆਦਿ ਮੌਜੂਦ ਸਨ। ਇਸ ਮੌਕੇ ਸਹਿਮਤੀ ਨਾਲ ਪ੍ਰਧਾਨ ਡਾ. ਰਮਨ ਸ਼ਰਮਾ, ਜਰਨਲ ਸਕੱਤਰ ਮੋਨਿਕਾ ਬੇਦੀ ਅਤੇ ਲੀਗਲ ਅਡਵਾਈਜਰ ਐਡਵੋਕੇਟ ਧੰਨਦੀਪ ਕੌਰ ਨੂੰ ਸਰਬ ਸੰਮਤੀ ਨਾਲ ਚੁਣਿਆ ਗਿਆ।

## ਸ਼ਾਮਪੁਰ 'ਚ ਮਨਾਇਆ ਤੀਆਂ ਦਾ ਤਿਉਹਾਰ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ)** ਸਾਵਣ ਮਹੀਨੇ ਦਾ ਤੀਆਂ ਦਾ ਤਿਉਹਾਰ ਪਿੰਡ ਸ਼ਾਮਪੁਰ ਵਿਖੇ ਸਾਰੇ ਪਿੰਡ ਦੇ ਸਹਿਯੋਗ ਨਾਲ ਬੜੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਪਿੰਡ ਦੀਆਂ ਕੁੜੀਆਂ ਅਤੇ ਸਵਾਣੀਆਂ ਨੇ ਪੀਂਘਾਂ, ਖੀਰ ਪੂੜੇ ਦਾ ਆਯੋਜਨ ਕੀਤਾ। ਸਟੇਜ 'ਤੇ ਸਕੂਲੀ ਬੱਚਿਆਂ, ਕੁੜੀਆਂ ਅਤੇ ਔਰਤਾਂ ਨੇ ਵੱਖ ਵੱਖ ਗੀਤਾਂ ਤੇ ਗਿੱਧਾ, ਭੰਗੜਾ ਅਤੇ ਕੋਰੀਓਗ੍ਰਾਫੀ ਪੇਸ਼ ਕੀਤੀਆਂ ਗਈਆਂ।

## ਮਿਡ ਡੇ ਮੀਲ ਦਫ਼ਤਰੀ ਕਰਮਚਾਰੀ ਯੂਨੀਅਨ ਦੀ ਮੁੱਖ ਮੰਤਰੀ ਦੇ ਓ ਐਸ ਡੀ ਨਾਲ ਹੋਈ ਮੀਟਿੰਗ

**ਜਲੰਧਰ (ਰਾਜੇਸ਼ ਥਾਪਾ )** ਸਰਵ ਸਿੱਖਿਆ ਅਭਿਆਨ ਮਿਡ ਡੇ ਮੀਲ ਦਫ਼ਤਰੀ ਕਰਮਚਾਰੀ ਯੂਨੀਅਨ ਦੀ ਮੀਟਿੰਗ ਜਲੰਧਰ ਪ੍ਰਸ਼ਾਸਨ ਵੱਲੋਂ ਮੁੱਖ ਮੰਤਰੀ ਦੇ ਓ ਐਸ ਡੀ ਉਂਕਾਰ ਸਿੰਘ ਨਾਲ ਮੀਟਿੰਗ ਕਰਵਾਈ ਗਈ। ਪ੍ਰੈਸ ਬਿਆਨ ਜਾਰੀ ਕਰਦੇ ਯੂਨੀਅਨ ਦੇ ਆਗੂ ਸ਼ੋਬਿਤ ਭਗਤ, ਰਾਕੇਸ਼ ਕੁਮਾਰ ਵੱਲੋਂ ਦੱਸਿਆ ਗਿਆ ਕਿ ਮੌਕੇ ਓ ਐਸ ਡੀ ਉਂਕਾਰ ਸਿੰਘ ਵੱਲੋਂ ਸਪੈਸ਼ਲ ਚੀਫ ਸੇਕ੍ਰੇਟਰੀ ਹਿਮਾਂਸ਼ੂ ਜੈਨ ਨੂੰ 20 ਤਾਰੀਕ ਨੂੰ ਹੋਣ ਵਾਲੀ ਸਬ ਕਮੇਟੀ /ਵਿਤ ਮੰਤਰੀ ਨਾਲ ਹੋਣ ਵਾਲੀ ਮੀਟਿੰਗ ਵਿੱਚ ਜਥੇਬੰਦੀ ਦੀ ਮੀਟਿੰਗ ਕਰਵਾਉਣ ਦਾ ਭਰੋਸਾ ਦਿੱਤਾ ਤੇ ਜਲਦ ਮੀਟਿੰਗ ਦੀ ਲੈੱਟਰ ਜਾਰੀ ਕਰਨ ਲਈ ਕਿਹਾ ਗਿਆ।

# ਵਧੀਆ ਸੇਵਾਵਾਂ ਦੇਣ ਬਦਲੇ ਅਮਰਿੰਦਰਜੀਤ ਸਿੰਘ ਦਾ ਸਨਮਾਨ



ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ) ਸੁਲਤਾਨਪੁਰ ਲੋਧੀ ਵਿਖੇ ਮਨਾਏ ਗਏ 78ਵੇਂ ਤਹਿਸੀਲ ਪੱਧਰੀ ਆਜ਼ਾਦੀ ਦਿਹਾੜੇ ਮੌਕੇ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਵਿਖੇ ਬਤੌਰ ਫਾਰਮੇਸੀ ਅਫਸਰ ਤਾਇਨਾਤ ਅਮਰਿੰਦਰਜੀਤ ਸਿੰਘ ਦਾ ਵਧੀਆ ਸੇਵਾਵਾਂ ਦੇਣ ਬਦਲੇ ਐਸ ਡੀ ਐਮ ਜਸਪ੍ਰੀਤ ਸਿੰਘ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਐਸ ਡੀ ਐਮ ਨੇ ਕਿਹਾ ਕਿ ਅਮਰਿੰਦਰਜੀਤ ਸਿੰਘ ਨੇ ਸਿਵਲ ਹਸਪਤਾਲ ਵਿੱਚ ਸੇਵਾਵਾਂ ਦੇਣ ਦੇ ਨਾਲ ਨਾਲ ਪਿਛਲੇ ਆਏ ਹੜ੍ਹਾਂ ਦੌਰਾਨ ਵੀ ਵਧੀਆ ਕਾਰਗੁਜ਼ਾਰੀ ਦਿਖਾਈ ਸੀ। ਇਸ ਮੌਕੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਫਾਰਮੇਸੀ ਅਫਸਰ ਅਮਰਿੰਦਰਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਹਮੇਸ਼ਾ ਹੀ ਆਪਣੀ ਡਿਊਟੀ ਨੂੰ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਇਆ ਹੈ।ਇਸ ਮੌਕੇ ਹਲਕਾ ਇੰਚਾਰਜ ਆਮ ਆਦਮੀ ਪਾਰਟੀ ਸੱਜਣ ਸਿੰਘ ਚੀਮਾ, ਡੀ ਐਸ ਪੀ ਬਬਨਦੀਪ ਸਿੰਘ, ਚੇਅਰਮੈਨ ਮਹੁੰਮਦ ਰਫ਼ੀ, ਪ੍ਰੈੱਸ ਕਲੱਬ ਦੇ ਪ੍ਰਧਾਨ ਸੁਰਿੰਦਰਪਾਲ ਸਿੰਘ ਸੋਢੀ, ਦਿਨੇਸ਼ ਧੀਰ, ਚੇਅਰਮੈਨ ਬਲਵਿੰਦਰ ਸਿੰਘ ਲਾਡੀ, ਸੀਨੀਅਰ ਪੱਤਰਕਾਰ ਕੁਲਬੀਰ ਸਿੰਘ ਮਿੰਟੂ, ਰਾਮ ਸਿੰਘ ਸੈਂਟਰ ਇੰਚਾਰਜ, ਜਗਮੋਹਨ ਸਿੰਘ, ਨਰੇਸ਼ ਕੋਹਲੀ, ਸੁਰਜੀਤ ਸਿੰਘ ਹੈਬਤਪੁਰ, ਜਸਵਿੰਦਰ ਸਿੰਘ ਆਦਿ ਹਾਜ਼ਰ ਸਨ।

# ਪੁਲਸ ਨੇ 1.14 ਲੱਖ ਰੁਪਏ ਦੀ ਚੋਰੀ ਦਾ ਮਾਮਲਾ ਸੁਲਝਾਲਿਆ



**ਜਲੰਧਰ (ਸ਼ੈਲੀ ਐਲਬਰਟ, ਇਕਬਾਲ ਸਿੰਘ ਉਭੀ)** ਜਲੰਧਰ ਕਮਿਸ਼ਨਰੇਟ ਪੁਲਸ ਨੇ 1.14 ਲੱਖ ਰੁਪਏ ਦੀ ਚੋਰੀ ਦੇ ਮੁਲਜ਼ਮ ਨੂੰ ਕਾਬੂ ਕਰਕੇ ਇੱਕ ਚੋਰੀ ਦਾ ਮਾਮਲਾ ਸੁਲਝਾ ਲਿਆ ਹੈ। ਂ ਪੁਲਸ ਕਮਿਸ਼ਨਰ ਨੇ ਦੱਸਿਆ ਕਿ ਸਤੀਸ਼ ਮਲਹੋਤਰਾ ਵਾਸੀ ਸੰਤੋਖਪੁਰਾ ਨੇ ਸ਼ਿਕਾਇਤ ਕੀਤੀ ਸੀ ਕਿ ਉਸ ਨੇ ਰੋਜ਼ਾਨਾ ਦੀ ਤਰ੍ਹਾਂ ਦਿਲਕੁਸ਼ਾ ਮਾਰਕੀਟ ਵਿੱਚ ਮਲਹੋਤਰਾ ਐਂਟਰਪ੍ਰਾਈਜ਼ ਨਾਮ ਦੀ ਦੁਕਾਨ ਬੰਦ ਕਰ ਕੇ ਗਿਆ।ਉਸਨੇ ਕਿਹਾ ਕਿ ਅਗਲੇ ਦਿਨ ਉਸ ਨੇ ਪਾਇਆ ਕਿ ਇੱਕ ਅਣਪਛਾਤੇ ਵਿਅਕਤੀ ਨੇ ਉਸਦੀ ਦੁਕਾਨ ਦੇ ਅੰਦਰੋਂ 1,14,800 ਰੁਪਏ ਚੋਰੀ ਕਰ ਲਏ ਹਨ।ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲਸ ਨੇ ਹਰਕਤ ਵਿੱਚ ਆਉਂਦਿਆਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।ਪੁਲਿਸ ਕਮਿਸ਼ਨਰ ਨੇ ਮਨੁੱਖੀ ਸੂਝ-ਬੂਝ ਅਤੇ ਵਿਗਿਆਨਕ ਸਬੂਤਾਂ ਨਾਲ ਕੀਤੀ ਜਾਂਚ ਦੌਰਾਨ ਪੁਲਸ ਨੇ ਚੋਰ ਦਾ ਪਤਾ ਲਗਾਇਆ।ਉਨ੍ਹਾਂ ਦੱਸਿਆ ਕਿ ਮੁਲਜ਼ਮ ਦੀ ਪਛਾਣ ਹਰਵਿੰਦਰ ਪਾਲ ਸਿੰਘ ਉਰਫ਼ ਪਾਲਾ ਵਾਸੀ ਪਿੰਡ ਜੌਹਲਾ ਥਾਣਾ ਪਤਾਰਾ ਜਲੰਧਰ ਵਜੋਂ ਹੋਈ ਹੈ।ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲਸ ਪਾਰਟੀਆਂ ਨੇ ਕਈ ਥਾਵਾਂ 'ਤੇ ਛਾਪੇਮਾਰੀ ਕਰਕੇ ਮੁਲਜ਼ਮਾਂ ਨੂੰ 1.14 ਲੱਖ ਰੁਪਏ ਦੀ ਨਕਦੀ ਸਮੇਤ ਕਾਬੂ ਕੀਤਾ ਹੈ। ਉਨ੍ਹਾਂ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

# ਬੁਲਟ ਦੇ ਪਟਾਕੇ ਚਲਾਉਣ 'ਤੇ ਪੂਰਨ ਪਾਬੰਦੀ

**ਜਲੰਧਰ, (ਰਾਜੇਸ਼ ਥਾਪਾ, ਸੁਰਿੰਦਰ ਕੁਮਾਰ)** ਪੁਲਸ ਕਮਿਸ਼ਰ ਸਵਪਨ ਸ਼ਰਮਾ ਨੇ 'ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ, 2023' ਦੀ ਧਾਰਾ 163 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਮਿਸ਼ਨਰੇਟ ਪੁਲਸ ਦੀ ਹਦੂਦ ਅੰਦਰ ਬੁੱਲਟ ਮੋਟਰਸਾਈਕਲ ਚਲਾਉਂਦੇ ਸਮੇਂ ਸਾਇਲੈਂਸਰ ਵਿੱਚ ਤਕਨੀਕੀ ਫੇਰਬਦਲ ਕਰਵਾ ਕੇ ਪਟਾਕੇ ਆਦਿ ਚਲਾਉਣ ਵਾਲੇ ਵਾਹਨ ਚਾਲਕਾਂ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ ਅਤੇ ਇਹ ਵੀ ਹੁਕਮ ਜਾਰੀ ਕੀਤੇ ਹਨ ਕਿ ਕੋਈ ਵੀ ਦੁਕਾਨਦਾਰ, ਆਟੋ ਕੰਪਨੀ ਵਲੋਂ ਨਿਰਧਾਰਿਤ ਕੀਤੇ ਮਾਪਦੰਡਾਂ ਦੇ ਵਿਰੁੱਧ ਤਿਆਰ ਕੀਤੇ ਸਾਇਲੈਂਸਰ ਨਹੀਂ ਵੇਚੇਗਾ ਅਤੇ ਨਾ ਹੀ ਕਿਸੇ ਮਕੈਨਿਕ ਵਲੋਂ ਸਾਇਲੈਂਸਰਾਂ ਵਿੱਚ ਤਕਨੀਕੀ ਫੇਰ ਬਦਲ ਕੀਤੇ ਜਾਣਗੇ ਇਕ ਹੋਰ ਹੁਕਮ ਰਾਹੀਂ ਕਮਿਸ਼ਨਰੇਟ ਪੁਲਸ ਦੀ ਹਦੂਦ ਅੰਦਰ ਕਿਸੇ ਕਿਸਮ ਦਾ ਹਥਿਆਰ ਜਿਵੇਂ ਕਿ ਬੇਸਬਾਲ, ਤੇਜ਼ ਹਥਿਆਰ, ਨੋਕੀਲਾ ਹਥਿਆਰ ਜਾਂ ਕੋਈ ਵੀ ਜਾਨਲੇਵਾ ਹਥਿਆਰ ਗੱਡੀ ਵਿੱਚ ਰੱਖ ਕੇ ਚੱਲਣ 'ਤੇ ਵੀ ਪਾਬੰਦੀ ਹੈ। ਇਸੇ ਤਰ੍ਹਾਂ ਕਮਿਸ਼ਨਰੇਟ ਪੁਲਿਸ ਦੀ ਹਦੂਦ ਅੰਦਰ ਕਿਸੇ ਕਿਸਮ ਦਾ ਜਲੂਸ ਕੱਢਣ, ਸਮਾਗਮ/ਜਲੂਸ ਵਿੱਚ ਹਥਿਆਰ ਲੈ ਕੇ ਚੱਲਣ, ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ ਅਤੇ ਨਾਅਰੇਬਾਜ਼ੀ ਕਰਨ 'ਤੇ ਵੀ ਪਾਬੰਦੀ ਲਗਾਈ ਗਈ ਹੈ।ਸਾਰੇ ਮੈਰਿਜ ਪੈਲਸਾਂ/ਹੋਟਲਾਂ ਦੇ ਦਾਅਵਤ ਹਾਲਾਂ, ਵਿਆਹ-ਸ਼ਾਦੀਆਂ ਦੇ ਪ੍ਰੋਗਰਾਮਾਂ ਅਤੇ ਹੋਰ ਸਮਾਜਿਕ ਪ੍ਰੋਗਰਾਮਾਂ ਵਿੱਚ ਪਬਲਿਕ ਦੁਆਰਾ ਹਥਿਆਰ ਲੈ ਕੇ ਜਾਣ 'ਤੇ ਪਾਬੰਦੀ ਲਗਾ ਦਿੱਤੀ ਹੈ। ਕੋਈ ਵੀ ਦੁਕਾਨਦਾਰ/ਦਰਜ਼ੀ, ਸੈਨਿਕ/ਅਰਧ ਸੈਨਿਕ ਬੱਲ/ਪੁਲਸ ਦੀ ਬਣੀ ਬਣਾਈ ਵਰਦੀ ਜਾਂ ਕਪੜਾ ਲੈ ਕੇ ਸੀਤੀ ਸਿਲਾਈ ਵਰਦੀ ਬਿਨਾਂ ਖਰੀਦਦਾਰ ਦੀ ਦਰੁੱਸਤ ਸ਼ਨਾਖਤ ਕੀਤੇ ਨਹੀਂ ਵੇਚੇਗਾ। ਹੁਕਮਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਕੋਈ ਵੀ ਵਿਅਕਤੀ ਹਥਿਆਰਾਂ ਨੂੰ ਪ੍ਰਮੋਟ ਕਰਨ ਵਾਲੇ ਗੀਤਾਂ ਨੂੰ ਅਤੇ ਹਿੰਸਾ/ਲੜਾਈਆਂ-ਝਗੜਿਆਂ ਦੀ ਵਡਿਆਈ ਕਰਨ ਵਾਲੇ ਗੀਤਾਂ ਅਤੇ ਹਥਿਆਰਾਂ ਨੂੰ ਲੈ ਕੇ ਫੋਟੋ ਆਦਿ ਖਿਚਵਾ ਕੇ ਜਾਂ ਵੀਡੀਓ ਕਲਿਪ ਆਦਿ ਬਣਾ ਕੇ ਸੋਸ਼ਲ ਮੀਡੀਆ ਜਿਵੇਂ ਫੇਸਬੁੱਕ/ਵਟਸਐਪ/ਸਨੈਪਚੈਟ ਅਤੇ ਇੰਸਟਾਗ੍ਰਾਮ ਆਦਿ 'ਤੇ ਅਪਲੋਡ ਨਹੀਂ ਕਰੇਗਾ, ਅਜਿਹਾ ਕਰਨ 'ਤੇ ਪੂਰਨ ਪਾਬੰਦੀ ਲਗਾਈ ਜਾਂਦੀ ਹੈ। ਇਸ ਤੋਂ ਇਲਾਵਾ ਕੋਈ ਵੀ ਵਿਅਕਤੀ ਕਿਸੇ ਵੀ ਭਾਈਚਾਰੇ ਵਿਰੁੱਧ ਨਫ਼ਰਤ ਭਰਿਆ ਭਾਸ਼ਣ ਨਹੀਂ ਦੇਵੇਗਾ। ਸਾਰੇ ਹੁਕਮ ਮਿਤੀ 13.10.2024 ਤੱਕ ਲਾਗੂ ਰਹਿਣਗੇ।

# 'ਤੀਆਂ ਦਾ ਤਿਉਹਾਰ' ਮਨਾਇਆ




**ਆਦਮਪੁਰ (ਪਰਮਜੀਤ ਸਿੰਘ)**- ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਵਿੱਚ 'ਤੀਆਂ ਦਾ ਤਿਉਹਾਰ' ਬੜੇ ਚਾਅ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ) ਅਤੇ ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ) ਦੇ ਆਸ਼ੀਰਵਾਦ ਨਾਲ, ਮਾਣਯੋਗ ਚਾਂਸਲਰ ਸੰਤ ਮਨਮੋਹਨ ਸਿੰਘ ਦੀ ਪ੍ਰੇਰਨਾ ਨਾਲ ਅਤੇ ਉਪ-ਕੁਲਪਤੀ ਡਾ.ਧਰਮਜੀਤ ਸਿੰਘ ਪਰਮਾਰ ਤੇ ਹਰਦਮਨ ਸਿੰਘ ਮਿਨਹਾਸ (ਸਕੱਤਰ) ਦੀ ਅਗਵਾਈ ਵਿਚ ਮਨਾਇਆ ਗਿਆ ।ਇਸ ਮੌਕੇ ਅਮਰਜੀਤ ਸਿੰਘ, ਕੁਲਵੰਤ ਸਿੰਘ, ਜੋਗਿੰਦਰ ਸਿੰਘ ਅਜੜਾਮ, ਰਾਮ ਕੁਮਾਰ ਧੀਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਸਮਾਰੋਹ ਦੀ ਸ਼ੁਰੂਆਤ ਪ੍ਰੋ. ਕੈਲਾਸ਼ ਅਤੇ ਉਨ੍ਹਾਂ ਦੇ ਸਾਥੀਆਂ ਨੇ ਗੁਰਮਤਿ ਸ਼ਬਦ ਗਾਇਨ ਨਾਲ ਕੀਤੀ।ਇਸ ਤੋਂ ਬਾਅਦ ਵਿਦਿਆਰਥਣਾਂ ਨੇ ਸੱਭਿਆਚਾਰਕ ਅਤੇ ਲੋਕਧਾਰਾਈ ਗੀਤਾਂ ਰਾਹੀਂ ਪੇਸ਼ਕਾਰੀ ਦੇ ਕੇ ਸਮਾਗਮ ਨੂੰ ਚਾਰ ਚੰਦ ਲਾ ਦਿੱਤੇ।ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਧਰਮਜੀਤ ਸਿੰਘ ਪਰਮਾਰ ਨੇ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਤੀਆਂ ਦੇ ਤਿਉਹਾਰ ਦੀ ਵਧਾਈ ਦਿੱਤੀ। ਪ੍ਰੋਗਰਾਮ ਦੇ ਅੰਤ 'ਚ ਸੰਤ ਮਨਮੋਹਨ ਸਿੰਘ ਚਾਂਸਲਰ ਅਤੇ ਧਰਮਜੀਤ ਸਿੰਘ ਪਰਮਾਰ ਉਪ-ਕੁਲਪਤੀ ਨੇ ਆਏ ਹੋਏ ਮਹਿਮਾਨਾਂ ਅਤੇ ਵਿਦਿਆਰਥਣਾਂ ਨੂੰ ਸਨਮਾਨਿਤ ਕੀਤਾ। ਇਸ ਸਮੇਂ ਡਾ. ਵਿਜੈ ਧੀਰ, ਡੀਨ ਅਕਾਦਮਿਕ, ਰੂਪ ਸਿੰਘ ਡਿਪਟੀ ਰਜਿਸਟਰਾਰ, ਵੱਖ-ਵੱਖ ਵਿਭਾਗਾਂ ਦੇ ਡੀਨ, ਮੁਖੀ, ਪ੍ਰੋਫ਼ੈਸਰ ਸਹਿਬਾਨ ਵੀ ਹਾਜ਼ਰ ਸਨ।ਇਸ ਮੌਕੇ ਡਾ.ਸਰਬਜੀਤ ਸਿੰਘ ਅਤੇ ਪ੍ਰੋ ਪਰਮਜੀਤ ਕੌਰ ਨੇ ਮੰਚ ਸੰਚਾਲਨ ਦੀ ਭੂਮਿਕਾ ਬਾਖੂਬੀ ਨਿਭਾਈ।

# ਵਾਰਡ ਨੰਬਰ 4 'ਚ ਮਨਾਇਆ ਤੀਆਂ ਦਾ ਮੇਲਾ



ਸਮਾਗਮ ਦੌਰਾਨ ਪਰਮਿੰਦਰ ਸਿੰਘ ਪਿੰਦਰ ਪੰਡੋਰੀ, ਚਰਨਜੀਤ ਕੌਰ, ਪ੍ਰਵੀਨ ਗਰੋਵਰ ਤੇ ਹੋਰ

**ਸ਼ਾਹਕੋਟ(ਗਿਆਨ ਸੈਦਪੁਰੀ)** ਸ਼ਾਹਕੋਟ ਦੇ ਵਾਰਡ ਨੰਬਰ ਚਾਰ ਮੁਹੱਲਾ ਪੁਰਾਣੀ ਗਲੀ ਵਿੱਚ ਤੀਆਂ ਦਾ ਤਿਉਹਾਰ ਵਾਰਡ ਇੰਚਾਰਜ ਸਰੋਜ ਢੰਡ ਦੀ ਅਗਵਾਈ ਵਿੱਚ ਧੂਮ ਧਾਮ ਨਾਲ ਮਨਾਇਆ ਗਿਆ।ਇਸ ਮੌਕੇ ਔਰਤਾਂ ਅਤੇ ਮੁਟਿਆਰਾਂ ਨੇ ਰਲ ਮਿਲ ਕੇ ਗਿੱਦਾ ਪਾਇਆ ਅਤੇ ਪੀਂਘਾਂ ਝੂਟੀਆਂ।ਸਮਾਗਮ ਵਿੱਚ ਪਰਮਿੰਦਰ ਸਿੰਘ ਪੰਡੋਰੀ ਹਲਕਾ ਇੰਚਾਰਜ ਆਮ ਆਦਮੀ ਪਾਰਟੀ ਸ਼ਾਹਕੋਟ ਅਤੇ ਉਨ੍ਹਾਂ ਦੀ ਪਤਨੀ ਚਰਨਜੀਤ ਕੌਰ ਨੇ ਮੁੱਖ ਮਹਿਮਾਨ ਅਤੇ ਪ੍ਰਵੀਨ ਗਰੋਵਰ ਸੀਨੀਅਰ ਆਗੂ ਆਮ ਆਦਮੀ ਪਾਰਟੀ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਮੌਕੇ ਪਰਮਿੰਦਰ ਸਿੰਘ ਪੰਡੋਰੀ ਅਤੇ ਚਰਨਜੀਤ ਕੌਰ ਨੇ ਆਈਆਂ ਸੰਗਤਾਂ ਨੂੰ ਤੀਆਂ ਦੇ ਤਿਉਹਾਰ ਦੀ ਵਧਾਈ ਦਿੱਤੀ। ਇਸ ਮੌਕੇ ਆਕਰਸ਼ਣ ਦਾ ਕੇਂਦਰ ਰਹੇ ਉਭਰ ਰਹੇ ਕਲਾਕਾਰ ਤਾਈ ਜਗੀਰੋ ਨੇ ਉਚੇਚੇ ਤੌਰ 'ਤੇ ਪਹੁੰਚ ਕੇ ਖੂਬ ਰੌਣਕਾਂ ਲਾਈਆਂ । ਇਸ ਮੌਕੇ ਹੋਰਨਾਂ ਤੋਂ ਇਲਾਵਾ ਵਾਰਡ ਇੰਚਾਰਜ ਸਰੋਜ ਢੰਡ, ਜ਼ਿਲਾ ਜੋਆਇੰਟ ਸਕੱਤਰ ਰਾਖੀ ਮੱਟੂ, ਮਹਿਲਾ ਮੰਡਲ ਦੀ ਪ੍ਰਧਾਨ ਨਵਜੋਤ ਕੌਰ ਸਹੋਤਾ, ਸ਼ਹਿਰੀ ਪ੍ਰਧਾਨ ਮਨੋਜ ਅਰੋੜਾ, ਮੀਡੀਆ ਇੰਚਾਰਜ ਰੂਪ ਲਾਲ ਸ਼ਰਮਾ, ਨਵਨੀਤ ਸਿੰਘ ਸਹੋਤਾ, ਰਾਜੀਵ ਸਹਿਗਲ, ਮਾਸਟਰ ਜਤਿੰਦਰ ਪਾਲ ਸਿੰਘ ਬੱਲਾ, ਮੰਗਾ ਮੱਟੂ, ਪਰਮਜੀਤ ਸਿੰਘ ਪੰਮਾ, ਬੋਬੀ ਕੰਡਾ, ਮੱਖਣ ਸਿੰਘ, ਗੋਪੀ ਸ਼ਾਹਕੋਟ, ਮਾਸਟਰ ਰਕੇਸ਼ ਕੁਮਾਰ ਖਹਿਰਾ, ਕੁਲਦੀਪ ਸੱਚਦੇਵਾ, ਕੁਲਦੀਪ ਸਿੰਘ ਦੀਦ ਆਦਿ ਹਾਜ਼ਰ ਸਨ।

# ਪੰਜਾਬ ਇਸਤਰੀ ਸਭਾ ਵੱਲੋਂ ਕਤਲ ਹੋਈ ਡਾਕਟਰ ਲਈ ਘੋਲ ਦੀ ਹਮਾਇਤ

**ਚੰਡੀਗੜ੍ਹ (ਗਰਜੀਤ ਬਿੱਲਾ)** ਪੰਜਾਬ ਇਸਤਰੀ ਸਭਾ ਦੀ ਸੂਬਾ ਜਨਰਲ ਸਕੱਤਰ ਨਰਿੰਦਰ ਸੋਹਲ ਅਤੇ ਪ੍ਰਧਾਨ ਰਜਿੰਦਰ ਪਾਲ ਕੌਰ ਨੇ ਇੱਕ ਸਾਂਝੇ ਬਿਆਨ ਵਿੱਚ ਕਲਕੱਤੇ ਵਿੱਚ ਰੈਜੀਡੈਂਟ ਡਾਕਟਰ ਦਾ ਸਮੂਹਿਕ ਬਲਾਤਕਾਰ ਕਰਕੇ ਬੇਦਰਦੀ ਨਾਲ ਕਤਲ ਕੀਤੇ ਜਾਣ ਦੀ ਘਟਨਾ ਉੱਤੇ ਡੂੰਘਾ ਦੁੱਖ ਪ੍ਰਗਟ ਕੀਤਾ।ਸਾਰੇ ਰੈਜੀਡੈਂਟ ਡਾਕਟਰ ਬਹੁਤ ਗੁੱਸੇ ਵਿੱਚ ਹਨ ਅਤੇ ਉਹਨਾਂ ਨੇ ਸੰਘਰਸ਼ ਵਿੱਢਿਆ ਹੋਇਆ ਹੈ ਕਿ ਅਸੀਂ ਉਸ ਜੁਲਮ ਦਾ ਸ਼ਿਕਾਰ ਡਾਕਟਰ ਵਾਸਤੇ ਇਨਸਾਫ ਲੈਣਾ ਹੈ।ਜਦਕਿ ਪ੍ਰਸ਼ਾਸਨ ਚੱਕਰਾਂ ਵਿੱਚ ਪਾ ਕੇ ਦੋਸ਼ੀਆਂ ਨੂੰ ਬਚਾਉਣਾ ਚਾਹੁੰਦਾ ਹੈ।ਰੈਜੀਡੈਂਟ ਡਾਕਟਰ ਮੰਗ ਕਰ ਰਹੇ ਹਨ ਕਿ ਜਿਸ ਸੰਸਥਾ ਵਿੱਚ ਅਸੀਂ ਕੰਮ ਕਰ ਰਹੇ ਹਾਂ ਜੇ ਉੱਥੇ ਸਾਡੀ ਸੁਰੱਖਿਆ ਨਹੀਂ ਤਾਂ ਕਿਸ ਤਰ੍ਹਾਂ ਔਰਤਾਂ ਕੰਮ ਦੇ ਮੈਦਾਨ ਵਿੱਚ ਆਉਣਗੀਆਂ। ਇਹ ਇੱਕ ਚਿੰਤਾ ਦਾ ਵਿਸ਼ਾ ਹੈ ਔਰਤਾਂ ਜੋ ਕਿ ਸਮਾਜ ਦਾ ਅੱਧਾ ਹਿੱਸਾ ਹਨ,ਜੇਕਰ ਉਹ ਕੰਮਾਂ ਤੋਂ ਪਾਸੇ ਹੋ ਜਾਣ ਤਾਂ ਸਮਾਜ ਵਿੱਚ ਸਹੀ ਢੰਗ ਨਾਲ ਕੰਮ ਨਹੀਂ ਹੋ ਸਕੇਗਾ। ਇਸ ਕਰਕੇ ਰੈਜੀਡੈਂਟ ਡਾਕਟਰ ਨੂੰ ਇਨਸਾਫ ਦਿੱਤਾ ਜਾਵੇ ਤਾਂ ਕਿ ਅੱਗੇ ਤੋਂ ਇਹੋ ਜਿਹੀਆਂ ਘਟਨਾਵਾਂ ਨੂੰ ਨਥ ਭਾਈ ਜਾ ਸਕੇ।ਪੰਜਾਬ ਪੰਜਾਬ ਇਸਤਰੀ ਸਭਾ ਜਿੱਥੇ ਰੈਜੀਡੈਂਟ ਡਾਕਟਰ ਦੀ ਬਲਾਤਕਾਰ ਤੋਂ ਬਾਅਦ ਕਤਲ ਦੀ ਘਟਨਾ ਦੀ ਨਿੰਦਾ ਕਰਦੀ ਹੈ ,ਉੱਥੇ ਰੈਜੀਡੈਂਟ ਡਾਕਟਰਾਂ ਦੇ ਹੱਕੀ ਘੋਲ ਦੀ ਹਮਾਇਤ ਕਰਦੇ ਹੋਏ ਸਰਕਾਰ ਕੋਲੋਂ ਮੰਗ ਕਰਦੀ ਹੈ ਕਿ ਜ਼ੁਲਮ ਦਾ ਸ਼ਿਕਾਰ ਬੱਚੀ ਅਤੇ ਉਸਦੇ ਮਾਪਿਆਂ ਨੂੰ ਇਨਸਾਫ ਦਿੱਤਾ ਜਾਵੇ। ਸਮਾਜ ਵਿੱਚ ਸਾਡੀਆਂ ਬੱਚੀਆਂ ਨੂੰ ਸੁਰੱਖਿਆ ਦਿੱਤੀ ਜਾਵੇ। ਸਾਡੀਆਂ ਬੱਚੀਆਂ ਹਰ ਖੇਤਰ ਵਿੱਚ ਮੱਲਾਂ ਮਾਰਦੀਆਂ ਹਨ ਪਰ ਇਹੋ ਜਿਹੀਆਂ ਘਟਨਾਵਾਂ ਬੱਚੀਆਂ ਦਾ ਅਤੇ ਮਾਪਿਆਂ ਦਾ ਹੌਸਲਾ ਢਾਹ ਦਿੰਦੀਆਂ ਹਨ।ਇਸ ਕਰਕੇ ਸਰਕਾਰ ਤੇ ਪ੍ਰਸ਼ਾਸਨ ਵਾਸਤੇ ਜ਼ਰੂਰੀ ਹੈ ਕਿ ਉਹ ਦੋਸ਼ੀਆਂ ਨੂੰ ਲੱਭ ਕੇ ਸਖਤ ਸਜ਼ਾ ਦੇਵੇ।

## ਚੋਰੀ ਦੀ ਗੱਡੀ ਸਮੇਤ ਕਾਬੂ

**ਫਗਵਾੜਾ ( ਡਾ. ਰਮਨ)** ਸਬ ਡਵੀਜਨ ਫਗਵਾੜਾ ਪੁਲਸ ਟੀਮ ਵੱਲੋਂ ਇੱਕ ਚੋਰੀ ਦੀ ਗੱਡੀ ਸਮੇਤ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ। ਸ੍ਰੀਮਤੀ ਰੁਪਿੰਦਰ ਕੌਰ ਭੱਟੀ ਪੁਲਸ ਕਪਤਾਨ ਸਬ ਡਵੀਜਨ ਫਗਵਾੜਾ ਨੇ ਦੱਸਿਆ ਕਿ ਮਿਤੀ 13.08.24 ਨੂੰ ਸੂਚਨਾ ਮਿਲੀ ਸੀ ਕਿ ਥਾਣਾ ਸਿਟੀ ਫਗਵਾੜਾ ਦੀ ਪੁਲਸ ਪਾਰਟੀ ਸਮੇਤ ਲੈਪਟੋਪ, ਪ੍ਰਿੰਟਰ ਬਾਸਵਾਰੀ ਪ੍ਰਾਈਵੇਟ ਗੱਡੀ ਦੇ ਗਸ਼ਤ ਵਾ ਤਲਾਸ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਗਸ਼ਤ ਕਰਦੀ ਹੋਈ ਥਾਣਾ ਤੋਂ ਬੰਗਾ ਰੋਡ ਬਸਰਾ ਪੈਲਸ ਕੋਲ ਪੁਜੀ ਤਾਂ ਇੱਕ ਵਿਅਕਤੀ ਨੇ ਇਤਲਾਹ ਦਿੱਤੀ ਕਿ ਸੁਖਵਿੰਦਰ ਕੁਮਾਰ ਉਰਫ ਹਨੀ ਵਾਸੀ ਕਾਂਸੀ ਨਗਰ ਮੇਹਟਾ ਜੋ ਚੋਰੀ ਕਰਨ ਅਤੇ ਨਸ਼ੇ ਪੀਣ ਅਤੇ ਵੇਚਣ ਦਾ ਆਦੀ ਹੈ ਜਿਸ 'ਤੇ ਪਹਿਲਾ ਵੀ ਨਸ਼ੇ ਸਬੰਧੀ ਪਰਚੇ ਦਰਜ ਹਨ।ਜੋ ਅੱਜ ਵੀ ਇਕ ਗੱਡੀ ਪੋਲੋ ਫੋਕਸ਼ਵੇਗਨ ਰੰਗ ਚਿੱਟਾ ਜਿਸ, ਪਰ ਜਾਅਲੀ ਪਲੇਟ ਨੰਬਰ ਪੀ.ਬੀ.08.ਬੀ.ਟੀ 8014 ਲਗਾ ਕੇ ਉਸ ਵਿੱਚ ਸਵਾਰ ਹੋ ਕੇ ਉਸ ਵਿੱਚ ਚੋਰੀ ਕੀਤੇ ਮੋਬਾਇਲ ਫੋਨ ਰੱਖ ਕੇ ਭੋਲੇ ਭਾਲੇ ਲੋਕਾ ਨੂੰ ਵੇਚ ਕੇ ਭਾਰੀ ਰਕਮ ਵਸੂਲ ਕਰਦਾ ਹੈ ਅਤੇ ਆਪਣੀ ਨਸ਼ੇ ਦੀ ਪੂਰਤੀ ਕਰਦਾ ਹੈ ਜਿਸ ਤੇ ਪੁਲਸ ਪਾਰਟੀ ਵੱਲੋਂ ਨਾਕਾਬੰਦੀ ਕਰਕੇ ਵਿਅਕਤੀ ਨੂੰ ਰੋਕਿਆ ਅਤੇ ਕਾਰ ਚਾਲਕ ਨੂੰ ਕਾਰ ਦੀ ਮਾਲਕੀ ਸੰਬੰਧੀ ਪੇਪਰ ਪੇਸ਼ ਕਰਨ ਲਈ ਕਿਹਾ ਜੋ ਕਿ ਕਾਰ ਚਾਲਕ ਕਾਰ ਦੇ ਪੇਪਰ ਨਹੀਂ ਪੇਸ਼ ਕਰ ਪਾਇਆ ਜਿਸ ਨੂੰ ਸਖਤੀ ਨਾਲ ਪੁੱਛਣ ਤੇ ਉਸਨੇ ਦੱਸਿਆ ਕਿ ਇਹ ਕਾਰ ਚੋਰੀ ਦੀ ਹੈ ਅਤੇ ਨੰਬਰ ਪਲੇਟਾ ਜਾਲੀ ਹਨ ਜਿਸ 'ਤੇ ਸੁਖਵਿੰਦਰ ਕੁਮਾਰ ਉਰਫ ਹਨੀ ਨੂੰ ਗ੍ਰਿਫਤਾਰ ਕਰਕੇ ਸੁਖਵਿੰਦਰ ਕੁਮਾਰ ਉਰਫ ਹਨੀ ਨੂੰ ਪੇਸ਼ ਅਦਾਲਤ ਕਰਕੇ ਉਸ ਦਾ 02 ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ।

# ਵਿਦਿਆਰਥੀਆਂ ਨੂੰ ਨਸ਼ਿਆਂ ਖਿਲਾਫ, ਟ੍ਰੈਫਿਕ ਨਿਯਮਾਂ ਦੀ ਜਾਣਕਾਰੀ ਦਿੱਤੀ



**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)**-ਡਾ: ਮਹਿਤਾਬ ਸਿੰਘ ਨੇ ਏ.ਐਸ.ਆਈ. ਸਤਨਾਮ ਸਿੰਘ ਅਤੇ ਪਰਵੀਨ ਕੁਮਾਰ ਦੇ ਸਹਿਯੋਗ ਨਾਲ ਦੋਆਬਾ ਗਰੁੱਪ ਆਫ਼ ਕਾਲਜਿਜ਼ ਵਿਖੇ ਇੱਕ ਬਹੁਤ ਪ੍ਰਭਾਵਸ਼ਾਲੀ ਜਾਗਰੂਕਤਾ ਪ੍ਰੋਗਰਾਮ ਕਰਵਾਇਆ। ਇਸ ਸਮਾਗਮ ਦਾ ਉਦੇਸ਼ ਅਗਲੀ ਪੀੜ੍ਹੀ ਨੂੰ ਨਵੇਂ ਟ੍ਰੈਫਿਕ ਨਿਯਮਾਂ, ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੇ ਖ਼ਤਰਿਆਂ, ਸਾਈਬਰ ਅਪਰਾਧ ਦੀ ਰੋਕਥਾਮ ਅਤੇ ਸਿਹਤਮੰਦ ਅਤੇ ਅਨੁਸ਼ਾਸਿਤ ਜੀਵਨ ਬਣਾਉਣ ਲਈ ਖੇਡਾਂ ਦੀ ਮਹੱਤਤਾ ਵਰਗੇ ਮਹੱਤਵਪੂਰਨ ਮੁੱਦਿਆਂ 'ਤੇ ਜਾਗਰੂਕ ਕਰਨਾ ਅਤੇ ਮਾਰਗਦਰਸ਼ਨ ਕਰਨਾ ਸੀ। ਪ੍ਰਸਿੱਧ ਸਿੱਖਿਅਕ ਅਤੇ ਸਮਾਜ ਸੇਵੀ ਡਾ. ਮਹਿਤਾਬ ਸਿੰਘ ਨੇ ਸੜਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਨਵੀਨਤਮ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਦੀ ਮਹੱਤਤਾ ਬਾਰੇ ਗੱਲ ਕੀਤੀ। ਉਨ੍ਹਾਂ ਨੇ ਸੁਰੱਖਿਅਤ ਡਰਾਈਵਿੰਗ ਮਾਹੌਲ ਬਣਾਉਣ ਅਤੇ ਸੜਕਾਂ 'ਤੇ ਹਾਦਸਿਆਂ ਦੀ ਗਿਣਤੀ ਨੂੰ ਘਟਾਉਣ ਲਈ ਨੌਜਵਾਨਾਂ ਦੀ ਭੂਮਿਕਾ 'ਤੇ ਜ਼ੋਰ ਦਿੱਤਾ। ਏ.ਐਸ.ਆਈ ਸਤਨਾਮ ਸਿੰਘ, ਕਾਨੂੰਨ ਲਾਗੂ ਕਰਨ ਵਿੱਚ ਸਾਲਾਂ ਦੇ ਤਜਰਬੇ ਵਾਲੇ, ਨੇ ਸਾਈਬਰ ਕ੍ਰਾਈਮ ਦੇ ਵਧ ਰਹੇ ਖਤਰੇ ਬਾਰੇ ਜਾਣਕਾਰੀ ਦਿੱਤੀ। ਪਰਵੀਨ ਕੁਮਾਰ, ਸਮਾਜ ਵਿੱਚ ਇੱਕ ਸਤਿਕਾਰਤ ਸ਼ਖਸੀਅਤ, ਨੇ ਨਸ਼ਿਆਂ ਦੀ ਦੁਰਵਰਤੋਂ ਦੇ ਨਾਜ਼ੁਕ ਮੁੱਦੇ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਹਾਨੀਕਾਰਕ ਪਦਾਰਥਾਂ ਤੋਂ ਦੂਰ ਰਹਿਣ ਅਤੇ ਸਕਾਰਾਤਮਕ ਗਤੀਵਿਧੀਆਂ 'ਤੇ ਧਿਆਨ ਦੇਣ ਲਈ ਪ੍ਰੇਰਿਤ ਕੀਤਾ। ਬੁਲਾਰਿਆਂ ਨੇ ਵਿਦਿਆਰਥੀਆਂ ਨੂੰ ਖੇਡਾਂ ਅਤੇ ਸਰੀਰਕ ਗਤੀਵਿਧੀਆਂ ਕਰਨ ਲਈ ਵੀ ਪ੍ਰੇਰਿਤ ਕੀਤਾ। ਵਿਦਿਆਰਥੀਆਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਤੇ ਜ਼ਿੰਮੇਵਾਰ ਵਿਹਾਰ ਨੂੰ ਉਤਸ਼ਾਹਿਤ ਕਰਕੇ ਆਪਣੇ ਭਾਈਚਾਰਿਆਂ ਵਿੱਚ ਰੋਲ ਮਾਡਲ ਬਣਨ ਦੀ ਤਾਕੀਦ ਕੀਤੀ। ਦੋਆਬਾ ਗਰੁੱਪ ਆਫ਼ ਕਾਲਜਿਜ਼ ਦੇ ਪ੍ਰਬੰਧਕਾਂ ਨੇ ਡਾ. ਮਹਿਤਾਬ ਸਿੰਘ, ਸਤਨਾਮ ਸਿੰਘ ਅਤੇ ਪਰਵੀਨ ਕੁਮਾਰ ਦਾ ਵਡਮੁੱਲਾ ਯੋਗਦਾਨ ਪਾਉਣ ਲਈ ਧੰਨਵਾਦ ਕੀਤਾ।

# ਸ੍ਰੀ ਦੁਰਗਾ ਭਜਨ ਮੰਡਲੀ ਭੂੰਗਾ ਵਲੋਂ ਲੰਗਰ ਲਗਾਏ

**ਅੱਡਾ ਸਰਾਂ/ਟਾਂਡਾ (ਜਸਵੀਰ ਕਾਜਲ)** ਮਾਤਾ ਚਿੰਤਪੁਰਨੀ ਹਿਮਾਚਲ ਵਿਖੇ ਸ੍ਰੀ ਦੁਰਗਾ ਭਜਨ ਮੰਡਲੀ ਭੂੰਗਾ ਹੁਸ਼ਿਆਰਪੁਰ ਧਰਮਸ਼ਾਲਾ 'ਚ ਸਾਲਾਨਾ ਦੀ ਤਰ੍ਹਾਂ ਸਾਉਣ ਦੇ ਮਹੀਨੇ ਦੇ ਨਰਾਤਿਆਂ ਵਿਚ ਮਾਤਾ ਜੀ ਦੇ ਦਰਸ਼ਨਾਂ ਨੂੰ ਆ ਰਹੀਆਂ ਸੰਗਤਾਂ ਵਾਸਤੇ ਲੰਗਰ ਲਗਾਏ ਗਏ।ਇਸ ਮੌਕੇ ਸੇਵਾਦਾਰ ਸਰਪੰਚ ਧਰਮਿੰਦਰ ਸਿੰਘ ਘੁੰਗੀ ਅਤੇ ਸੇਵਾਦਾਰ ਹਰਵਿੰਦਰ ਪਾਲ ਇਸ ਮੌਕੇ ਸਰਪੰਚ ਧਰਮਿੰਦਰ ਸਿੰਘ ਘੁੰਗੀ, ਗੁਰਦੇਵ ਪਾਲ ਮਹੰਤ, ਹਰਵਿੰਦਰ ਪਾਲ, ਪਰਮਿੰਦਰ ਬਿਟੂ, ਅਸ਼ਵਨੀ ਕੁਮਾਰ, ਬਲਵੀਰ ਸਿੰਘ, ਮੁਕੇਸ਼ ਕੁਮਾਰ, ਤਰਲੋਕ ਸਿੰਘ,ਸਿਵਤੇਜ, ਪ੍ਰਦੀਪ ਕੁਮਾਰ ਬਾਵਾ, ਸਤਪਾਲ ਕੁਮਾਰ, ਆਦਿ ਸੰਗਤਾਂ ਹਾਜ਼ਰ ਸਨ।



# ਐੱਮ ਡੀ ਕਰ ਰਹੀ ਡਾਕਟਰ ਨਾਲ ਜਬਰ ਜ਼ਿਨਾਹ ਘੋਰ ਅਪਰਾਧ : ਐਸੋਸੀਏਸ਼ਨ




**ਫਗਵਾੜਾ ( ਡਾ ਰਮਨ )** ਕੋਲਕਾਤਾ ਵਿਖੇ ਇੱਕ ਮੈਡੀਕਲ ਕਾਲਜ ਵਿੱਚ ਦੂਜੇ ਸਾਲ ਦੀ ਵਿਦਿਆਰਥਣ ਨਾਲ ਜਬਰ ਜਨਾਹ ਤੋਂ ਬਾਅਦ ਬੇਰਹਿਮੀ ਨਾਲ ਕੀਤੇ ਗਏ ਕਤਲ ਦੀ ਆਮ ਆਦਮੀ ਕਲਿਨਿਕ ਮੈਡੀਕਲ ਅਫ਼ਸਰ ਐਸੋਸੀਏਸ਼ਨ ਵਲੋਂ ਘੋਰ ਨਿੰਦਾ ਕੀਤੀ ਗਈ ਅਤੇ ਐਸੋਸੀਏਸ਼ਨ ਵਲੋਂ ਸਿਵਲ ਹਸਪਤਾਲ ਫਗਵਾੜਾ ਵਿਖੇ ਪ੍ਰੋਟੈਸਟ ਕੀਤਾ ਗਿਆ ਅਤੇ ਇਨਸਾਫ ਦੀ ਮੰਗ ਕੀਤੀ ਗਈ। ਡਾ. ਕਮਲਜੀਤ ਕੌਰ ਸਾਹਨੀ , ਡਾ. ਸਿਮਰਨਜੋਤ ਕੌਰ ਗੀਹਲ , ਡਾ. ਸਿਮਰਨ ਪੂਰੀ , ਡਾ. ਅਸ਼ਵਨੀ ਕਾਜਲ, ਡਾ. ਪ੍ਰਭਜੋਤ ਜੱਬਲ , ਡਾ. ਜਤਿੰਦਰ ਸੰਧੂ , ਡਾ. ਪ੍ਰਮਜੀਤ ਕੌਰ ਸੈਣੀ , ਡਾ. ਬਲਰਾਜ ਕੌਰ , ਸਿਧਾਂਤ ਸਭਰਵਾਲ , ਲਵਪ੍ਰੀਤ ਸਿੰਘ , ਰਮਨ , ਰਾਜੇਸ਼ ਸ਼ਰਮਾ , ਆਤਮਾ ਰਾਮ , ਜਗਦੀਪ , ਕੁਲਵਿੰਦਰ ਕੌਰ , ਅਨੀਤਾ , ਬਲਵੀਰ ਕੌਰ ਆਦਿ ਮੌਜੂਦ ਸਨ। ਉਨ੍ਹਾਂ ਨੇ ਕਿਹਾ ਕਿ ਜੇਕਰ ਪੜ੍ਹੀਆਂ-ਲਿਖੀਆਂ ਕੁਆਲੀਫਾਈਡ ਕੁੜੀਆਂ ਆਪਣੇ ਹੀ ਕਾਲਜ ਵਿੱਚ ਡਿਊਟੀ ਦੌਰਾਨ ਸੁਰੱਖਿਅਤ ਨਹੀਂ ਤਾਂ ਇਹ ਦੇਸ਼ ਲਈ ਬਹੁਤ ਹੀ ਸ਼ਰਮ ਵਾਲੀ ਗੱਲ ਹੈ। ਉਨ੍ਹਾਂ ਹਸਪਤਾਲ ਪ੍ਰਸ਼ਾਸਨ ਅਤੇ ਸਰਕਾਰ ਨੂੰ ਵੀ ਲਾਹਨਤਾਂ ਪਾਈਆਂ, ਜੋ ਪਹਿਲਾਂ ਆਪਣੀ ਡਿਊਟੀ ਵਿੱਚ ਫੇਲ੍ਹ ਸਾਬਤ ਹੋਏ ਅਤੇ ਬਾਅਦ ਵਿੱਚ ਪਰਦਾ ਪਾਉਣ ਦੀ ਕੋਸ਼ਿਸ਼ ਵੀ ਕਰਦੇ ਰਹੇ।ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ ਤਾਂ ਜੋ ਭਵਿੱਖ 'ਚ ਅਜਿਹੀਆਂ ਘਟਨਾਵਾਂ ਨਾ ਵਾਪਰ ਸਕਣ।

# ਅਨਮੋਲ ਗਗਨ ਨੇ ਸਿੱਖ ਇੰਪਾਇਅਰ ਪ੍ਰਦਰਸ਼ਨੀ ਦਾ ਕੀਤਾ ਉਦਘਾਟਨ

**ਬੰਗਾ (ਅਵਤਾਰ ਕਲੇਰ)** ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਤੋਂ ਮਿਊਜ਼ੀਅਮ ਤੱਕ ਹੈਰੀਟੇਜ ਸਟਰੀਟ ਬਣਾਉਣ ਦਾ ਕੰਮ ਜਲਦ ਸ਼ੁਰੂ ਕੀਤਾ ਜਾਵੇਗਾ। ਇਹ ਪ੍ਰਗਟਾਵਾ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ, ਪੂੰਜੀ ਨਿਵੇਸ਼ ਪ੍ਰੋਤਸਾਹਨ, ਕਿਰਤ ਅਤੇ ਪ੍ਰਾਹੁਣਚਾਰੀ ਮੰਤਰੀ ਪੰਜਾਬ ਅਨਮੋਲ ਗਗਨ ਮਾਨ ਨੇ ਖਟਕੜ ਕਲਾਂ ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਮਿਊਜ਼ੀਅਮ ਵਿਖੇ ਸਿੱਖ ਇੰਪਾਇਅਰ ਪ੍ਰਦਰਸ਼ਨੀ ਦਾ ਉਦਘਾਟਨ ਕਰਨ ਮੌਕੇ ਕੀਤਾ।ਅਨਮੋਲ ਗਗਨ ਮਾਨ ਨੇ ਸਿੱਖ ਇੰਪਾਇਅਰ ਪ੍ਰਦਰਸ਼ਨੀ ਦਾ ਉਦਘਾਟਨ ਕਰਨ ਉਪਰੰਤ ਕਿਹਾ ਕਿ ਅੰਤਰ-ਰਾਸ਼ਟਰੀ ਕਲਾਕਾਰਾਂ ਅਤੇ ਲੇਖਕਾਂ ਦੇ ਨਜ਼ਰੀਏ ਦੁਆਰਾ ਇਹ ਪ੍ਰਦਰਸ਼ਨੀ ਤਿਆਰ ਕੀਤੀ ਗਈ ਹੈ। ਜਿਸ ਵਿੱਚ ਇਤਿਹਾਸ ਤੇ ਸ਼ਹੀਦਾਂ ਬਾਰੇ ਜਾਣਕਾਰੀ ਸ਼ਾਮਲ ਹੈ।



18-AUG-PAGE-10.qxd 8/17/2024 11:23 PM Page 1



# ਪਾਰਟੀ ਮੈਂਬਰਾਂ ਦੀ ਲਾਮਬੰਦੀ ਲਈ ਆਜ਼ਾਦੀ ਦਿਹਾੜੇ 'ਤੇ ਮਹੀਨੇ ਭਰ ਲਈ ਮੀਟਿੰਗਾਂ ਸ਼ੁਰੂ : ਮਾੜੀਮੇਘਾ

**ਭਿੱਖੀਵਿੰਡ (ਨਜ਼ਸ)**-ਸੀ. ਪੀ. ਆਈ. ਬਲਾਕ ਭਿੱਖੀਵਿੰਡ ਦੇ ਸਕੱਤਰ ਨਰਿੰਦਰ ਸਿੰਘ ਅਲਗੋਂ ਤੇ ਮੀਤ ਸਕੱਤਰ ਟਹਿਲ ਸਿੰਘ ਲੱਧੂ ਨੇ ਕਿਹਾ ਕਿ ਸੀ. ਪੀ. ਆਈ. ਦੀ ਪੰਜਾਬ ਇਕਾਈ ਦੇ ਸੱਦੇ 'ਤੇ ਤਰਨਤਾਰਨ ਜ਼ਿਲ੍ਹੇ ਵੱਲੋਂ ਆਜ਼ਾਦੀ ਦਿਵਸ ਤੋਂ ਲੈ ਕੇ 15 ਸਤੰਬਰ ਤੱਕ ਇੱਕ ਮਹੀਨਾ ਪਿੰਡਾਂ ਵਿੱਚ ਪਾਰਟੀ ਮੈਂਬਰਾਂ ਤੇ ਹਮਦਰਦਾਂ ਦੀਆਂ ਮੀਟਿੰਗਾਂ ਦੀ ਸ਼ੁਰੂਆਤ ਪਿੰਡ ਸੂਰਵਿੰਡ, ਸਾਂਡਪੁਰਾ, ਸਿੱਧਵਾਂ ਅਤੇ ਮਾੜੀਮੇਘਾ ਤੋਂ ਕੀਤੀ ਗਈ।ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਸੀ. ਪੀ. ਆਈ. ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਤੇ ਜ਼ਿਲ੍ਹਾ ਸਕੱਤਰ ਦਵਿੰਦਰ ਸੋਹਲ ਨੇ ਕਿਹਾ ਕਿ ਸੀ. ਪੀ. ਆਈ. ਦੇਸ਼ ਦੀ ਆਜ਼ਾਦੀ ਤੋਂ ਬਾਅਦ ਸਭ ਮਨੁੱਖਾਂ ਦੀ ਆਰਥਿਕ ਬਰਾਬਰੀ ਦੀ ਆਜ਼ਾਦੀ ਲਈ ਲਾਮਬੰਦ ਕਰਨ ਲਈ ਪਿੰਡਾਂ ਵਿੱਚ ਮੀਟਿੰਗਾਂ ਕਰ ਰਹੀ ਹੈ।ਲੋਕਾਂ ਦੀ ਆਰਥਿਕਤਾ ਨਾਲ ਜੁੜੇ ਮਸਲੇ ਜਿਵੇਂ ਹਰੇਕ ਵਿਅਕਤੀ ਨੂੰ ਰੁਜ਼ਗਾਰ, ਵਿੱਦਿਆ, ਸਿਹਤ ਅਤੇ ਘਰ ਮੁਫ਼ਤ ਦੇਣਾ ਜ਼ਰੂਰੀ ਹੋਵੇ ਆਦਿ।ਇਸੇ ਤਰ੍ਹਾਂ ਪਿਛਲੇ ਲੰਬੇ ਸਮੇਂ ਤੋਂ ਪੰਜਾਬ ਦੇ ਲਟਕਦੇ ਆ ਰਹੇ ਅਹਿਮ ਮਸਲੇ ਜਿਵੇਂ ਚੰਡੀਗੜ੍ਹ ਪੰਜਾਬ ਨੂੰ ਦੇਣਾ, ਪੰਜਾਬ ਦੇ ਪਾਣੀਆਂ ਦੀ ਸੁਰੱਖਿਆ, ਬਾਰਸ਼ਾਂ ਦੇ ਪਾਣੀ ਨੂੰ ਰੋਕ ਕੇ ਖੇਤੀ ਦੇ ਕੰਮਾਂ ਲਈ ਵਰਤਣਾ, ਭਾਖੜਾ ਡੈਮ 'ਚੋਂ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਅਧਿਕਾਰ ਖੋਹਣ ਵਾਲੇ ਪਾਸੇ ਵੱਧਣਾ, ਚੰਡੀਗੜ੍ਹ 'ਚੋਂ ਪੰਜਾਬ ਦੇ ਮੁਲਾਜ਼ਮਾਂ ਦੇ ਅਧਿਕਾਰ ਖੋਹਣੇ, ਹਿੰਦ-ਪਾਕਿ ਬਾਰਡਰ ਤੋਂ ਹਿੰਦੁਸਤਾਨ ਦੇ ਅੰਦਰ ਵੱਲ 50 ਕਿਲੋਮੀਟਰ ਤੱਕ ਬੀਐੱਸਐੱਫ ਨੂੰ ਅਧਿਕਾਰ ਦੇਣੇ ਅਤੇ ਇੱਕ ਜੁਲਾਈ ਤੋਂ ਕੇਂਦਰ ਦੀ ਹਕੂਮਤ ਵੱਲੋਂ ਤਿੰਨ ਅਪਰਾਧਿਕ ਕਾਨੂੰਨ ਦੇਸ਼ ਵਿੱਚ ਲਾਗੂ ਕਰਨ ਵਿਰੁੱਧ ਵੀ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।ਮਾੜੀਮੇਘਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪੰਚਾਇਤਾਂ ਦੀਆਂ ਚੋਣਾਂ ਦਾ ਐਲਾਨ ਕਰ ਦਿੱਤਾ ਹੈ ਤੇ ਪਾਰਟੀ ਪੰਚਾਇਤ ਚੋਣਾਂ ਵਿੱਚ ਪੂਰੀ ਤਨਦੇਹੀ ਨਾਲ ਹਿੱਸਾ ਲਵੇਗੀ।ਲੋਕਾਂ ਨੂੰ ਚਾਹੀਦਾ ਹੈ ਕਿ ਪੰਚਾਇਤੀ ਚੋਣਾਂ ਵਿੱਚ ਰਾਜਨੀਤੀ ਤੋਂ ਉਪਰ ਉੱਠ ਕੇ ਵੋਟਾਂ ਵਿੱਚ ਹਿੱਸਾ ਲੈਣ ਤੇ ਜਿਹੜੇ ਵਿਅਕਤੀ ਪਿੰਡਾਂ ਵਿੱਚ ਬਣੀਆਂ ਸਰਕਾਰੀ ਸੰਸਥਾਵਾਂ ਤੇ ਥਾਵਾਂ ਦੀ ਸਹੀ ਢੰਗ ਨਾਲ ਸਾਂਭ-ਸੰਭਾਲ ਤੇ ਆਮ ਤੇ ਖਾਸ ਕਰਕੇ ਗਰੀਬ ਲੋਕਾਂ ਦੇ ਕੰਮ ਕਰਦੇ ਹਨ ਉਨ੍ਹਾਂ ਨੂੰ ਸਰਪੰਚ ਤੇ ਪੰਚ ਚੁਣਨ।ਇਨ੍ਹਾਂ ਚੋਣਾਂ ਵਿੱਚ ਰਾਜ ਕਰਦੀ ਧਿਰ ਨੂੰ ਵੀ ਸਿੱਧਾ ਪਿੰਡਾਂ ਵਿੱਚ ਦਖਲ ਨਹੀਂ ਦੇਣਾ ਚਾਹੀਦਾ।ਪਿਛਲੀਆਂ ਸਰਕਾਰਾਂ ਨੇ ਤਾਂ ਚੋਣਾਂ ਹੋਣ ਹੀ ਨਹੀਂ ਦਿੱਤੀਆਂ।ਚੋਣਾਂ ਦੇ ਨਾਮ 'ਤੇ ਸਿੱਧੇ ਹੀ ਸਰਪੰਚ ਤੇ ਪੰਚ ਨਾਮਜ਼ਦ ਕੀਤੇ ਹਨ।ਉਨ੍ਹਾਂ ਤੇ ਵਿਰੋਧੀਆਂ ਦੇ ਕਾਗਜ਼ ਹੀ ਦਾਖਲ ਨਹੀਂ ਹੋਣ ਦਿੱਤੇ।ਜਿਹੜੇ ਵਿਅਕਤੀ ਨੇ ਸਰਪੰਚ ਬਣਨ ਲਈ ਰਾਜ ਕਰਦੀ ਧਿਰ ਨੂੰ ਪੈਸੇ ਚਾੜ੍ਹ 'ਤੇ ਉਸ ਨੂੰ ਸਰਪੰਚ ਨਾਮਜ਼ਦ ਕਰ ਦਿੱਤਾ ਗਿਆ।ਇਸ ਵਾਰ ਪੰਜਾਬ ਦੀ ਸਰਕਾਰ ਇਸ ਆਪਹੁਦਰੇ ਵਰਤਾਰੇ ਨੂੰ ਰੋਕੇ ਕਿਉਂਕਿ ਇਹ ਜਮਹੂਰੀਅਤ ਨਾਲ ਖਿਲਵਾੜ ਹੈ।ਆਗੂ ਨੇ ਆਪਣੇ ਵਰਕਰਾਂ ਨੂੰ ਕਿਹਾ ਕਿ ਸੀ. ਪੀ. ਆਈ. ਨੂੰ ਲੋਕਾਂ ਦੇ ਹਾਣ ਦੀ ਪਾਰਟੀ ਬਣਾਉਣ ਵਾਸਤੇ ਫਰਾਖਦਿਲੀ ਨਾਲ ਕੰਮ ਕਰਨਾ ਚਾਹੀਦਾ ਹੈ।ਸੀ. ਪੀ. ਆਈ. ਹੀ ਲੋਕਾਂ ਨੂੰ ਖੁਸ਼ਹਾਲੀ ਭਰਿਆ ਰਾਜ ਪ੍ਰਬੰਧ ਦੇ ਸਕਦੀ ਹੈ।ਇਸ ਮੌਕੇ ਜਸਵੰਤ ਸਿੰਘ, ਮਖਤੂਲ ਸਿੰਘ ਸੂਰਵਿੰਡ, ਨਿਸ਼ਾਨ ਸਿੰਘ ਫੌਜੀ, ਟਹਿਲ ਸਿੰਘ ਲੱਧੂ, ਵੀਰੋ ਸਾਂਡਪੁਰਾ, ਅਸ਼ਵਨੀ ਸਿੱਧਵਾਂ, ਪਰਮਜੀਤ ਕੌਰ ਤੇ ਬਾਜ਼ ਸਿੰਘ ਮਾੜੀਮੇਘਾ ਨੇ ਵੀ ਸੰਬੋਧਨ ਕੀਤਾ।



## ਅਜ਼ਾਦੀ ਦੇ ਦਿਹਾੜੇ 'ਤੇ ਟਰੈਕਟਰ ਮਾਰਚ ਕੱਢਿਆ

**ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ)** ਸੰਯੁਕਤ ਕਿਸਾਨ ਮੋਰਚਾ ਦੀ ਕਾਲ ਤਹਿਤ 15 ਅਗਸਤ ਅਜ਼ਾਦੀ ਦੇ ਦਿਹਾੜੇ ਕਿਸਾਨ ਕਮੇਟੀ ਦੋਆਬਾ ਦੀ ਅਗਵਾਈ ਹੇਠ ਹਲਕਾ ਚੱਬੇਵਾਲ ਦੇ ਕਿਸਾਨ ਭਰਾਵਾਂ ਵੱਲੋਂ ਵਜੋਂ ਵਿਸ਼ਾਲ ਟਰੈਕਟਰ ਮਾਰਚ ਕੱਢਿਆ ਗਿਆ। ਪ੍ਰਧਾਨ ਕਿਸਾਨ ਆਗੂ ਸਤਵੀਰ ਸਿੰਘ ਦਿਹਾਣਾ ਨੇ ਦੱਸਿਆ ਕਿ ਕੇਂਦਰ ਸਰਕਾਰ ਪੰਜਾਬ ਦੇ ਕਿਸਾਨਾਂ ਨਾਲ ਧੱਕਾ ਕਰ ਰਹੀ ਹੈ।ਕਿਸਾਨਾਂ ਨੇ ਹਰਿਆਣਾ ਸੰਭੂ ਬਾਰਡਰ 'ਤੇ ਧਰਨਾ ਲਗਾਇਆ ਹੋਇਆ ਹੈ। ਕੇਂਦਰ ਸਰਕਾਰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਐਮ ਐਸ ਪੀ ਦਾ ਵਾਅਦਾ ਕਰ ਮੁਕਰ ਗਈ ਹੈ।ਰੋਸ ਵਜੋਂ ਹਲਕਾ ਚੱਬੇਵਾਲ ਦੇ ਸਮੂਹ ਕਿਸਾਨ ਭਰਾਵਾਂ ਵੱਲੋਂ ਅਜ਼ਾਦੀ ਦੇ ਦਿਹਾੜੇ ਮੌਕੇ ਪਿੰਡ ਖਨੌੜਾ, ਫੁਗਲਾਣਾ, ਮੇਹਟੀਆਣਾ, ਭੁੰਗਰਨੀ, ਪੰਡੋਰੀ ਕੱਦ, ਮੁੱਖਲਿਆਣਾ, ਰਾਜਪੁਰ ਭਾਈਆਂ, ਭਾਮ, ਚਿੱਤੋਂ, ਜੱਲੋਵਾਲ, ਬਿਹਾਲਾ, ਲਹਿਲੀ, ਭੀਲੋਵਾਲ ਅਤੇ ਚੱਬੇਵਾਲ ਤੱਕ ਟਰੈਕਟਰ ਰੋਸ ਮਾਰਚ ਕੱਢਿਆ ਗਿਆ। ਕਿਸਾਨ ਆਗੂ ਅਮਨਦੀਪ ਸਿੰਘ ਮੋਨਾ ਕਲਾਂ ਨੇ ਦੱਸਿਆ ਕਿ ਕਿਸਾਨ ਕਮੇਟੀ ਦੋਆਬਾ ਵੱਲੋਂ ਸ਼ੰਭੂ ਬਾਰਡਰ 'ਤੇ ਪੱਕੀ ਟਰਾਲੀ ਲਗਾਈ ਜਾਵੇਗੀ। ਇਸ ਮੌਕੇ ਉਪ ਪ੍ਰਧਾਨ ਚਰਨ ਸਿੰਘ, ਅਮਨਦੀਪ ਸਿੰਘ ਮੋਨਾ ਕਲਾਂ, ਕਰਨੈਲ ਸਿੰਘ, ਸਤਨਾਮ ਸਿੰਘ, ਜਸਵੀਰ ਸਿੰਘ ਜੱਸਾ ਦਿਹਾਣਾ , ਜਗਦੀਸ਼ ਸਿੰਘ ਸੋਨਾ ਦਿਹਾਣਾ, ਗਗਨਦੀਪ ਸਿੰਘ, ਮਨਮੋਹਨ ਸਿੰਘ, ਮਨਦੀਪ ਸਿੰਘ, ਸੁਖਪਾਲ ਸਿੰਘ, ਹਰਜਿੰਦਰ ਸਿੰਘ ਦਿਹਾਣਾ, ਜਸਵਿੰਦਰ ਸਿੰਘ, ਜਤਿੰਦਰ ਸਿੰਘ ਪ੍ਰਭਜੋਤ ਸਿੰਘ ਸਰਬਜੀਤ ਸਿੰਘ ਬੈਂਸ, ਅਜਮੇਹਰ ਸਿੰਘ ਆਦ ਹਾਜ਼ਰ ਸਨ।

**ਬਰਸੀ 'ਤੇ ਵਿਸ਼ੇਸ਼**

# ਸਰਦਾਰਨੀ ਹਰਬੰਸ ਕੌਰ ਸੱਗੂ ਤੇ ਜੰਗੀਰ ਸਿੰਘ ਸੁਤੰਤਰ



ਜੰਗੀਰ ਸਿੰਘ ਸੁਤੰਤਰ



ਮਾਤਾ ਹਰਬੰਸ ਕੌਰ ਸੱਗੂ

ਹਮੇਸ਼ਾ ਹੀ ਗਰੀਬ ਅਤੇ ਲੋੜਵੰਦ ਲੋਕਾਂ ਦੀ ਮਦਦ ਕਰਨ ਲਈ ਯਤਨਸ਼ੀਲ ਰਹਿਣ ਵਾਲੀ ਸ਼ਖ਼ਸੀਅਤ ਸਰਦਾਰਨੀ ਹਰਬੰਸ ਕੌਰ ਸੱਗੂ ਪਿਛਲੇ ਸਾਲ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ।ਮਾਤਾ ਹਰਬੰਸ ਕੌਰ ਸੱਗੂ ਦਾ ਜਨਮ ਅੱਜ ਤੋਂ 102 ਸਾਲ ਪਹਿਲਾਂ ਮਾਤਾ ਪਨੇਸਰੀ ਕੌਰ ਦੀ ਕੁੱਖੋਂ ਪਿਤਾ ਬਰਿਆਮ ਸਿੰਘ ਪਨੇਸਰ ਦੇ ਘਰ ਪਿੰਡ ਭਾਈ ਕੀ ਪਸ਼ੌਰ ਵਿਖੇ ਹੋਇਆ।ਆਪ ਦੀ ਸ਼ਾਦੀ ਸੁਨਾਮ ਦੇ ਉੱਘੇ ਜਰਨਲਿਸਟ ਅਤੇ ਸੁਤੰਤਰਤਾ ਸੈਨਾਨੀ ਮਰਹੂਮ ਜੰਗੀਰ ਸਿੰਘ ਸੁਤੰਤਰ ਨਾਲ ਹੋਈ।ਜੰਗੀਰ ਸਿੰਘ ਸੁਤੰਤਰ ਦੇ ਨਾਲ ਮਾਤਾ ਹਰਬੰਸ ਕੌਰ ਸੱਗੂ ਦਾ ਪੂਰਾ ਜੀਵਨ ਹੀ ਸੰਘਰਸ਼ਮਈ ਰਿਹਾ।ਮਾਤਾ ਜੀ ਆਪਣੇ ਨਿੱਘੇ ਅਤੇ ਮਿੱਠੇ ਸੁਭਾਅ ਕਾਰਨ ਨਾ ਕੇਵਲ ਆਪਣੇ ਪਰਵਾਰ ਜਾਂ ਰਿਸ਼ਤੇਦਾਰਾਂ, ਬਲਕਿ ਸਮਾਜ ਵਿੱਚ ਵੀ ਸਰਾਹੇ ਜਾਂਦੇ ਸਨ। ਪ੍ਰਮਾਤਮਾ ਵਿਚ ਅਟੁੱਟ ਵਿਸ਼ਵਾਸ ਰੱਖਣ ਵਾਲੇ ਮਾਤਾ ਹਰਬੰਸ ਕੌਰ ਸੱਗੂ ਇਕ ਸਮਾਜ ਸੇਵੀ ਦੇ ਨਾਲ-ਨਾਲ ਇਕ ਧਾਰਮਿਕ ਸ਼ਖਸੀਅਤ ਦੇ ਮਾਲਕ ਵੀ ਸਨ। ਮਾਤਾ ਜੀ ਨੇ ਆਪਣੀ ਲੰਮੀ ਉਮਰ ਵਿਚ ਹਮੇਸ਼ਾ ਹੀ ਸਰਬਤ ਦੇ ਭਲੇ ਦੀ ਹੀ ਕਾਮਨਾ ਕੀਤੀ ਅਤੇ ਹਰ ਕਿਸੇ ਦਾ ਭਲਾ ਹੀ ਕਰਨ ਦਾ ਯਤਨ ਕੀਤਾ।ਮਾਤਾ ਹਰਬੰਸ ਕੌਰ ਸੱਗੂ ਕੋਲ ਕਈ ਦੇਸੀ ਨੁਸਖੇ ਵੀ ਸਨ, ਜਿਸ ਨਾਲ ਉਨ੍ਹਾ ਹਮੇਸ਼ਾ ਲੋਕਾਂ ਦਾ ਮੁਫਤ ਇਲਾਜ ਕੀਤਾ।ਇਸ ਦੇ ਨਾਲ ਹੀ ਆਪ ਨੇ ਆਪਣੇ ਸਾਰੇ ਬੱਚਿਆਂ ਨੂੰ ਲਾਡ-ਪਿਆਰ ਅਤੇ ਚਾਵਾਂ ਨਾਲ ਪਰਵਰਿਸ਼ ਕਰਨ ਦੇ ਨਾਲ-ਨਾਲ ਜੀਵਨ ਵਿੱਚ ਬੁਲੰਦੀਆਂ ਛੂਹਣ ਦੇ ਸਮਰੱਥ ਵੀ ਬਣਾਇਆ। ਮਾਤਾ ਜੀ ਦੇ ਜਾਣ ਨਾਲ ਸੱਗੂ ਪਰਵਾਰ ਅਤੇ ਸਮਾਜ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਜਿਸ ਨੂੰ ਕਦੇ ਪੂਰਾ ਨਹੀ ਕੀਤਾ ਜਾ ਸਕਦਾ। ਮਾਤਾ ਹਰਬੰਸ ਕੌਰ ਸੱਗੂ ਦੀ ਪਹਿਲੀ ਬਰਸੀ ਤੇ ਜੰਗੀਰ ਸਿੰਘ ਸੁਤੰਤਰ ਦੀ ਛੇਵੀਂ ਬਰਸੀ 18 ਅਗਸਤ (ਐਤਵਾਰ) ਨੂੰ ਵਿਸ਼ਵਕਰਮਾ ਭਵਨ, ਨੇੜੇ ਰੇਲਵੇ ਫਾਟਕ (ਬੱਸ ਸਟੈਂਡ) ਸੁਨਾਮ ਵਿਖੇ ਸਵੇਰੇ 11 ਵਜੇ ਮਨਾਈ ਜਾਵੇਗੀ।

## ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੀ ਤਹਿਸੀਲ ਕਮੇਟੀ ਬਾਬਾ ਬਕਾਲਾ ਸਾਹਿਬ ਦੀ ਮੀਟਿੰਗ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਤਹਿਸੀਲ ਕਮੇਟੀ ਬਾਬਾ ਬਕਾਲਾ ਸਾਹਿਬ ਦੀ ਮੀਟਿੰਗ ਤਹਿਸੀਲ ਪ੍ਰਧਾਨ ਕਾਮਰੇਡ ਜੱਥੇਦਾਰ ਕੁਲਦੀਪ ਸਿੰਘ ਜੱਬੋਵਾਲ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਬਾਬਾ ਬਕਾਲਾ ਸਾਹਿਬ ਦੇ ਸਰੋਵਰ ਹਾਲ ਵਿਖੇ ਹੋਈ।ਜਨਰਲ ਸਕੱਤਰ ਕਾਮਰੇਡ ਜਗੀਰ ਸਿੰਘ ਸਰਜਾ ਨੇ ਦੱਸਿਆ ਕਿ ਇਸ ਮੀਟਿੰਗ ਨੂੰ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਜ਼ਿਲ੍ਹਾ ਅੰਮ੍ਰਿਤਸਰ ਦੇ ਜਨਰਲ ਸਕੱਤਰ ਕਾਮਰੇਡ ਜਸਬੀਰ ਸਿੰਘ ਝਬਾਲ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਆਜ਼ਾਦੀ ਦੀ ਵਰ੍ਹੇਗੰਢ ਬੜੇ ਚਾਵਾਂ ਨਾਲ ਮਨਾ ਰਹੇ ਹਾਂ।ਇਹ ਆਜ਼ਾਦੀ ਸਾਨੂੰ ਬਹੁਤ ਮਹਿੰਗੀ ਮਿਲੀ ਹੈ। ਇਸ ਮੀਟਿੰਗ ਨੂੰ ਪਾਰਟੀ ਸੀਪੀਆਈਐੱਮ ਤਹਿਸੀਲ ਬਾਬਾ ਬਕਾਲਾ ਦੇ ਸਕੱਤਰ ਕਾਮਰੇਡ ਗੁਰਦੀਪ ਸਿੰਘ ਬੁਤਾਲਾ ਨੇ ਸੰਬੋਧਨ ਕਰਦੇ ਹੋਏ ਕਿਹਾ ਭਾਂਵੇ ਕਿ ਸਾਡਾ ਦੇਸ਼ ਰਵਾਇਤੀ ਤੌਰ 'ਤੇ ਆਜ਼ਾਦ ਹੋ ਗਿਆ ਪਰ ਦੇਸ਼ ਨੂੰ ਆਜ਼ਾਦ ਕਰਾਉਣ ਵਾਲੇ ਮਹਾਨ ਸ਼ਹੀਦਾਂ ਵਲੋਂ ਸਿਰਜੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਰਹਿਤ ਸਮਾਜ ਦੀ ਸਿਰਜਣਾ ਅੱਜ ਵੀ ਬਰਕਰਾਰ ਹੈ।ਇਸ ਮੀਟਿੰਗ ਵਿੱਚ ਸਾਥੀ ਜੱਥੇਦਾਰ ਕਰਤਾਰ ਸਿੰਘ ਛੱਜਲਵੱਡੀ, ਜੱਥੇਦਾਰ ਜੱਗਾ ਸਿੰਘ ਬੁਤਾਲਾ, ਬਲਦੇਵ ਸਿੰਘ ਡੇਹਰੀਵਾਲ, ਦਰਸ਼ਨ ਸਿੰਘ ਬਿਆਸ, ਕੁਲਦੀਪ ਸਿੰਘ, ਬੂਟਾ ਸਿੰਘ ਮੱਧੇਪੁਰ, ਗੁਰਦੇਵ ਸਿੰਘ ਜਸਪਾਲ, ਫਤਿਹ ਸਿੰਘ, ਕੁਲਵਿੰਦਰ ਸਿੰਘ ਜੋਧਾਨਗਰੀ, ਮਹਿੰਦਰ ਸਿੰਘ ਮਹਿਤਾ, ਕਾਮਰੇਡ ਦਾਰਾ ਸਿੰਘ ਚੌਕ ਮਹਿਤਾ, ਕਾਮਰੇਡ ਦਲਬੀਰ ਸਿੰਘ ਧੂਲਕਾ ਅਤੇ ਰਣਜੋਧਬੀਰ ਸਿੰਘ ਆਦਿ ਸ਼ਾਥੀ ਹਾਜ਼ਰ ਸਨ।

## ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਰੱਖੜੀ ਦਾ ਤਿਉਹਾਰ ਮਨਾਇਆ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਵਿਖੇ ਰੱਖੜੀ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ ਗਿਆ। ਮੈਡਮ ਸਰਬਜੀਤ ਕੌਰ ਵੱਲੋਂ ਬੱਚਿਆਂ ਨੂੰ ਰੱਖੜੀ ਦੇ ਤਿਉਹਾਰ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ। ਵੱਖ-ਵੱਖ ਜਮਾਤਾਂ ਵਿੱਚ ਵੱਖ-ਵੱਖ ਗਤੀਵਿਧੀਆਂ ਜਿਵੇਂ ਥਾਲੀ ਡੈਕੋਰੇਸ਼ਨ, ਰਾਖੀ ਮੇਕਿੰਗ ਆਦਿ ਕਰਵਾਈਆਂ ਗਈਆਂ। ਸਕੂਲ ਦੇ ਪ੍ਰਿੰ. ਅਨੁਰੀਤ ਬਾਵਾ ਨੇ ਵਿਦਿਆਰਥੀਆਂ ਨੂੰ ਅੱਜਕੱਲ ਦੇ ਵਪਾਰਿਕ ਯੁੱਗ ਵਿੱਚ ਭੈਣ-ਭਰਾ ਦੇ ਰਿਸ਼ਤੇ ਦੀ ਕਦਰ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਇਹ ਪਵਿੱਤਰ ਤਿਉਹਾਰ ਭੈਣ-ਭਰਾਵਾਂ ਦੇ ਪਿਆਰ ਦਾ ਪ੍ਰਤੀਕ ਹੈ, ਇਸ ਲਈ ਸਾਨੂੰ ਇਹ ਤਿਉਹਾਰ ਰਲ-ਮਿਲ ਕੇ ਮਨਾਉਣਾ ਚਾਹੀਦਾ ਹੈ।



## ਏਟਕ ਦੇ ਸੂਬਾ ਆਗੂ ਦਰਸ਼ਨ ਲਾਲ ਨੂੰ ਪੁਲਸ ਹਿਰਾਸਤ 'ਚ ਰੱਖਣ ਦੀ ਜ਼ੋਰਦਾਰ ਨਿੰਦਾ

**ਤਰਨ ਤਾਰਨ (ਨਜ਼ਸ)**—ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਰਜਿਸਟਰਡ ਨੰਬਰ 41 ਦੀ ਸੂਬਾ ਕਮੇਟੀ ਨੇ ਆਜ਼ਾਦੀ ਦਿਹਾੜੇ 'ਤੇ ਮੋਗਾ ਪੁਲਸ ਵੱਲੋਂ ਜਥੇਬੰਦੀ ਦੇ ਸੂਬਾ ਡਿਪਟੀ ਜਨਰਲ ਸਕੱਤਰ ਦਰਸ਼ਨ ਲਾਲ ਨੂੰ ਬਿਨਾਂ ਕਿਸੇ ਕਾਰਣ ਤੋਂ ਡਿਊਟੀ ਤੇ ਤਾਇਨਾਤੀ ਸਮੇਂ ਗ੍ਰਿਫਤਾਰ ਕਰਕੇ ਪੂਰਾ ਦਿਨ ਨਜਾਇਜ਼ ਹਿਰਾਸਤ ਵਿੱਚ ਰੱਖਣ ਦੀ ਜ਼ੋਰਦਾਰ ਨਿੰਦਾ ਕੀਤੀ ਹੈ। ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਅਤੇ ਜਨਰਲ ਸਕੱਤਰ ਸਰਿੰਦਰ ਪਾਲ ਸਿੰਘ ਲਹੌਰੀਆ ਨੇ ਸਾਂਝੇ ਪ੍ਰੈੱਸ ਬਿਆਨ ਰਾਹੀਂ ਡੀਜੀਪੀ ਪੰਜਾਬ ਅਤੇ ਮੁੱਖ ਮੰਤਰੀ ਪੰਜਾਬ ਕੋਲੋਂ ਮੰਗ ਕੀਤੀ ਕਿ ਸੂਬਾ ਆਗੂ ਨੂੰ ਨਜਾਇਜ ਗ੍ਰਿਫਤਾਰ ਕਰਨ ਦੀ ਉਚ ਪੱਧਰੀ ਪੜਤਾਲ ਕਰਵਾਈ ਜਾਵੇ। ਆਗੂਆਂ ਨੇ ਕਿਹਾ ਕਿ ਮੋਗਾ ਪੁਲਸ ਵੱਲੋ ਅੱਤਵਾਦ ਦੇ ਦਿਨਾਂ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ ਕਿਉਂਕਿ ਕਿਸੇ ਸਰਕਾਰੀ ਕਰਮਚਾਰੀ ਅਤੇ ਜਥੇਬੰਦੀ ਦੇ ਜ਼ਿੰਮੇਵਾਰ ਆਗੂ ਨੂੰ ਬਿਨਾਂ ਕਿਸੇ ਦਲੀਲ ਦੇ ਉਸ ਦਾ ਪੱਖ ਸੁਣੇ ਬਗੈਰ ਧਾੜਵੀਆਂ ਦੀ ਤਰ੍ਹਾਂ ਗ੍ਰਿਫਤਾਰ ਕਰਕੇ ਪੂਰਾ ਦਿਨ ਨਜਾਇਜ ਹਿਰਾਸਤ ਵਿੱਚ ਰੱਖ ਕੇ ਮਾਨਸਿਕ ਤੌਰ ਤੇ ਪ੍ਰੇਸ਼ਾਨ ਕਰਨਾ ਸਰਾਸਰ ਗਲਤ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਪੁਲਸ ਅਪਰਾਧੀਆਂ ਨੂੰ ਗ੍ਰਿਫਤਾਰ ਕਰਨ ਲਈ ਤਾਂ ਹਮੇਸ਼ਾ ਜੱਕੋਤੱਕੀ ਵਿੱਚ ਰਹਿੰਦੀ ਹੈ ਪਰ ਆਮ ਨਾਗਰਿਕ ਨੂੰ ਬਹੁਤ ਜਲਦੀ ਸੂਲੀ ਟੰਗ ਦਿੰਦੀ ਹੈ। ਪੰਜਾਬ ਸਰਕਾਰ ਨੂੰ ਪੁਲਸ ਦੇ ਇਸ ਤਰ੍ਹਾਂ ਦੇ ਵਤੀਰੇ ਨੂੰ ਨੱਥ ਪਾਉਣੀ ਚਾਹੀਦੀ ਹੈ।

## ਪੀ ਟੀ ਯੂ ਕੈਂਪਸ ਦੋਦਵਾਂ ਦੀਨਾਨਗਰ ਨੂੰ ਮੁੜ ਚਾਲੂ ਕਰਨ ਦੀ ਮੰਗ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**—ਹਲਕਾ ਦੀਨਾਨਗਰ ਅਧੀਨ ਆਉਂਦੇ ਪੀ. ਟੀ. ਯੂ. ਕੈਂਪਸ ਦੋਦਵਾਂ ਦੀਨਾਨਗਰ ਨੂੰ ਦੁਬਾਰਾ ਤੋਂ ਚਾਲੂ ਕਰਾਉਣ ਲਈ ਲੋਕ ਸੇਵਾ ਦਲ ਰਜਿ. ਦੇ ਪ੍ਰਧਾਨ ਸੁਖਵਿੰਦਰ ਸਿੰਘ ਪਾਹੜਾ ਵਲੋਂ ਹਰਜੋਤ ਸਿੰਘ ਬੈਂਸ ਤਕਲਿਕੀ ਸਿੱਖਿਆ ਮੰਤਰੀ ਪੰਜਾਬ ਨੂੰ ਮੰਗ ਪੱਤਰ ਐੱਸਡੀਐੱਮ ਦੀਨਾਨਗਰ ਰਾਹੀਂ ਭੇਜਿਆ ਗਿਆ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਲੋਕ ਸੇਵਾ ਦਲ ਰਜਿ ਦੇ ਪ੍ਰਧਾਨ ਸੁਖਵਿੰਦਰ ਸਿੰਘ ਪਾਹੜਾ ਨੇ ਦੱਸਿਆ ਕਿ ਕੁੱਝ ਸਾਲ ਪਹਿਲਾਂ ਪੀ.ਟੀ.ਯੂ. ਕੈਂਪਸ ਦੋਦਵਾਂ 15 ਏਕੜ ਵਿੱਚ ਖੋਲ੍ਹਿਆ ਗਿਆ ਸੀ ਅਤੇ ਉਸ ਸਮੇਂ ਇੱਥੇ ਪੰਜਾਬ ਟੈਕਨੀਕਲ ਯੂਨੀਵਰਸਿਟੀ ਦਾ ਕੈਂਪਸ ਚਲਦਾ ਸੀ ਅਤੇ ਇਸ 'ਚ ਕਈ ਕੋਰਸ ਸਨ ਪਰ ਇਹ ਕੈਂਪਸ ਰਾਜਨੀਤਿਕ ਲੋਕਾਂ ਦੀ ਆਪਸੀ ਰੰਜਿਸ਼ ਕਰਕੇ ਬੰਦ ਕਰ ਦਿੱਤਾ ਗਿਆ। ਫਿਰ ਇਸ ਕੈਂਪਸ ਨੂੰ ਸਰਕਾਰ ਹੀ ਆਈ. ਟੀ. ਆਈ. ਅਤੇ ਪੋਲੀਟੈਕਨਿਕ ਕਾਲਜ ਵਿੱਚ ਕਨਵਰਟ ਕਰ ਦਿੱਤਾ ਗਿਆ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਬਾਰਡਰ ਏਰੀਏ ਦੇ ਬੱਚਿਆਂ ਦੇ ਭਵਿੱਖ ਨੂੰ ਉਜਵਲ ਬਣਾਉਣ ਲਈ ਪੀਟੀਯੂ ਦੋਦਵਾਂ ਕੈਂਪਸ ਦੁਬਾਰਾ ਚਾਲੂ ਕਰਕੇ ਨਵੇਂ ਕੋਰਸਾਂ ਦੇ ਦਾਖਲੇ ਖੋਲ੍ਹ ਕੇ ਇਲਾਕੇ ਦੇ ਲੋਕਾਂ ਨੂੰ ਖੁਸ਼ਖਬਰੀ ਦਿੱਤੀ ਜਾਵੇ। ਇਸ ਮੌਕੇ ਜੋਗਿੰਦਰ ਸਿੰਘ, ਤਰਸੇਮ, ਮਨਜੀਤ ਸਿੰਘ, ਸੋਹਣ ਲਾਲ, ਰਾਮ ਲਾਲ, ਵਿਨੋਦ ਕੁਮਾਰ ਆਦਿ ਹਾਜ਼ਰ ਸਨ।

## ਡਾ. ਓਬਰਾਏ ਦੇ ਯਤਨਾਂ ਸਦਕਾ ਮੁਹੰਮਦ ਰਫ਼ੀਕ ਦਾ ਮ੍ਰਿਤਕ ਸਰੀਰ ਭਾਰਤ ਪੁੱਜਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ. ਐੱਸ. ਪੀ. ਸਿੰਘ ਓਬਰਾਏ ਦੇ ਯਤਨਾਂ ਸਦਕਾ ਬੀਤੇ ਦਿਨ ਮਲੇਰਕੋਟਲਾ ਨੇੜਲੇ ਪਿੰਡ ਮਹੌਲੀ ਖੁਰਦ ਦੇ 38 ਸਾਲਾ ਮੁਹੰਮਦ ਰਫ਼ੀਕ ਪੁੱਤਰ ਮੁਹੰਮਦ ਸਤਾਰ ਦਾ ਮ੍ਰਿਤਕ ਸਰੀਰ ਦੁਬਈ ਤੋਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਪਹੁੰਚਿਆ।ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ. ਓਬਰਾਏ ਨੇ ਦੱਸਿਆ ਕਿ ਮੁਹੰਮਦ ਰਫ਼ੀਕ ਵੀ ਹੋਰਨਾਂ ਨੌਜਵਾਨਾਂ ਵਾਂਗ ਆਪਣੇ ਬਿਹਤਰ ਭਵਿੱਖ ਦੇ ਸੁਪਨੇ ਲੈ ਕੇ ਵੱਖ-ਵੱਖ ਖਾੜੀ ਮੁਲਕਾਂ 'ਚ ਕੰਮ ਕਰਨ ਦੁਬਈ ਆਇਆ ਸੀ ਜਿਸ ਦੀ 19 ਜੁਲਾਈ ਨੂੰ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ।ਡਾ.ਓਬਰਾਏ ਡਾ. ਉਬਰਾਏ ਨੇ ਦੱਸਿਆ ਕਿ ਮ੍ਰਿਤਕ ਦੇ ਪਰਿਵਾਰ ਨੂੰ ਜਾਣਕਾਰੀ ਦੇਣ ਉਪਰੰਤ ਉਨ੍ਹਾਂ ਨੇ ਆਪਣੇ ਨਿੱਜੀ ਸਕੱਤਰ ਬਲਦੀਪ ਸਿੰਘ ਚਾਹਲ ਦੀ ਦੇਖ-ਰੇਖ 'ਚ ਦੁਬਈ ਸਥਿਤ ਭਾਰਤੀ ਦੂਤਾਵਾਸ ਦੇ ਸਹਿਯੋਗ ਨਾਲ ਸਾਰੀ ਲੋੜੀਂਦੀ ਕਾਗਜ਼ੀ ਕਾਰਵਾਈ ਮੁਕੰਮਲ ਕਰਵਾ ਕੇ ਮੁਹੰਮਦ ਰਫ਼ੀਕ ਦਾ ਮ੍ਰਿਤਕ ਸਰੀਰ ਭਾਰਤ ਭੇਜਿਆ ਹੈ।ਰਫ਼ੀਕ ਦੇ ਪਰਿਵਾਰਕ ਮੈਂਬਰਾਂ ਨੇ ਡਾ. ਓਬਰਾਏ ਦਾ ਇਸ ਵੱਡੇ ਉਪਰਾਲੇ ਲਈ ਸ਼ੁਕਰਾਨਾ ਕੀਤਾ।

## ਤੀਆਂ ਨੂੰ ਸਮਰਪਿਤ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਬਾਲ ਵਿੱਦਿਆ ਮਾਡਰਨ ਹਾਈ ਸਕੂਲ ਧਾਰੀਵਾਲ ਵਿਖੇ ਦੇਸ ਦੇ 78ਵੇਂ ਆਜ਼ਾਦੀ ਦਿਵਸ ਅਤੇ ਤੀਆਂ ਦੇ ਤਿਉਹਾਰ ਨੂੰ ਸਮਰਪਿਤ ਪ੍ਰਭਾਵਸ਼ਾਲੀ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ। ਇਸ ਮੌਕੇ ਸਭ ਤੋਂ ਪਹਿਲਾਂ ਸਕੂਲ ਦੇ ਪ੍ਰਿੰ. ਰੁਪਿੰਦਰ ਕੌਰ ਕਾਹਲੋਂ ਦੁਆਰਾ ਤਿਰੰਗਾ ਝੰਡਾ ਲਹਿਰਾਇਆ ਗਿਆ ਅਤੇ ਸਮੁੱਚੇ ਸਟਾਫ ਅਤੇ ਵਿਦਿਆਰਥੀਆਂ ਵਲੋਂ ਰਾਸ਼ਟਰੀ ਗਾਨ ਗਾਇਨ ਕੀਤਾ। ਉਪਰੰਤ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਵਲੋਂ ਕੋਰੀਓਗ੍ਰਾਫੀ ਅਤੇ ਸਕਿੱਟਾਂ ਦੀ ਪੇਸ਼ਕਾਰੀ ਦੁਆਰਾ ਸ਼ਹੀਦੀ ਪ੍ਰਵਾਨਿਆਂ ਨੂੰ ਯਾਦ ਕੀਤਾ ਅਤੇ ਇਸ ਤੋਂ ਇਲਾਵਾ ਗਿੱਧਾ, ਭੰਗੜਾ ਆਦਿ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਕੇ ਖੂਬ ਰੰਗ ਬੰਨ੍ਹਿਆ। ਇਸ ਮੌਕੇ ਪ੍ਰਿੰ. ਰੁਪਿੰਦਰ ਕੌਰ ਕਾਹਲੋਂ ਨੇ ਆਜ਼ਾਦੀ ਦਿਵਸ ਦੀ ਸਮੂਹ ਹਾਜਰੀਨ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਦੇਸ ਪ੍ਰਤੀ ਪਿਆਰ ਸਤਿਕਾਰ ਦੀ ਭਾਵਨਾ ਬਣਾਈ ਰੱਖਣ ਦਾ ਸੰਦੇਸ਼ ਦਿੱਤਾ। ਇਸ ਮੌਕੇ ਮੰਚ ਸੰਚਾਲਕ ਦੀ ਭੂਮਿਕਾ ਪਲਵਿੰਦਰ ਸਿੰਘ ਅਧਿਆਪਕ ਨੇ ਆਪਣੇ ਸੱਭਿਆਚਾਰਕ ਵਿਰਸ਼ੇ ਅਤੇ ਦੇਸ਼ ਦੀ ਆਜ਼ਾਦੀ ਲਈ ਲੜੇ ਸੰਘਰਸ਼ਾਂ ਬਾਰੇ ਜਾਣਕਾਰੀ ਦਿੰਦਿਆਂ ਬਾਖੂਬੀ ਨਿਭਾਈ। ਪ੍ਰੋਗਰਾਮ ਵਿੱਚ ਸਕੂਲ ਦੇ ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਸਾਮਲ ਸਨ।

## ਬੀ. ਕਾਮ. ਸਮੈਸਟਰ ਦੂਜਾ ਤੇ ਚੌਥਾ ਦਾ ਨਤੀਜਾ ਰਿਹਾ ਸ਼ਾਨਦਾਰ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਦਾ ਬੀ. ਕਾਮ. ਸਮੈਸਟਰ ਦੂਜਾ ਅਤੇ ਚੌਥਾ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਲਜ ਪ੍ਰਿੰਸ. ਡਾ.ਗੁਰਜੀਤ ਸਿੰਘ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਐਲਾਨੇ ਗਏ ਨਤੀਜਿਆਂ ਵਿੱਚ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਬੀ.ਕਾਮ. ਸਮੈਸਟਰ ਦੂਜਾ ਦੀ ਵਿਦਿਆਰਥਣ ਮਹਿਕਦੀਪ ਕੌਰ ਅਤੇ ਜੈਸਮੀਨ ਕੌਰ ਨੇ 80% ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ, ਹਰਮਨਪ੍ਰੀਤ ਸਿੰਘ ਨੇ 70% ਨੰਬਰ ਲੈ ਕੇ ਦੂਜਾ ਅਤੇ ਸੁਮਰੀਤ ਕੌਰ, ਸੁਖਮਨਪਰੀਤ ਕੌਰ, ਰੌਬਿਨ ਸਿੰਘ ਨੇ 69% ਅੰਕ ਹਾਸਲ ਕਰਕੇ ਕਾਲਜ ਵਿੱਚੋਂ ਤੀਸਰਾ ਸਥਾਨ ਹਾਸਲ ਕੀਤਾ ਹੈ।



ਬੀ.ਕਾਮ. ਸਮੈਸਟਰ ਚੌਥਾ ਦੀ ਮੁਸ਼ਕਾਨ ਨੇ 66 ਪ੍ਰਤੀਸ਼ਤ, ਰਮਨਪ੍ਰੀਤ ਕੌਰ ਨੇ 65.7 ਪ੍ਰਤੀਸ਼ਤ ਅਤੇ ਮਾਨਿਕ ਨੇ 65 ਪ੍ਰਤੀਸ਼ਤ ਅੰਕ ਹਾਸਲ ਕਰਕੇ ਕਾਲਜ ਵਿੱਚੋਂ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਸਰਾ ਸਥਾਨ ਹਾਸਲ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ। ਪ੍ਰਿੰ. ਡਾ.ਗੁਰਜੀਤ ਸਿੰਘ ਨੇ ਚੰਗੇ ਨੰਬਰ ਲੈ ਕੇ ਸੰਸਥਾ ਦਾ ਨਾਮ ਰੌਸ਼ਨ ਕਰਨ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੇ ਉਜ਼ਵਲ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਨੇ ਆਸ ਪ੍ਰਗਟਾਈ ਕਿ ਭਵਿੱਖ ਵਿੱਚ ਵਿਦਿਆਰਥੀ ਹੋਰ ਜ਼ਿਆਦਾ ਮਿਹਨਤ ਕਰਕੇ ਕਾਲਜ ਦਾ ਨਾਮ ਰੌਸ਼ਨ ਕਰਨਗੇ। ਇਸ ਮੌਕੇ ਕਾਲਜ ਦੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## ਸਿੱਖ ਨੈਸ਼ਨਲ ਕਾਲਜ ਕਾਦੀਆਂ 'ਚ ਆਜ਼ਾਦੀ ਦਿਹਾੜੇ ਨੂੰ ਸਮਰਪਿਤ ਰੁੱਖ ਲਗਾਏ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਸਿੱਖ ਨੈਸ਼ਨਲ ਕਾਲਜ ਕਾਦੀਆਂ ਦੇ ਈਕੋ ਕਲੱਬ ਵੱਲੋਂ ਆਜ਼ਾਦੀ ਦਿਹਾੜੇ ਨੂੰ ਸਮਰਪਿਤ ਕਰਦਿਆਂ ਕਾਲਜ ਕੈਂਪਸ ਅੰਦਰ ਵੱਖ-ਵੱਖ ਕਿਸਮ ਦੇ ਛਾਂਦਾਰ ਤੇ ਫ਼ਲਦਾਰ ਰੁੱਖ ਲਗਾਏ ਗਏ।ਈਕੋ ਕਲੱਬ ਵੱਲੋਂ ਇਹ ਮੁਹਿੰਮ ਪ੍ਰਿੰ. ਡਾ. ਹਰਪ੍ਰੀਤ ਸਿੰਘ ਹੁੰਦਲ ਦੀ ਅਗਵਾਈ ਹੇਠ ਆਰੰਭ ਕੀਤੀ ਗਈ ਹੈ।ਇਸ ਮੁਹਿੰਮ ਦਾ ਉਦੇਸ਼ ਦੱਸਦਿਆਂ ਈਕੋ ਕਲੱਬ ਦੇ ਇੰਚਾਰਜ ਪ੍ਰੋ. ਰਾਕੇਸ਼ ਕੁਮਾਰ ਨੇ ਦੱਸਿਆ ਕਿ ਵਿਦਿਆਰਥੀ ਵਰਗ ਨੂੰ ਵਾਤਾਵਰਣ ਦੀ ਸ਼ੁੱਧਤਾ ਲਈ ਪ੍ਰੇਰਿਤ ਕਰਨਾ ਹੈ, ਦੇਸ਼ ਦੀ ਆਜ਼ਾਦੀ ਤੋਂ ਬਾਅਦ ਲਗਾਤਾਰ ਵਾਤਾਵਰਣ ਗੰਧਲਾ ਹੋ ਰਿਹਾ ਹੈ ਤੇ ਮਹਾਨਗਰਾਂ ਸਮੇਤ ਛੋਟੇ-ਵੱਡੇ ਸ਼ਹਿਰਾਂ ਅਤੇ ਕਸਬਿਆਂ ਅੰਦਰ ਵਾਤਾਵਰਣ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਇਨ੍ਹਾਂ ਸਮੱਸਿਆਵਾਂ ਪ੍ਰਤੀ ਨੌਜਵਾਨ ਵਰਗ ਨੂੰ ਜਾਗ੍ਰਿਤ ਕਰਨ ਲਈ ਇਹ ਮੁਹਿੰਮ ਸ਼ੁਰੂ ਕੀਤੀ ਗਈ ਹੈ।ਵਿਦਿਆਰਥੀਆਂ ਦੇ ਨਾਲ ਮਾਲੀ ਅਰਜਨ ਸਿੰਘ, ਗੋਪਾਲ ਸਿੰਘ, ਬਲਵਿੰਦਰ ਸਿੰਘ, ਮਦਨ ਲਾਲ ਆਦਿ ਨਾਨ-ਟੀਚਿੰਗ ਸਟਾਫ਼ ਦੇ ਮੈਂਬਰ ਵੀ ਹਾਜ਼ਰ ਸਨ।

## ਬੰਦੀ ਸਿੰਘਾਂ ਦੇ ਮਾਮਲੇ 'ਚ ਕੇਂਦਰ ਸਰਕਾਰ ਸਿੱਖਾਂ ਨਾਲ ਜਾਣਬੁੱਝ ਕੇ ਕਰ ਰਹੀ ਹੈ ਬੇਇਨਸਾਫ਼ੀ : ਧਾਮੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਹੋਈ ਇਕੱਤਰਤਾ ਦੌਰਾਨ ਮਤਾ ਪਾਸ ਕਰਕੇ ਬੰਦੀ ਸਿੰਘਾਂ ਦੇ ਮਾਮਲੇ ਵਿਚ ਜਿਥੇ ਭਾਰਤ ਸਰਕਾਰ ਨੂੰ ਤਿੱਖੇ ਸਵਾਲ ਕੀਤੇ ਗਏ, ਉਥੇ ਹੀ ਸਮੁੱਚੇ ਮਾਮਲੇ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਰਿਪੋਰਟ ਭੇਜਣ ਦਾ ਵੀ ਫੈਸਲਾ ਕੀਤਾ ਗਿਆ।ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਭਾਰਤ ਸਰਕਾਰ ਸਿੱਖਾਂ ਨਾਲ ਜਾਣਬੁੱਝ ਕੇ ਧੱਕਾ ਅਤੇ ਬੇਇਨਸਾਫ਼ੀ ਕਰ ਰਹੀ ਹੈ।ਐਡਵੋਕੇਟ ਧਾਮੀ ਨੇ ਕਿਹਾ ਕਿ ਅੰਤ੍ਰਿੰਗ ਕਮੇਟੀ ਦੀ ਬੈਠਕ ਵਿਚ ਇਹ ਮਾਮਲਾ ਗੰਭੀਰ ਰੂਪ ਵਿਚ ਵਿਚਾਰਿਆ ਗਿਆ ਹੈ ਅਤੇ ਸਮੁੱਚੇ ਤੌਰ 'ਤੇ ਇਹ ਸਹਿਮਤੀ ਬਣੀ ਹੈ ਕਿ ਇਸ ਸਬੰਧ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵਿਸਥਾਰਤ ਰਿਪੋਰਟ ਭੇਜੀ ਜਾਵੇ, ਤਾਂ ਜੋ ਸਿੰਘ ਸਾਹਿਬਾਨ ਕੌਮੀ ਭਾਵਨਾਵਾਂ ਅਨੁਸਾਰ ਅਗਵਾਈ ਦੇਣ।ਉਨ੍ਹਾਂ ਕਿਹਾ ਕਿ ਭਾਵੇਂ ਸ਼੍ਰੋਮਣੀ ਕਮੇਟੀ ਲੰਮੇ ਅਰਸੇ ਤੋਂ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਆਵਾਜ਼ ਉਠਾ ਰਹੀ ਹੈ ਅਤੇ ਹਰ ਪੱਧਰ 'ਤੇ ਚਾਰਾਜੋਈ ਕਰ ਰਹੀ ਹੈ ਪ੍ਰੰਤੂ ਦੁਖਦਾਈ ਪਹਿਲੂ ਇਹ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਭਾਈ ਰਾਜੋਆਣਾ ਅਤੇ ਹੋਰ ਬੰਦੀ ਸਿੰਘਾਂ ਦੇ ਮਾਮਲਿਆਂ ਸਬੰਧੀ ਬਣਾਈ ਗਈ ਪੰਜ ਮੈਂਬਰੀ ਕਮੇਟੀ ਵੱਲੋਂ ਲਗਾਤਾਰ ਕੀਤੇ ਗਏ ਯਤਨਾਂ ਦੇ ਬਾਵਜੂਦ ਵੀ ਕੇਂਦਰ ਸਰਕਾਰ ਵੱਲੋਂ ਕੋਈ ਹਾਂਪੱਖੀ ਹੁੰਗਾਰਾ ਨਹੀਂ ਭਰਿਆ ਗਿਆ।



# ਤੀਆਂ ਦਾ ਤਿਉਹਾਰ ਮਨਾਇਆ

**ਆਦਮਪੁਰ (ਪਰਮਜੀਤ ਸਿੰਘ)**:- ਪੰਜਾਬ ਦੇ ਅਮੀਰ ਸਭਿਆਚਾਰ ਵਿੱਚ ਤੀਆਂ ਦੇ ਤਿਉਹਾਰ ਦਾ ਬਹੁਤ ਮਹੱਤਵ ਹੈ ਜਿਹੜਾ ਕਿ ਸਾਉਣ ਦੇ ਮਹੀਨੇ ਨਾਲ ਸ਼ੁਰੂ ਹੁੰਦਾ ਹੈ। ਤੀਆਂ ਦੇ ਆਉਂਦੇ ਹੀ ਲੜਕੀਆਂ ਦੇ ਮਨ ਵਿਚ ਚਾਅ ਭਰ ਜਾਂਦਾ ਹੈ।ਲੜਕੀਆਂ ਅਤੇ ਔਰਤਾਂ ਨੇ ਇਕੱਠੀਆਂ ਹੋ ਕੇ ਸਰਕਾਰੀ ਪ੍ਰਾਇਮਰੀ ਸਕੂਲ ਸਲਾਲਾ ਦੀ ਗਰਾਊਂਡ ਵਿੱਚ ਤੀਆਂ ਦਾ ਤਿਉਹਾਰ ਮਨਾਇਆ। ਉਨ੍ਹਾਂ ਵਲੋਂ ਬੋਲੀਆਂ ਪਾ ਕੇ ਧਮਾਲਾਂ ਪਾਈਆਂ ਗਈਆਂ। ਸਮਾਗਮ ਵਿੱਚ ਪੰਜਾਬੀ ਸੂਟ ਅਤੇ ਡੋਰੀਆਂ ਪਰਾਂਦਿਆਂ ਨਾਲ ਸਜੇ ਛੋਟੇ-ਛੋਟੇ ਨੰਨੇ-ਮੁੰਨੇ ਬੱਚਿਆਂ ਦੀਆਂ ਪੇਸ਼ਕਾਰੀਆਂ ਵੀ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀਆਂ।ਆਪਣੇ ਪੁਰਾਤਨ ਪੰਜਾਬੀ ਸਭਿਚਾਰ ਵਿਰਸੇ ਦੀ ਝਲਕ ਪੇਸ਼ ਤਾਜਾ ਕੀਤੀ ! ਤੀਆਂ ਦੇ ਤਿਉਹਾਰ ਨਾਲ ਸੰਬੰਧਿਤ ਤਰ੍ਹਾਂ ਤਰ੍ਹਾਂ ਦੇ ਪਕਵਾਨ ਖੀਰ,ਪੂੜੇ ਵੀ ਔਰਤਾਂ ਵਲੋਂ ਤਿਆਰ ਕਰ ਵਰਤਾਏ ਗਏ।ਇਸ ਮੌਕੇ ਪਿੰਡ ਦੀ ਸਰਪੰਚ ਭੁਪਿੰਦਰ ਕੌਰ ਨੇ ਆਖਿਆ ਕਿ ਤੀਆਂ ਦਾ ਤਿਉਹਾਰ ਸਮਾਜਿਕ ਸਾਂਝੀਵਾਲਤਾ ਦਾ ਪ੍ਰਤੀਕ ਹੈ ਸੋ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਬਣਾਉਂਦਾ ਹੈ। ਸਾਬਕਾ ਸਰਪੰਚ ਨੰਬਰਦਾਰ ਅਮਨਦੀਪ ਸਿੰਘ ਢਿੱਲੋਂ ਤੇ ਰਾਕੇਸ਼ ਕੁਮਾਰ ਵਲੋਂ ਸਮਾਗਮ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਤੇ ਔਰਤਾਂ ਨੂੰ ਇਸ ਸਮਾਗਮ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਮਨਜੀਤ ਕੌਰ,ਜੱਗੀ, ਜਸਵੀਰ ਕੌਰ, ਸੋਨੀਆਂ,ਰਾਜੇ, ਰਮਨਦੀਪ ਕੌਰ, ਰਾਜਦੀਪ ਕੌਰ,ਰਿੰਪੀ,ਰੀਨਾ, ਹਰਜਿੰਦਰ ਸਿੰਘ, ਸੁਖਦੇਵ ਸਿੰਘ, ਜਗਪ੍ਰੀਤ ਸਿੰਘ,ਮਨੀ,ਸੁੱਖੀ, ਬਰਿੰਦਰ ਸਿੰਘ ਅਤੇ ਪਿੰਡ ਦੀਆਂ ਲੜਕੀਆਂ ਅਤੇ ਔਰਤਾਂ ਹਾਜ਼ਰ ਸਨ।



## ਰਾਸ਼ਟਰੀ ਗੀਤ ਦਾ ਅਪਮਾਨ ਕਰਨ ਵਾਲੇ 'ਤੇ ਹੋਵੇ ਕਾਰਵਾਈ : ਇੰਜ. ਜੇ ਪੀ ਸਿੰਘ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-78ਵੇਂ ਆਜ਼ਾਦੀ ਦੇ ਦਿਹਾੜੇ ਮੌਕੇ ਝੰਡਾ ਚੜ੍ਹਾਉਣ ਦੀ ਰਸਮ ਉਪਰੰਤ ਇੱਕ ਸ਼ਖਸ ਨੇ ਰਾਸ਼ਟਰੀ ਗੀਤ ਦਾ ਉਚਾਰਨ ਕਰਦੇ ਹੋਏ ਉਸ ਦਾ ਅਪਮਾਨ ਕੀਤਾ ਜੋ ਕਿ ਸੋਸ਼ਲ ਮੀਡੀਆ ਉੱਤੇ ਬੜੀ ਤੇਜ਼ੀ ਨਾਲ ਵੀਡੀਓ ਵਾਇਰਲ ਹੋਈ, ਪਰ ਅਫਸੋਸ ਦੀ ਗੱਲ ਕਿ ਪੰਜਾਬ ਵਿੱਚ ਬਦਲਾਵ ਲਿਆਉਣ ਵਾਲੀ ਸਰਕਾਰ ਨੇ ਅਜੇ ਤੱਕ ਉਸ ਬੰਦੇ ਉਤੇ ਕੋਈ ਕਾਰਵਾਈ ਨਹੀਂ ਕੀਤੀ।ਇਹ ਪ੍ਰਗਟਾਵਾ ਦਿ ਹਿਊਮਨ ਰਾਈਟਸ ਸੁਰੱਕਸ਼ਾ ਸੋਸਾਇਟੀ ਦੇ ਪੰਜਾਬ ਪ੍ਰਧਾਨ ਇੰਜੀਨੀਅਰ ਜਤਿੰਦਰ ਪਾਲ ਸਿੰਘ ਜੇਪੀ ਨੇ ਧਾਰੀਵਾਲ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਕੀਤਾ।ਉਨ੍ਹਾਂ ਦੱਸਿਆ ਕਿ ਸਾਡੇ ਦੇਸ਼ ਦੀ ਸ਼ਾਨ ਤਿਰੰਗਾ ਝੰਡਾ ਤੇ ਰਾਸ਼ਟਰੀ ਗੀਤ ਜੋ ਕਿ ਹਰ ਭਾਰਤੀ ਲਈ ਮਾਨ ਸਨਮਾਨ ਦੀ ਗੱਲ ਹੈ। ਰਾਸ਼ਟਰੀ ਗੀਤ ਦੀ ਬੇਅਦਬੀ ਕਰਨ ਵਾਲੇ 'ਤੇ ਕੋਈ ਕਾਰਵਾਈ ਨਾ ਕਰਨ ਤੇ ਉਨ੍ਹਾਂ ਨੇ ਦੁੱਖ ਪ੍ਰਗਟ ਕਰਦਿਆਂ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਜ਼ਿਲ੍ਹਾ ਗੁਰਦਾਸਪੁਰ ਦੇ ਐੱਸਐੱਸਪੀ ਨੂੰ ਬੇਨਤੀ ਕੀਤੀ ਹੈ ਕਿ ਇਸ ਸ਼ਖਸ 'ਤੇ ਬਣਦੀਆਂ ਧਾਰਾਵਾਂ ਲਾ ਕੇ ਇਸ 'ਤੇ ਕਾਰਵਾਈ ਕੀਤੀ ਜਾਵੇ।

## ਵਜ਼ੀਰ ਭੁੱਲਰ ਦਾ ਲਖਵਿੰਦਰਜੀਤ ਸਿੰਘ ਸਟੇਟ ਐਵਾਰਡ ਨਾਲ ਸਨਮਾਨਤ



**ਰਈਆ (ਡੀ. ਕੇ. ਰੈੱਡੀ)**—ਪਿੰਡ ਵਜ਼ੀਰ ਭੁੱਲਰ ਦੇ ਨੌਜਵਾਨ ਲਖਵਿੰਦਰਜੀਤ ਸਿੰਘ ਉਰਫ਼ ਬੰਟੀ, ਸੀਨੀਅਰ ਸਹਾਇਕ (ਲੇਬਰ ਅਤੇ ਰੁਜ਼ਗਾਰ ਸ਼ਾਖਾ, ਗ੍ਰਹਿ-2), ਯੂ. ਟੀ., ਸਕੱਤਰੇਤ, ਚੰਡੀਗੜ੍ਹ ਨੂੰ ਗਵਰਨਰ ਆਫ ਪੰਜਾਬ ਐਂਡ ਪ੍ਰਬੰਧਕ ਆਫ ਚੰਡੀਗੜ੍ਹ ਵੱਲੋਂ 15 ਅਗਸਤ ਨੂੰ ਪਰੇਡ ਗਰਾਊਂਡ, ਸੈਕਟਰ-17, ਚੰਡੀਗੜ੍ਹ ਵਿਚ ਸਟੇਟ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਇਹ ਐਵਾਰਡ ਉਨ੍ਹਾਂ ਨੂੰ ਆਪਣੇ ਫੀਲਡ ਵਿਚ ਵਧੀਆ ਕਾਰਗੁਜ਼ਾਰੀ ਵਾਸਤੇ ਮਿਲਿਆ ਹੈ। ਇਹ ਐਵਾਰਡ ਮਿਲਣ ਨਾਲ ਉਨ੍ਹਾਂ ਦੇ ਪਿਤਾ ਅਸ਼ੋਕ ਕੁਮਾਰ ਤੇ ਮਾਤਾ ਦਾ ਮਾਣ ਨਾਲ ਸਿਰ ਉੱਚਾ ਹੋਇਆ। ਸਮੁੱਚੇ ਪਿੰਡ ਵਜ਼ੀਰ ਭੁੱਲਰ ਲਈ ਫਖਰ ਵਾਲੀ ਗੱਲ ਹੈ।

## ਆਜ਼ਾਦੀ ਦਿਹਾੜੇ ਮੌਕੇ ਸਕੂਲ ਨੂੰ ਵਾਟਰ ਕੂਲਰ ਭੇਟ ਤੇ ਬੱਚਿਆਂ ਨੂੰ ਸਟੇਸ਼ਨਰੀ ਵੰਡੀ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਐੱਨਆਰਆਈ ਯੂਥ ਕਲੱਬ ਸਲਾਹਪੁਰ ਦੇ ਸਹਿਯੋਗ ਨਾਲ ਸਰਕਾਰੀ ਮਿਡਲ ਅਤੇ ਪ੍ਰਾਇਮਰੀ ਸਕੂਲ ਸਲਾਹਪੁਰ ਵਿਖੇ ਆਜ਼ਾਦੀ ਦੀ 78ਵੀ ਵਰ੍ਹੇਗੰਢ ਬੜੀ ਧੂਮਧਾਮ ਨਾਲ ਮਨ੍ਹਾਈ ਗਈ। ਇਸ ਮੌਕੇ ਐੱਨਆਰਆਈ ਯੂਥ ਕਲੱਬ ਵੱਲੋਂ ਸਕੂਲ ਨੂੰ ਵਾਟਰ ਕੂਲਰ ਅਤੇ ਫਿਲਟਰ ਦਾਨ ਕੀਤਾ ਗਿਆ ਅਤੇ ਇਸ ਮੌਕੇ ਪਿੰਡ ਦੇ ਸਾਬਕਾ ਫੌਜੀਆਂ ਨੇ ਉਚੇਚੇ ਤੌਰ ਤੇ ਸ਼ਮੂਲੀਅਤ ਕੀਤੀ ਅਤੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਇਸ ਅਜਾਦੀ ਦਿਹਾੜੇ ਨੂੰ ਮੁਖ ਰੱਖਦਿਆਂ ਸਕੂਲ ਮੁਖੀ ਪਰਮਿੰਦਰ ਸਿੰਘ ਵੱਲੋਂ ਇਸ ਮੌਕੇ ਬੋਲਦਿਆਂ ਇਸ ਮਹਾਨ ਦਿਹਾੜੇ ਤੇ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਗਿਆ। ਪ੍ਰੋਗਰਾਮ ਵਿੱਚ ਪ੍ਰਵੀਨ ਥਾਪੁਰ ਮੈਥ ਮਾਸਟਰ, ਰਾਜਵਿੰਦਰ ਕੌਰ, ਗੁਰਮੀਤ ਕੌਰ, ਕੁਲਬੀਰ ਸਿੰਘ ਹੈੱਡਟੀਚਰ ਤੇ ਸਮੂਹ ਆਂਗਣਵਾੜੀ ਵਰਕਰ, ਮਿਡ ਡੇ ਮੀਲ ਵਰਕਰ ਹਾਜ਼ਰ ਸਨ।

## '47 ਦੀ ਵੰਡ ਦੌਰਾਨ ਜਾਨਾਂ ਗਵਾਉਣ ਵਾਲੇ ਲੱਖਾਂ ਪੰਜਾਬੀਆਂ ਦੀ ਯਾਦ 'ਚ ਸਮਾਗਮ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸੰਨ 1947 'ਚ ਦੇਸ਼ ਦੀ ਵੰਡ ਦੌਰਾਨ ਜਾਨਾਂ ਗਵਾਉਣ ਵਾਲੇ ਲੱਖਾਂ ਪੰਜਾਬੀਆਂ ਦੀ ਯਾਦ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਸਮਾਗਮ ਕਰਵਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ।ਅਰਦਾਸ ਭਾਈ ਪ੍ਰੇਮ ਸਿੰਘ ਨੇ ਕੀਤੀ ਅਤੇ ਸੰਗਤ ਨੂੰ ਪਾਵਨ ਹੁਕਮਨਾਮਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ ਨੇ ਸਰਵਣ ਕਰਵਾਇਆ।ਸਮਾਗਮ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ।

## ਸੈਕਟਰੀ ਗੁਰਭੇਜ ਸਿੰਘ ਨੂੰ ਸ਼ਰਧਾਂਜਲੀਆਂ ਭੇਟ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਸਰਪੰਚ ਅਮਰਜੀਤ ਸਿੰਘ ਬਘੇਲ ਸਿੰਘ ਵਾਲਾ ਦੇ ਭਰਾ ਸੈਕਟਰੀ ਗੁਰਭੇਜ ਸਿੰਘ ਜੋ ਕੁਝ ਦਿਨ ਪਹਿਲਾਂ ਗੁਰੂ ਚਰਨਾਂ ਵਿੱਚ ਜਾਂ ਬਿਰਾਜੇ ਸਨ, ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾਂ ਦੇ ਗ੍ਰਹਿ ਪਾਏ ਜਾਣ ਉਪ੍ਰੰਤ ਗੁਰਦੁਆਰਾ ਬਾਬਾ ਸਿਧਾਣਾ ਸਾਹਿਬ ਵਿਖੇ ਆਜੋਜਿਤ ਸ਼ਰਧਾਂਜਲੀ ਸਮਾਗਮ ਦੌਰਾਨ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਹਰਮਿੰਦਰ ਸਿੰਘ ਗਿੱਲ, ਸਾਬਕਾ ਵਿਧਾਇਕ ਸੁਖਪਾਲ ਸਿੰਘ ਭੁੱਲਰ ਤੋਂ ਇਲਾਵਾ ਸੈਂਕੜੇ ਸਨੇਹੀਆਂ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ।



## ਈ ਟੀ ਓ ਨੇ ਸੜਕ ਹਾਦਸੇ ਦੇ ਜ਼ਖਮੀਆਂ ਨੂੰ ਪਹੁੰਚਾਇਆ ਹਸਪਤਾਲ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਅੰਮ੍ਰਿਤਸਰ ਜੀ. ਟੀ. ਰੋਡ 'ਤੇ ਹੋਏ ਹਾਦਸੇ ਨੂੰ ਦੇਖ ਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਤੁਰੰਤ ਆਪਣਾ ਕਾਫਲਾ ਰੋਕਿਆ ਅਤੇ ਜ਼ਖਮੀਆਂ ਨੂੰ ਆਪਣੀ ਪਾਇਲਟ ਜਿਪਸੀ ਵਿੱਚ ਬਿਠਾ ਕੇ ਹਸਪਤਾਲ ਭੇਜਿਆ। ਉਨ੍ਹਾਂ ਸਮੂਹ ਜਨਤਾ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਸੜਕ 'ਤੇ ਕੋਈ ਵੀ ਸੜਕ ਹਾਦਸਾ ਵਾਪਰਿਆ ਦਿਖੇ ਤਾਂ ਜਲਦ ਤੋਂ ਜਲਦ ਜ਼ਖਮੀ ਨੂੰ ਨੇੜੇ ਦੇ ਹਸਪਤਾਲ ਵਿੱਚ ਪਹੁੰਚਾਉਣ ਵਿੱਚ ਮਦਦ ਕਰੋ। ਤੁਹਾਡਾ ਦੋ ਮਿੰਟ ਦਾ ਸਮਾਂ ਕਿਸੇ ਦੀ ਜਾਨ ਬਚਾ ਸਕਦਾ ਹੈ। ਉਨਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਵਲੋਂ ਵੀ ਸੜਕ ਹਾਦਸਿਆਂ ਦੇ ਜ਼ਖਮੀਆਂ ਨੂੰ ਬਚਾਉਣ ਲਈ ਸੜਕ ਸੁਰੱਖਿਆ ਫੋਰਸ ਜੀਟੀ ਰੋਡਾਂ ਉਪਰ ਤਾਇਨਾਤ ਕੀਤੀ ਗਈ ਹੈ, ਜੋ ਕਿਸੇ ਵੀ ਸੜਕੀ ਹਾਦਸੇ ਦਾ ਪਤਾ ਲੱਗਣ 'ਤੇ ਤੁਰੰਤ ਪਹੁੰਚ ਕੇ ਜ਼ਖਮੀਆਂ ਨੂੰ ਮੁੱਢਲੀ ਸਹਾਇਤਾ ਦੇ ਕੇ ਹਸਪਤਾਲ ਵਿਖੇ ਪਹੁੰਚਾਉਂਦੀ ਹੈ ਜਿਸ ਨਾਲ ਕਈ ਜਾਨਾਂ ਅਜਾਈਂ ਜਾਣ ਤੋਂ ਬਚ ਜਾਂਦੀਆਂ ਹਨ।





ਵਿਦੇਸ਼ ਉਡਾਰੀ
ਆਖਰੀ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 18 ਅਗਸਤ 2024

www.nawanzamana.in

ਕੀਮਤ 5.00 ਰੁਪਏ

ਕਿਤਾਬਾਂ, ਮੈਗਜ਼ੀਨ
ਵਾਜਿਬ ਰੇਟਾਂ 'ਤੇ ਸੁੰਦਰ
ਅਤੇ ਵਧੀਆ ਛਪਾਈ
ਲਈ ਸੰਪਰਕ ਕਰੋ:
ਬਾਗਪੁਰ ਪ੍ਰਿੰਟਰਜ਼, ਜਲੰਧਰ
94174 27538

## ਯਾਤਰਾ ਬਿਰਤਾਂਤ-3

ਕਮਲਜੀਤ ਥਾਬਲਕੇ

# ਵੈਲੀ ਆਫ਼ ਡੈੱਥ



ਹੁਣ ਸ਼ੁਰੂ ਹੋਣ ਵਾਲੀ ਹੈ ਪਿਨ ਪਾਰਵਤੀ ਟਰੈਕ ਦੀ ਯਾਤਰਾ, ਜੋ ਅਕਸਰ ਖ਼ਬਰਾਂ ਦਾ ਵਿਸ਼ਾ ਬਣੀ ਰਹਿੰਦੀ ਹੈ ਕਿ ਇਸ ਜਗ੍ਹਾ 'ਤੇ ਅੱਜ ਫਲਾਣਾ ਟਰੈਕਰ ਲਾਪਤਾ ਹੋ ਗਿਆ। ਕਈ ਦਿਨ ਬਾਅਦ ਫਿਰ ਖ਼ਬਰ ਆਉਂਦੀ ਹੈ ਕਿ ਪਿਨ ਪਾਰਵਤੀ ਗਏ ਟਰੈਕਰ ਦੀ ਰਸਤੇ 'ਚ ਮੌਸਮ ਖਰਾਬ ਹੋਣ ਕਾਰਨ ਮੌਤ ਹੋ ਗਈ, ਕੋਈ ਟਰੈਕਰ ਆਪਣਾ ਰਸਤਾ ਭਟਕ ਗਿਆ ਤੇ ਕਿਸੇ ਖੱਡ 'ਚੋਂ ਉਸ ਦੀ ਲਾਸ਼ ਮਿਲੀ। ਇਸ ਤਰ੍ਹਾਂ ਦੀਆਂ ਖ਼ਬਰਾਂ ਬਹੁਤ ਸੁਣੀਆਂ, ਕਈਆਂ ਨੇ ਡਰਾਇਆ ਵੀ। ਇਸ ਬਾਰੇ ਜਦ ਖੋਜਬੀਨ ਕੀਤੀ ਤਾਂ ਬਹੁਤ ਸਾਰੀਆਂ ਕਹਾਣੀਆਂ ਸੁਣਨ ਨੂੰ ਮਿਲੀਆਂ ਕਿ ਪਾਰਵਤੀ ਵੈਲੀ 'ਚ ਕੀ-ਕੀ ਹੋਇਆ।

ਵੈਲੀ ਦਾ ਇਤਿਹਾਸ ਦੱਸਦਾ ਹੈ ਕਿ ਪਿਛਲੇ 20 ਸਾਲਾਂ 'ਚ 2003 ਤੋਂ 2023 ਤੱਕ ਪਰਵਤੀ ਘਾਟੀ 'ਚ 1078 ਦੇ ਕਰੀਬ ਲੋਕ ਗੁੰਮ ਹੋਏ, ਜਿਨ੍ਹਾਂ 'ਚ 21 ਤਾਂ ਵਿਦੇਸ਼ੀ ਸੈਲਾਨੀ ਹਨ। ਇਨ੍ਹਾਂ 'ਚੋਂ 498 ਨੂੰ ਵਾਰ-ਵਾਰ ਲੱਭਿਆ ਗਿਆ, ਪਰ ਵੱਡੀ ਗਿਣਤੀ 'ਚ ਲੋਕਾਂ ਦਾ ਕੁਝ ਪਤਾ ਨਹੀਂ ਚੱਲਿਆ। ਪਾਰਵਤੀ ਘਾਟੀ 'ਚ ਮੌਤਾਂ ਦਾ ਇਹ ਸਿਲਸਿਲਾ ਲਗਾਤਾਰ ਵਧ ਰਿਹਾ ਹੈ, ਇਸ ਦੇ ਨਾਲ ਹੀ ਉਹ ਲਾਪਤਾ ਹੋ ਜਾਂਦੇ ਹਨ, ਜਿਨ੍ਹਾਂ ਦਾ ਕੁਝ ਵੀ ਪਤਾ ਨਹੀਂ ਚਲਦਾ। ਸਾਲ 2022 'ਚ ਤਾਂ 227 ਸੈਲਾਨੀ ਪਾਰਵਤੀ ਘਾਟੀ 'ਚ ਗੁੰਮ ਹੋ ਗਏ। ਇਸ ਲਈ ਇਸ ਨੂੰ 'ਵੈਲੀ ਆਫ਼ ਡੈੱਥ' ਮੌਤ ਦੀ ਘਾਟੀ ਦਾ ਨਾਂਅ ਦਿੱਤਾ ਗਿਆ ਹੈ, ਇਸ ਦੇ ਬਾਵਜੂਦ ਘਾਟੀ 'ਚ ਘੁਮੱਕੜੀਆਂ ਦੀ ਗਿਣਤੀ 'ਚ ਹਰ ਸਾਲ ਵਾਧਾ ਹੋ ਰਿਹਾ ਹੈ। ਸੈਲਾਨੀਆਂ ਦੇ ਲਾਪਤਾ ਹੋਣ ਬਾਰੇ ਕੋਈ ਵੀ ਤੁਹਾਨੂੰ ਸੱਚਾਈ ਨਹੀਂ ਦੱਸੇਗਾ, ਪਰ ਹਰ ਕੋਈ ਦੱਬੀ ਆਵਾਜ਼ 'ਚ ਇਸ ਨੂੰ ਡਰੱਗ ਨਾਲ ਜੋੜਦਾ ਹੈ। ਮੰਨਿਆ ਜਾਂਦਾ ਹੈ ਕਿ ਡਰੱਗ ਕਾਰਨ ਹੀ ਸੈਲਾਨੀਆਂ ਦੇ ਲਾਪਤਾ ਹੋਣ ਦੀਆਂ ਘਟਨਾਵਾਂ ਵਧ ਰਹੀਆਂ ਹਨ। ਇੱਥੇ ਗੁੰਮ ਹੋਣ ਵਾਲਿਆਂ 'ਚੋਂ ਕਿਸੇ ਦੀ ਲਾਸ਼ ਨਦੀ 'ਚੋਂ ਮਿਲਦੀ ਹੈ ਤਾਂ ਕਦੀ ਕਿਸੇ ਆਦਮੀ ਜਾਂ ਔਰਤ ਦਾ ਪਿੰਜਰ ਮਿਲਦਾ ਹੈ। ਦੱਬੀ ਜ਼ਬਾਨ 'ਚ ਏਜੰਸੀਆਂ ਵੀ ਇਹ ਗੱਲ ਮੰਨਦੀਆਂ ਹਨ ਕਿ ਵਿਦੇਸ਼ੀ ਸੈਲਾਨੀਆਂ ਨੂੰ ਲੁੱਟ ਕੇ ਕਤਲ ਕਰ ਦਿੱਤਾ ਜਾਂਦਾ ਹੈ। ਛੇ ਸਾਲ ਪਹਿਲਾ ਇੱਕ ਵਿਦੇਸ਼ੀ ਸੈਲਾਨੀ ਨੂੰ ਹਮਤਾ ਪਾਸ ਟਰੈਕ 'ਤੇ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਸੀ, ਇਸੇ ਤਰ੍ਹਾਂ ਖੀਰ ਗੰਗਾ ਤੋਂ ਅੱਗੇ ਟੂੰਡਾ ਭੋਜ 'ਚ ਇੱਕ ਹੋਰ ਸੈਲਾਨੀ ਦੀ ਹੱਤਿਆ ਪੱਥਰ ਮਾਰ-ਮਾਰ ਕੇ ਕਰ ਦਿੱਤੀ ਗਈ ਸੀ।



ਪਾਰਵਤੀ ਘਾਟੀ ਦਾ ਇੱਕ ਹੋਰ ਰਾਜ਼ ਹੈ ਡਰੱਗ। 'ਡੇਲੀ ਮੇਲ' ਦੀ ਇੱਕ ਰਿਪੋਰਟ ਅਨੁਸਾਰ ਮਨਾਲੀ ਅਤੇ ਪਾਰਵਤੀ ਘਾਟੀ ਵਿੱਚੋਂ ਭੰਗ, ਅਫੀਮ ਤੇ ਹੋਰ ਨਸ਼ੇ ਗੋਆ ਪਹੁੰਚਦੇ ਹਨ। ਇਸੇ ਰਿਪੋਰਟ ਅਨੁਸਾਰ ਮਨਾਲੀ ਤੇ ਹੋਰ ਇਲਾਕਿਆਂ 'ਚ ਇਜ਼ਰਾਇਲ, ਇਤਾਲਵੀ ਡਰੱਗ ਮਾਫੀਆ ਸਰਗਰਮ ਹਨ ਅਤੇ ਕਈ ਮਾਮਲਿਆਂ ਦੇ ਸਿਲਸਿਲੇ 'ਚ ਗੋਆ ਡਰੱਗ ਕਾਰੋਬਾਰ ਦੇ ਤਾਰ ਮਨਾਲੀ ਨਾਲ ਜੁੜੇ ਹੋਏ ਹਨ।

3 ਸਤੰਬਰ 2016 'ਚ ਇੱਕ ਅਮਰੀਕੀ ਸੈਲਾਨੀ ਜਸਟਿਨ ਅਲੈਜ਼ੈਂਡਰ ਸ਼ੇਟਲਰ ਦੀ ਮੌਤ ਦਾ ਰਾਜ਼ ਅੱਜ ਵੀ ਪਾਰਵਤੀ ਘਾਟੀ ਦੀਆਂ ਪਹਾੜੀਆਂ 'ਚ ਦਫ਼ਨ ਹੈ। ਜਸਟਿਨ ਪਹਾੜਾਂ ਦੀ ਸੈਰ ਕਰਦੇ ਸਮੇਂ ਆਪਣਾ ਬਲਾਗ ਲਿਖਦਾ ਰਹਿੰਦਾ ਸੀ, ਜਿਸ ਤੋਂ ਉਸ ਦੇ ਲਾਪਤਾ ਹੋਣ ਦਾ ਪਤਾ ਚੱਲਿਆ। ਉਹ ਆਪਣੇ ਬਲਾਗ 'ਚ ਲਿਖਦਾ ਹੈ ਕਿ ਜਦ ਉਹ ਪਾਰਵਤੀ ਵੈਲੀ 'ਚ ਇੱਕ ਜਗ੍ਹਾ 'ਤੇ ਨਾਗਾ ਸਾਧੂ ਨੂੰ ਮਿਲਦਾ ਹੈ ਤਾਂ ਉਹ ਉਸ ਵੱਲ ਖਿਚਿਆ ਚਲਾ ਜਾਂਦਾ ਹੈ ਤੇ ਸਾਧੂ ਦੇ ਬੁਲਾਉਣ 'ਤੇ ਉਹ ਉਸ ਕੋਲ ਚਲਾ ਜਾਂਦਾ ਹੈ। ਦੋਵੇਂ ਇੱਕ-ਦੂਜੇ ਦੀ ਭਾਸ਼ਾ ਤੋਂ ਅਣਜਾਣ ਤੇ ਇਸ਼ਾਰਿਆਂ ਨਾਲ ਇੱਕ-ਦੂਜੇ ਨੂੰ ਆਪਣੀ ਗੱਲ ਸਮਝਾਉਂਦੇ ਹਨ। ਆਪਣੇ ਯੋਗ ਪ੍ਰਦਰਸ਼ਨ ਨਾਲ ਸਾਧੂ ਜਸਟਿਨ ਨੂੰ ਪ੍ਰਭਾਵਤ ਕਰਦਾ ਹੈ ਤੇ ਜਸਟਿਨ ਕੁਝ ਦਿਨ ਤੱਕ ਉਸ ਸਾਧੂ ਕੋਲ ਰਹਿੰਦਾ ਹੈ, ਜਿਸ ਨਾਲ ਉਨ੍ਹਾਂ ਦੋਵਾਂ 'ਚ ਇੱਕ ਰਿਸ਼ਤਾ ਬਣ ਜਾਂਦਾ ਹੈ।

ਇਸ ਤੋਂ ਬਾਅਦ ਦੋਵੇਂ ਮਾਨਤਲਾਈ ਲੇਕ ਤੱਕ ਜਾਣ ਦਾ ਫੈਸਲਾ ਕਰਦੇ ਹਨ ਤੇ ਉਥੇ ਪਹੁੰਚ ਕੇ ਦਸ ਦਿਨ ਤੱਕ ਮਾਨਤਲਾਈ 'ਚ ਧਿਆਨ ਦਾ ਅਭਿਆਸ ਕਰਦੇ ਹਨ। ਇਸ ਤੋਂ ਬਾਅਦ ਦੋਵਾਂ ਦੀ ਇੱਥੋਂ ਪੁਲਗਾ ਜਾਣ ਦੀ ਯਾਤਰਾ ਸ਼ੁਰੂ ਹੁੰਦੀ ਹੈ। ਸਾਧੂ ਤੇ ਜਸਟਿਨ ਪੁਲਗਾ ਦੇ ਸਫ਼ਰ ਲਈ ਨਿਕਲਦੇ ਹਨ, ਸਾਧੂ ਤਾਂ ਪੁਲਗਾ ਪਹੁੰਚਦਾ ਹੈ, ਪਰ ਜਸਟਿਨ ਨਹੀਂ। ਇਸ ਰਸਤੇ 'ਤੇ ਜਸਟਿਸ ਨਾਲ ਕੀ ਹੋਇਆ, ਉਹ ਕਿੱਥੇ ਗੁੰਮ ਹੋ ਗਿਆ, ਇਹ ਅੱਜ ਤੱਕ ਇੱਕ ਸਵਾਲ ਬਣਿਆ ਹੋਇਆ ਹੈ। 19 ਅਗਸਤ 2016 ਦੇ ਬਲਾਗ 'ਚ ਜਸਟਿਸ ਲਿਖਦਾ ਹੈ, 'ਮੈਨੂੰ ਉਮੀਦ ਹੈ ਕਿ ਇਸ ਸਾਧੂ ਤੋਂ ਮਿਲਿਆ ਅਨੁਭਵ ਮੇਰੇ ਲਈ ਚੰਗਾ ਸਾਬਿਤ ਹੋਵੇਗਾ, ਮੈਂ ਸਤੰਬਰ ਤੱਕ ਵਾਪਸ ਆ ਜਾਵਾਂਗਾ, ਪਰ ਜੇ ਮੈਂ ਉਦੋਂ ਤੱਕ ਨਾ ਵਾਪਸ ਆਇਆ ਤਾਂ ਮੈਨੂੰ ਨਾ ਲੱਭਣਾ।'



ਇਸ ਮਾਮਲੇ 'ਚ ਜਦ ਪੁਲਸ ਨੇ ਉਸ ਸਾਧੂ ਤੋਂ ਪੁੱਛਗਿੱਛ ਕੀਤੀ ਤਾਂ ਸਾਧੂ ਦਾ ਕਹਿਣਾ ਸੀ ਕਿ ਮਾਨਤਲਾਈ ਝੀਲ ਤੋਂ ਪੁਲਗਾ ਤੱਕ ਅਸੀਂ ਦੋਵਾਂ ਨੇ ਪਹੁੰਚਣਾ ਸੀ। ਦੋਵੇਂ ਠਾਕੁਰ ਕੂਆਂ ਤੱਕ ਸਾਥ ਆਏ ਤੇ ਉਥੋਂ ਦੋਵਾਂ ਨੇ ਟੂੰਡਾ ਭੋਜ ਜਾਣਾ ਸੀ। ਠਾਕੁਰ ਕੂਆਂ ਤੋਂ ਅਸੀਂ ਦੋਵੇਂ ਵੱਖ ਹੋ ਗਏ ਅਤੇ ਫੈਸਲਾ ਕੀਤਾ ਕਿ ਦੋਵੇਂ ਟੂੰਡਾ ਭੋਜ ਮਿਲਾਂਗੇ। ਸਾਧੂ ਦਾ ਕਹਿਣਾ ਸੀ ਕਿ ਮੈਂ ਤਾਂ ਟੂੰਡਾ ਭੋਜ ਪਹੁੰਚ ਗਿਆ, ਪਰ ਜਸਟਿਨ ਉਥੇ ਨਹੀਂ ਪਹੁੰਚਿਆ। ਸਾਧੂ ਦੇ ਇਨ੍ਹਾਂ ਬਿਆਨਾਂ 'ਤੇ ਪੁਲਸ ਨੇ ਸ਼ੱਕ ਕੀਤਾ ਤੇ ਅੱਜ ਤੱਕ ਜਸਟਿਸ ਦੀ ਤਲਾਸ਼ ਜਾਰੀ ਹੈ।

ਇਸ ਤਰ੍ਹਾਂ ਦੀਆਂ ਹੋਰ ਬਹੁ ਸਾਰੀਆਂ ਕਹਾਣੀਆਂ ਹਨ, ਜੋ ਇਸ ਘਾਟੀ ਨੂੰ 'ਮੌਤ ਦੀ ਘਾਟੀ' ਬਣਾਉਂਦੀਆਂ ਹਨ, ਪਰ ਡਰਨ ਦੀ ਜ਼ਰੂਰਤ ਨਹੀਂ, ਕਿਉਂਕਿ ਡਰ ਅੱਗੇ ਹੀ ਜਿੱਤ ਹੈ। ਕਹਿ ਤਾਂ ਰਿਹਾ ਹਾਂ, ਡਰਨ ਦੀ ਜ਼ਰੂਰਤ ਨਹੀਂ, ਪਰ ਡਰ ਤਾਂ ਲੱਗਦਾ ਹੈ। ਇਸ ਡਰ ਦੇ ਨਾਲ ਹੀ ਖੀਰਗੰਗਾ ਤੋਂ ਟੂੰਡਾ ਭੋਜ ਲਈ ਅੱਜ ਨਿਕਲਣਾ ਪੈਣਾ। ਚਲੋ ਸ਼ੁਰੂ ਕਰਦੇ ਹਾਂ ਫਿਰ ਡਰ, ਭੈਅ ਤੇ ਸੁੰਦਰਤਾ ਨੂੰ ਆਪਣੇ ਕਲਾਵੇ 'ਚ ਲਈ ਬੈਠੇ ਪਿਨ ਪਾਰਵਤੀ ਪਾਸ ਨੂੰ।

ਅਸੀਂ ਸਭ ਨੇ ਸਵੇਰੇ ਜਲਦੀ ਉਠ ਕੇ ਆਪਣੇ ਕੰਮ ਨਿਬੇੜੇ ਤੇ ਖਾਣਾ ਖਾ ਕੇ 9 ਵਜੇ ਸਭ ਤਿਆਰ ਸਨ, ਪਰ ਰਾਤ ਦੇਰ ਨਾਲ ਪਹੁੰਚਣ ਵਾਲੇ ਅਜੇ ਵੀ ਆਪਣੇ ਟੈਂਟ 'ਚ ਸੁੱਤੇ ਪਏ। ਉਨ੍ਹਾਂ ਨੂੰ ਜਗਾਇਆ ਤੇ ਜਲਦੀ ਤਿਆਰ ਹੋਣ ਲਈ ਕਿਹਾ। ਇਨ੍ਹਾਂ 'ਚੋਂ ਇੱਕ ਦੇ ਰਾਤ ਆਉਂਦੇ ਸਮੇਂ ਪੈਰ ਨੂੰ ਮੋਚ ਆ ਗਈ ਸੀ, ਹੁਣ ਉਹ ਪੂਰੀ ਤਰ੍ਹਾਂ ਸੁੱਜ ਗਿਆ ਸੀ ਤੇ ਚੱਲਣਾ-ਫਿਰਨਾ ਮੁਸ਼ਕਲ ਹੋ ਗਿਆ। ਉਸ ਨੇ ਤਾਂ ਅੱਗੇ ਚੱਲਣ ਲਈ ਨਾਂਹ ਕਰ ਦਿੱਤੀ। ਸਾਡੇ ਤੋਂ ਪਹਿਲਾਂ ਇੱਕ ਗਰੁੱਪ ਸਵੇਰੇ 7 ਵਜੇ ਹੀ ਪਿਨ ਪਾਰਵਤੀ ਟਰੈਕ ਲਈ ਨਿਕਲ ਗਿਆ ਸੀ। ਇਸ ਗਰੁੱਪ 'ਚ 53 ਸੈਲਾਨੀ ਸਨ। ਸਾਡੇ ਗਰੁੱਪ ਵਾਲੇ ਹਾਲੇ ਤੱਕ ਸੁਸਤਾ ਹੀ ਰਹੇ ਸਨ। ਲੱਭੂ ਟਰੈਕ ਲੀਡਰ ਤੇ ਗਾਈਡ ਨੇ ਫੈਸਲਾ ਕੀਤਾ ਕਿ ਜੋ ਤਿਆਰ ਹਨ, ਉਹ ਹੌਲੀ-ਹੌਲੀ ਟੂੰਡਾ ਭੋਜ ਲਈ ਰਵਾਨਾ ਹੋਣ, ਬਾਕੀ ਜਦ ਤਿਆਰ ਹੁੰਦੇ ਨੇ, ਉਨ੍ਹਾਂ ਨਾਲ ਆਉਂਦਾਂ। ਅਸੀਂ ਚਾਰ-ਪੰਜ ਜਣਿਆਂ ਨੇ ਕੋਈ 10 ਕੁ ਵਜੇ ਖੀਰਗੰਗਾ ਨੂੰ ਛੱਡਿਆ ਤੇ ਅਗਲੀ ਮੰਜ਼ਲ ਵੱਲ ਚੱਲ ਪਏ। ਖੀਰਗੰਗਾ ਤੋਂ ਟੂੰਡਾ ਭੋਜ ਦੀ ਦੂਰੀ ਵੀ 12 ਕਿਲੋਮੀਟਰ ਹੈ।



ਰਸਤਾ ਪੂਰਾ ਪਗਡੰਡੀ ਦੀ ਤਰ੍ਹਾਂ ਹੀ ਹੈ, ਕਿਤੇ-ਕਿਤੇ ਝਰਨਿਆਂ ਕਾਰਨ ਰਸਤਾ ਟੁੱਟਾ ਹੈ, ਪਰ ਸਾਰਾ ਰਸਤਾ ਉਤਰਾਈ-ਚੜ੍ਹਾਈ ਵਾਲਾ ਹੈ। ਅਸੀਂ ਆਪਣੀ ਮੰਜ਼ਲ ਵੱਲ ਹੌਲੀ-ਹੌਲੀ ਵਧਣਾ ਸ਼ੁਰੂ ਕੀਤਾ। ਸ਼ੁਰੂਆਤੀ ਰਸਤਾ ਦੇਵਦਾਰ ਦੇ ਜੰਗਲਾਂ ਵਿੱਚੋਂ ਦੀ ਲੰਘਦਾ ਹੈ। ਇਸ ਰਸਤੇ 'ਤੇ ਖੀਰਗੰਗਾ ਟਰੈਕ ਦੀ ਤਰ੍ਹਾਂ ਸੈਲਾਨੀਆਂ ਦਾ ਘੜਮੱਸ ਨਹੀਂ ਦਿਖਾਈ ਦਿੰਦਾ। ਟਰੈਕ 'ਤੇ ਪੀਣ ਦੇ ਪਾਣੀ ਦੀ ਕਿਤੇ ਕੋਈ ਕਮੀ ਨਹੀਂ। ਝਰਨਿਆਂ ਤੋਂ ਆਉਂਦਾ ਠੰਢਾ ਪਾਣੀ ਸਰੀਰ ਦੇ ਰੋਮ-ਰੋਮ ਨੂੰ ਠੰਢਾ ਕਰ ਦਿੰਦਾ। ਦੇਵਦਾਰ ਦੇ ਦਰੱਖ਼ਤ ਏਨੇ ਸੰਘਣੇ ਹਨ ਕਿ ਸੂਰਜ ਦੀ ਰੌਸ਼ਨੀ ਵੀ ਥੱਲੇ ਨਹੀਂ ਆ ਰਹੀ। ਚਾਰੇ ਪਾਸੇ ਹਰਿਆਵਲ ਦਾ ਬਸੇਰਾ, ਨਾਲ ਹੀ ਥੱਲੇ ਪਹਾੜਾਂ ਦੇ ਪੈਰਾਂ 'ਚ ਆਪਣੇ ਪੂਰੇ ਵੇਗ ਨਾਲ ਖੌਰੂ ਪਾਉਂਦੀ ਪਾਰਵਤੀ ਨਦੀ ਸੁਣਾਈ ਦਿੰਦੀ ਹੈ। ਖੁੱਲ੍ਹੇ ਮੈਦਾਨ ਹਰੇ ਘਾਹ ਨਾਲ ਪੂਰੇ ਇਲਾਕੇ ਨੂੰ ਆਪਣੇ ਹਰੇ ਰੰਗ 'ਚ ਰੰਗ ਕੇ ਇੱਕ ਵੱਖਰੀ ਹੀ ਚਿੱਤਰਕਾਰੀ ਪੇਸ਼ ਕਰਦੇ ਹਨ। ਇਸ ਟਰੈਕ 'ਤੇ ਬਾਰਿਸ਼ ਦਾ ਕੋਈ ਸਮਾਂ ਨਹੀਂ, ਥੋੜ੍ਹੇ ਜਿਹੇ ਬੱਦਲ ਪਹਾੜਾਂ ਨਾਲ ਟਕਰਾਏ ਨਹੀਂ ਤਾਂ ਮੀਂਹ ਸ਼ੁਰੂ। ਇਨ੍ਹਾਂ ਮੈਦਾਨਾਂ, ਪਗਡੰਡੀਆਂ 'ਤੇ ਛੋਟੇ-ਛੋਟੇ ਲੱਕੜੀ ਦੇ ਪੁਲਾਂ ਨੂੰ ਪਾਰ ਕਰਕੇ ਡਿੱਗਦੇ-ਢਹਿੰਦੇ ਅਸੀਂ ਗੁੱਜਰਾਂ ਦੇ ਡੇਰੇ ਤੱਕ ਪਹੁੰਚ ਗਏ। ਸਾਡੇ ਨਾਲ ਜੋ ਪੋਟਰ (ਕੁਲੀ) ਸੀ, ਉਸ ਨੂੰ ਉਹ ਗੁੱਜਰ ਜਾਣਦੇ ਸਨ। ਇੱਥੇ ਉਸ ਨੇ ਗੁੱਜਰ ਨੂੰ ਦੁੱਧ ਬਣਾਉਣ ਲਈ ਕਿਹਾ। ਮੈਂ ਪੋਟਰ ਦੇ ਪਿੱਛੇ-ਪਿੱਛੇ ਜਦ ਝੌਂਪੜੀ 'ਚ ਗਿਆ ਤਾਂ ਗੁੱਜਰ ਸਾਗ ਕੱਟ ਰਿਹਾ ਸੀ। ਫਿਰ ਉਸ ਨਾਲ ਗੱਲਬਾਤ ਸ਼ੁਰੂ ਹੋ ਗਈ, ਉਸ ਨੂੰ ਜਦ ਮੈਂ ਪੁੱਛਿਆ ਕਿ ਤੁਸੀਂ ਦੁੱਧ ਦਾ ਕੀ ਕਰਦੇ ਹੋ ਤਾਂ ਉਸ ਨੇ ਕਿਹਾ—ਕੁਝ ਪੀਣ ਲਈ ਰੱਖਦੇ ਹਾਂ ਤੇ ਬਾਕੀ ਦਾ ਪਨੀਰ ਬਣਾਉਂਦੇ। ਹਾਂ, ਜੇ ਕਿਤਿਓਂ ਘਿਓ ਦਾ ਆਰਡਰ ਆ ਜਾਵੇ ਤਾਂ ਫਿਰ ਘਿਓ ਵੀ ਬਣਾ ਦਿੰਦੇ ਹਾਂ। ਮੇਰੇ ਬਾਰੇ ਪੁੱਛਣ 'ਤੇ ਮੈਂ ਉਸ ਨੂੰ ਦੱਸਿਆ ਕਿ ਮੈਂ ਪੰਜਾਬ ਤੋਂ ਹਾਂ ਤਾਂ ਉਸ ਨੇ ਝੱਟ ਕਿਹਾ ਕਿ ਸਾਡੀ ਥੋੜ੍ਹੀ ਜਿਹੀ ਜ਼ਮੀਨ ਕੀਰਤਪੁਰ ਤੇ ਖਰੜ 'ਚ ਵੀ ਹੈ, ਅਸੀਂ ਇੱਥੇ ਗਰਮੀਆਂ ਨੂੰ ਆਪਣੇ ਪਸ਼ੂਆਂ ਨਾਲ ਆਉਂਦੇ ਹਾਂ ਤੇ ਸਰਦੀਆਂ ਨੂੰ ਵਾਪਸ ਉਥੇ ਚਲੇ ਜਾਂਦੇ ਹਾਂ। ਗੱਲਾਂ-ਗੱਲਾਂ 'ਚ ਦੁੱਧ ਵੀ ਗਰਮ ਹੋ ਗਿਆ। ਪਿਨ ਪਾਰਵਤੀ ਪਾਸ ਜਾਣ ਵਾਲੇ ਗਰੁੱਪਾਂ ਦੇ ਗਾਈਡਾਂ ਅਤੇ ਪੋਰਟਰਾਂ ਨੇ ਇੱਥੋਂ ਦੁੱਧ ਪੀਣ ਦਾ ਰਿਵਾਜ ਬਣਾਇਆ ਹੈ। ਬਾਅਦ 'ਚ ਇਨ੍ਹਾਂ ਗੁੱਜਰਾਂ ਨੇ ਇਸ ਨੂੰ ਉਦਯੋਗ ਦਾ ਜਾਮਾ ਪਹਿਨਾ ਦਿੱਤਾ। ਦੁੱਧ ਪੀ ਕੇ ਪਹਿਲੀ ਵਾਰ ਲੱਗਾ ਕਿ ਦੁੱਧ ਪੀਤਾ, ਨਹੀਂ ਤਾਂ ਹੁਣ ਪੂਰੇ ਪੰਜਾਬ 'ਚ ਪੈਕਟਾਂ ਵਾਲਾ ਦੁੱਧ ਹੀ ਲੋਕ ਪੀਂਦੇ ਹਨ ਜਾਂ ਜੋ ਥੋੜ੍ਹੇ-ਬਹੁਤੇ ਦੋਧੀ ਤੋਂ ਲੈਂਦੇ ਹਨ ਤਾਂ ਉਹ ਵੀ ਬਿਨਾਂ ਪਾਣੀ ਤੋਂ ਨਹੀਂ ਮਿਲਦਾ, ਪਰ ਇਸ ਦੁੱਧ ਦੀ ਗੱਲ ਹੀ ਵੱਖਰੀ ਸੀ। ਜਦ ਮੈਂ ਗਲਾਸ ਨੂੰ ਬਾਹਰ ਧੋਣ ਗਿਆ ਤਾਂ ਗਲਾਸ 'ਚ ਲੱਗਦਾ ਸੀ ਕਿ ਦੁੱਧ ਪਾਇਆ, ਨਹੀਂ ਤਾਂ ਜਦ ਆਪਾਂ ਪੈਕਟ ਜਾਂ ਦੋਧੀ ਤੋਂ ਲਿਆ ਕੇ ਦੁੱਧ ਗਲਾਸ 'ਚ ਪਾਉਂਦੇ ਹਾਂ ਤਾਂ ਪਤਾ ਹੀ ਨਹੀਂ ਲੱਗਦਾ ਕਿ ਗਲਾਸ 'ਚ ਪਾਣੀ ਪਾਇਆ ਸੀ ਜਾਂ ਫਿਰ ਕੁਝ ਹੋਰ। ਗੁੱਜਰ ਨੇ ਦੱਸਿਆ ਕਿ ਇੱਥੇ ਸਾਡੀਆਂ ਮੱਝਾਂ ਇਹ ਘਾਹ ਹੀ ਚਰਦੀਆਂ ਹਨ। ਬਾਹਰ ਹਲਕਾ-ਹਲਕਾ ਮੀਂਹ ਪੈ ਰਿਹਾ ਸੀ। ਦੁੱਧ ਪੀ ਕੇ ਸਾਨੂੰ ਸਾਡਾ ਸਰੀਰ, ਜੋ ਸਵੇਰ ਦੇ ਇਨ੍ਹਾਂ ਜੰਗਲਾਂ 'ਚ ਖਾਕ ਛਾਨਣ ਕਾਰਨ ਥਕਾਵਟ ਨਾਲ ਚੂਰ ਹੋ ਗਿਆ ਸੀ, ਨੂੰ ਤਾਕਤ ਮਹਿਸੂਸ ਹੋਣ ਲੱਗੀ। ਝੌਂਪੜੀ 'ਚੋਂ ਬਾਹਰ ਨਿਕਲ ਕੇ ਸਾਹਮਣੇ ਸਿੱਧੀ ਚੜ੍ਹਾਈ ਹੈ, ਜਿਸ ਨੂੰ ਪਾਰ ਕਰਕੇ ਫਿਰ ਇੱਕ ਖੁੱਲ੍ਹਾ ਮੈਦਾਨ ਆਉਂਦਾ, ਫਿਰ ਅੱਗੇ ਟੂੰਡਾ ਭੋਜ ਹੈ, ਜਿੱਥੇ ਰਾਤ ਠਹਿਰਨਾ ਹੈ। ਟੂੰਡਾ ਭੋਜ ਪਹੁੰਚੇ ਤਾਂ ਦੇਖਿਆ ਕਿ ਜੋ ਸਾਡੇ ਤੋਂ ਪਹਿਲਾ ਜੋ ਗਰੁੱਪ ਚੱਲਿਆ ਸੀ, ਉਨ੍ਹਾਂ ਆਪਣੇ-ਆਪਣੇ ਟੈਂਟ ਲਾ ਕੇ ਟੂੰਡਾ ਭੋਜ 'ਚ ਰੌਣਕਾਂ ਲਾਈਆਂ ਹੋਈਆਂ ਸਨ। ਇੱਥੇ ਪਹੁੰਚਦਿਆਂ ਸਾਨੂੰ 5 ਵੱਜ ਚੁੱਕੇ ਸਨ ਤੇ ਦਿਨ ਨੇ ਹਨੇਰੇ ਵੱਲ ਵਧਣਾ ਸ਼ੁਰੂ ਕਰ ਦਿੱਤਾ ਸੀ। ਪਹਾੜਾਂ 'ਚ ਸੂਰਜ ਆਪਣੀ ਰੌਸ਼ਨੀ ਜਲਦੀ ਹੀ ਘੱਟ ਕਰਨਾ ਸ਼ੁਰੂ ਕਰ ਦਿੰਦਾ। ਅਸੀਂ ਵੀ ਆਪਣੇ-ਆਪਣੇ ਟੈਂਟ ਲਾਏ ਤੇ ਖਾਣੇ ਲਈ ਚੌਲਾਂ ਨਾਲ ਭਰ ਕੇ ਕੂਕਰ ਚਾੜ੍ਹ ਦਿੱਤਾ। ਕੁਝ ਦੇਰ ਬਾਅਦ ਸਾਡੇ ਬਾਕੀ ਸਾਥੀ ਵੀ ਪਹੁੰਚ ਗਏ।



ਟੂੰਡਾ ਭੋਜ ਦਾ 'ਟੂੰਡਾ ਭੋਜ' ਨਾਂਅ ਕਿਵੇਂ ਪਿਆ, ਬਾਰੇ ਖੀਰਗੰਗਾ 'ਚ ਕਈਆਂ ਨੂੰ ਪੁੱਛਿਆ ਤਾਂ ਕਿਸੇ ਨੇ ਵੀ ਇਸ ਦਾ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਦਿੱਤਾ, ਹਾਂ, ਇੱਕ ਬੁਜ਼ਰਗ ਸੀ, ਜਿਸ ਕੋਲ ਖੀਰਗੰਗਾ 'ਚ ਰਾਤ ਠਹਿਰੇ ਸਾਂ, ਉਸ ਨੇ ਇੱਕ ਗੱਲ ਦੱਸੀ। ਉਸ ਨੇ ਵੀ ਇਹੀ ਕਿ ਪੱਕਾ ਨਹੀਂ ਪਤਾ ਕਿ ਟੂੰਡਾ ਭੋਜ ਦਾ ਨਾਂਅ ਟੂੰਡਾ ਭੋਜ ਕਿਉਂ ਪਿਆ। ਉਸ ਦੇ ਕਹਿਣ ਅਨੁਸਾਰ 'ਭੋਜ' ਮਤਲਬ ਭੋਜ ਪੱਤਰ ਦਾ ਦਰੱਖਤ, ਜੋ ਇਸ ਇਲਾਕੇ 'ਚ ਬਹੁਤ ਜ਼ਿਆਦਾ ਹਨ, ਜਿਸ ਕਾਰਨ ਇਸ ਜਗ੍ਹਾ ਦਾ ਨਾਂਅ ਪਿਆ ਹੋਵੇ। ਫਿਰ ਮੈਂ ਸੋਚਿਆ ਟੂੰਡਾ ਮਤਲਬ ਟੁੱਟਿਆ ਹੋਇਆ ਭੋਜ ਪੱਤਰ ਦਾ ਦਰੱਖ਼ਤ ਹੋਵੇਗਾ, ਜਿਸ ਨੂੰ ਇਹ ਲੋਕ ਟੂੰਡਾ ਭੋਜ ਕਹਿੰਦੇ ਹੋਣ।

ਰਾਤ ਕੋਈ ਚੰਗੀ ਨਾ ਲੰਘੀ, ਕਿਉਂਕਿ ਇੱਕ ਛੋਟੇ ਜਿਹੇ ਟੈਂਟ 'ਚ ਅਸੀਂ ਤਿੰਨ ਜਣੇ ਪਏ, ਨਾਲ ਤਿੰਨਾਂ ਦਾ ਸਾਮਾਨ, ਉਪਰੋਂ ਮੀਂਹ। ਬੇਚੈਨ ਹੋਇਆ ਸੋਚ ਰਿਹਾ ਸੀ ਕਿ ਜਲਦੀ-ਜਲਦੀ ਦਿਨ ਚੜ੍ਹੇ ਤੇ ਇਸ ਘੁਰਨੇ 'ਚੋਂ ਬਾਹਰ ਨਿਕਲਾਂ। ਸਵੇਰੇ ਚਾਰ ਕੁ ਵਜੇ ਹੀ ਮੈਂ ਆਪਣੇ ਟੈਂਟ 'ਚੋਂ ਬਾਹਰ ਆ ਕੇ ਬਾਹਰ ਦਾ ਨਜ਼ਾਰਾ ਦੇਖਣ ਲੱਗਾ, ਜਿੱਥੇ ਰਾਤ ਟੈਂਟ ਲੱਗੇ ਸਨ, ਉਸ ਦੇ ਪਿੱਛੇ ਦਰੱਖ਼ਤ ਤੇ ਸਾਹਮਣੇ ਉੱਚੇ-ਉੱਚੇ ਪਹਾੜਾਂ ਨਾਲ ਕਾਲੇ ਬੱਦਲ ਅਠਖੇਲੀਆਂ ਕਰ ਰਹੇ ਸਨ। ਸ਼ਾਂਤ ਮਾਹੌਲ 'ਚ ਨਦੀ ਦੇ ਪਾਣੀ ਦੀ ਆਵਾਜ਼ ਸਾਫ਼ ਸੁਣਾਈ ਦੇ ਰਹੀ ਸੀ। ਸੂਰਜ ਆਪਣੇ ਉਠਣ ਦੀ ਤਿਆਰੀ ਕਰ ਰਿਹਾ ਸੀ। ਠੰਢੀ ਹਵਾ ਦੇ ਬੁੱਲੇ ਨੇ ਮੈਨੂੰ ਕੰਬਣੀ ਛੇੜ ਦਿੱਤੀ, ਮੈਂ ਵਾਪਸ ਫਿਰ ਟੈਂਟ 'ਚ ਵੜ ਗਿਆ।

ਕੁਝ ਦੇਰ ਬਾਅਦ ਜਦ ਫਿਰ ਬਾਹਰ ਨਿਕਲਿਆ ਤਾਂ ਹੁਣ ਅਸਮਾਨ ਸਾਫ਼ ਹੋ ਚੁੱਕਾ ਸੀ। ਸੂਰਜ ਦੀਆਂ ਪਹਿਲਾਂ ਕਿਰਨਾਂ ਬਰਫ਼ ਨਾਲ ਲੱਦੀਆਂ ਉਚੀਆਂ ਪਹਾੜੀਆਂ 'ਤੇ ਪੈ ਕੇ ਉਸ ਜਗ੍ਹਾ ਨੂੰ ਸੁਨਹਿਰੇ ਰੰਗ 'ਚ ਬਦਲ ਰਹੀਆਂ ਸਨ। ਹੌਲੀ-ਹੌਲੀ ਸਾਰੇ ਆਪਣੇ ਘੁਰਨਿਆਂ 'ਚੋਂ ਬਾਹਰ ਆਉਣ ਲੱਗੇ ਤੇ ਆਪਣੇ ਸਵੇਰ ਦੇ ਕੰਮ 'ਚ ਲੱਗ ਗਏ। ਅੱਜ ਅਸੀਂ ਜਲਦੀ ਨਿਕਲਣ ਦਾ ਪ੍ਰੋਗਰਾਮ ਬਣਾਇਆ ਸੀ, ਇਸ ਲਈ ਜੋ ਪਹਿਲਾਂ ਉਠੇ ਸਨ, ਉਨ੍ਹਾਂ ਕੂਕਰ 'ਚ ਪਾਣੀ ਤੇ ਆਰਜ਼ੀ ਤੌਰ 'ਤੇ ਬਣਾਏ ਚੁੱਲ੍ਹੇ 'ਤੇ ਚਾਹ ਧਰ ਦਿੱਤੀ। ਬਾਕੀ ਹੌਲੀ-ਹੌਲੀ ਆਉਂਦੇ ਤੇ ਅੱਗ ਦੇ ਆਲੇ-ਦੁਆਲੇ ਬੈਠ ਗਏ। ਸਾਰਿਆਂ ਨੇ ਰਾਤ ਦੇ ਬਚੇ ਚੌਲਾਂ ਨਾਲ ਇੱਕ ਇੱਕ ਪਿਆਲਾ ਚਾਹ ਦਾ ਲਿਆ ਤੇ ਅਗਲੇ ਪੜਾਅ



ਮਾਨਤਾਲੀ ਵੱਲ ਚਾਲੇ ਪਾ ਦਿੱਤੇ, ਕਈ ਛੋਟੇ-ਛੋਟੇ ਨਾਲਿਆਂ 'ਤੇ ਬਣੇ ਲੱਕੜ ਦੇ ਪੁਲ ਪਾਰ ਕਰਦੇ ਹੋਏ ਅਸੀਂ ਹੁਣ ਇੱਕ ਵੱਖਰੀ ਜਗ੍ਹਾ 'ਚ ਪਹੁੰਚ ਗਏ, ਜਿੱਥੇ ਹੁਣ ਜੰਗਲ ਤਾਂ ਨਹੀਂ ਸੀ, ਪਰ ਕੰਡਿਆਲੀ ਝਾੜੀਆਂ ਨਾਲ ਇਹ ਸਾਰਾ ਇਲਕਾ ਭਰਿਆ ਪਿਆ ਹੈ। ਕਹਿੰਦੇ ਹਨ ਇਨ੍ਹਾਂ ਝਾੜੀਆਂ 'ਚ ਭਾਲੂ ਰਹਿੰਦੇ ਹਨ। ਇਸ ਲਈ ਸਲਾਹ ਦਿੱਤੀ ਜਾਂਦੀ ਹੈ ਕਿ ਤੁਸੀਂ ਉੱਚੀ-ਉੱਚੀ ਗੱਲਾਂ ਕਰਦੇ ਰਹੋ, ਜਿਸ ਦੀ ਆਵਾਜ਼ ਨਾਲ ਭਾਲੂ ਪਰੇ ਰਹਿੰਦਾ ਹੈ। ਟੂੰਡਾ ਭੋਜ ਅਤੇ ਡੀ ਬੀ ਨਾਲੇ ਦੇ ਵਿਚਕਾਰ ਜੋ ਜਗ੍ਹਾ ਹੈ, ਉਸ ਨੂੰ ਪਟਰਾ ਘਾਟ ਕਹਿੰਦੇ ਹਨ। ਇਸ ਜਗ੍ਹਾ 'ਤੇ ਹਰਿਆਲੀ ਦੇ ਨਾਲ ਵੱਡੇ-ਵੱਡੇ ਪੱਥਰ ਪੂਰੇ ਇਲਾਕੇ 'ਚ ਖਿਲਰੇ ਪਏ ਹਨ। ਕਈ ਪੱਥਰਾਂ 'ਤੇ ਨਿਸ਼ਾਨ ਵੀ ਲੱਗੇ ਹਨ, ਜੋ ਇਹ ਦੱਸਦੇ ਹਨ ਕਿ ਇਸ ਪਾਸੇ ਵੱਲ ਪਿਨ ਪਾਰਵਤੀ ਪਾਸ ਜਾਣਾ ਹੈ। ਪਟਰਾ ਘਾਟ ਇਲਾਕੇ 'ਚ ਹੀ ਤੁਹਾਨੂੰ ਕਈ ਗੱਦੀਆਂ ਦੇ ਟੈਂਟ ਵੀ ਦੇਖਣ ਨੂੰ ਮਿਲ ਜਾਂਦੇ ਹਨ, ਜੋ ਇਸ ਜਗ੍ਹਾ 'ਤੇ ਜੜੀ-ਬੂਟੀਆਂ ਭਾਲਦੇ ਹਨ। ਇਸ ਤੋਂ ਬਾਅਦ ਸ਼ਾਇਦ ਹੀ ਕੋਈ ਗੱਦੀ ਮਿਲੇ।

ਪਟਰਾ ਘਾਟ ਤੋਂ ਉਡੀ ਥਾਚ ਹੋ ਕੇ ਤੁਸੀਂ ਮਾਨਤਾਲੀ ਪਹੁੰਚਦੇ ਹੋ। ਪਟਰਾ ਘਾਟ ਤੋਂ ਅੱਗੇ ਜਿੱਥੇ ਪਾਰਵਤੀ ਨਦੀ ਦੇ ਨਾਲ ਡੀ ਬੀ ਨਾਲਾ ਮਿਲਦਾ ਹੈ, ਉਸ ਜਗ੍ਹਾ 'ਤੇ ਨਦੀ ਨੂੰ ਪਾਰ ਕਰਨ ਲਈ ਨਦੀ ਦੇ ਉਪਰ ਦੋਵੇਂ ਪਾਸੀਂ ਤਾਰ ਬੰਨ੍ਹ ਕੇ ਇੱਕ ਝੂਲਾ ਬਣਾਇਆ ਹੈ, ਇਸ ਨੂੰ ਪਾਰ ਕਰਨ ਤੋਂ ਬਾਅਦ ਪਹੁੰਚਦੇ ਹੋ ਉਡੀ ਥਾਚ ਤੇ ਫਿਰ ਮਾਨਤਾਲੀ। ਪਟਰਾ ਘਾਟ ਤੋਂ ਦੋ ਰਸਤੇ ਬਣਦੇ ਹਨ, ਇੱਕ ਡੀ ਬੀ ਨਾਲੇ ਵਾਲੇ ਪਾਸੇ ਤੋਂ ਹੋ ਕੇ ਖੜ੍ਹੀ ਚੜ੍ਹਾਈ ਚੜ੍ਹ ਕੇ ਤੁਸੀਂ ਮਾਨਤਾਲੀ ਪਹੁੰਚਦੇ ਹੋ ਤੇ ਦੂਜਾ ਝੂਲਾ ਪੁਲ, ਜੋ ਪਾਰਵਤੀ ਨਦੀ ਉਪਰ ਬਣਿਆ ਹੈ, ਉਸ ਨੂੰ ਪਾਰ ਕਰਕੇ। ਦੋਵੇਂ ਰਸਤੇ ਠੀਕ ਹਨ, ਪਰ ਇੱਕ ਪ੍ਰੇਸ਼ਾਨੀ ਹੈ, ਉਹ ਇਹ ਕਿ ਝੂਲਾ ਪੁਲ ਤੋਂ ਹੋ ਕੇ ਜਾਣ ਵਾਲਿਆਂ ਨੂੰ ਦੋ ਪਾਂਡੂ ਪੁਲ ਪਾਰ ਕਰਨੇ ਪੈਂਦੇ ਹਨ। ਪਹਿਲਾ ਪਾਂਡੂ ਪੁਲ ਪਾਰਵਤੀ ਨਦੀ 'ਤੇ ਪਏ ਇੱਕ ਬਹੁਤ ਵੱਡੇ ਪੱਥਰ ਨਾਲ ਬਣਿਆ ਹੈ, ਜੋ 80 ਡਿਗਰੀ ਦੀ ਚੜ੍ਹਾਈ ਹੈ। ਪੱਥਰ 'ਤੇ ਬਾਰੀਕ ਜਿਹਾ ਕੱਟ ਮਾਰ ਕੇ ਰਸਤਾ ਬਣਿਆ ਹੈ, ਇਸ ਨੂੰ ਪਾਰ ਕਰਨ 'ਚ ਸਾਰਿਆਂ ਦੇ ਸਾਹ ਸੁੱਕ ਜਾਂਦੇ ਹਨ, ਕਿਉਂਕਿ ਥੱਲੇ ਪਾਰਵਤੀ ਨਦੀ ਆਪਣੇ ਪੂਰੇ ਵੇਗ ਨਾਲ ਵਹਿ ਰਹੀ ਹੈ, ਇੱਕ ਗਲਤੀ ਨਾਲ ਤੁਸੀਂ ਨਦੀ 'ਚ ਸਮਾਅ ਜਾਂਦੇ ਸਕਦੇ ਹੋ, ਹਾਂ, ਜੇ ਕਿਤੇ ਬਾਰਿਸ਼ ਹੋ ਰਹੀ ਹੋਵੇ ਤਾਂ ਫਿਰ ਤਾਂ ਇਸ ਨੂੰ ਪਾਰ ਕਰਨਾ ਹੋਰ ਵੀ ਮੁਸ਼ਕਲ ਹੋ ਜਾਂਦਾ, ਕਿਉਂਕਿ ਤਿਲਕਣ ਕਾਰਨ ਇਸ ਪੱਥਰ 'ਤੇ ਪੈਰ ਧਰਿਆ ਹੀ ਨਹੀਂ ਜਾਂਦਾ, ਪਰ ਸਾਡੇ ਗਾਈਡ ਨੇ ਡੀ ਬੀ ਨਾਲੇ ਨੂੰ ਪਾਰ ਕਰਕੇ ਉਪਰ ਵਾਲੇ ਪਾਸਿਓਂ ਪਹੁੰਚਣ ਦਾ ਪਲਾਨ ਬਣਾਇਆ, ਜੋ ਮੁਸ਼ਕਲ ਤਾਂ ਸੀ, ਪਰ ਹੁਣ ਸਾਨੂੰ ਪਾਂਡੂ ਪੁਲ ਨਹੀਂ ਪਾਰ ਕਰਨੇ ਪੈਣੇ। ਟੂੰਡਾ ਭੁਜ ਤੋਂ ਉਡੀ ਥਾਚ ਦੀ ਦੂਰੀ ਕੋਈ 17 ਕਿਲੋਮੀਟਰ ਦੀ ਹੈ, ਕਿਤੇ-ਕਿਤੇ ਹੀ ਚੜ੍ਹਾਈ ਹੈ, ਜ਼ਿਆਦਾ ਤਾਂ ਰਸਤਾ ਠੀਕ ਹੈ, ਪਰ ਉਚਾਈ 11,650 ਫੁੱਟ ਹੋਣ ਕਰਕੇ ਉਪਰੋਂ ਬੈਗ ਦੇ ਬੋਝ ਨੇ ਪੱਧਰੇ ਰਸਤੇ 'ਤੇ ਵੀ ਚੱਲਣਾ ਮੁਸ਼ਕਲ ਕਰ ਦਿੱਤਾ। ਪੂਰਾ ਰਸਤਾ ਰੋਲਿੰਗ ਹੈ, ਰੋਲਿੰਗ ਮਾਇਨੇ ਕਦੀ ਰਸਤਾ ਤੁਹਾਨੂੰ ਉਪਰ ਲੈ ਜਾਂਦਾ ਹੈ ਤੇ ਕਦੀ ਥੱਲੇ ਉਤਾਰਦਾ ਹੈ। ਏਨੀ ਉਚਾਈ 'ਤੇ ਹੋਣ ਕਾਰਨ ਇਸ ਇਲਾਕੇ 'ਚ ਦਰੱਖ਼ਤ ਬਿਲਕੁਲ ਨਹੀਂ ਦਿਖਾਈ ਦਿੰਦੇ, ਪੂਰੇ ਇਲਾਕੇ 'ਚ ਪੱਥਰ ਖਿੱਲਰੇ ਪਏ ਹਨ।

ਡੀ ਬੀ ਨਾਲੇ ਕੋਲ ਹੀ ਇੱਕ ਹੈਲੀਪੈਡ ਦੇ ਨਿਸ਼ਾਨ ਹਨ। ਪੁੱਛਣ 'ਤੇ ਲੱਭੂ ਨੇ ਦੱਸਿਆ ਕਿ ਪਹਿਲਾਂ ਇੱਥੇ ਮੌਸਮ ਵਿਗਿਆਨੀ ਅਤੇ ਨਦੀ 'ਚੋਂ ਕੀਮਤੀ ਪੱਥਰ ਲੱਭਣ ਵਾਲੇ ਹੈਲੀਕਾਪਟਰ ਰਾਹੀਂ ਆਉਂਦੇ ਸਨ, ਉਹ ਕਈ-ਕਈ ਮਹੀਨੇ ਇੱਥੇ ਡੀ ਬੀ ਨਾਲੇ ਦੇ ਉਪਰ ਜਾ ਕੇ ਕੀਮਤੀ ਪੱਥਰ ਲੱਭਦੇ ਸਨ। ਇੱਕ ਵਾਰ ਇੱਥੇ ਹੈਲੀਕਾਪਟਰ ਹਾਦਸਾਗ੍ਰਸਤ ਹੋ ਗਿਆ, ਜਿਸ ਤੋਂ ਬਾਅਦ ਸਭ ਕੁਝ ਬੰਦ ਕਰ ਦਿੱਤਾ ਗਿਆ ਤੇ ਹੁਣ ਬਸ ਨਿਸ਼ਾਨ ਹੀ ਬਾਕੀ ਹਨ।

ਢਿੱਗਦੇ-ਢਹਿੰਦੇ ਆਖਰਕਾਰ ਮਾਨਤਾਲੀ ਪਹੁੰਚ ਗਏ। ਇੱਥੇ ਇੱਕ ਛੋਟਾ ਜਿਹਾ ਸ਼ਿਵ ਦਾ ਮੰਦਰ ਹੈ। ਇੱਥੋਂ ਹੀ ਪਾਰਵਤੀ ਨਦੀ ਦਾ ਜਨਮ ਹੁੰਦਾ ਹੈ। ਇਹ ਝੀਲ ਸਮੁੰਦਰ ਤਲ ਤੋਂ 13,580 ਫੁੱਟ ਦੀ ਉਚਾਈ 'ਤੇ ਹੈ। ਚਾਰੇ ਪਾਸੇ ਉੱਚੇ-ਉੱਚੇ ਪਹਾੜ, ਜੋ ਹਮੇਸ਼ਾ ਬਰਫ ਨਾਲ ਢਕੇ ਰਹਿੰਦੇ ਹਨ। ਇਨ੍ਹਾਂ ਪਹਾੜਾਂ ਤੋਂ ਬਰਫ਼ ਪਿਘਲ ਕੇ ਜੋ ਪਾਣੀ ਆਉਂਦਾ ਹੈ, ਉਹ ਝੀਲ 'ਚ ਇਕੱਠਾ ਹੁੰਦਾ ਰਹਿੰਦਾ ਤੇ ਅੱਗੇ ਨਿਕਲਦਾ ਹੈ। ਮਾਨਤਾਲੀ ਝੀਲ ਦੀ ਲੰਬਾਈ ਕਿਲੋ ਕੁ ਮੀਟਰ ਹੋਵੇਗੀ ਤੇ ਚੌੜਾਈ 500 ਮੀਟਰ ਦੇ ਕਰੀਬ, ਪਾਣੀ ਇੱਕਦਮ ਸਾਫ਼ ਨੀਲਾ ਦਿਖਾਈ ਦਿੰਦਾ ਹੈ। ਪਾਰਵਤੀ ਨਦੀ ਮਾਨਤਾਈ ਤੋਂ ਸ਼ੁਰੂ ਹੋ ਕੇ ਖੀਰਗੰਗਾ ਤੋਂ ਵਹਿੰਦੀ ਹੋਈ ਮਨੀਕਰਨ 'ਚ ਖ਼ਤਰਨਾਕ ਰੂਪ ਲੈਂਦੀ ਹੋਈ ਜ਼ਰੀ, ਮਲਾਨਾ, ਭੁੰਤਰ 'ਚ ਬਿਆਸ ਨਦੀ 'ਚ ਮਿਲ ਜਾਂਦੀ ਹੈ। ਇਸ ਤੋਂ ਬਾਅਦ ਨਦੀ ਦੱਖਣ ਦਿਸ਼ਾ ਵੱਲ ਵਹਿੰਦੀ ਹੋਈ ਮੰਡੀ ਜਿਲ੍ਹੇ 'ਚ ਦਾਖ਼ਲ ਹੁੰਦੀ ਹੈ। ਮੰਡੀ ਤੋਂ ਅੱਗੇ ਨਦੀ ਹਮੀਰਪੁਰ ਹੁੰਦੇ ਹੋਏ ਕਾਂਗੜਾ 'ਚ ਦਾਖ਼ਲ ਹੁੰਦੀ ਹੋਈ ਪੰਜਾਬ 'ਚ ਸਤਲੁਜ ਨਦੀ ਦੇ ਨਾਲ ਮਿਲ ਜਾਂਦੀ ਹੈ।

ਪਹਾੜਾਂ 'ਚ ਇੱਕ ਗੱਲ ਕਹੀ ਜਾਂਦੀ ਹੈ ਕਿ ਇੱਥੇ ਮੌਸਮ ਦਾ ਕੋਈ ਪਤਾ ਨਹੀਂ ਚਲਦਾ, ਕਦੋਂ ਮੀਂਹ ਤੇ ਕਦੋਂ ਧੁੱਪ ਨਿਕਲ ਆਵੇ। ਸਵੇਰੇ ਜਦੋਂ ਚੱਲੇ ਸੀ ਤਾਂ ਵਿੱਚ-ਵਿੱਚ ਪੂਰਾ ਦਿਨ ਬੂੰਦਾਬਾਂਦੀ ਹੀ ਰਹੀ, ਜਦ ਇੱਥੇ ਮਾਨਤਾਲੀ 'ਚ ਟੈਂਟ ਲਾ ਰਹੇ ਸੀ ਤਾਂ ਤੇਜ਼ ਬਾਰਿਸ਼ ਆ ਗਈ। ਇਸ ਇਲਾਕੇ 'ਚ ਕੋਈ ਵੀ ਇਸ ਤਰ੍ਹਾਂ ਦੀ ਜਗ੍ਹਾ ਨਹੀਂ, ਜਿੱਥੇ ਜਾ ਕੇ ਸਿਰ ਛੁਪਾਇਆ ਜਾ ਸਕੇ। ਨਾ ਕੋਈ ਦਰੱਖ਼ਤ, ਨਾ ਕੋਈ ਪਹਾੜ ਦੀ ਓਟ, ਸਿਰਫ਼ ਪੱਧਰ ਮੈਦਾਨ ਹੋਣ ਕਾਰਨ ਸਾਰੇ ਪੂਰੀ ਤਰ੍ਹਾਂ ਤਰ ਹੋ ਗਏ। ਟੈਂਟ ਲਾਉਂਦੇ ਹੋਏ ਟੈਂਟ ਵੀ ਗਿੱਲੇ ਹੋ ਗਏ। ਸਾਰਿਆਂ ਨੇ ਜਲਦੀ ਜਲਦੀ ਟੈਂਟ ਲਾਏ ਤੇ ਅੰਦਰ ਵੜ ਕੇ ਗਿੱਲੇ ਕੱਪੜੇ ਬਦਲੇ। ਹੁਣ ਉਡੀਕ ਸੀ ਕਿ ਮੀਂਹ ਰੁਕੇ ਤੇ ਕੁਝ ਖਾਧਾ ਜਾਵੇ, ਪਰ ਬੱਦਲਾਂ ਨੇ ਪਹਾੜਾਂ ਨੂੰ ਇਸ ਤਰ੍ਹਾਂ ਘੇਰਾ ਪਾਇਆ ਹੋਇਆ ਸੀ ਕਿ ਚਾਰੇ ਪਾਸੇ ਧੁੰਦ ਹੀ ਧੁੰਦ ਨਜ਼ਰ ਆਉਂਦੀ ਸੀ। ਸਾਰਿਆਂ ਨੇ ਰਾਤ ਕੁਝ ਨਹੀਂ ਖਾਧਾ, ਜਿਸ ਕਿਸੇ ਕੋਲ ਟੌਫੀਆਂ ਜਾਂ ਫਿਰ ਚਾਕਲੇਟ ਸੀ, ਖਾ ਕੇ ਰਾਤ ਦਾ ਗੁਜ਼ਾਰਾ ਕੀਤਾ। ਸੋਚਿਆ ਕਿ ਸਵੇਰੇ ਮੀਂਹ ਰੁਕ ਜਾਵੇਗਾ। ਸਵੇਰੇ ਵੀ ਉਸ ਤਰ੍ਹਾਂ ਹੀ ਲਗਾਤਾਰ ਬਾਰਿਸ਼ ਜਾਰੀ ਰਹੀ, ਟੈਂਟਾਂ 'ਚ ਪਾਣੀ ਆ ਗਿਆ, ਜਿਸ ਨਾਲ ਸਾਰਾ ਸਾਮਾਨ ਵੀ ਗਿੱਲਾ ਹੋ ਗਿਆ, ਇੱਥੋਂ ਤੱਕ ਕਿ ਸਲੀਪਿੰਗ ਬੈਗ ਵੀ ਗਿੱਲੇ ਹੋ ਗਏ। ਸੁਣਦਾ ਹੁੰਦਾ ਸਾਂ ਕਿ ਟਰੈਕਿੰਗ ਦਾ ਅਸਲੀ ਮਜ਼ਾ ਇਸ 'ਚ ਹੀ ਹੈ, ਜੇ ਤੁਹਾਨੂੰ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਿਆ ਹੋਵੇ ਤਾਂ ਉਹ ਕਿਸ ਤਰ੍ਹਾਂ ਦੀ ਟਰੈਕਿੰਗ। ਅੱਜ ਸਾਰੀਆਂ ਮੁਸ਼ਕਲਾਂ ਨਾਲ ਆਹਮਣਾ-ਸਾਹਮਣਾ ਹੋ ਰਿਹਾ ਸੀ। ਸਲੀਪਿੰਗ ਬੈਗ ਤੋਂ ਬਗੈਰ ਅਗਲੀ ਰਾਤ ਕੱਟਣੀ ਤਾਂ ਨਾਮੁਮਕਿਨ ਹੈ, ਇਹੀ ਡਰ ਵਾਰ-ਵਾਰ ਸਤਾ ਰਿਹਾ ਸੀ। ਦੂਜਾ ਦਿਨ ਵੀ ਇੱਥੇ ਅਸੀਂ ਆਪਣੇ ਟੈਂਟਾਂ 'ਚ ਹੀ ਗੁਜ਼ਾਰਿਆ ਸੀ, ਕਿਉਂਕਿ ਮੀਂਹ ਨੇ ਜ਼ਿੱਦ ਕਰ ਲਈ ਸੀ ਕਿ ਇਨ੍ਹਾਂ ਨੂੰ ਅੱਗੇ ਨਹੀਂ ਜਾਣ ਦੇਣਾ। ਸਾਰੇ ਆਪਣੇ-ਆਪਣੇ ਘੁਰਨਿਆਂ 'ਚ ਵੜੇ ਰਹੇ, ਮੀਂਹ ਦੇ ਰੁਕਣ ਦੇ ਇੰਤਜ਼ਾਰ ਤੋਂ ਸਿਵਾਏ ਕੋਈ ਚਾਰਾ ਨਹੀਂ ਸੀ। ਅਗਲੇ ਦਿਨ ਜਦ ਬੱਦਲਾਂ ਨੇ ਕਾਲੇ ਤੋਂ ਚਿੱਟਾ ਰੰਗ ਬਦਲਿਆ ਤਾਂ ਕੁਝ ਆਸ ਬੱਝੀ ਕਿ ਹੁਣ ਅੱਗੇ ਜਾ ਸਕਦੇ ਹਾਂ, ਪਰ ਫਿਰ ਗਾਈਡ ਨੇ ਕਿਹਾ—ਅੱਗੇ ਜਾਣਾ ਖ਼ਤਰੇ ਤੋਂ ਖਾਲੀ ਨਹੀਂ, ਕਿਉਂਕਿ ਜੇ ਇੱਥੇ ਏਨੀ ਬਾਰਿਸ਼ ਹੋਈ ਹੈ ਤਾਂ ਫਿਰ ਪਾਸ ਤਾਂ ਬਰਫ਼ਬਾਰੀ ਹੋਈ ਹੋਵੇਗੀ, ਤਾਜ਼ਾ ਬਰਫ਼ 'ਤੇ ਚੱਲਣਾ ਮੁਸ਼ਕਲ ਹੋਵੇਗਾ, ਨਾਲ ਹੀ ਜਿੱਥੇ ਕਰਾਵਾਸ (ਉਹ ਜਗ੍ਹਾ, ਜਿੱਥੇ ਗਲੇਸ਼ੀਅਰ ਫਟਣ ਕਾਰਨ ਜਗ੍ਹਾ ਬਣੀ ਹੁੰਦੀ ਹੈ) ਨੂੰ ਪਾਰ ਕਰਨ ਸਮੇਂ ਕੋਈ ਹਾਦਸਾ ਹੋ ਸਕਦਾ ਹੈ। ਇਸ ਲਈ ਸਾਡੀ ਸਾਰਿਆਂ ਦੀ ਭਲਾਈ ਇਸ ਵਿੱਚ ਹੀ ਹੈ ਕਿ ਆਪਾਂ ਫਿਰ ਕਦੀ ਦੁਬਾਰਾ ਪਾਰ ਕਰ ਲਵਾਂਗੇ ਤੇ ਹੁਣ ਵਾਪਸ ਚੱਲੀਏ। ਸਾਰਿਆਂ ਨੇ ਇਹ ਹੀ ਸੋਚਿਆ ਕਿ ਸਾਡੇ ਤੋਂ ਜ਼ਿਆਦਾ ਇਨ੍ਹਾਂ ਨੂੰ ਇਸ ਜਗ੍ਹਾ ਬਾਰੇ ਪਤਾ ਹੈ ਕਿ ਕਿੱਥੇ ਕੀ ਕਰਨਾ। ਦੂਜਾ ਇਹ ਸੋਚਿਆ ਕਿ ਜਾਨ ਹੈ ਤਾਂ ਜਹਾਨ ਹੈ, ਜਾਨ ਹੈ ਤਾਂ ਫਿਰ ਦੁਬਾਰਾ ਵੀ ਆ ਸਕਦੇ ਹਾਂ, ਨਾਲੇ ਕਈ ਵਾਰੀ ਕਈ ਕਹਾਣੀਆਂ ਨੂੰ ਅਧੂਰਿਆਂ ਹੀ ਛੱਡ ਦੇਣਾ ਚਾਹੀਦਾ। ਇਹ ਹਰ ਸਮੇਂ ਸਾਨੂੰ ਜਿਊਂਦਾ ਰੱਖਦੀਆਂ ਤੇ ਮਨ 'ਚ ਹਮੇਸ਼ਾ ਇੱਕ ਤਾਂਘ ਜਗਾਉਂਦੀਆਂ ਹਨ ਕਿ ਇਸ ਨੂੰ ਪੂਰਾ ਕਰਨਾ ਹੈ।

(ਸਮਾਪਤ)

18-Aug-Sunday.qxd 8/17/2024 10:55 PM Page 5



# ਕਿਸੇ ਨਵੇਂ ਰਾਜਸੀ ਜਲਵੇ ਵਾਲਾ ਸੰਕੇਤ ਤਾਂ ਨਹੀਂ ਮੋਦੀ ਦਾ ਲਾਲ ਕਿਲ੍ਹੇ ਤੋਂ ਦਿੱਤਾ ਭਾਸ਼ਣ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਅਸੀਂ ਇਸ ਹਫਤੇ ਭਾਰਤ ਦਾ ਇੱਕ ਹੋਰ ਆਜ਼ਾਦੀ ਦਿਵਸ ਮਨਾਇਆ ਜਾਂਦਾ ਵੇਖਿਆ ਹੈ। ਇਹ ਗੱਲ ਆਪਣੀ ਥਾਂ ਹੈ ਕਿ ਅਜੇ ਤੱਕ ਕਈ ਲੋਕ ਇਸ ਦੇਸ਼ ਨੂੰ ਆਜ਼ਾਦ ਹੋਇਆ ਨਹੀਂ ਮੰਨਦੇ ਅਤੇ ਪਿੰਡਾਂ ਵਿੱਚ ਕਈ ਬਜ਼ੁਰਗ ਮਿਲਦੇ ਹਨ, ਜਿਹੜੇ ਕਹਿ ਦੇਂਦੇ ਹਨ ਕਿ ਇਸ ਨਾਲੋਂ ਅੰਗਰੇਜ਼ਾਂ ਦਾ ਰਾਜ ਚੰਗਾ ਸੀ। ਏਦਾਂ ਦੀਆਂ ਗੱਲਾਂ ਉਨ੍ਹਾਂ ਸਿੱਧੜ ਲੋਕਾਂ ਦੀ ਆਪੋ-ਆਪਣੀ ਸੋਚ ਜਾਂ ਰਾਜਨੀਤਕ ਕਾਰਨਾਂ ਕਰ ਕੇ ਬਣੀ-ਬਣਾਈ ਧਾਰਨਾ ਦਾ ਪ੍ਰਗਟਾਵਾ ਹੋਣਗੀਆਂ, ਭਾਰਤ ਨੂੰ ਅੰਗਰੇਜ਼ਾਂ ਦੇ ਜਾਣ ਵੇਲੇ ਅਜ਼ਾਦੀ ਮਿਲ ਗਈ ਹੋਣਾ ਇੱਕ ਇਤਿਹਾਸਕ ਸੱਚਾਈ ਹੈ। ਕਹਿਣ ਵਜੋਂ ਭਾਰਤੀ ਪਾਰਲੀਮੈਂਟ ਦੀ ਇੱਕ ਮੈਂਬਰ ਕੁੜੀ ਇਹ ਵੀ ਕਹਿੰਦੀ ਹੈ ਕਿ ਅਸਲੀ ਆਜ਼ਾਦੀ ਉਸ ਦਿਨ ਨਸੀਬ ਹੋਈ ਸੀ, ਜਿਸ ਦਿਨ ਨਰਿੰਦਰ ਮੋਦੀ ਨੇ ਭਾਰਤ ਦੇ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਿਆ ਸੀ। ਕਿਹੜਾ ਕਿਸੇ ਨੇ ਰੋਕ ਦੇਣਾ ਹੈ। ਏਦਾਂ ਕਈ ਹੋਰ ਲੋਕ ਆਪੋ-ਆਪਣੀ ਗੱਲ ਕਹਿ ਦੇਂਦੇ ਹਨ। ਆਮ ਬੰਦੇ ਨੂੰ ਏਦਾਂ ਦੀਆਂ ਗੱਲਾਂ ਨਾਲ ਮਤਲਬ ਨਹੀਂ, ਜ਼ਿੰਦਗੀ ਦੀਆਂ ਲੋੜਾਂ ਦੀ ਪੂਰਤੀ ਨਾਲ ਮਤਲਬ ਹੈ। ਦੇਸ਼ ਦੇ ਗਰੀਬੀ ਮਾਰੇ ਲੋਕਾਂ ਦੀ ਇਹ ਆਸ ਲੰਮਾ ਸਮਾਂ ਰਾਜ ਕਰਦੀ ਰਹੀ ਕਾਂਗਰਸ ਪਾਰਟੀ ਵੀ ਪੂਰੀ ਨਹੀਂ ਸੀ ਕਰ ਸਕੀ ਅਤੇ ਉਸ ਦੀ ਥਾਂ ਲੈਣ ਵਾਲੀਆਂ ਧਿਰਾਂ ਵਿੱਚੋਂ ਅਜੋਕੀ ਮੁੱਖ ਧਿਰ ਭਾਜਪਾ ਵੀ ਆਸ ਪੂਰੀ ਨਹੀਂ ਕਰ ਸਕੀ। ਇਸ ਦੇ ਬਾਵਜੂਦ ਭਾਰਤ ਦੇ ਲੋਕ ਹਰ ਸਾਲ ਇਸ ਦਿਨ ਨੂੰ ਉਡੀਕਦੇ ਹਨ, ਪਰ ਇਹ ਦਿਨ ਕੋਈ ਕ੍ਰਿਸ਼ਮਾ ਵਿਖਾਉਣ ਵਾਲਾ ਕਦੇ ਵੀ ਨਹੀਂ ਬਣ ਸਕਿਆ ਅਤੇ ਇਸ ਵਾਰੀ ਫਿਰ ਰਸਮ ਪੂਰਤੀ ਜਿਹੀ ਕਰ ਕੇ ਖਹਿੜਾ ਛੁਡਾ ਗਿਆ ਜਾਪਦਾ ਹੈ।

ਜਿਹੜੀ ਵੱਖਰੀ ਗੱਲ ਇਸ ਵਾਰੀ ਹੋਈ, ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਲਾਲ ਕਿਲ੍ਹੇ ਦੀ ਦੀਵਾਰ ਤੋਂ ਖੜੋ ਕੇ ਦਿੱਤੇ ਭਾਸ਼ਣ ਦਾ ਵੱਖਰਾਪਣ ਸੀ, ਜਿਹੜਾ ਕੋਈ ਆਸ ਬੰਨ੍ਹਾਉਣ ਵਾਲਾ ਹੋਣ ਦੀ ਥਾਂ ਉਲਟਾ ਆਮ ਲੋਕਾਂ ਨੂੰ ਭੁਚਲਾਵੇ ਦੇਣ ਵਾਲਾ ਲੱਗਦਾ ਸੀ। ਰਸਮੀ ਭਾਸ਼ਣਾਂ ਤੋਂ ਵੱਖਰੇ ਰੰਗ ਵਿੱਚ ਦਿੱਤੇ ਇਸ ਭਾਸ਼ਣ ਵਿੱਚ ਜਿਹੜੇ ਖਾਸ ਨੁਕਤੇ ਉਨ੍ਹਾ ਛੋਹੇ, ਉਨ੍ਹਾਂ ਦੀ ਚਰਚਾ ਮੀਡੀਏ ਵਿੱਚ ਵੀ ਹੋਈ ਹੈ ਤੇ ਰਾਜਨੀਤਕ ਅਤੇ ਸਮਾਜੀ ਪਿੜ ਵਿੱਚ ਵੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਮੁੱਦਾ ਫਿਰ ਉਹੀ ਛੋਹਿਆ, ਜਿਹੜਾ ਪਹਿਲਾਂ ਅਟਲ ਬਿਹਾਰੀ ਵਾਜਪਾਈ ਤੇ ਉਨ੍ਹਾ ਦੇ ਸਾਥੀ ਹੋਰਨਾਂ ਲੀਡਰਾਂ ਲਈ ਮਨ-ਭਾਉਂਦਾ ਮੁੱਦਾ ਹੋਇਆ ਕਰਦਾ ਸੀ ਤੇ ਫਿਰ ਮੌਕਾ ਮੁਨਾਸਬ ਵੇਖਦੇ ਸਾਰ ਨਰਿੰਦਰ ਮੋਦੀ ਪਿਛਲੇ ਦਸਾਂ ਸਾਲਾਂ ਤੋਂ ਚੁੱਕਦੇ ਰਹੇ ਸਨ। ਇਹ ਮੁੱਦਾ ਭਾਰਤੀ ਰਾਜਨੀਤੀ ਵਿੱਚ ਪਰਵਾਰਵਾਦੀ ਪਹੁੰਚ ਤੇ ਰਿਵਾਇਤ ਬਾਰੇ ਸੀ। ਲੋਕਤੰਤਰ ਪੱਖੋਂ ਵੇਖਿਆ ਜਾਵੇ ਤਾਂ ਇਹ ਗੱਲ ਹਰ ਕੋਈ ਕਹੇਗਾ ਕਿ ਸਿਆਸੀ ਖੇਤਰ ਨਾਲ ਜੁੜੇ ਤੇ ਰਾਜ ਸੁਖ ਮਾਣਦੇ ਆਏ ਪਰਵਾਰਾਂ ਦੇ ਲੋਕ ਹੀ ਵਾਰ-ਵਾਰ ਅੱਗੇ ਨਹੀਂ ਆਉਣੇ ਚਾਹੀਦੇ, ਪਿਤਾ-ਪੁਰਖੀ ਪਹੁੰਚ ਦੀ ਥਾਂ ਉਨ੍ਹਾਂ ਲੋਕਾਂ ਨੂੰ ਮੌਕਾ ਦੇਣਾ ਚਾਹੀਦਾ ਹੈ, ਜਿਹੜੇ ਸਮਾਜ-ਸੇਵਾ ਅਤੇ ਆਪਣੀ ਮਿਹਨਤ ਦੇ ਸਦਕਾ ਲੋਕਾਂ ਵਿੱਚ ਸਤਿਕਾਰ ਵਾਲੀ ਥਾਂ ਬਣਾ ਸਕਦੇ ਹੋਣ। ਅਮਲ ਵਿੱਚ ਏਦਾਂ ਨਹੀਂ ਹੁੰਦਾ ਅਤੇ ਇਹ ਰੋਗ ਰਾਜਨੀਤਕ ਪੱਖੋਂ ਸਿਰਫ ਉਨ੍ਹਾਂ ਪਾਰਟੀਆਂ ਤੱਕ ਸੀਮਤ ਨਹੀਂ, ਜਿਨ੍ਹਾਂ ਨੂੰ ਨਰਿੰਦਰ ਮੋਦੀ ਸਾਹਿਬ ਨਿਸ਼ਾਨੇ ਉੱਤੇ ਰੱਖ ਲੈਂਦੇ ਹਨ। ਏਦਾਂ ਦੇ ਬਹੁਤ ਸਾਰੇ ਲੋਕ ਭਾਜਪਾ ਵਿੱਚ ਵੀ ਬੈਠੇ ਹਨ, ਜਿਹੜੇ ਪਰਵਾਰਵਾਦ ਦਾ ਪ੍ਰਤੀਕ ਹਨ। ਮਿਸਾਲ ਵਜੋਂ ਗਵਾਲੀਅਰ ਰਾਜ ਘਰਾਣੇ ਦੀ ਮਹਾਰਾਣੀ ਵਿਜੇ ਰਾਜੇ ਸਿੰਧੀਆ ਕਿਸੇ ਸਮੇਂ ਅਟਲ ਬਿਹਾਰੀ ਵਾਜਪਾਈ, ਲਾਲ ਕ੍ਰਿਸ਼ਨ ਅਡਵਾਨੀ ਤੇ ਹੋਰ ਆਗੂਆਂ ਨਾਲ ਮਿਲ ਕੇ ਭਾਜਪਾ ਦਾ ਮੁੱਢ ਬੰਨ੍ਹਣ ਵਾਲਿਆਂ ਵਿੱਚੋਂ ਸੀ। ਉਹ ਪਾਰਲੀਮੈਂਟ ਮੈਂਬਰ ਵੀ ਕੁਝ ਵਾਰ ਬਣਦੀ ਰਹੀ। ਉਸ ਦੇ ਪੁੱਤਰ ਮਾਧਵ ਰਾਓ ਸਿੰਧੀਆ ਨੂੰ ਕੇਂਦਰ ਦਾ ਮੰਤਰੀ ਰਾਜੀਵ ਗਾਂਧੀ ਨੇ ਬਣਾਇਆ, ਪਰ ਧੀ ਨੂੰ ਮਹਾਰਾਣੀ ਦੇ ਜਿਉਂਦੇ ਜੀਅ ਅਟਲ ਬਿਹਾਰੀ ਵਾਜਪਾਈ ਸਰਕਾਰ ਵੇਲੇ ਕੇਂਦਰੀ ਮੰਤਰੀ ਭਾਜਪਾ ਨੇ ਬਣਾਇਆ ਸੀ। ਫਿਰ ਉਹ ਰਾਜਸਥਾਨ ਦੀ ਦੋ ਵਾਰੀ ਮੁੱਖ ਮੰਤਰੀ ਬਣੀ ਤੇ ਅੱਗੋਂ ਉਸ ਦਾ ਪੁੱਤਰ ਵੀ ਪਾਰਲੀਮੈਂਟ ਮੈਂਬਰ ਬਣਿਆ ਸੀ। ਵਸੁੰਧਰਾ ਦਾ ਭਤੀਜਾ ਜਿਓਤਿਰਾਦਿੱਤਿਆ ਸਿੰਧੀਆ ਕਾਂਗਰਸ ਦਾ ਆਗੂ ਹੁੰਦਾ ਸੀ, ਉਸ ਨੂੰ ਓਧਰੋਂ ਭਾਜਪਾ ਵਿੱਚ ਨਰਿੰਦਰ ਮੋਦੀ ਸਾਹਿਬ ਦੀ ਟੀਮ ਨੇ ਖਿੱਚ ਕੇ ਲਿਆਂਦਾ ਅਤੇ ਜਿਹੜੇ ਭਾਜਪਾ ਆਗੂ ਨੇ ਉਸ ਨੂੰ ਚੋਣਾਂ ਵਿੱਚ ਹਰਾਇਆ ਸੀ, ਉਸ ਨੂੰ ਪਾਸੇ ਧੱਕ ਕੇ ਉਹੀ ਸੀਟ ਜਿਓਤਿਰਾਦਿੱਤਿਆ ਸਿੰਧੀਆ ਨੂੰ ਮੋਦੀ ਦੀ ਅਗਵਾਈ ਵਿੱਚ ਭਾਜਪਾ ਲੀਡਰਸ਼ਿਪ ਨੇ ਦੇ ਦਿੱਤੀ ਹੈ। ਭਾਜਪਾ ਅੰਦਰ ਪਰਵਾਰਵਾਦ ਦੀਆਂ ਏਦਾਂ ਦੀਆਂ ਕਈ ਮਿਸਾਲਾਂ ਹਨ, ਪਰ ਨਰਿੰਦਰ ਮੋਦੀ ਨੂੰ ਇਹ ਪਰਵਾਰਵਾਦ ਬਿਲਕੁਲ ਨਹੀਂ ਰੜਕਦਾ।

ਦੂਸਰਾ ਮੁੱਦਾ ਉਨ੍ਹਾ ਔਰਤਾਂ ਨਾਲ ਜ਼ਿਆਦਤੀਆਂ ਦਾ ਇਸ ਤਰੀਕੇ ਨਾਲ ਉਭਾਰਿਆ ਕਿ ਸਭ ਨੂੰ ਸਪੱਸ਼ਟ ਦਿੱਸ ਪਿਆ ਕਿ ਇਸ਼ਾਰਾ ਕੋਲਕਾਤਾ ਦੇ ਇੱਕ ਹਸਪਤਾਲ ਵਿੱਚ ਹੋਈ ਘਟਨਾ ਵੱਲ ਹੈ। ਉਹ ਘਟਨਾ ਹੈ ਵੀ ਅੱਤ ਦੀ ਵਹਿਸ਼ਤ ਤੇ ਬਦਮਾਸ਼ੀ ਦੀ ਪ੍ਰਤੀਕ ਅਤੇ ਉਸ ਦੇ ਖਿਲਾਫ ਇਸ ਦੇਸ਼ ਦੇ ਲੋਕਾਂ ਦਾ ਰੋਹ ਬਿਲਕੁਲ ਜਾਇਜ਼ ਹੈ। ਮਮਤਾ ਬੈਨਰਜੀ ਦੀ ਸਰਕਾਰ ਇਸ ਮੁੱਦੇ ਨੂੰ ਉਸ ਗੰਭੀਰਤਾ ਨਾਲ ਵੇਲੇ ਸਿਰ ਨਹੀਂ ਲੈ ਸਕੀ ਜਾਪਦੀ, ਜਿਸ ਨਾਲ ਲਿਆ ਜਾਣਾ ਬਣਦਾ ਸੀ ਤੇ ਇਸ ਗੱਲ ਲਈ ਸਾਰੇ ਭਾਰਤ ਦੀ ਇੱਕ ਰਾਇ ਹੈ, ਜਿਹੜੀ ਹੋਣੀ ਵੀ ਚਾਹੀਦੀ ਹੈ। ਤਸਵੀਰ ਦਾ ਦੂਸਰਾ ਪੱਖ ਇਹ ਹੈ ਕਿ ਜਦੋਂ ਉੱਤਰ ਪ੍ਰਦੇਸ਼ ਦੇ ਉਨਾਓ ਜ਼ਿਲ੍ਹੇ ਵਿੱਚ ਇਹੋ ਜਿਹੀ ਘਟਨਾ ਵਾਪਰੀ, ਸਾਰੇ ਕਾਂਡ ਦਾ ਮੁੱਖ ਦੋਸ਼ੀ ਭਾਜਪਾ ਦਾ ਆਪਣਾ ਵਿਧਾਇਕ ਕੁਲਦੀਪ ਸਿੰਘ ਸੇਂਗਰ ਸੀ, ਓਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਸ ਬਾਰੇ ਚੁੱਪ ਧਾਰ ਲਈ ਸੀ ਤੇ ਫਿਰ ਉਹ ਮਾਮਲਾ ਅਦਾਲਤ ਦੇ ਹੁਕਮ ਉੱਤੇ ਉੱਤਰ ਪ੍ਰਦੇਸ਼ ਦੀ ਥਾਂ ਦਿੱਲੀ ਤਬਦੀਲ ਹੋਇਆ ਸੀ। ਕਾਂਗਰਸ ਦੇ ਡਾਕਟਰ ਮਨਮੋਹਨ ਸਿੰਘ ਦੇ ਰਾਜ ਵਿੱਚ ਦਿੱਲੀ ਵਿੱਚ ਨਿਰਭੈਆ ਕਾਂਡ ਮਗਰੋਂ ਸਾਰੇ ਦੇਸ਼ ਵਿੱਚ ਜਿੰਨਾ ਹੰਗਾਮਾ ਤੇ ਜਨਤਕ ਰੋਹ ਦਾ ਪ੍ਰਗਟਾਵਾ ਹੋਇਆ ਸੀ, ਉਸ ਦੇ ਬਾਅਦ ਅਗਲੀ ਵਾਰੀ ਓਸੇ ਪੱਧਰ ਦਾ ਰੋਸ ਪ੍ਰਗਟਾਵਾ ਸਾਰੇ ਭਾਰਤ ਵਿੱਚ ਉਸ ਉਨਾਓ ਵਾਲੇ ਕਾਂਡ ਦੇ ਖਿਲਾਫ ਵੇਖਿਆ ਗਿਆ। ਨਿਰਭੈਆ ਕਾਂਡ ਵਾਲੀ ਬਦਨਸੀਬ ਕੁੜੀ ਦੀ ਜਾਨ ਬਚਾਈ ਨਹੀਂ ਸੀ ਜਾ ਸਕੀ ਅਤੇ ਉਨਾਓ ਕਾਂਡ ਵਾਲੀ ਪੀੜਤ ਕੁੜੀ ਦਾ ਹਸ਼ਰ ਵੀ ਏਹੋ ਸੀ। ਕਾਂਗਰਸੀ ਰਾਜ ਸੀ ਜਾਂ ਭਾਜਪਾ ਦਾ, ਬਦਮਾਸ਼ੀ ਦੋਵਾਂ ਦੇ ਰਾਜ-ਪ੍ਰਬੰਧ ਵਿੱਚ ਹੋਈ ਅਤੇ ਬਾਅਦ ਵਿੱਚ ਵੀ ਹੋਣ ਤੋਂ ਕਦੀ ਨਹੀਂ ਰੁਕ ਸਕੀ। ਜਿਹੜੀ ਗੱਲ ਅਪਰਾਧੀਆਂ ਨੂੰ ਸਿਆਸਤ ਤੇ ਸਰਕਾਰ ਦੀ ਸਰਪ੍ਰਸਤੀ ਦੇਣ ਵਾਲੀ ਹੈ, ਉਹ ਜਿੰਨੀ ਉਨਾਓ ਕਾਂਡ ਵਿੱਚ ਵੇਖੀ ਗਈ, ਉਹ ਹੋਰ ਵੀ ਵੱਧ ਦੁਖੀ ਕਰਨ ਵਾਲੀ ਸੀ। ਜਿਸ ਭਾਜਪਾ ਵਿਧਾਇਕ ਕੁਲਦੀਪ ਸਿੰਘ ਸੇਂਗਰ ਨੂੰ ਅਦਾਲਤ ਨੇ ਉਸ ਜੁਰਮ ਵਾਸਤੇ ਮੁੱਖ ਦੋਸ਼ੀ ਮੰਨਿਆ, ਉਸ ਦੇ ਜੇਲ੍ਹ ਜਾਣ ਮਗਰੋਂ ਉਸ ਹਲਕੇ ਵਿੱਚ ਹੋਈ ਚੋਣ ਵਿੱਚ ਭਾਜਪਾ ਦੇ ਪੋਸਟਰਾਂ ਉੱਤੇ ਉਸ ਅਪਰਾਈ ਤੇ ਉਸ ਦੀ ਪਤਨੀ ਦੀ ਫੋਟੋ ਛਪੀ ਦਿਖਾਈ ਦੇਂਦੀ ਸੀ। ਏਦਾਂ ਦਾ ਘਿਨਾਉਣਾ ਅਪਰਾਧ ਕਰਨ ਵਾਲੇ ਬੰਦੇ ਦੇ ਫੋਟੋ ਵਿਖਾ ਕੇ ਲੋਕਾਂ ਦੀਆਂ ਵੋਟਾਂ ਲੈਣ ਦਾ ਭਾਜਪਾ ਲੀਡਰਸ਼ਿਪ ਦਾ ਦਾਅ ਕਿਸੇ ਨੂੰ ਸਮਝ ਨਹੀਂ ਆਇਆ। ਜਦੋਂ ਪ੍ਰਧਾਨ ਮੰਤਰੀ ਦੇਸ਼ ਦੀਆਂ ਹੋਰਨਾਂ ਰਾਜਸੀ ਧਿਰਾਂ ਜਾਂ ਲੀਡਰਾਂ ਵੱਲ ਨਿਸ਼ਾਨਾ ਸੇਧਦੇ ਹਨ ਤਾਂ ਉਨ੍ਹਾ ਨੂੰ ਇਹ ਵੀ ਦੱਸਣਾ ਪਵੇਗਾ ਕਿ ਕਰਨਾਟਕ ਦੇ ਜਿਸ ਛੋਕਰੇ ਉੱਤੇ ਤਿੰਨ ਹਜ਼ਾਰ ਦੇ ਕਰੀਬ ਔਰਤਾਂ ਅਤੇ ਕੁੜੀਆਂ ਦੀ ਜ਼ਿੰਦਗੀ ਬਰਬਾਦ ਕਰਨ ਦਾ ਦੋਸ਼ ਸੀ, ਲੋਕ ਸਭਾ ਚੋਣਾਂ ਮੌਕੇ ਉਸ ਦੇ ਹੱਕ ਵਿੱਚ ਵੋਟਾਂ ਲਈ ਅਪੀਲ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖੁਦ ਕਿਉਂ ਗਏ ਸਨ ਤੇ ਇਹੋ ਜਿਹੇ ਵਿਗੜੇ ਛੋਕਰੇ ਦੀ ਗ੍ਰਿਫਤਾਰੀ ਪਿੱਛੋਂ ਉਸ ਦੇ ਬਾਪ ਨੂੰ ਨਵੀਂ ਬਣੀ ਕੇਂਦਰੀ ਸਰਕਾਰ ਦਾ ਮੰਤਰੀ ਲੈਣ ਦੀ ਕੀ ਲੋੜ ਪਈ ਸੀ!

ਤੀਸਰਾ ਨੁਕਤਾ ਉਨ੍ਹਾ ਫਿਰ ਦੇਸ਼ ਵਿੱਚ ਫੈਲੇ ਭ੍ਰਿਸ਼ਟਾਚਾਰ ਅਤੇ ਇਸ ਨੂੰ ਰਾਜਸੀ ਲੀਡਰਾਂ ਦੀ ਸਰਪ੍ਰਸਤੀ ਦਾ ਚੁੱਕਿਆ ਹੈ ਅਤੇ ਇਹ ਗੱਲ ਲੋਕਾਂ ਦੀ ਚਰਚਾ ਦਾ ਵਿਸ਼ਾ ਵੀ ਹਮੇਸ਼ਾ ਤੋਂ ਹੈ। ਏਥੇ ਵੀ ਤਸਵੀਰ ਦਾ ਇੱਕ ਹੋਰ ਪੱਖ ਇਸ ਤੋਂ ਐਨ ਉਲਟ ਭਾਜਪਾ ਤੇ ਪ੍ਰਧਾਨ ਮੰਤਰੀ ਦੇ ਵਿਹਾਰ ਤੇ ਪਹੁੰਚ ਦਾ ਉੱਠਦਾ ਹੈ। ਭ੍ਰਿਸ਼ਟਾਚਾਰ ਕਰਨ ਦੀਆਂ ਜਿਹੜੀਆਂ ਵਿਲੱਖਣ ਮਿਸਾਲਾਂ ਪਿਛਲੇ ਵੀਹ ਸਾਲਾਂ ਵਿੱਚ ਨਵੇਂ ਉੱਠੇ ਦੇਸ਼ ਦੇ ਥੈਲੀ ਸ਼ਾਹ ਗੌਤਮ ਅਡਾਨੀ ਅਤੇ ਉਸ ਦੇ ਜੋੜੀਦਾਰਾਂ ਨੇ ਕਾਇਮ ਕਰ ਦਿੱਤੀਆਂ ਹਨ, ਉਨ੍ਹਾਂ ਦੇ ਨਾਲ ਤੁਲਨਾ ਕਰਨ ਵਾਲਾ ਇੱਕ ਵੀ ਹੋਰ ਚੈਪਟਰ ਭਾਰਤ ਦੇਸ਼ ਦੇ ਇਤਿਹਾਸ ਵਿੱਚ ਲੱਭਣਾ ਔਖਾ ਹੈ। ਹਿੰਡਨਬਰਗ ਦੀ ਇੱਕ ਰਿਪੋਰਟ ਪਹਿਲਾਂ ਆਈ ਅਤੇ ਦੂਸਰੀ ਪਿਛਲੇ ਦਿਨੀਂ ਆ ਗਈ ਹੈ, ਪਰ ਇਸ ਨਾਲ ਕੋਈ ਫਰਕ ਨਹੀਂ ਪਿਆ, ਕਿਉਂਕਿ ਜਿਹੜੇ ਕਾਰੋਬਾਰੀ ਉੱਤੇ ਭ੍ਰਿਸ਼ਟਾਚਾਰ ਕਰਨ ਤੇ ਭਾਰਤ ਦੀ ਜਿਸ ਏਜੰਸੀ ਉੱਤੇ ਬਾਜ਼ਾਰ ਵਿੱਚ ਚੌਕਸੀ ਰੱਖਣ ਵਾਲੀ ਜ਼ਿੰਮੇਵਾਰੀ ਨਿਭਾਉਣ ਦੀ ਥਾਂ ਭ੍ਰਿਸ਼ਟਾਚਾਰੀਆਂ ਨਾਲ ਮਿਲ ਕੇ ਇਹ ਖੇਡ ਨਿਰਵਘਨ ਚਲਦੀ ਰੱਖਣ ਦਾ ਦੋਸ਼ ਹੈ, ਉਨ੍ਹਾਂ ਦੀ ਪਿੱਠ ਉੱਤੇ ਕਿਹੜੀ ਹਸਤੀ ਹੈ, ਸਾਰੇ ਲੋਕ ਜਾਣਦੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਹਾਰਾਸ਼ਟਰ ਵਿੱਚ ਜਾ ਕੇ ਚੋਣ ਜਲਸਿਆਂ ਵਿੱਚ ਜਿਹੜੇ ਆਗੂ ਉੱਤੇ ਕਈ ਹਜ਼ਾਰ ਕਰੋੜ ਦੇ ਘਪਲੇ ਕਰਨ ਦਾ ਦੋਸ਼ ਲਾਇਆ ਸੀ, ਉਹ ਜਦੋਂ ਇਨ੍ਹਾਂ ਕੋਲ ਪਹੁੰਚ ਗਿਆ ਤਾਂ ਰਾਤੋ-ਰਾਤ ਮਹਾਰਾਸ਼ਟਰ ਵਿੱਚ ਭਾਜਪਾ ਵਾਲੇ ਗੱਠਜੋੜ ਦੀ ਸਰਕਾਰ ਦਾ ਡਿਪਟੀ ਮੁੱਖ ਮੰਤਰੀ ਬਣਾ ਦਿੱਤਾ ਸੀ। ਇਹੀ ਨਹੀਂ, ਜਿਹੜੇ ਕਈ ਕੇਸ ਉਸ ਉੱਤੇ ਚੱਲ ਰਹੇ ਸਨ, ਉਨ੍ਹਾਂ ਦੀਆਂ ਸਾਰੀਆਂ ਫਾਈਲਾਂ ਵੀ ਠੱਪ ਕਰ ਦਿੱਤੀਆਂ ਸਨ ਤਾਂ ਕਿਸ ਦੇ ਆਸ਼ੀਰਵਾਦ ਨਾਲ ਕੀਤੀਆਂ ਸਨ। ਮੀਡੀਆ ਕੁਝ ਕਹੇ ਜਾਂ ਨਾ ਕਹੇ, ਭਾਰਤ ਤਾਂ ਸਾਰਾ ਇਸ ਦੀ ਹਕੀਕਤ ਜਾਣਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਹਾਰਾਸ਼ਟਰ ਦੇ ਮੁੰਬਈ ਸ਼ਹਿਰ ਵਿੱਚ ਬਣਾਈ ਗਈ ਆਦਰਸ਼ ਸੁਸਾਈਟੀ ਵਾਲੀ ਇਮਾਰਤ ਦਾ ਮੁੱਦਾ ਚੁੱਕ ਕੇ ਕਿਹਾ ਸੀ ਕਿ ਇੱਕ ਮੁੱਖ ਮੰਤਰੀ ਨੇ ਇਸ ਇਮਾਰਤ ਦਾ ਭ੍ਰਿਸ਼ਟਾਚਾਰ ਕਰਨ ਵੇਲੇ ਕਾਰਗਿਲ ਦੇ ਸ਼ਹੀਦਾਂ ਦਾ ਨਾਂਅ ਵੇਚਦੇ ਵਕਤ ਵੀ ਸ਼ਰਮ ਨਹੀਂ ਕੀਤੀ। ਜਦੋਂ ਉਹੋ ਸਾਬਕਾ ਕਾਂਗਰਸੀ ਮੁੱਖ ਮੰਤਰੀ ਭਾਜਪਾ ਵਿੱਚ ਆ ਗਿਆ ਤਾਂ ਪ੍ਰਧਾਨ ਮੰਤਰੀ ਨੇ ਉਸ ਪਿੱਛੋਂ ਉਸ ਆਗੂ ਦੀ ਕਦੀ ਚਰਚਾ ਹੀ ਨਹੀਂ ਕੀਤੀ। ਇਹੋ ਜਿਹੇ ਮਾਮਲੇ ਏਨੇ ਹਨ ਕਿ ਗਿਣਾਏ ਨਹੀਂ ਜਾ ਸਕਦੇ।

ਜਦੋਂ ਦੇਸ਼ ਦੇ ਹਾਲਾਤ ਇਸ ਤਰ੍ਹਾਂ ਦੇ ਹੋਣ ਕਿ ਰਾਜ-ਸੁਖ ਮਾਣ ਚੁੱਕੀ ਕੋਈ ਵੀ ਰਾਜਸੀ ਧਿਰ ਭ੍ਰਿਸ਼ਟਾਚਾਰ ਕਰਨ ਵਿੱਚ ਇੱਕ ਦੂਸਰੀ ਦਾ ਰਿਕਾਰਡ ਮਾਤ ਕਰਦੀ ਰਹੀ ਹੋਵੇ ਤੇ ਅੱਜ ਵੀ ਕਰਦੀ ਪਈ ਹੋਵੇ ਤਾਂ ਲਾਲ ਕਿਲ੍ਹੇ ਦੀ ਦੀਵਾਰ ਤੋਂ ਇਨ੍ਹਾਂ ਮੁੱਦਿਆਂ ਦੀ ਏਦਾਂ ਦੀ ਚਰਚਾ ਨਾਲ ਕਿਹੜਾ ਇਨ੍ਹਾਂ ਨੂੰ ਠੱਲ੍ਹ ਪੈਣੀ ਹੈ! ਇਨ੍ਹਾਂ ਸਭ ਅਲਾਮਤਾਂ ਨੂੰ ਠੱਲ੍ਹ ਪਾਉਣ ਲਈ ਅਮਲੀ ਕਦਮ ਚੁੱਕਣ ਦੀ ਲੋੜ ਹੈ, ਜਿਨ੍ਹਾਂ ਬਾਰੇ ਜਾਣਦਾ ਹਰ ਕੋਈ ਹੈ, ਪਰ ਕਦਮ ਚੁੱਕਣ ਦੀ ਪਹਿਲ ਅੱਜ ਤੱਕ ਕੋਈ ਨਹੀਂ ਕਰ ਸਕਿਆ। ਕੀ ਪ੍ਰਧਾਨ ਮੰਤਰੀ ਮੋਦੀ ਇਸ ਭਾਸ਼ਣ ਦੇ ਓਹਲੇ ਉਹੋ ਜਿਹੀ ਪਹਿਲ ਕਰਨ ਦੀ ਤਿਆਰੀ ਕਰਦੇ ਮੰਨ ਲੈਣੇ ਚਾਹੀਦੇ ਹਨ? ਤਜਰਬਾ ਇਸ ਗੱਲ ਦੀ ਸ਼ਾਹਦੀ ਨਹੀਂ ਭਰਦਾ। ਫਿਰ ਆਜ਼ਾਦੀ ਦਿਨ ਵਰਗੇ ਇਤਿਹਾਸਕ ਮੌਕੇ ਪ੍ਰਧਾਨ ਮੰਤਰੀਆਂ ਵੱਲੋਂ ਨਿਭਾਈ ਜਾਂਦੀ ਰਸਮ ਵਾਲੇ ਭਾਸ਼ਣ ਦੌਰਾਨ ਇਹ ਕੁਝ ਕਹਿਣ ਤੇ ਇੱਕ ਖਾਸ ਕੌੜ ਨਾਲ ਕਹਿਣ ਪਿੱਛੇ ਮੋਦੀ ਦੀ ਭਾਵਨਾ ਕੀ ਹੈ? ਕਿਤੇ ਭਾਰਤ ਦੀ ਰਾਜਨੀਤੀ ਕੋਈ ਨਵਾਂ ਜਲਵਾ ਤਾਂ ਨਹੀਂ ਵਿਖਾਉਣ ਵਾਲੀ?

ਵਿਅੰਗ

# 'ਜਾ ਮੰਨ ਛੱਡਿਆ ਈ ਤੈਨੂੰ'

ਤਰਸੇਮ ਸਿੰਘ ਭੰਗੂ

ਚਾਚਾ ਚੁੰਢੀ ਵੱਢ ਹਾਲੇ ਸੱਥ ਵਿਚ ਆ ਕੇ ਬੈਠਾ ਹੀ ਸੀ ਕਿ ਘੀਲੇ ਘਤਿੱਤੀ ਨੇ ਚਾਚੇ ਨੂੰ ਛੇੜ ਲਿਆ। "ਚਾਚੇ ਸੁਣਾ ਫਿਰ, ਅੱਜ ਦੀ ਕੋਈ ਨਵੀਂ-ਤਾਜ਼ੀ ਜੱਗ-ਬੀਤੀ ਜਾਂ ਹੱਡ-ਬੀਤੀ।"

ਚਾਚੇ ਦੇ ਢਿੱਡ ਵਿਚ ਵੀ ਜਿਵੇਂ ਪਹਿਲਾਂ ਈ ਵੱਟ ਪੈ ਰਿਹਾ ਹੋਵੇ। "ਘਤਿੱਤੀਆ ਤੂੰ ਨਹੀਂ ਟਲਦਾ, ਤੂੰ ਫੋਨ-ਫਾਨ ਘੱਟ ਈ ਚਲਾਉਂਦਾ ਜਾਪਦੈਂ। ਅੱਜਕੱਲ੍ਹ ਤਾਜ਼ੀਆਂ ਖਬਰਾਂ ਤਾਂ ਫੋਨ ਉਤੇ ਈ ਬਥੇਰੀਆਂ ਮਿਲ ਜਾਂਦੀਆਂ ਨੇ।"

ਚਾਚਾ ਚੂੰਢੀ ਵੱਢ ਲੀਡਰਾਂ, ਘੜੰਮ ਚੌਧਰੀਆਂ ਤੇ ਮੀਸਣਿਆਂ ਨੂੰ ਚੂੰਢੀ ਵੱਢਣ ਲੱਗਿਆਂ ਕਿਸੇ ਨੂੰ ਮਾਫ ਨਹੀਂ ਕਰਦਾ। ਇਸ ਕਰਕੇ ਹੀ ਉਹਦਾ ਨਾਂਅ ਚਾਚਾ ਚੂੰਢੀ ਵੱਢ ਪੱਕ ਗਿਆ ਹੈ। ਸੱਥ ਵਿਚ ਚਾਚੇ ਦੇ ਬੋਲਦਿਆਂ ਹੋਰ ਕੋਈ ਨਹੀਂ ਬੋਲਦਾ, ਬਸ ਕੰਨ ਲਾ ਕੇ ਸਾਰੇ ਸੁਣਦੇ ਹਨ। ਜਿਵੇਂ ਚਾਚੇ ਨੂੰ ਹੀ ਸਾਰੇ ਜੱਗ-ਜਹਾਨ ਦੀ ਖਬਰ ਹੋਵੇ।

"ਘਤਿੱਤੀਆ, ਮੇਰੇ ਹਿਸਾਬ ਨਾਲ ਅੱਜ ਦੇ ਯੁੱਗ ਵਿੱਚ ਜਿਹੜਾ ਨੇਤਾ ਜੁਮਲੇ ਨਹੀਂ ਘੜ ਸਕਦਾ, ਜੋ ਲਾਰੇ ਨਹੀਂ ਲਾ ਸਕਦਾ, ਝੂਠ ਨਹੀਂ ਬੋਲ ਸਕਦਾ, ਜਨਤਾ ਨੂੰ ਬੇਵਕੂਫ ਬਣਾਉਣ ਦਾ ਹੁਨਰ ਨਹੀਂ ਜਾਣਦਾ, ਵਕਤ ਵਿਚਾਰ ਕੇ ਜਿਸ ਨੂੰ ਡੱਡੂ ਟਪੂਸੀ ਮਾਰਨੀ ਨਹੀਂ ਆਉਂਦੀ, ਉਹ ਰਾਜਨੀਤੀ ਦੇ ਬਿਲਕੁੱਲ ਫਿੱਟ ਨਹੀਂ। ਜੇ ਉਸ ਨੇ ਇਸ ਲਾਹੇਵੰਦ ਤੇ ਉੱਤਮ ਵਪਾਰ ਵਿਚ ਆਉਣਾ ਹੈ ਤਾਂ ਪਹਿਲਾਂ ਉਹ ਜੁਮਲਾ ਟੈਕਨੀਕਲ ਯੂਨੀਵਰਸਿਟੀ ਵਿਚ ਦਾਖਲ ਹੋ ਕੇ ਸਾਰੇ ਮਜ਼ਮੂਨਾਂ ਦਾ ਕੋਰਸ ਪੂਰਾ ਕਰਕੇ ਆਵੇ। ਭਾਵ ਆਪਣੀ ਯੋਗਤਾ ਪੂਰੀ ਕਰੇ। ਉਸ ਸੰਸਥਾ ਦਾ ਪਤਾ ਮੈਂ ਨਹੀਂਓ ਦੱਸਣਾ, ਜੋ ਸਮਝ ਗਿਆ, ਸਮਝੋ ਉਹ ਸਿਆਸੀ ਨੇਤਾ ਬਣ ਗਿਆ। ਆਪਣੇ ਖਣਵਾਦੇ ਦੀ ਭੁੱਖ ਦੂਰ ਕਰਨ ਵਿਚ ਸਫਲਤਾ ਹਾਸਲ ਕਰ ਲਈ। ਉਥੋਂ ਡਿਗਰੀ ਪਾਸ ਆਹ ਸਾਡੇ ਸ਼ਾਮ ਸੁੰਦਰ ਸਕੀਮੀ ਉਰਫ ਸ਼ਾਮੇ ਸਕੀਮੀ ਨੂੰ ਈ ਵੇਖ ਲੈ, ਜਿਸ ਦਾ ਜੁਮਲੇ ਘੜਨ ਵਿਚ ਕੋਈ ਸਾਨੀ ਨਹੀਂ, ਜਿਹੜਾ ਹੈਟ੍ਰਿਕ ਬਣਾਉਣ ਲਈ ਥਾਪੀਆਂ ਮਾਰ ਰਿਹਾ ਹੈ। ਭਾਵੇਂ ਸ਼ਾਮਾ ਸਕੂਲ ਬਹੁਤ ਘੱਟ ਗਿਆ ਹੈ, ਪਰ ਡਿਗਰੀ ਕਰਕੇ ਹੀ ਉਕਤ ਸੰਸਥਾ ਦਾ ਮੁਖੀ ਬਣਿਆ ਹੈ। ਹੁਣ ਡਿਗਰੀਆਂ ਅਤੇ ਡਿਗਰੀ ਹੋਲਡਰ ਉਹਦੇ ਪਿੱਛੇ-ਪਿੱਛੇ ਫਿਰਦੇ ਨੇ। ਉਸ ਦਾ ਕਹਿਣਾ ਹੈ ਕਿ ਮੇਰਾ ਟੀਚਾ ਮੁਲਕ ਨੂੰ ਵਿਸ਼ਵ ਗੁਰੂ ਬਣਾਉਣਾ ਹੈ। ਉਸ ਨੇ ਤੁਹਾਡੇ ਖਾਤਰ ਹੀ ਘਰ ਛੱਡਿਆ ਹੈ, ਪਰ ਬਾਹਰ ਨਹੀਂ। ਉਹ ਆਪਣਾ ਬਹੁਤਾ ਸਮਾਂ ਜੁਮਲੇ ਈਜਾਦ ਕਰਨ ਅਤੇ ਸਕੀਮਾਂ ਘੜਨ ਵਿਚ ਹੀ ਲਾਉਂਦਾ ਹੈ, ਤਾਂ ਹੀ ਸਾਰੇ ਉਸ ਨੂੰ ਸ਼ਾਮਾ ਸਕੀਮੀ, ਜੁਮਲੇਸ਼ਵਰ ਅਤੇ ਹੋਰ ਕਈ ਨਾਵਾਂ ਨਾਲ ਵੀ ਸਤਿਕਾਰਦੇ ਹਨ। ਤੈਨੂੰ ਯਾਦ ਹੋਵੇਗਾ ਕਿ ਸ਼ਾਮੇ ਸਕੀਮੀ ਨੇ ਆਉਂਦਿਆਂ ਹੀ ਅਜਿਹੀ ਸਕੀਮ ਲੜਾਈ ਕਿ ਹਰੇਕ ਗਰੀਬ ਨੂੰ ਬੈਂਕ ਖਾਤਾ ਖੋਲ੍ਹਣ ਲਈ ਪ੍ਰੇਰਿਤ ਕੀਤਾ ਸੀ। ਜਦੋਂ ਖਾਤੇ ਖੁੱਲ੍ਹ ਗਏ ਤਾਂ ਬੜੇ ਮਾਣ ਨਾਲ ਸਕੀਮੀ ਨੇ ਆਖਿਆ, "ਸਰਕਾਰ ਦਾ ਖਜ਼ਾਨਾ ਤਾਂ ਗਰੀਬ ਜਨਤਾ ਨੇ ਹੀ ਭਰ ਦਿੱਤਾ।" ਕੌਣ ਕਹਿੰਦਾ, ਸਾਡਾ ਮੁਲਕ ਗਰੀਬ ਹੈ?"

ਗੱਬਰ ਸਿੰਘ ਟੈਕਸ ਵਾਲੀ ਸਕੀਮ ਲਾ ਕੇ ਤਾਂ ਸਕੀਮੀ ਨੇ ਜਣੇ-ਖਣੇ ਦੀ ਜੇਬ ਨੂੰ ਮੋਰੀ ਕਰ ਦਿੱਤੀ, 'ਭੱਜੋ ਕਿਧਰ ਭੱਜਦੇ ਹੋ।'

ਹੁਣ ਤੁਹਾਨੂੰ ਆਪਣੀਆਂ ਬੇਟੀਆਂ ਦੀ ਫਿਕਰ ਕਰਨ ਦੀ ਲੋੜ ਨਹੀਂ। 'ਸ਼ਾਮ ਸੁੰਦਰ ਸਕੀਮੀ ਜੂ ਹੈ'! ਭਾਵੇਂ ਸ਼ਾਮੇ ਦੀ ਆਪਣੀ ਕੋਈ ਬੇਟੀ ਨਹੀਂ, ਪਰ ਉਹ ਫਿਕਰਮੰਦ ਜ਼ਰੂਰ ਹੈ। ਉਸ ਦਾ ਕਹਿਣਾ ਹੈ ਕਿ 'ਬੇਟੀ ਬਚਾਓ ਬੇਟੀ ਪੜ੍ਹਾਓ' ਅੱਜਕੱਲ੍ਹ ਇਕ ਸੂਬੇ ਵਿਚ ਬੇਟੀਆਂ ਦੀ ਹੋਈ ਬੇ-ਪੱਤੀ ਤੋਂ ਸ਼ਾਮਾ ਡਾਹਢਾ ਦੁਖੀ ਹੈ। ਉਹ ਬਹੁਤ ਹੀ ਭਾਵੁਕ ਕਿਸਮ ਦਾ ਪ੍ਰਾਣੀ ਹੈ। ਉਹ ਰੱਬ ਅੱਗੇ ਡੰਡੌਤ ਕਰਕੇ ਉਹਨੂੰ ਵੀ ਨਹੀਂ ਹਿੱਲਣ ਦੇਂਦਾ। ਤੁਸੀਂ ਕਈ ਵਾਰ ਉਸ ਦੇ ਲਾਈਵ ਹੰਝੂ ਵੀ ਵੇਖੇ ਹੋਣਗੇ। ਅੱਜਕੱਲ੍ਹ ਸੋਸ਼ਲ ਮੀਡੀਏ 'ਤੇ ਜੁਮਲੇ ਵਰਗੀ ਇਕ ਖਬਰ ਵਾਇਰਲ ਹੋ ਰਹੀ ਹੈ। ਖਬਰ ਫੇਕ ਵੀ ਹੋ ਸਕਦੀ ਹੈ। ਐਂਕਰ ਦੇ ਪ੍ਰਚਾਰ ਦਾ ਢੰਗ ਬੜਾ ਕਮਾਲ ਦਾ ਹੈ, "ਤੁਹਾਡੀ ਧੀ ਦੇ ਖਾਤੇ ਵਿੱਚ ਇਕ ਲੱਖ ਤਿਰਤਾਲੀ ਹਜ਼ਾਰ ਰੁਪਏ ਜਮ੍ਹਾਂ ਹੋਣਗੇ ਤਾਂ ਕਿ ਮੁਲਕ ਦੀਆਂ ਬੇਟੀਆਂ ਆਤਮ ਨਿਰਭਰ ਹੋ ਸਕਣ। ਵੇਖਣ-ਸੁਣਨ ਵਾਲੇ ਨੂੰ ਇਵੇਂ ਲੱਗਦਾ ਹੈ ਕਿ 'ਹਿੰਗ ਲੱਗੀ ਨਾ ਫਟਕੜੀ ਰੰਗ ਚੋਖਾ' ਅਖੀਰ 'ਤੇ ਜਾ ਕੇ ਐਂਕਰ ਸਕੀਮੀ ਦੀ ਸਕੀਮ ਦਾ ਖੁਲਾਸਾ ਕਰਦੀ ਹੈ, "ਤੁਸੀਂ ਪੰਜ ਕਿਸ਼ਤਾਂ ਵਿੱਚ ਛੇ-ਛੇ ਹਜ਼ਾਰ ਯਾਨੀ ਕਿ ਪੰਜ ਸਾਲ ਵਿਚ ਸਿਰਫ ਤੀਹ ਹਜ਼ਾਰ ਰੁਪਏ ਹੀ ਜਮ੍ਹਾਂ ਕਰਵਾਉਣੇ ਹੋਣਗੇ। ਇਸ ਤੋਂ ਬਾਅਦ ਤੁਹਾਡੀ ਧੀ ਦੀ ਪੜ੍ਹਾਈ ਤੋਂ ਲੈ ਕੇ ਵਿਆਹ ਤੱਕ ਦੀ ਜ਼ਿੰਮੇਵਾਰੀ ਸਕੀਮੀ ਸਰਕਾਰ ਦੀ ਹੋਵੇਗੀ। ਤੀਹ ਲੈ ਕੇ ਇਕ ਲੱਖ ਤਿਰਤਾਲੀ ਹਜ਼ਾਰ ਰੁਪਏ ਤੁਹਾਡੀ ਧੀ ਦੇ ਖਾਤੇ ਵਿੱਚ ਆ ਜਾਣਗੇ। ਇਸ ਤਰ੍ਹਾਂ ਨਵੇਂ ਭਾਰਤ ਦੇ ਨਿਰਮਾਣ ਵਿਚ ਧੀਆਂ ਦਾ ਯੋਗਦਾਨ ਵੀ ਹੋਵੇਗਾ। ਇਸ ਯੋਜਨਾ ਦੀ ਪੂਰੀ ਜਾਣਕਾਰੀ ਵੈੱਬਸਾਈਟ ਖੋਲ੍ਹ ਕੇ ਲਈ ਜਾ ਸਕਦੀ ਹੈ।

ਖੁਦ ਦੇ ਪੈਸੇ ਵੀਹ ਸਾਲ ਬਾਅਦ ਵਾਪਸ ਮੁੜਨ ਦਾ ਸੁਣ ਕੇ ਸੁਣਨ ਵਾਲੇ ਦਾ ਮੂੰਹ ਕਸੈਲਾ ਜਿਹਾ ਹੋ ਜਾਂਦਾ ਹੈ। ਤੁਹਾਡੇ ਪੰਦਰਾਂ ਲੱਖ ਵੀ ਸ਼ਾਮੇ ਸਕੀਮੀ ਨੂੰ ਯਾਦ ਹਨ। ਯਾਰ, ਖਜ਼ਾਨਾ ਭਰ ਕੇ ਹੀ ਤੇਰੇ ਵਰਗਿਆਂ ਨੂੰ ਦੇਵੇਗਾ, ਘਰੋਂ ਤਾਂ ਉਸ ਨੇ ਦੇਣੇ ਨਹੀਂ! ਫਕੀਰ ਮਾਇਆ ਨੂੰ ਮੋਹ ਹੀ ਨਹੀਂ ਕਰਦੇ ਹੁੰਦੇ।

ਜਾਗੋ ਇੰਡੀਆ, ਸਟਾਰਟ ਅੱਪ ਇੰਡੀਆ, ਡਿਜੀਟਲ ਇੰਡੀਆ, ਸਵੱਛ ਭਾਰਤ, ਨਵੇਂ ਭਾਰਤ ਦਾ ਸੰਕਲਪ, ਮੇਕ ਇਨ ਇੰਡੀਆ, ਦੇਸ਼ ਵਿਕਣ ਨਹੀਂ ਦੇਣਾ, ਦੇਸ਼ ਝੁਕਣ ਨਹੀਂ ਦੇਣਾ, ਆਤਮ ਨਿਰਭਰ ਭਾਰਤ, ਸੀਨੇ ਦਾ ਨਾਪ, ਅੰਦਰ ਘੁਸ ਕੇ ਮਾਰਾਂਗੇ, ਨੋਟਬੰਦੀ ਕਰਕੇ ਸ਼ਾਮਾ ਸਕੀਮੀ ਹੀ ਮੁਲਕ ਦਾ ਪੈਸਾ ਬਾਹਰ ਜਾਣ ਅਤੇ ਚੋਰਾਂ ਤੋਂ ਬਚਾਅ ਸਕਦਾ ਹੈ। ਭਾਵੇਂ ਕਈ ਭੱਜ ਵੀ ਗਏ ਨੇ, ਪਰ ਮਿੱਤਰ ਪਿਆਰਿਆਂ ਦਾ ਖਿਆਲ ਵੀ ਰੱਖਣਾ ਪੈਂਦਾ ਹੈ। ਹੁਣ ਜੇ ਕੋਈ ਐਨੇ ਮੰਤਰ ਦੇਣ ਤੋਂ ਬਾਅਦ ਵੀ ਨਾ ਸਮਝੇ ਤਾਂ ਇਸ ਵਿਚ ਸ਼ਾਮੇ ਦਾ ਕੀ ਕਸੂਰ ਹੈ? ਸ਼ਾਮਾ ਸਕੀਮੀ ਤੇ ਉਹਦੀ ਜੁੰਡਲੀ ਦੇ ਯਾਰ ਲੋਕਾਂ ਦੀਆਂ ਜੇਬਾਂ ਵਿੱਚੋਂ ਸਕੀਮਾਂ ਲਾ ਕੇ ਪੈਸੇ ਕੱਢਣ ਵਿੱਚ ਬਹੁਤ ਮਾਹਰ ਹਨ। ਮੁਫਤ ਗੈਸ ਸਿਲੰਡਰ ਵੰਡਣ ਦੀ ਸਕੀਮ ਲਾ ਕੇ ਫਿਰ ਮੁੱਲ ਦੂਣਾ ਕਰਕੇ ਪੈਸੇ ਕਿਸ ਨੇ ਦੁੱਗਣੇ ਕੀਤੇ, ਸ਼ਾਮੇ ਸਕੀਮੀ ਨੇ। ਕਿਸਾਨਾਂ ਦੀ ਦੋ ਗੁਣਾ ਆਮਦਨ, ਖਤਰਨਾਕ ਬੀਮਾਰੀ ਦਾ ਇਲਾਜ ਬਿਨਾਂ ਮਹਿੰਗੀਆਂ ਦਵਾਈਆਂ ਦੇ ਤਾਲੀ, ਥਾਲੀ ਅਤੇ ਮੋਮਬੱਤੀਆਂ ਜਗਾ ਕੇ ਸ਼ਾਮ ਸੁੰਦਰ ਸਕੀਮੀ ਵਰਗਾ ਸਿਆਣਾ ਬੰਦਾ ਹੀ ਦੱਸ ਸਕਦਾ ਹੈ। ਸੰਘਣੇ ਬੱਦਲਾਂ ਦੇ ਵਿਚਦੀ ਜਾਂ ਸੰਘਣੀ ਧੁੰਦ ਵਿਚ ਹਵਾਈ ਜਹਾਜ਼ਾਂ ਨੂੰ ਉਡਾ ਕੇ ਰਡਾਰ ਤੋਂ ਬਚਣ ਦੀ ਸਕੀਮ ਪਾਇਲਟਾਂ ਨੂੰ ਸ਼ਾਮੇ ਸਕੀਮੀ ਬਗੈਰ ਹੋਰ ਕੋਈ ਨਹੀਂ ਦੇ ਸਕਦਾ। ਸ਼ਾਮੇ ਸਕੀਮੀ ਦੀਆਂ ਅਨੇਕਾਂ ਸਲਾਹਾਂ, ਸਕੀਮਾਂ ਤੇ ਨਾਅਰਿਆਂ ਨਾਲ ਮੁਲਕ ਨੂੰ ਵਿਸ਼ਵ ਗੁਰੂ ਬਣਨੋ ਕੋਈ ਨਹੀਂ ਰੋਕ ਸਕਦਾ। ਅਕਲਮੰਦ ਸ਼ਾਮਾ ਸਕੀਮੀ ਦੁਸ਼ਮਣ ਦੇ ਘਰ ਬਿਨਾਂ ਬੁਲਾਏ ਚੁੱਪ-ਚੁਪੀਤੇ ਜਾ ਕੇ ਚਿਰਾਂ ਦੀ ਪਈ ਦੁਸ਼ਮਣੀ ਵੀ ਖਤਮ ਕਰ ਸਕਦਾ ਹੈ।

ਛੋਟੇ ਹੁੰਦਿਆਂ ਸ਼ਾਮੇ ਸਕੀਮੀ ਨੇ ਆਪ ਬੜੀ ਤੰਗੀ-ਤੁਰਸ਼ੀ ਵੇਖੀ ਹੈ। ਤਕਲੀਫਾਂ ਝੱਲੀਆਂ ਹਨ। ਕਿਵੇਂ ਸਕੀਮਾਂ ਲੜਾ ਕੇ ਉਹ ਇੱਥੋਂ ਤੱਕ ਪਹੁੰਚਿਆ ਹੈ, ਇਹ ਉਹੀ ਜਾਣਦਾ ਹੈ। ਉਹ ਕਿਸਾਨਾਂ, ਦੁਕਾਨਦਾਰਾਂ ਤੇ ਗਰੀਬਾਂ ਦਾ ਦਰਦ ਸਮਝਦਾ ਹੈ। ਉਹਨਾਂ ਦੇ ਹੱਕ ਵਿਚ ਲਏ ਸਖਤ ਫੈਸਲੇ ਬਦਲ ਸਕਦਾ ਹੈ। ਜੁਮਲੇ ਘੜਨੇ ਤੇ ਸਕੀਮਾਂ ਲਾਉਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਵੈਸੇ ਜੁਮਲੇ ਨਹੀਂ, ਨਾਅਰੇ ਤੇ ਸਲਾਹ ਜਾਂ ਸਕੀਮਾਂ ਕਹਿਣਾ ਬਣਦਾ ਹੈ। ਸ਼ਾਮਾ ਬਿਲਕੁੱਲ ਸਹੀ ਆਖਦਾ ਹੈ ਕਿ ਜੋ ਪਿਛਲੇ ਪਝੱਤਰ ਸਾਲਾਂ ਵਿਚ ਨਹੀਂ ਹੋਇਆ, ਉਹ ਉਸ ਨੇ ਕਰ ਵਿਖਾਇਆ ਹੈ। ਤੁਹਾਨੂੰ ਨਹੀਂ ਦਿਸਦਾ ਤਾਂ ਇਹ ਸਕੀਮੀ ਦਾ ਦੋਸ਼ ਨਹੀਂ, ਤੁਹਾਡੀ ਨਜ਼ਰ ਦਾ ਦੋਸ਼ ਹੋ ਸਕਦਾ ਹੈ। ਸ਼ਾਮਾ ਤਾਂ ਫੱਕਰ ਆਦਮੀ ਹੈ। ਉਸ ਦੀਆਂ ਗੱਲਾਂ ਤੁਹਾਨੂੰ ਸਮਝ ਨਾ ਪਈਆਂ ਤਾਂ ਉਸ ਦਾ ਕੁਝ ਨਹੀਂ ਜਾਣਾ, ਉਹ ਆਪਣਾ ਝੋਲਾ ਚੁੱਕ ਕੇ ਚਲਦਾ ਬਣੇਗਾ। ਆਖੇਗਾ, "ਚੰਗਾ ਭਾਈ, ਸਾਧੂ ਚਲਦੇ ਭਲੇ ਤੇ ਨਗਰੀ ਵੱਸਦੀ ਭਲੀ", ਕਿਉਂਕਿ ਭਲਾਈ ਦਾ ਜ਼ਮਾਨਾ ਰਿਹਾ ਈ ਕੋਈ ਨਹੀਂ। ਬਿਲਕੁੱਲ ਤਾਜ਼ੀ ਸਕੀਮ ਮੁਲਕ ਦਾ ਨਾਂਅ ਬਦਲਣ ਵਾਲੀ ਤਾਂ ਹਰੇਕ ਦੀ ਜ਼ੁਬਾਨ ਉਤੇ ਹੈ। ਭਾਰਤ ਵਿਚ ਵੱਸਦੇ ਲੋਕਾਂ ਨੂੰ ਸ਼ਾਮੇ ਨੇ ਹੀ ਦੱਸਿਆ ਹੈ ਕਿ ਭਲੇਮਾਣਸੋ ਇੰਡੀਆ ਨੂੰ ਭਾਰਤ ਆਖਿਆ ਕਰੋ। ਆਪਣੀ ਸੰਸਕ੍ਰਿਤੀ ਪਛਾਣੋ। ਸ਼ਾਮ ਸੁੰਦਰ ਸਕੀਮੀ ਬਾਰੇ ਜੇ ਤੇਰੇ ਵਰਗਾ ਘਤਿੱਤੀ ਕੋਈ ਟਿੱਪਣੀ ਕਰਨ ਨੂੰ ਕਹੇ, ਫਿਰ ਤਾਂ ਏਹੀ ਕਹਿਣਾ ਬਣਦਾ ਹੈ, "ਜੁਮਲੇ ਘੜਨ ਅਤੇ ਸਕੀਮਾਂ ਲਾਉਣ ਵਿਚ ਸ਼ਾਮਿਆ ਤੇਰਾ ਕੋਈ ਸਾਨੀ ਨਹੀਂਓ,

"ਜਾ ਮੰਨ ਛੱਡਿਆ ਈ ਤੈਨੂੰ।"

"ਚਾਚੇ, ਤੈਨੂੰ ਵੀ ਮੰਨ ਛੱਡਿਆ ਆ।" ਆਖਦਾ ਘਤਿੱਤੀ ਉੱਠ ਕੇ ਤਸ਼ਰੀਫ ਝਾੜਦਾ ਤੁਰ ਪਿਆ।

ਮੋਬਾ. 94656-56214

# ਬਾਬਾਣੀਆ ਕਹਾਣੀਆ ਪੁੱਤ ਸਪੁਤ ਕਰੇਨਿ ॥

ਅੰਗਰੇਜ਼ ਸਿੰਘ

21 ਸਾਲ ਪਹਿਲਾਂ ਸਾਡਾ ਬਾਪੂ ਸ੍ਰ: ਨਾਹਰ ਸਿੰਘ ਇਸ ਦੁਨੀਆ ਨੂੰ ਅਲਵਿਦਾ ਕਹਿ ਗਿਆ। ਉਹ ਪੂਰਾ ਪੱਤੋ ਦਾ ਸ਼ੌਕੀਨ ਸੀ। ਜਵਾਨੀ ਵੇਲੇ ਫਿੱਕੇ ਅਸਮਾਨੀ ਰੰਗ ਦਾ ਟੈਰਾਲੀਨ ਦਾ ਬਿਨਾਂ ਕਾਲਰਾਂ ਤੋਂ ਕੁੜਤਾ ਪਾਉਂਦਾ ਅਤੇ ਪੇਠੇ ਰੰਗੀ ਮਾਵੇ ਵਾਲੀ ਪੱਗ ਬੰਨ੍ਹਦਾ। ਕੰਨਾਂ ਵਿੱਚ ਉਸ ਵੇਲੇ ਦੇ ਰਿਵਾਜ ਅਨੁਸਾਰ ਮੁੰਦਰਾਂ।

ਭਾਵੇਂ ਸਾਡਾ ਅਸਲੀ ਪਿੰਡ ਪੱਤੋ ਸੀ, ਪਰ ਅਸੀਂ ਮੇਰੀ ਸੁਰਤ ਤੋਂ ਵੀ ਪਹਿਲਾਂ ਭਦੌੜ ਰਹਿੰਦੇ ਸੀ। ਭਦੌੜ ਬਾਪੂ ਦੇ ਨਾਨਕੇ ਸੀ। ਇੱਥੇ ਬਾਪੂ ਕਦੋਂ ਆਇਆ, ਕਦੋਂ ਉਸ ਦਾ ਜਨਮ ਹੋਇਆ? ਇਹਦੇ ਬਾਰੇ ਮੈਨੂੰ ਕੁਝ ਪੱਕਾ ਪਤਾ ਨਹੀਂ। ਸਿਰਫ ਅੰਦਾਜ਼ੇ ਹੀ ਲਾਏ ਹਨ। ਗੱਲ ਇਵੇਂ ਹੋਈ ਕਿ ਉਦੋਂ ਬਿਮਾਰੀਆਂ ਦੇ ਬਹੁਤੇ ਇਲਾਜ ਨਹੀਂ ਹੁੰਦੇ ਸਨ। ਮੇਰਾ ਬਾਬਾ ਅਤੇ ਅੰਮਾਂ ਦੋਵੇਂ ਛੇਤੀ ਹੀ ਸਵਰਗ ਸਿਧਾਰ ਗਏ ਸਨ ਤਾਂ ਬਾਪੂ ਜੀ ਆਪਣੇ ਨਾਨਕੇ ਪਿੰਡ ਭਦੌੜ ਆ ਗਏ।

ਬਾਪੂ ਦੇ ਜਨਮ ਦਾ ਹਿਸਾਬ ਮੈਂ ਸਿਰਫ ਕੁਝ ਗੱਲਾਂ ਤੋਂ ਲਾਇਆ ਹੈ, ਜਿਵੇਂ ਉਹ ਕਹਿੰਦਾ ਸੀ ਕਿ ਮੈਂ 'ਹੱਲਿਆਂ ਵੇਲੇ' ਮੁੰਡਾ ਖੁੰਡਾ ਜਿਹਾ ਸੀ ਅਤੇ ਸਿਰੋਂ ਰੋਡਾ ਸੀ। ਇੱਕ ਦਿਨ ਬਾਪੂ ਨੰਗੇ ਸਿਰ ਪਿੰਡ ਵੱਲ ਜਾ ਰਿਹਾ ਸੀ ਤਾਂ ਉਸ ਨੂੰ ਕਿਸੇ ਬਜ਼ੁਰਗ ਨੇ ਟੋਕਿਆ, 'ਅੱਜ-ਕੱਲ੍ਹ ਸਮਾਂ ਖਰਾਬ ਹੈ, ਨੰਗੇ ਸਿਰ ਨਾ ਫਿਰਿਆ ਕਰ।'

ਸੋ ਇਸ ਤੋਂ ਮੈਂ ਹਿਸਾਬ ਲਾਇਆ ਕਿ ਬਾਪੂ ਦੀ ਉਮਰ ਉਦੋਂ 16- 17 ਸਾਲ ਹੋਵੇਗੀ। ਬੇਬੇ ਵੀ ਕਹਿੰਦੀ ਹੁੰਦੀ ਸੀ, 'ਹੱਲਿਆਂ ਵੇਲੇ ਜਦੋਂ ਹਠੂਰ ਨੂੰ ਅੱਗ ਲੱਗੀ, ਮੈਂ ਭੱਜੀ ਫਿਰਦੀ ਸੀ। ਅੱਗ ਦੀਆਂ ਲਾਟਾਂ ਝੋਰੜਾਂ ਤੋਂ ਦਿਸਦੀਆਂ ਸਨ।'

ਇਹ ਵੀ ਕਹਿੰਦੀ ਕਿ ਤੁਹਾਡਾ ਚਾਚਾ ਯਾਨੀ ਮੇਰਾ ਬਾਪੂ, ਉਸ ਤੋਂ 10-12 ਸਾਲ ਵੱਡਾ ਹੈ। ਸੋ ਹਿਸਾਬ ਇਹ ਲੱਗਿਆ ਕਿ 1947 ਵੇਲੇ ਬੇਬੇ ਸੱਤ-ਅੱਠ ਸਾਲ ਦੀ ਹੋਵੇਗੀ ਅਤੇ ਬਾਪੂ 16-17 ਸਾਲ ਦਾ। ਸੋ ਮੈਂ ਉਸ ਦਾ ਜਨਮ ਦਾ ਸਾਲ 1930 ਆਪਣੇ ਵੱਲੋਂ ਪੱਕਾ ਕਰ ਦਿੱਤਾ ਸੀ।

ਬਾਪੂ ਦੇ ਬਚਪਨ ਵੇਲੇ ਜ਼ਿੰਦਗੀ ਬੜੀ ਔਖੀ ਸੀ। ਉਹ ਦੱਸਦਾ ਹੁੰਦਾ ਸੀ ਕਿ ਜਦੋਂ ਉਹ ਛੋਟਾ ਸੀ ਤਾਂ ਸਾਡੇ ਖੇਤਾਂ ਵਿੱਚ ਕਿਸੇ ਦਾ ਵੀ ਕੋਈ ਪੱਕਾ ਤਾਂ ਕੀ, ਕੱਚਾ ਕੋਠਾ ਵੀ ਨਹੀਂ ਹੁੰਦਾ ਸੀ। ਸਾਡੇ ਖੇਤ ਇੱਕ ਬੜੀ ਭਾਰੀ ਬੇਰੀ ਸੀ। ਜਦੋਂ ਮੀਂਹ ਆਉਂਦਾ ਤਾਂ ਸਾਰੇ ਖੇਤਾਂ ਵਾਲੇ ਇਕੱਠੇ ਹੋ ਕੇ ਬੇਰੀ ਦੇ ਮੁੱਢ ਬੈਠ ਜਾਂਦੇ। ਫਿਰ ਅਸੀਂ ਆਪਣੇ ਖੇਤ ਛੰਨ ਪਾਈ। ਉਦੋਂ ਛੰਨਾਂ ਦਾ ਬਹੁਤ ਰਿਵਾਜ ਸੀ। ਕਈ ਤਾਂ ਪਿੰਡ ਵੀ ਛੰਨਾਂ ਦੇ ਨਾਂਅ 'ਤੇ ਬੱਝੇ ਹੋਏ ਹਨ, ਜਿਵੇਂ ਛੰਨਾਂ ਗੁਲਾਬ ਸਿੰਘ ਅਤੇ ਰਾਮ ਨਗਰ ਛੰਨਾਂ ਵਗੈਰਾ।

ਜ਼ਮੀਨਾਂ ਵੀ ਉਦੋਂ ਖੁੱਲ੍ਹੀਆਂ ਸਨ। ਟਰੈਕਟਰ ਦਾ ਤਾਂ ਉਦੋਂ ਕੋਈ ਨਾ ਵੀ ਨਹੀਂ ਜਾਣਦਾ ਸੀ। ਪਾਣੀ ਵਾਲੀਆਂ ਮੋਟਰਾਂ ਵੀ ਬਾਅਦ ਵਿੱਚ ਲੱਗੀਆਂ। ਇਸ ਕਰਕੇ ਜ਼ਮੀਨਾਂ ਸੰਨਵੀਆਂ ਰੱਖੀਆਂ ਜਾਂਦੀਆਂ ਸਨ। ਲੱਗਭੱਗ 1965-66 ਵਿੱਚ ਬੋਰ ਕਰ ਕੇ ਬਿਜਲੀ ਵਾਲੀਆਂ ਮੋਟਰਾਂ ਲਾਈਆਂ ਗਈਆਂ। ਪੰਜ-ਛੇ ਘਰਾਂ ਦੇ ਬੰਦੇ ਇਕੱਠੇ ਹੋ ਕੇ ਬਰਨਾਲੇ ਗਏ ਸਨ ਅਤੇ ਬੱਸ 'ਤੇ ਰੱਖ ਕੇ ਮੋਟਰਾਂ ਭਦੌੜ ਲਿਆਂਦੀਆਂ। ਅੱਡੇ ਦੇ ਨਾਲ ਹੀ ਕਿਸੇ ਦੇ ਘਰੇ ਰੱਖ ਆਏ। ਘਰੇ ਆ ਕੇ ਬਾਪੂ ਨੇ ਜਦੋਂ ਦੱਸਿਆ ਕਿ 'ਮੋਟਰ ਪਾੜ੍ਹੇ ਕੀ ਬਾੜੀ ਵਿੱਚ ਰੱਖ ਦਿੱਤੀ ਹੈ' ਤਾਂ ਮੈਂ ਸਮਝਿਆ ਕਿ ਸ਼ਾਇਦ ਅਸੀਂ ਬੱਸ ਲਿਆਂਦੀ ਹੈ। ਜਦੋਂ ਦੂਜੇ ਦਿਨ ਮੋਟਰ ਘਰੇ ਲਿਆਂਦੀ ਤਾਂ ਮੈਨੂੰ ਬੜੀ ਨਿਰਾਸ਼ਤਾ ਹੋਈ।

ਪਾਣੀ ਦਾ ਉਦੋਂ ਬਹੁਤ ਹੀ ਬੁਰਾ ਹਾਲ ਹੁੰਦਾ ਸੀ। ਬਾਪੂ ਦੱਸਦਾ ਹੁੰਦਾ ਸੀ ਕਿ ਢਾਬਾਂ ਛੱਪੜਾਂ ਤੋਂ ਹੀ ਪਾਣੀ ਪੀਂਦੇ ਸਨ। ਜਦੋਂ ਮਾਲ ਚਾਰਦੇ-ਚਾਰਦੇ ਗਾਵਾਂ-ਮੱਝਾਂ ਨੂੰ ਪਾਣੀ ਪਿਆਉਣ ਵਾਸਤੇ ਛੱਪੜੀ 'ਤੇ ਲੈ ਕੇ ਜਾਂਦੇ ਤਾਂ ਉਹਨਾਂ ਦੇ ਮੂਹਰੇ-ਮੂਹਰੇ ਭੱਜ ਕੇ ਛੱਪੜੀ ਤੋਂ ਪਾਣੀ ਪੀ ਲੈਂਦੇ, ਕਿਉਂਕਿ ਮਗਰੋਂ ਮੱਝਾਂ ਪਾਣੀ ਗੰਧਲਾਅ ਦਿੰਦੀਆਂ ਸਨ। ਪਾਣੀ ਵਿੱਚ ਬੜਾ ਜੀਵ-ਜੰਤ ਹੁੰਦਾ ਤਾਂ ਉਸ ਦੇ ਉੱਪਰ ਪਰਨਾ ਸੁੱਟ ਕੇ ਉੱਪਰ ਮੂੰਹ ਲਾ ਕੇ ਉਸ ਵਿੱਚੋਂ ਪਾਣੀ ਪੀਂਦੇ ਸਨ।

ਜਦੋਂ ਬਾਪੂ ਮੁੱਛ-ਫੁੱਟ ਗੱਭਰੂ ਸੀ ਤਾਂ ਸ਼ਰੀਕਾਂ ਨੇ ਉਸ ਨੂੰ ਭਦੌੜ ਤੋਂ ਭਜਾਉਣ ਦੀਆਂ ਵੀ ਕੋਸ਼ਿਸ਼ਾਂ ਕੀਤੀਆਂ। ਪਾਣੀ ਪਿੱਛੇ ਲੜਾਈਆਂ ਹੋਈਆਂ। ਫੇਰ ਬਾਪੂ ਮੀਰਾਬ ਬਣ ਗਿਆ ਅਤੇ ਪਾਣੀ ਦੀ ਵੰਡ ਵੰਡਾਈ ਆਪਣੇ ਹੱਥਾਂ ਵਿੱਚ ਲੈ ਲਈ। ਉਦੋਂ ਪਾਣੀ ਸੂਏ-ਕੱਸੀਆਂ ਰਾਹੀਂ ਨਹਿਰੀ ਹੀ ਲੱਗਦਾ ਸੀ। ਨਹਿਰੀ ਪਾਣੀ ਦੀ ਸੱਤ ਰੋਜ਼ਾ ਵਾਰੀ ਬੰਨ੍ਹੀਂ ਹੁੰਦੀ ਸੀ ਅਤੇ ਮੀਰਾਬ ਦੀ ਡਿਊਟੀ ਹੁੰਦੀ ਸੀ ਕਿ ਉਹ ਟਾਈਮ ਦੱਸ ਕੇ ਪਾਣੀ ਵਢਾਉਂਦਾ ਸੀ।

ਉਹਨਾਂ ਦਿਨਾਂ ਵਿੱਚ ਕਮਿਊਨਿਸਟ ਪਾਰਟੀ ਦਾ ਬੜਾ ਜ਼ੋਰ ਹੁੰਦਾ ਸੀ। ਸਾਡੇ ਅਗਵਾੜ ਦਾ ਬਾਬਾ ਹਰਨਾਮ ਸਿੰਘ ਪਾੜ੍ਹਾ, ਬਾਪੂ ਦਾ ਹਮਉਮਰ ਅਤੇ ਸੀ ਪੀ ਆਈ ਦਾ ਆਗੂ ਸੀ। ਬਾਪੂ ਦਾ ਉਸ ਨਾਲ ਬੜਾ ਲਿਹਾਜ਼ ਸੀ। ਹਰਨਾਮ ਪਾੜ੍ਹਾ ਕੋਆਪਰੇਟਿਵ ਸੁਸਾਇਟੀ ਦਾ ਸੈਕਟਰੀ ਸੀ ਅਤੇ ਬਾਪੂ ਖਜ਼ਾਨਚੀ। ਬਾਪੂ, ਹਰਨਾਮ ਸਿੰਘ ਦੇ ਨਾਲ ਹੀ ਕਮਿਊਨਿਸਟਾਂ ਦੇ ਜਲਸਿਆਂ, ਮੁਜ਼ਾਹਰਿਆਂ 'ਤੇ ਜਾਂਦਾ। ਉਹਨਾਂ ਦਿਨਾਂ ਵਿੱਚ ਟਰੱਕਾਂ 'ਤੇ ਸਵਾਰ ਹੋ ਕੇ ਚੰਡੀਗੜ੍ਹ ਜਾਂ ਪਟਿਆਲੇ ਮੁਜ਼ਾਹਰਿਆਂ 'ਤੇ ਜਾਂਦੇ। ਬਾਪੂ ਕੋਲ ਸੀ ਪੀ ਆਈ ਦਾ ਮੈਂਬਰਸ਼ਿਪ ਵਾਲਾ ਕਾਰਡ ਮੈਂ ਦੇਖਿਆ ਸੀ।

ਜਿਵੇਂ ਅੱਜਕੱਲ੍ਹ ਕਾਰਪੋਰੇਟ ਘਰਾਣਿਆਂ ਵਾਸਤੇ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਘਰਾਂ 'ਚ ਕੰਮ ਕਰਦੇ ਮਜ਼ਦੂਰਾਂ ਦੇ ਹਾਲਾਤ ਅਤੇ ਹੱਕ

ਕੰਵਲਜੀਤ ਕੌਰ ਗਿੱਲ

ਸ਼ਹਿਰਾਂ ਦੇ ਲੱਗਭੱਗ ਹਰੇਕ ਮੱਧ ਵਰਗ ਅਤੇ ਉਪਰਲੇ ਵਰਗ ਦੇ ਘਰਾਂ ਵਿੱਚ ਘਰੇਲੂ ਕੰਮ ਲਈ ਮਦਦ ਕਰਵਾਉਣ ਵਾਸਤੇ ਕਿਸੇ ਬਾਹਰਲੇ ਵਿਅਕਤੀ ਦਾ ਪ੍ਰਬੰਧ ਕੀਤਾ ਜਾਂਦਾ ਹੈ। ਮੁੱਖ ਰੂਪ ਵਿੱਚ ਇਸ ਕੰਮ ਲਈ ਔਰਤਾਂ ਨੂੰ ਹੀ ਪਹਿਲ ਦਿੱਤੀ ਜਾਂਦੀ ਹੈ।ਕੀਤੇ ਜਾਣ ਵਾਲੇ ਕੰਮ ਅਤੇ ਉਸ ਬਦਲੇ ਹੋਣ ਵਾਲੀ ਅਦਾਇਗੀ ਪਹਿਲਾਂ ਤੋਂ ਨਿਰਧਾਰਤ ਕਰਨ ਉਪਰੰਤ ਉਸ ਨੂੰ ਕੰਮ 'ਤੇ ਲਗਾ ਲਿਆ ਜਾਂਦਾ ਹੈ ਜਾਂ ਰੱਖ ਲਿਆ ਜਾਂਦਾ ਹੈ। ਤਕਨੀਕੀ ਭਾਸ਼ਾ ਵਿੱਚ, ਜਿਹੜੇ ਵਿਅਕਤੀ ਆਪਣੇ ਘਰ ਤੋਂ ਬਾਹਰ ਦੂਜਿਆਂ ਦੇ ਘਰਾਂ ਵਿੱਚ ਕੰਮ ਕਰਦੇ ਹਨ ਅਤੇ ਉਸ ਕੰਮ ਬਦਲੇ ਉਨ੍ਹਾਂ ਨੂੰ ਉਜਰਤ ਵਸੂਲ ਹੁੰਦੀ ਹੈ, ਉਨ੍ਹਾਂ ਨੂੰ ਘਰੇਲੂ/ਡੋਮੈੱਸਟਿਕ ਵਰਕਰ ਕਹਿੰਦੇ ਹਨ। ਅੱਜਕੱਲ੍ਹ ਇਹਨਾਂ ਨੂੰ ਨੌਕਰਾਣੀ ਜਾਂ 'ਕੰਮ ਵਾਲੀ' ਦੀ ਥਾਂ 'ਮੇਡ' ਕਹਿਣ ਨੂੰ ਤਵੱਜੋ ਦਿੱਤੀ ਜਾਂਦੀ ਹੈ।ਜੇਕਰ ਕੰਮ ਤਸੱਲੀਬਖ਼ਸ਼ ਹੋ ਰਿਹਾ ਹੋਵੇ ਤਾਂ ਇਹ ਸਿਲਸਿਲਾ ਸਾਲਾਂਬੱਧੀ ਚਲਦਾ ਰਹਿੰਦਾ ਹੈ ਤੇ ਉਸ ਕੰਮ ਵਿੱਚ ਮਦਦ ਕਰਵਾਉਣ ਵਾਲੀ ਮੇਡ ਨਾਲ ਘਰ ਦੀ ਸੁਆਣੀ ਅਤੇ ਬਾਕੀ ਜੀਆਂ ਦਾ ਖਾਸ ਕਿਸਮ ਦਾ ਲਗਾਓ ਤੇ ਰਿਸ਼ਤਾ ਬਣ ਜਾਂਦਾ ਹੈ। ਜਿਸ ਘਰ ਵਿੱਚ ਬੱਚੇ ਛੋਟੀ ਉਮਰ ਦੇ ਹਨ, ਉਥੇ ਤਾਂ ਉਸ ਨੂੰ ਦਾਦੀ ਮਾਂ ਜਾਂ ਘਰ ਦੇ ਮੈਂਬਰ ਵਾਂਗ ਵੇਖਿਆ ਜਾਣ ਲੱਗਦਾ ਹੈ, ਪਰ ਇਹ ਸਤਿਕਾਰ ਅਤੇ ਸਥਾਨ ਸਾਰੀਆਂ ਨੂੰ ਸਾਰੇ ਘਰਾਂ ਵਿੱਚ ਨਹੀਂ ਮਿਲਦਾ। ਬਹੁਤੇ ਘਰਾਂ ਵਿੱਚ ਉਸ ਨੂੰ ਕੇਵਲ ਨੌਕਰਾਣੀ ਦੀ ਹੈਸੀਅਤ ਵਿੱਚ ਹੀ ਰੱਖਿਆ ਜਾਂਦਾ ਹੈ। ਕੰਮ ਵਿੱਚ ਹੋਈ ਮਾੜੀ-ਮੋਟੀ ਕੁਤਾਹੀ ਨੂੰ ਵਧਾ-ਚੜ੍ਹਾ ਕੇ ਦੱਸਣਾ, ਕੰਮ ਤੋਂ ਹਟਾ ਦੇਣ ਦੀ ਧਮਕੀ ਦੇਣਾ ਜਾਂ ਕੰਮ ਵਿਚੋਂ ਪੈਸੇ ਆਦਿ ਕੱਟ ਲੈਣਾ, ਆਮ ਹੈ। ਵੱਡੇ ਸ਼ਹਿਰਾਂ ਵਿੱਚ ਤਾਂ ਦੁਰਵਿਹਾਰ ਕਰਨ ਤੋਂ ਇਲਾਵਾ ਇਹਨਾਂ ਦਾ ਮਾਨਸਿਕ ਅਤੇ ਕਿਤੇ-ਕਿਤੇ ਜਿਨਸੀ ਸ਼ੋਸ਼ਣ ਵੀ ਹੁੰਦਾ ਹੈ।ਘਰ ਦੀ ਆਰਥਿਕ ਹਾਲਤ ਪਤਲੀ ਹੋਣ ਕਾਰਨ ਮਜਬੂਰੀਵੱਸ ਉਹ ਹਰ ਪ੍ਰਕਾਰ ਦੇ ਜ਼ੁਲਮ ਤੇ ਜ਼ਿਆਦਤੀਆਂ ਬਰਦਾਸ਼ਤ ਕਰਦੀਆਂ ਹਨ। ਕਿਸੇ ਦੀ ਸਮਾਜਿਕ ਜਾਂ ਆਰਥਿਕ ਮਜਬੂਰੀ ਦਾ ਨਜਾਇਜ਼ ਫਾਇਦਾ ਉਠਾਉਣਾ ਜਾਂ ਇੱਕ ਧਿਰ, ਜਿਸ ਕੋਲ ਉਤਪਾਦਨ ਦੇ ਸਾਧਨ ਹਨ, ਉਸ ਦੁਆਰਾ ਸਾਧਨ ਰਹਿਤ ਧਿਰ ਦਾ ਸ਼ੋਸ਼ਣ ਕਰਨਾ ਜਾਂ ਉਸ ਨਾਲ ਦੁਰਵਿਹਾਰ ਕਰਨਾ ਕਿਸੇ ਵੀ ਸਭਿਅਕ ਸਮਾਜ ਦਾ ਕਿਰਦਾਰ ਨਹੀਂ। ਅਸਲ ਵਿੱਚ ਇਹ ਉਹਨਾਂ ਦੇ ਸਨਮਾਨ ਨਾਲ ਜ਼ਿੰਦਗੀ ਜਿਉਣ ਦੇ ਮੁੱਢਲੇ ਅਧਿਕਾਰ ਦੀ ਉਲੰਘਣਾ ਹੈ। ਅਸੀਂ ਭੁੱਲ ਜਾਂਦੇ ਹਾਂ ਕਿ ਜਿਨ੍ਹਾਂ ਦੀ ਸਹਾਇਤਾ ਤੇ ਸਾਥ ਨਾਲ ਅਸੀਂ ਆਪਣੇ ਘਰੇਲੂ ਕੰਮ ਦਾ ਬੋਝ ਹਲਕਾ ਕਰਦੇ ਹਾਂ, ਰੋਜ਼ੀ-ਰੋਟੀ ਕਮਾਉਣ ਖਾਤਰ ਉਹਨਾਂ 'ਤੇ ਨਿਰਭਰ ਕਰਦੇ ਹਾਂ, ਫਿਰ ਵੀ ਉਹਨਾਂ ਨੂੰ ਬਣਦਾ ਪਿਆਰ-ਸਤਿਕਾਰ ਤੇ ਮਾਣ ਨਹੀਂ ਦਿੰਦੇ। ਕੀ ਇਸ ਪ੍ਰਕਾਰ ਵਿਅਕਤੀ ਦਾ ਵਿਅਕਤੀ ਦੁਆਰਾ ਸ਼ੋਸ਼ਣ ਤੇ ਬੇਕਦਰੀ ਕਰਨੀ ਜਾਇਜ਼ ਹੈ?

ਫਰਵਰੀ 2024 ਵਿੱਚ ਨੈਸ਼ਨਲ ਪਲੇਟਫਾਰਮ ਫਾਰ ਡੋਮੈਸਟਿਕ ਵਰਕਰਜ਼ (National Platform for Domestic Workers) ਦੁਆਰਾ ਆਯੋਜਿਤ ਲੱਗਭੱਗ 400 ਤੋਂ ਵੱਧ ਔਰਤਾਂ ਨੇ ਲੇਬਰ ਕਮਿਸ਼ਨਰ ਦੇ ਦਫਤਰ ਸਾਹਮਣੇ ਦਿੱਲੀ ਵਿੱਚ ਪ੍ਰਦਰਸ਼ਨ ਕੀਤਾ, ਜਿਸ ਵਿੱਚ ਉਹਨਾਂ ਆਪਣੇ ਕੰਮ ਅਤੇ ਉਜਰਤ ਨਾਲ ਸੰਬੰਧਤ ਮੰਗਾਂ ਨੂੰ ਰੱਖਿਆ। ਪ੍ਰਦਰਸ਼ਨ ਦਾ ਮੁੱਖ ਮਕਸਦ ਇਹਨਾਂ ਵਰਕਰਾਂ ਨਾਲ ਸੰਬੰਧਤ ਇੱਕ ਸਪੱਸ਼ਟ ਤੇ ਵੱਖਰੇ ਰੂਪ ਵਿੱਚ ਕਾਨੂੰਨ ਬਣਾਉਣਾ ਹੈ, ਕਿਉਂਕਿ ਲੋਕਾਂ ਦੇ ਘਰਾਂ ਵਿੱਚ ਕੰਮ ਕਰਨ ਵਾਲੇ ਇਹਨਾਂ ਵਿਅਕਤੀਆਂ ਨੂੰ ਨਾ ਤਾਂ ਵਰਕਰ ਦਾ ਦਰਜਾ ਪ੍ਰਾਪਤ ਹੈ ਤੇ ਨਾ ਹੀ ਕੰਮ ਕਰਨ ਵਾਲੇ ਸਥਾਨ ਦਾ ਕੋਈ ਨਾਂਅ ਹੈ, ਇਸੇ ਲਈ ਉਹਨਾਂ ਦੇ ਕੰਮ ਦੇ ਘੰਟੇ, ਘੱਟੋ-ਘੱਟ ਉਜਰਤ, ਛੁੱਟੀਆਂ ਜਾਂ ਸਾਲਾਨਾ ਮਾਣਭੱਤੇ ਵਿੱਚ ਕੀਤਾ ਜਾਣ ਵਾਲਾ ਵਾਧਾ, ਆਦਿ ਤੋਂ ਇਲਾਵਾ ਕੋਈ ਬਿਮਾਰੀ/ਸਿਹਤ /ਮੈਡੀਕਲ ਅਲਾਊਂਸ ਜਾਂ ਰਿਟਾਇਰਮੈਂਟ ਸੁਰੱਖਿਆ ਆਦਿ ਕੁਝ ਵੀ ਸੁਨਿਸ਼ਚਿਤ ਨਹੀਂ ਹੈ। 1959 ਵਿੱਚ ਇਹਨਾਂ ਵਰਕਰਾਂ ਦੀਆਂ ਕੰਮ ਦੀਆਂ ਹਾਲਤਾਂ ਨਾਲ ਸੰਬੰਧਤ ਇੱਕ ਆਲ ਇੰਡੀਆ ਡੋਮੈਸਟਿਕ ਸਰਵੈਂਟ ਬਿੱਲ ਲਿਆਂਦਾ ਗਿਆ ਸੀ, ਜਿਸ ਦਾ ਮੁੱਖ ਸੰਬੰਧ ਇਹਨਾਂ ਵਰਕਰਾਂ ਦੀ ਲੋਕਲ ਪੁਲਸ ਵਿੱਚ ਰਜਿਸਟਰੇਸ਼ਨ ਹੋਣ ਨਾਲ ਸੀ। ਇਸ ਤੋਂ ਬਾਅਦ 1972 ਤੇ ਫਿਰ 1996 ਵਿੱਚ ਦੋ ਹੋਰ ਨਿੱਜੀ ਬਿੱਲਾਂ ਦੁਆਰਾ ਇਹਨਾਂ ਨੂੰ ਉਦਯੋਗਿਕ ਝਗੜਿਆਂ ਸੰਬੰਧੀ ਕਾਨੂੰਨ ਦੇ ਦਾਇਰੇ ਵਿੱਚ ਲਿਆਉਣ ਦਾ ਪ੍ਰਸਤਾਵ ਰੱਖਿਆ ਗਿਆ, ਪਰ ਇਹਨਾਂ ਦੀ ਕੋਈ ਨਿਸ਼ਚਿਤ ਪਰਿਭਾਸ਼ਾ ਦੀ ਅਣਹੋਂਦ ਕਾਰਨ ਕੋਈ ਵੀ ਪ੍ਰਸਤਾਵ ਕਾਨੂੰਨ ਨਹੀਂ ਬਣ ਸਕਿਆ। ਦੂਜੇ ਪਾਸੇ 1986 ਵਿੱਚ ਬਾਲ ਮਜ਼ਦੂਰੀ ਵਿਰੁੱਧ ਬਣਾਏ ਕਾਨੂੰਨ ਜਿਸ ਨੂੰ 2006 ਵਿੱਚ ਸੋਧਿਆ ਗਿਆ ਸੀ ਅਤੇ ਅਸੰਗਠਿਤ ਸੋਸ਼ਲ ਸਕਿਉਰਟੀ ਐਕਟ, 2008 ਤੋਂ ਇਲਾਵਾ ਕੰਮਕਾਜੀ ਥਾਵਾਂ 'ਤੇ ਔਰਤਾਂ ਦੇ ਜਿਨਸੀ ਸ਼ੋਸ਼ਣ (ਰੋਕਥਾਮ, ਪਾਬੰਦੀ ਅਤੇ ਨਿਵਾਰਨ) ਐਕਟ 2013, ਇਹ ਤਿੰਨੇ ਕਾਨੂੰਨ ਘਰਾਂ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਉੱਪਰ ਵੀ ਉਵੇਂ ਹੀ ਲਾਗੂ ਹੁੰਦੇ ਹਨ। ਦੱਖਣੀ ਭਾਰਤ ਦੇ ਕੁਝ ਰਾਜਾਂ, ਖਾਸ ਕਰ ਕੇਰਲਾ, ਤਾਮਿਲਨਾਡੂ ਤੇ ਮਹਾਰਾਸ਼ਟਰ ਵਿੱਚ ਵੈੱਲਫੇਅਰ ਬੋਰਡਾਂ ਦੀ ਸਹਾਇਤਾ ਨਾਲ ਇਹਨਾਂ ਡੋਮੈਸਟਿਕ ਵਰਕਰਾਂ ਦੀਆਂ ਸਮਾਜਿਕ ਸੁਰੱਖਿਆ ਨਾਲ ਸੰਬੰਧਤ ਸਹੂਲਤਾਂ ਵਿੱਚ ਵਾਧਾ ਕੀਤਾ ਗਿਆ ਹੈ।

ਲੋਕਾਂ ਦੇ ਘਰਾਂ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਦੀ ਇੱਕ ਅਨੁਮਾਨ ਅਨੁਸਾਰ ਵੱਡੇ ਸ਼ਹਿਰਾਂ ਵਿੱਚ ਗਿਣਤੀ 50 ਲੱਖ ਤੋਂ ਵੀ ਉੱਪਰ ਹੈ। ਪੱਛਮੀ ਬੰਗਾਲ, ਬਿਹਾਰ, ਉੜੀਸਾ ਵਰਗੇ ਗਰੀਬ ਰਾਜਾਂ ਤੋਂ ਕੰਮ ਦੀ ਭਾਲ ਵਿੱਚ ਪੰਜਾਬ, ਹਰਿਆਣਾ, ਦਿੱਲੀ ਆਦਿ ਦੇ ਰਾਜਾਂ ਵਿੱਚ ਮਾਈਗਰੇਟ ਕਰਕੇ ਆਉਂਦੇ ਪਰਵਾਰਾਂ ਦੇ ਮਰਦ ਭਵਨ-ਉਸਾਰੀ ਜਾਂ ਖੇਤਾਂ ਵਿੱਚ ਕੰਮ ਕਰਨ ਲੱਗਦੇ ਹਨ। ਸ਼ਹਿਰੀ ਇਲਾਕਿਆਂ ਵਿੱਚ ਉਹ ਠੇਕੇਦਾਰਾਂ ਨਾਲ ਸਬਜ਼ੀ ਆਦਿ ਦੀਆਂ ਰੇਹੜੀਆਂ ਲਗਾਉਣ ਵਿੱਚ ਸਹਾਇਤਾ ਕਰਦੇ ਹਨ। ਉਹਨਾਂ ਦੀਆਂ ਔਰਤਾਂ ਲੋਕਾਂ ਦੇ ਘਰਾਂ ਵਿੱਚ ਕੰਮ ਕਰਨ ਲੱਗ ਜਾਂਦੀਆਂ ਹਨ। ਇਹ ਔਰਤਾਂ ਆਰਥਿਕ ਤੌਰ 'ਤੇ ਗਰੀਬ ਤੇ ਸਮਾਜਿਕ ਪੱਖ ਤੋਂ ਛੋਟੀਆਂ ਜਾਤਾਂ, ਜਨ-ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਤ ਹਨ। ਇਹ ਘਰਾਂ ਵਿੱਚ ਝਾੜੂ ਪੋਚਾ, ਕੱਪੜੇ ਧੋਣੇ ਤੇ ਭਾਂਡੇ ਮਾਂਜਣ ਦਾ ਕੰਮ ਕਰਦੀਆਂ ਹਨ।ਪਿੰਡਾਂ ਦੇ ਛੋਟੀ ਕਿਸਾਨੀ ਦੇ ਪਰਵਾਰ ਜਿਨ੍ਹਾਂ ਦੀ ਜ਼ਮੀਨ ਵਿਕ ਚੁੱਕੀ ਹੈ ਜਾਂ ਕਿਸੇ ਕਾਰਨ ਮਰਦ ਕਿਸਾਨ ਆਤਮਹੱਤਿਆ ਕਰ ਚੁੱਕੇ ਹਨ, ਉਹਨਾਂ ਦੀਆਂ ਔਰਤਾਂ ਵੀ ਆਰਥਿਕ ਤੰਗੀ ਕਾਰਨ ਮਜਬੂਰ ਹਨ ਕਿ ਨਾਲ ਲੱਗਦੇ ਸ਼ਹਿਰਾਂ ਦੇ ਲੋਕਾਂ ਦੇ ਘਰਾਂ ਵਿੱਚ ਕੰਮ ਕਰਨ। ਕੰਮਕਾਜੀ ਔਰਤਾਂ ਦੇ ਬੱਚਿਆਂ ਨੂੰ ਸਮੇਂ ਅਨੁਸਾਰ ਤਿਆਰ ਕਰਨਾ, ਸਕੂਲ ਛੱਡ ਕੇ ਆਉਣਾ ਤੇ ਸਕੂਲ ਤੋਂ ਬਾਅਦ ਘਰ ਵਿੱਚ ਉਹਨਾਂ ਦੀ ਦੇਖਭਾਲ ਕਰਨ ਦਾ ਕੰਮ ਵੀ ਇਹ ਕਰਦੀਆਂ ਹਨ, ਪਰ ਮੁੱਖ ਰੂਪ ਵਿੱਚ ਗੈਰ ਹੁਨਰਮੰਦ ਹੋਣ ਕਾਰਨ ਇਹਨਾਂ ਨੂੰ ਕੰਮ ਦੇ ਬਦਲੇ ਮਿਲਣ ਵਾਲੀ ਉਜਰਤ ਨਿਯਮਾਂ ਅਨੁਸਾਰ ਬਹੁਤ ਘੱਟ ਹੈ ਅਤੇ ਨਾ ਹੀ ਇਸ ਮਿਹਨਤਾਨੇ ਦੀ ਕੋਈ ਘਰ ਵਿੱਚ ਕਦਰ ਹੀ ਹੁੰਦੀ ਹੈ। ਜਾਤ-ਪਾਤ ਦਾ ਸਿਸਟਮ ਲੁਕਵੇਂ ਰੂਪ ਵਿੱਚ ਉਹਨਾਂ ਦੁਆਰਾ ਕਰਵਾਏ ਕੰਮ ਤੋਂ ਜ਼ਾਹਰ ਹੋ ਜਾਂਦਾ ਹੈ। ਰਸੋਈ ਵਿੱਚ ਖਾਣਾ ਆਦਿ ਬਣਾਉਣ ਅਤੇ ਵਰਤਾਉਣ ਦਾ ਕੰਮ ਗਰੀਬ ਬ੍ਰਾਹਮਣ ਤੇ ਰਾਜਪੂਤਾਂ ਦੀਆਂ ਔਰਤਾਂ ਕਰਦੀਆਂ ਹਨ, ਜਦੋਂ ਕਿ ਬਾਥਰੂਮ ਦੀ ਸਫਾਈ, ਕੂੜਾ ਆਦਿ ਇਕੱਠਾ ਕਰਕੇ ਬਾਹਰ ਸੁੱਟਣ ਦਾ ਕੰਮ ਦਲਿਤ ਤੇ ਬਾਲਮੀਕੀ ਭਾਈਚਾਰੇ ਨਾਲ ਸੰਬੰਧਤ ਔਰਤਾਂ ਕਰਦੀਆਂ ਹਨ। ਘਰੇਲੂ ਕੰਮ ਕਰਨ ਤੇ ਕਰਾਉਣ ਵਾਲਿਆਂ ਦੀ ਮੰਗ ਅਤੇ ਪੂਰਤੀ ਵਿੱਚ ਪਿਛਲੇ ਦੋ ਦਹਾਕਿਆਂ ਦੌਰਾਨ ਵਾਧਾ ਹੋਇਆ ਹੈ। ਇਸ ਦਾ ਮੁੱਖ ਕਾਰਨ ਆਰਥਿਕ ਵਿਕਾਸ ਦੇ ਬਾਵਜੂਦ ਰੁਜ਼ਗਾਰ ਦੇ ਮੌਕਿਆਂ ਵਿੱਚ ਕਮੀ ਹੋਣਾ ਹੈ। ਦੂਸਰਾ ਆਮਦਨ ਨਾ-ਬਰਾਬਰੀ ਵਧਣ ਕਾਰਨ ਇੱਕ ਪਾਸੇ ਸਵੈ ਰੁਜ਼ਗਾਰ ਦੀ ਜ਼ਰੂਰਤ ਵਧੀ ਹੈ ਤੇ ਦੂਜੇ ਪਾਸੇ ਮੱਧ-ਸ਼੍ਰੇਣੀ ਦੇ ਲੋਕਾਂ ਦੀ ਗਿਣਤੀ ਵਿੱਚ ਵਾਧਾ ਹੋਣ ਨਾਲ ਉਹ ਆਪਣੇ ਘਰੇਲੂ ਕੰਮ ਸਸਤੀ ਲੇਬਰ ਨਾਲ ਬਾਹਰੋਂ ਕਰਵਾਉਣ ਦੇ ਸਮਰੱਥ ਵੀ ਹੋ ਗਏ ਹਨ। ਇਸ ਤੋਂ ਇਲਾਵਾ ਉਦਯੋਗਾਂ ਵਿੱਚ ਮਨਸੂਈ ਤਕਨੀਕ (19) ਦੀ ਵਰਤੋਂ ਅਤੇ ਮਸ਼ੀਨੀਕਰਨ ਨੇ ਗੈਰ ਹੁਨਰਮੰਦ ਵਰਕਰਾਂ ਦੀ ਮੰਗ ਨੂੰ ਕਾਫੀ ਘਟਾ ਦਿੱਤਾ ਹੈ। ਉਹ ਗਰੀਬੀ ਦੀ ਮਾਰ ਝੱਲਦੇ ਹੋਏ ਦਿਹਾੜੀਦਾਰ ਅਤੇ ਗਿੱਗ/ਫੇਰੀ ਵਾਲੇ ਵਰਕਰ ਬਣ ਰਹੇ ਹਨ।

ਕੰਮ ਦੇ ਦੌਰਾਨ ਇਹਨਾਂ ਔਰਤਾਂ ਨੂੰ ਕਈ ਪ੍ਰਕਾਰ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸੈਂਟਰ ਫਾਰ ਵੂਮੈਨ ਸਟਡੀਜ਼ ਦਿੱਲੀ, ਅਤੇ ਮਾਰਥਾ ਫੈਰਲ ਫਾਊਂਡੇਸ਼ਨ (Martha Farrell Foundation) ਵੱਲੋਂ 2018 ਵਿੱਚ ਇੱਕ ਅਧਿਐਨ ਕਰਵਾਇਆ ਗਿਆ, ਜਿਸ ਦੀ ਰਿਪੋਰਟ 2020 ਵਿੱਚ ਜਾਰੀ ਕੀਤੀ ਗਈ। ਇਸ ਵਿੱਚ ਕਿਹਾ ਗਿਆ ਕਿ ਇਹਨਾਂ ਔਰਤਾਂ ਉੱਪਰ ਹੁੰਦੀ ਹਿੰਸਾ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। 92% ਔਰਤਾਂ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਹਨ, ਪਰ ਕੰਮ ਛੁੱਟ ਜਾਵੇਗਾ, ਆਪਣੇ ਘਰ, ਪਰਵਾਰ ਦੀ ਬਦਨਾਮੀ ਹੋਵੇਗੀ, ਹੋਰ ਕੋਈ ਕੰਮ 'ਤੇ ਨਹੀਂ ਰੱਖੇਗਾ ਆਦਿ ਵਰਗੇ ਡਰ ਤੋਂ ਇਹ ਕੇਸ ਕਿਤੇ ਰਿਪੋਰਟ ਹੀ ਨਹੀਂ ਹੁੰਦੇ।ਵਾਧੂ ਕੰਮ ਬਦਲੇ ਕੀਤੀ ਜਾਂਦੀ ਮਾੜੀ-ਮੋਟੀ ਅਦਾਇਗੀ ਨੂੰ ਵੀ ਵਧਾ ਚੜ੍ਹਾ ਕੇ ਕਹਿਣਾ ਤੇ ਕਿਸੇ ਮੁਸ਼ਕਿਲ ਵੇਲੇ ਕੀਤੀ ਮਾਲੀ ਮਦਦ ਨੂੰ ਵਾਰਵਾਰ ਦੁਹਰਾਉਣਾ ਸੁਆਣੀਆਂ ਦਾ ਆਮ ਵਰਤਾਰਾ ਹੈ। ਇਸ ਤੋਂ ਇਲਾਵਾ ਘਰ ਦੇ ਮਰਦ ਮੈਂਬਰਾਂ ਦੁਆਰਾ ਮੈਲੀ ਅੱਖ ਨਾਲ ਵੇਖਣਾ ਵੀ ਮਾਨਸਿਕ ਪਰੇਸ਼ਾਨੀ ਵਧਾਉਂਦਾ ਹੈ। ਘਰ ਵਿੱਚ ਪਏ ਸ਼ੀਸ਼ੇ ਜਾਂ ਹੋਰ ਨਾਜ਼ੁਕ ਸਮਾਨ ਨੂੰ ਸਾਫ ਕਰਦਿਆਂ ਕਿਤੇ ਟੁੱਟ-ਭੱਜ ਨਾ ਹੋ ਜਾਵੇ ਜਾਂ ਪੈਸੇ-ਧੇਲੇ ਮੇਜ਼ ਉੱਪਰ ਪਏ ਹੋਣ ਤਾਂ ਚੋਰੀ-ਚਕਾਰੀ ਦੇ ਦੋਸ਼ ਲੱਗਣ ਤੋਂ ਬਚੇ ਰਹਿਣ ਲਈ ਇਹਨਾਂ ਨੂੰ ਹੋਰ ਵੀ ਚੁਕੰਨੇ ਹੋ ਕੇ ਕੰਮ ਕਰਨਾ ਪੈਂਦਾ ਹੈ। ਇਸ ਪ੍ਰਕਾਰ ਸਾਡੇ ਕੰਮ ਨੂੰ ਸੁਖਾਲਾ ਕਰਨ ਵਾਲੇ ਇਹ ਸਹਾਇਕ, ਗੰਭੀਰ ਰੂਪ ਵਿੱਚ ਮਾਨਸਿਕ, ਮਨੋਵਿਗਿਆਨਕ, ਭਾਵਨਾਤਮਕ, ਸਰੀਰਕ ਅਤੇ ਜਿਨਸੀ ਸ਼ੋਸ਼ਣ ਦੇ ਭਾਰ ਥੱਲੇ ਦੱਬੇ ਰਹਿੰਦੇ ਹਨ।ਅਜੋਕੇ ਸਮੇਂ ਵਿੱਚ ਵਿਦੇਸ਼ਾਂ ਦੀ ਤਰਜ਼ ਉੱਪਰ ਭਾਰਤ ਵਿੱਚ ਵੀ ਘਰ ਦੇ ਕੰਮ ਕਰਵਾਉਣ ਦਾ ਕੰਮ ਪਲੇਸਮੈਂਟ ਏਜੰਸੀਆਂ ਦੁਆਰਾ ਕੀਤਾ ਜਾਣ ਲੱਗਿਆ ਹੈ। ਇਸ ਕਾਰਜ ਵਿੱਚ ਕੋਆਪਰੇਟਿਵ ਸੁਸਾਇਟੀਆਂ, ਟਰੇਡ ਯੂਨੀਅਨਾਂ ਤੇ ਕਈ ਸਵੈ ਇੱਛਤ ਸੰਗਠਨ ਯਤਨਸ਼ੀਲ ਹਨ। ਪ੍ਰੰਤੂ ਇਥੇ ਵੀ ਸਾਰਾ ਕੁਝ ਸੁਰੱਖਿਅਤ ਤੇ ਸਾਫ ਤੇ ਅੱਛਾ ਨਹੀਂ ।ਕੁਝ ਨਿੱਜੀ ਏਜੰਸੀਆਂ ਤੇ ਏਜੰਟ ਛੋਟੀ ਉਮਰ ਦੀਆਂ ਲੜਕੀਆਂ ਜਾਂ ਦੂਜੇ ਗਰੀਬ ਰਾਜਾਂ ਤੋਂ ਅਣਵਿਆਹੀਆਂ ਔਰਤਾਂ ਨੂੰ ਕੰਮ 'ਤੇ ਲਗਵਾ ਦਿੰਦੇ ਹਨ, ਜਿੱਥੇ ਉਹਨਾਂ ਨੂੰ ਸਥਾਨਕ ਭਾਸ਼ਾ ਦਾ ਗਿਆਨ ਨਹੀਂ ਹੁੰਦਾ। ਉਸ ਸਥਿਤੀ ਵਿੱਚ ਉਹਨਾਂ ਦੇ ਵਿੱਤੀ ਅਤੇ ਜਿਨਸੀ ਸ਼ੋਸ਼ਣ ਦੇ ਮੌਕੇ ਹੋਰ ਵੀ ਵਧ ਜਾਂਦੇ ਹਨ। ਇਸ ਤੋਂ ਇਲਾਵਾ ਇਹ ਏਜੰਸੀਆਂ ਕਿਸੇ ਵੀ ਕਾਨੂੰਨੀ ਦਾਇਰੇ ਵਿੱਚ ਨਹੀਂ ਆਉਂਦੀਆਂ। ਇਸ ਕਰਕੇ ਕੰਮ ਦੇ ਘੰਟੇ, ਅਦਾਇਗੀ, ਵਾਧੂ ਕੰਮ ਦੀ ਉਜਰਤ ਜਾਂ ਕੰਮ ਦੌਰਾਨ ਮਿਲਣ ਵਾਲੀਆਂ ਹੋਰ ਸਹੂਲਤਾਂ ਜਿਵੇਂ ਚਾਹ, ਪਾਣੀ, ਭੋਜਨ, ਤੀਜ-ਤਿਓਹਾਰ 'ਤੇ ਮਿਲਣ ਵਾਲੇ ਤੋਹਫੇ, ਕੱਪੜੇ-ਲੀੜੇ ਆਦਿ ਬਾਰੇ ਕੁਝ ਵੀ ਸਪੱਸ਼ਟ ਤੇ ਨਿਸ਼ਚਿਤ ਨਹੀਂ ਕੀਤਾ ਜਾਂਦਾ। ਦੂਜੇ ਪਾਸੇ ਕੰਮ ਲੱਭਣ ਵਾਲਿਆਂ ਦੀ ਸੌਦੇਬਾਜ਼ੀ ਕਰਨ ਦੀ ਤਾਕਤ (bargaining power) ਵੀ ਨਿਗੂਣੀ ਹੀ ਹੁੰਦੀ ਹੈ। ਇਸ ਸਮੱਸਿਆ ਉੱਪਰ ਕਾਬੂ ਪਾਉਣ ਲਈ ਇਹਨਾਂ ਏਜੰਸੀਆਂ ਦੀ ਰਜਿਸਟਰੇਸ਼ਨ ਲਾਜ਼ਮੀ ਹੋਣੀ ਚਾਹੀਦੀ ਹੈ ਤਾਂ ਕਿ ਇਹ ਆਪਣੇ ਮਨ ਮਨਜੀ ਅਨੁਸਾਰ ਕਿਸੇ ਨਾਲ ਇਸ ਪ੍ਰਕਾਰ ਦਾ ਧੱਕਾ ਨਾ ਕਰ ਸਕਣ।

ਸਪੱਸ਼ਟ ਹੈ ਕਿ ਮੇਡ ਅਤੇ ਘਰ ਦੀਆਂ ਸੁਆਣੀਆਂ ਦੀ ਇੱਕ-ਦੂਜੇ ਉੱਪਰ ਨਿਰਭਰਤਾ ਨਿਤ ਪ੍ਰਤੀ ਦਿਨ ਵਧ ਰਹੀ ਹੈ। ਜਦੋਂ ਗਰੀਬ ਅਤੇ ਥੁੜੇ-ਟੁੱਟੇ ਪਰਵਾਰਾਂ ਦੀਆਂ ਔਰਤਾਂ ਸ਼ਹਿਰੀ ਲੋਕਾਂ ਦੇ ਸੰਪਰਕ ਵਿੱਚ ਆਉਂਦੀਆਂ ਹਨ ਤਾਂ ਉਹਨਾਂ ਦੇ ਜੀਵਨ, ਢੰਗ ਅਤੇ ਸੋਚ ਵਿੱਚ ਤਬਦੀਲੀ ਆਉਣੀ ਸੁਭਾਵਿਕ ਹੈ। ਅਨੇਕਾਂ ਉਦਾਹਰਨਾਂ ਹਨ, ਜਿੱਥੇ ਪਹਿਲਾਂ ਕੰਮ ਕਰਨ ਵਾਲੀਆਂ ਇਕ ਸਮੇਂ ਪੈਦਲ ਚੱਲ ਕੇ ਕੰਮ 'ਤੇ ਜਾਂਦੀਆਂ ਸਨ। ਹੁਣ ਉਹਨਾਂ ਵਿੱਚੋਂ ਬਹੁਤੀਆਂ ਕੋਲ ਸਾਈਕਲ ਹਨ। ਕਈ ਨੌਜਵਾਨ ਕੁੜੀਆਂ ਕੋਲ ਤਾਂ ਮੋਪਿਡ ਤੇ ਪੁਰਾਣੇ ਸਕੂਟਰ ਵੀ ਹਨ, ਜਿਹੜੇ ਉਹਨਾਂ ਆਪਣੀਆਂ ਬੀਬੀਆਂ ਤੋਂ ਥੋੜ੍ਹੇ ਜਿਹੇ ਪੈਸੇ ਦੇ ਕੇ ਖਰੀਦੇ ਹੁੰਦੇ ਹਨ। ਔਸਤਨ ਹਰੇਕ ਘਰ ਵਿੱਚ ਪੁਰਾਣੇ ਟੀ ਵੀ ਸੈੱਟ, ਛੱਤ 'ਤੇ ਲੱਗੇ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**
ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

18-Aug-Sunday.qxd 8/17/2024 10:55 PM Page 4



# ਇਕ ਅਣਗੌਲੇ ਨਾਇਕ ਦਾ ਗ਼ਲਪੀ ਬਿਰਤਾਂਤ

## ਸੀਸ ਤਲੀ ’ਤੇ : ਅਤਰਜੀਤ

(ਇਤਿਹਾਸਕ ਨਾਵਲ)
ਪੰਨੇ : 144, ਮੁੱਲ : 200 ਰੁਪਏ
ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਬਠਿੰਡਾ

ਫੋਕਸ

ਚਰਚਾ ਇਕ ਪੁਸਤਕ ਦੀ

ਹਰਜਿੰਦਰ ਸਿੰਘ ਅਟਵਾਲ (ਡਾ.)






ਅਤਰਜੀਤ ਦਾ ਸ਼ੁਮਾਰ ਉਨ੍ਹਾਂ ਕਲਮਕਾਰਾਂ ਵਿੱਚ ਹੈ, ਜੋ ਨਿੱਠ ਕੇ ਉਨ੍ਹਾਂ ਲੋਕਾਂ ਦੀ ਗੱਲ ਕਰਨ ਦੀ ਜੁਰਅੱਤ ਰੱਖਦੇ ਹਨ, ਜੋ ਹਾਸ਼ੀਏ ’ਤੇ ਬੈਠੇ ਆਪਣੀ ਅਣਦੇਖੀ ਵਾਲਾ ਜੀਵਨ ਭੋਗਣ ਲਈ ਮਜਬੂਰ ਹੁੰਦੇ ਹਨ। ਉਸ ਦੀਆਂ ਕਹਾਣੀਆਂ ਅਤੇ ਉਸ ਦੀ ਜੀਵਨ-ਜਾਚ ਇਸ ਤੱਥ ਦੀ ਪੁਸ਼ਟੀ ਕਰਦੀਆਂ ਨਜ਼ਰ ਆਉਣਗੀਆਂ। ਆਪਣੇ ਜੀਵਨ ਅਤੇ ਲੇਖਣੀ ਵਿੱਚ ਉਹ ਹਮੇਸ਼ਾ ਭਾਈ ਲਾਲੋ ਨਾਲ ਖੜ੍ਹਦਾ ਨਜ਼ਰ ਆਵੇਗਾ, ਏਨਾ ਹੀ ਨਹੀਂ, ਉਹ ਮਲਕ ਭਾਗੋ ਦੀ ਲੁੱਟ ਦੇ ਕਿਰਦਾਰ ਦੀ ਗੱਲ ਵੀ ਬੇਬਾਕੀ ਨਾਲ ਕਰਦਾ ਹੈ। ਇਹ ਉਸ ਦੀ ਪਛਾਣ ਬਣ ਚੁੱਕੀ ਹੈ, ਪਰ ਇਹ ਨਾਵਲ ‘ਸੀਸ ਤਲੀ ’ਤੇ’ ਉਸ ਦਾ ਇਤਿਹਾਸਕ ਨਾਵਲ ਜਿਸ ਦਾ ਜ਼ਿਕਰ ਉਹ ਆਪ ਹੀ ਪਹਿਲੇ ਪੰਨੇ ’ਤੇ ਕਰਦਾ ਨਜ਼ਰ ਆਵੇਗਾ। ਉਸ ਦੇ ਇਹ ਦਾਅਵੇ ਦੀ ਗੱਲ ਕਰਨ ਤੋਂ ਪਹਿਲਾਂ ਅਸੀਂ ਇਤਿਹਾਸਕ ਨਾਵਲ ਬਾਰੇ ਸੰਖੇਪ ਵਿੱਚ ਜ਼ਿਕਰ ਕਰਨਾ ਜ਼ਰੂਰੀ ਮਹਿਸੂਸ ਕਰਦੇ ਹਾਂ।

ਜਾਰਜ ਲੁਕਾਚ ਆਪਣੀ ਕਿਤਾਬ ‘ਇਤਿਹਾਸਕ ਨਾਵਲ’ (ਦ ਹਿਸਟੋਰੀਕਲ ਨਾਵਲ) ਵਿੱਚ ਇਹ ਮੰਨਦਾ ਹੈ ਕਿ ਭਾਵੇਂ ਸੰਸਾਰ ਸਾਹਿਤ ਵਿੱਚ ਸਤਾਰ੍ਹਵੀਂ-ਅਠਾਰ੍ਹਵੀਂ ਸਦੀ ਵਿੱਚ ਇਤਿਹਾਸਕ ਨਾਵਲ ਲਿਖਣ ਦੀ ਆਰੰਭਤਾ ਹੁੰਦੀ ਹੈ ਪਰ ਉਨ੍ਹਾਂ ਵਿੱਚ ਇਤਿਹਾਸ ਨਾਲੋਂ ਮਿਥਿਹਾਸ ਨੂੰ ਜ਼ਿਆਦਾ ਚਿਤਰਿਆ ਜਾਂਦਾ ਰਿਹਾ। ਲੁਕਾਚ ਅਨੁਸਾਰ ਇਤਿਹਾਸਕ ਨਾਵਲ ਅਸਲ ਵਿੱਚ 19ਵੀਂ ਸਦੀ ਨੈਪੋਲੀਅਨ ਦੇ ਪਤਨ ਸਮੇਂ ਮਹੱਤਵਪੂਰਨ ਰੂਪ ਵਿੱਚ ਸਾਹਮਣੇ ਆਉਂਦੇ ਹਨ। ਆਪਣੀ ਉਸ ਕਿਤਾਬ ਵਿੱਚ ਉਹ ਇਸ ਗੱਲ ਦਾ ਉਦਾਹਰਣਾਂ ਸਹਿਤ ਵਿਸਥਾਰ ਵਿੱਚ ਵਿਖਿਆਨ ਕਰਦਾ ਹੈ। ਇਸ ਤਰ੍ਹਾਂ ਪੰਜਾਬੀ ਵਿੱਚ ਵੀ ਭਾਵੇਂ 19ਵੀਂ ਸਦੀ ਦੇ ਅਖੀਰ ਜਾਂ 20ਵੀਂ ਸਦੀ ਦੇ ਆਰੰਭ ਵਿੱਚ ਭਾਈ ਵੀਰ ਸਿੰਘ ਅਜਿਹੇ ਨਾਵਲ ਲਿਖਦੇ ਹਨ, ਜੋ ਇੱਕ ਖਾਸ ਸਮੇਂ ਦੇ ਇਤਿਹਾਸ ਨੂੰ ਉਜਾਗਰ ਕਰਨ ਦਾ ਯਤਨ ਕਰਦੇ ਹਨ ਪਾਤਰ ਕੁਝ ਇਤਿਹਾਸਕ ਅਤੇ ਕੁਝ ਕਾਲਪਨਿਕ ਹੁੰਦੇ ਹਨ। ਮਾਸਟਰ ਤਾਰਾ ਸਿੰਘ ਇਕ ਇਤਿਹਾਸਕ। ਨਾਵਲ ‘ਬਾਬਾ ਤੇਗਾ ਸਿੰਘ’ ਲਿਖਦੇ ਹਨ। ਨਾਨਕ ਸਿੰਘ ਹੋਰੀਂ ਵੀ ਆਪਣੇ ਨਾਵਲਾਂ ਵਿੱਚ ਇਤਿਹਾਸ ਸਿਰਜਣ ਦਾ ਯਤਨ ਕਰਦੇ ਰਹੇ, ਭਾਵੇਂ ਉਹ ਅੰਸ਼ਕ ਰੂਪ ਵਿੱਚ ਇਤਿਹਾਸਕ ਜਾਂ ਕਲਪਿਤ ਪਾਤਰਾਂ ਰਾਹੀਂ ਹੀ ਹੁੰਦਾ ਸੀ। ਉਂਜ ਪੰਜਾਬੀ ਨਾਵਲ ਵਿੱਚ ਇਤਿਹਾਸਕ ਨਾਵਲ ਦੀ ਪਰੰਪਰਾ ਕੋਈ ਪੱਕੇ ਤੌਰ ’ਤੇ ਵਿਕਸਿਤ ਨਹੀਂ ਹੋਈ। ਕੁਝ ਅਜਿਹੇ ਨਾਵਲ ਵੀ ਲਿਖੇ ਗਏ, ਜਿਨ੍ਹਾਂ ਨੇ ਵਿਵਾਦ ਤਾਂ ਖੜ੍ਹਾ ਕੀਤਾ, ਪਰ ਉਹ ਇਸ ਪਾਸੇ ਕੋਈ ਮਿਸਾਲੀ ਭੂਮਿਕਾ ਨਹੀਂ ਨਿਭਾਅ ਸਕੇ।

ਅਤਰਜੀਤ ਦਾ ਇਹ ਨਾਵਲ ਉਸ ਸਮੇਂ ਦੇ ਇਤਿਹਾਸਕ ਵੇਰਵੇ ਪੇਸ਼ ਕਰਦਾ ਹੈ, ਜਦੋਂ ਗ਼ੁਲਾਮੀ ਹੰਢਾ ਰਿਹਾ ਭਾਰਤ ਅਤੇ ਪੰਜਾਬ ਆਜ਼ਾਦੀ ਪ੍ਰਾਪਤ ਕਰਨ ਲਈ ਜੱਦੋ-ਜਹਿਦ ਕਰ ਰਿਹਾ ਸੀ। ਪੰਜਾਬ ਦਾ ਲਾਹੌਰ ਜੋ ਇਸ ਸੂਬੇ (ਪਹਿਲਾਂ ਦੇਸ਼) ਦੀ ਰਾਜਧਾਨੀ ਰਿਹਾ, ਇਨ੍ਹਾਂ ਸਰਗਰਮੀਆਂ ਦਾ ਕੇਂਦਰ ਸੀ। ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀ ਇਹ ਕਰਮ ਭੂਮੀ ਰਿਹਾ। ਸਿੱਖਿਆ ਦੇ ਪਾਸਾਰ ਕਰਕੇ ਲਾਹੌਰ ਦੇ ਨੈਸ਼ਨਲ ਕਾਲਜ ਵਿੱਚ ਇਨਕਲਾਬੀਆਂ ਦਾ ਇਕੱਠ ਹੁੰਦਾ ਰਿਹਾ, ਜਿੱਥੋਂ ਉਹ ਆਪਣੀਆਂ ਸਰਗਰਮੀਆਂ ਕਰਦੇ ਰਹੇ, ਪਰ ਅਤਰਜੀਤ ਦੇ ਇਸ ਨਾਵਲ ਦਾ ਕੇਂਦਰੀ ਕਿਰਦਾਰ ਇੱਕ ਅਜਿਹਾ ਅਣਗੌਲਿਆ ਨਾਇਕ ਹੈ, ਜਿਸ ਬਾਰੇ ਇਤਿਹਾਸ ਵਿੱਚ ਬਹੁਤੀ ਜਾਣਕਾਰੀ ਨਹੀਂ ਮਿਲਦੀ, ਜੇ ਮਿਲਦੀ ਵੀ ਹੈ ਤਾਂ ਉਹ ਪੇਤਲੀ ਜਿਹੀ ਅਤੇ ਅਧੂਰੀ। ਕੁਝ ਸਮਾਂ ਪਹਿਲਾਂ ਸੁਨਾਮ ਦੇ ਕਿਸੇ ਰਕੇਸ਼ ਕੁਮਾਰ ਨੇ ਉਸ ਬਾਰੇ ਜੀਵਨੀ ਲਿਖਣ ਦਾ ਯਤਨ ਕੀਤਾ ਸੀ, ਪਰ ਆਪਣੀਆਂ ਕੁਝ ਸੀਮਾਵਾਂ ਜਾਂ ਹੋਰ ਕਾਰਨਾਂ ਕਰਕੇ ਲੋਕ ਮਨਾਂ ਵਿੱਚ ਆਪਣੀ ਉਹ ਥਾਂ ਨਹੀਂ ਬਣਾ ਸਕੀ, ਜਿਸ ਦਾ ਹੱਕਦਾਰ ਉਹ ਨਾਇਕ ਸੀ। ਉਸ ਜੀਵਨੀ ਨੂੰ ਪੜ੍ਹ ਕੇ ਅਤਰਜੀਤ ਥੋੜ੍ਹੀ ਹੋਰ ਖੋਜ ਕਰਕੇ ਉਸ ਨਾਇਕ ਸ਼ੇਰ ਜੰਗ ਨੂੰ ਕੇਂਦਰ ਵਿੱਚ ਰੱਖ ਕੇ ਆਪਣੀ ਇਹ ਰਚਨਾ ਮੁਕੰਮਲ ਕਰਦਾ ਹੈ।

ਸ਼ੇਰ ਜੰਗ ਨਾਹਨ ਰਿਆਸਤ ਦੇ ਕੁਲੈਕਟਰ ਚੌਧਰੀ ਪ੍ਰਤਾਪ ਸਿੰਘ ਦਾ ਪੁੱਤਰ ਹੈ। ਵੱਡੇ ਪਰਵਾਰ ਵਿੱਚ ਪਲ ਰਿਹਾ ਸ਼ੇਰ ਜੰਗ ਆਪਣੇ ਸਮਕਾਲੀ ਨੌਜਵਾਨਾਂ ਤੋਂ ਵੱਖਰਾ ਸੋਚਦਾ ਹੈ। ਉੱਚ ਪਰਵਾਰ ਵਿੱਚੋਂ ਹੋਣ ਦੇ ਬਾਵਜੂਦ ਉਹ ਆਪਣੇ ਖੇਤਾਂ ਵਿੱਚ ਆਪਣੇ ਕਾਮਿਆਂ ਨਾਲ ਕੰਮ ਕਰਨ ਦੀ ਰੁਚੀ ਰੱਖਦਾ ਹੈ। ਭੈਣਾਂ-ਭਰਾਵਾਂ ਵਿੱਚੋਂ ਉਸ ਦਾ ਇਨਕਲਾਬੀ ਸੁਭਾਅ ਵੱਖਰਾ ਹੀ ਹੈ। ਉਸ ਦਾ ਅਫ਼ਸਰ ਬਾਪ ਵੀ ਉਸ ਨੂੰ ‘ਇਨਕਲਾਬੀ’ ਕਹਿ ਕੇ ਹੀ ਬੁਲਾਉਂਦਾ ਹੈ। ਸ਼ੇਰ ਜੰਗ ਦੀ ਵੱਡੀ ਭੈਣ ਲੀਲਾਵਤੀ ਦਾ ਵਿਆਹ ਲਾਹੌਰ ਦੇ ਨੈਸ਼ਨਲ ਕਾਲਜ ਵਿੱਚ ਸੰਸਕ੍ਰਿਤ ਦੇ ਪ੍ਰੋਫ਼ੈਸਰ ਉਦੈਬੀਰ ਸ਼ਾਸਤਰੀ ਨਾਲ ਹੋ ਜਾਂਦਾ ਹੈ। ਸ਼ੇਰ ਜੰਗ ਦੇ ਘਰ ਦੇ ਉਸ ਦੇ ‘ਵਿਗੜਦੇ ਚਾਲਿਆਂ’ ਤੋਂ ਤੰਗ ਆ ਕੇ ਉਸ ਨੂੰ ਲਾਹੌਰ ਭੇਜ ਦਿੰਦੇ ਹਨ, ਜਿੱਥੇ ਉਹ ਆਪਣੀ ਭੈਣ ਦੇ ਘਰ ਰਹਿੰਦਿਆਂ ਸਰਦਾਰ ਭਗਤ ਸਿੰਘ, ਬੀ ਕੇ ਦੱਤ, ਭਗਵਤੀ ਚਰਨ ਵੋਹਰਾ, ਦੁਰਗਾ ਭਾਬੀ ਅਤੇ ਹੋਰ ਇਨਕਲਾਬੀਆਂ ਦੇ ਸੰਪਰਕ ਵਿੱਚ ਆਉਂਦਾ ਹੈ। ਸ਼ੇਰ ਜੰਗ ਇੱਥੇ ਤੱਕ ਪਹੁੰਚਦਿਆਂ ਅਜੇ ਇਨਕਲਾਬੀਆਂ ਦਾ ਹਮਾਇਤੀ ਹੀ ਬਣ ਕੇ ਉੱਭਰ ਰਿਹਾ ਹੈ, ਪਰ ਉਹ ਇਸ ਗੱਲ ਲਈ ਲਗਾਤਾਰ ਅਹੁਲ ਰਿਹਾ ਹੈ ਕਿ ਉਹ ਕੁਝ ਅਜਿਹਾ ਕਰੇ ਕਿ ਉਸ ਦਾ ਇਸ ਲਹਿਰ ਵਿੱਚ ਵਿਸ਼ੇਸ਼ ਜ਼ਿਕਰ ਹੋਵੇ। ਭਗਵਤੀ ਚਰਨ ਵੋਹਰਾ ਅਤੇ ਉਸ ਦੇ ਸਾਥੀ ਮਿਲ ਕੇ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਉਸ ਸਮੇਂ ਪੁਲਸ ਦੀ ਗ੍ਰਿਫ਼ਤ ਤੋਂ ਬਚਾਉਣ ਦੀ ਵਿਉਂਤ ਬਣਾਉਂਦੇ ਹਨ ਜਦੋਂ ਉਨ੍ਹਾਂ ਨੂੰ ਪੁਲਸ ਕਚਹਿਰੀ ਵਿੱਚ ਪੇਸ਼ ਕਰਨ ਲਈ ਲਿਆਵੇ। ਇਸ ਕੰਮ ਵਿੱਚ ਹਥਿਆਰ ਅਤੇ ਪੈਸੇ ਦੀ ਘਾਟ ਉਨ੍ਹਾਂ ਨੂੰ ਮਹਿਸੂਸ ਹੁੰਦੀ ਹੈ। ਇੱਥੋਂ ਹੀ ਸ਼ੇਰ ਜੰਗ ਨੂੰ ਆਪਣਾ ਕੁਝ ਅਨੋਖਾ ਕਰਨ ਦਾ ਸੁਪਨਾ ਪੂਰਾ ਹੁੰਦਾ ਦਿਸਦਾ ਹੈ। ਅਹਿਮਦਗੜ੍ਹ ਰੇਲ ਗੱਡੀ ਵਿੱਚ ਖਜ਼ਾਨਾ ਲੁੱਟਣ ਦੀ ਵਿਉਂਤ ਬਣਦੀ ਹੈ। ਇਸ ਵਿਉਂਤ ਅਤੇ ਡਕੈਤੀ ਦਾ ਮੁੱਖ ਸਰਗਨਾ ਹੀ ਸ਼ੇਰ ਜੰਗ ਹੈ। ਇਹ ਰੇਲ ਡਕੈਤੀ ਸਿਰੇ ਨਹੀਂ ਚੜ੍ਹਦੀ, ਕਿਉਂ ਜੋ ਹਰਨਾਮ ਸਿੰਘ ਚਮਕ ਕਿਸੇ ਢਿੰਬਰੀ ਨੂੰ ਹੀ ਖ਼ਜ਼ਾਨੇ ਦੀ ਚਾਬੀ ਸਮਝਣ ਦੀ ਗਲਤੀ ਕਰ ਬੈਠਦਾ ਹੈ, ਜਦ ਕਿ ਅਸਲ ਵਿੱਚ ਚਾਬੀ ਤਾਂ ਲਾਹੌਰ ਦੇ ਖ਼ਜ਼ਾਨੇ ਵਿੱਚ ਹੀ ਪਈ ਹੁੰਦੀ ਹੈ। ਇਸ ਦਾ ਜ਼ਿਕਰ ਰਾਮ ਸਿੰਘ ਮਜੀਠਾ ਦੀ ਕਿਤਾਬ ‘ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ’ ਭਾਗ ਦੂਜਾ ਵਿੱਚ ‘ਅਹਿਮਦਗੜ੍ਹ ਡਕੈਤੀ ਕੇਸ’ ਸਿਰਲੇਖ ’ਚ ਕਰਦੇ ਹਨ। ਉਨ੍ਹਾਂ ਅਨੁਸਾਰ ਸ਼ੇਰ ਜੰਗ ਦੀ ਅਗਵਾਈ ਵਿੱਚ ਇਹ ਯੋਜਨਾ ਬਣੀ ਤਾਂ ਕਿ ਅੰਗਰੇਜ਼ੀ ਸਰਕਾਰ ’ਤੇ ਦਬਾਅ ਬਣੇ ਤੇ ਪੈਸੇ ਦਾ ਪ੍ਰਬੰਧ ਹੋ ਸਕੇ। ਬਾਅਦ ਵਿੱਚ ਸ਼ੇਰ ਜੰਗ ਅਤੇ ਉਸ ਦੇ ਸਾਥੀ ਇਕ-ਇਕ ਕਰਕੇ ਫੜੇ ਜਾਂਦੇ ਹਨ। ਸ਼ੇਰ ਜੰਗ ਜੇਲ੍ਹ ਭੁਗਤਦਾ ਹੈ, ਜਿਸ ਦਾ ਵਿਆਹ ਨਿਰਮਲਾ ਨਾਂਅ ਦੀ ਇਕ ਇਨਕਲਾਬੀ ਕਾਰਕੁੰਨ ਨਾਲ ਹੋ ਜਾਂਦਾ ਹੈ। ਇਨ੍ਹਾਂ ਦੀ ਔਲਾਦ ਨਾਹਨ ਵਿੱਚ ਅੱਜ ਵੀ ਆਪਣੀ ਵਡੇਰੀ ਉਮਰ ਭੋਗ ਰਹੀ ਹੈ।

ਅਤਰਜੀਤ ਦੇ ਇਸ ਨਾਵਲ ਦੀ ਵਿਲੱਖਣਤਾ ਇਹ ਹੈ ਕਿ ਉਹ ਸ਼ੇਰ ਜੰਗ ਦੇ ਬਹਾਨੇ ਇਕ ਅਜਿਹਾ ਇਤਿਹਾਸਕ ਦ੍ਰਿਸ਼ ਸਿਰਜਦਾ ਹੈ, ਜੋ ਪਾਠਕ ਨੂੰ ਆਪਣੀ ਸਮੁੱਚਤਾ ਵਿੱਚ ਪ੍ਰਭਾਵਤ ਕਰਨ ਦੀ ਸਮਰੱਥਾ ਰੱਖਦਾ ਹੈ। ਭਗਵਤੀ ਚਰਨ ਵੋਹਰਾ, ਦੁਰਗਾ ਭਾਬੀ, ਬੇਟੀ ਸੁੱਚੀ ਘਰ ਵਿੱਚ ਇਕ ਖੁਸ਼ਨੁਮਾ ਮਾਹੌਲ ਸਿਰਜਦੇ ਹਨ। ਭਗਤ ਸਿੰਘ ਦੀਆਂ ਸ਼ਰਾਰਤਾਂ, ਦੁਰਗਾ ਭਾਬੀ ਦੇ ਹੱਥਾਂ ਦੇ ਬਣੇ ਪਕੌੜਿਆਂ ਨੂੰ ਸੁਆਦ ਲੈ-ਲੈ ਕੇ ਖਾਣਾ, ਹਾਸਾ-ਠੱਠਾ ਕਰਦਿਆਂ ਦਿਖਾਇਆ ਗਿਆ ਹੈ। ਭਾਵੇਂ ਇਸ ਤੱਥ ਦੀ ਕੋਈ ਇਤਿਹਾਸਕ ਗਵਾਹੀ ਨਾ ਵੀ ਮਿਲਦੀ ਹੋਵੇ, ਪਰ ਅਤਰਜੀਤ ਆਪਣੀ ਗ਼ਲਪ ਸਿਰਜਣਾ ਨਾਲ ਇਸ ਮਾਹੌਲ ਨੂੰ ਮੰਨਣਯੋਗ ਬਣਾ ਜਾਂਦਾ ਹੈ। ਸ਼ੇਰ ਜੰਗ ਭਗਤ ਸਿੰਘ ਹੁਰਾਂ ਵੱਲੋਂ ਗਠਿਤ ਕੀਤੀ ‘ਨੌਜਵਾਨ ਭਾਰਤ ਸਭਾ’ ਗਵਾਹ ਹੈ, ਜਿਥੇ ਭਗਤ ਸਿੰਘ ਸਭਾ ਦੇ ਐਲਾਨਨਾਮੇ ਪੜ੍ਹ ਰਿਹਾ ਹੈ। ਸ਼ੇਰ ਜੰਗ ਅਜਿਹੀਆਂ ਗਤੀਵਿਧੀਆਂ ਨਾਲ ਹੋਰ ਉਤਸ਼ਾਹਿਤ ਹੁੰਦਾ ਹੈ। ਉਹ ਜੈਤੋ ਦੇ ਮੋਰਚੇ, ਗੁਰੂ ਕੇ ਬਾਗ ਦੇ ਮੋਰਚੇ, ਪੰਜਾ ਸਾਹਿਬ, ਨਨਕਾਣਾ ਸਾਹਿਬ ਆਦਿ ਮੋਰਚਿਆਂ ਬਾਰੇ ਸੁਚੇਤ ਹੁੰਦਾ ਹੈ, ਪਰ ਇਸ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਨਿਭਾਈ ਜਾ ਰਹੀ ਸਮਝੌਤਾਵਾਦੀ ਭੂਮਿਕਾ ’ਤੇ ਦੁਖੀ ਵੀ ਹੁੰਦਾ ਹੈ। ਉਸ ਦੀ ਇਹ ਸੋਚ ਪ੍ਰਬਲ ਹੁੰਦੀ ਜਾ ਰਹੀ ਹੈ ਕਿ “ਮੁਕਤੀ ਬਗੈਰ ਸ਼ਾਂਤੀ ਨਹੀਂ”, ਹਰ ਬੰਦੇ ਨੂੰ ਆਪਣੇ ਸਾਰੇ ਕੰਮ ਆਪ ਕਰਨੇ ਚਾਹੀਦੇ ਹਨ, ਆਦਿ। ਪੰਜਾ ਸਾਹਿਬ ਦੇ ਖ਼ੂਨੀ ਸਾਕੇ ਦੇ ਸਿਰਜਕ ਬੀ ਟੀ ਇੰਸਪੈਕਟਰ ਨੂੰ ਬੱਬਰ ਅਕਾਲੀਆਂ ਵੱਲੋਂ ਕਾਕਾ ਸਿੰਘ ਦੀ ਮਦਦ ਨਾਲ ਕਤਲ ਕਰਨ ਸਮੇਂ ਵੀ ਉਹ ਨੇੜੇ-ਤੇੜੇ ਰਹਿੰਦਾ ਹੈ। ਕਾਕਾ ਸਿੰਘ ਦੀ ਵਿਧਵਾ ਭਰਜਾਈ ਨੂੰ ਬੀ ਟੀ ਨੇ ਆਪਣੀ ਰਖੇਲ ਬਣਾ ਲਿਆ ਸੀ, ਜਿਸ ਤੋਂ ਕਾਕਾ ਸਿੰਘ ਨੂੰ ਨਮੋਸ਼ੀ ਭਰੀ ਜ਼ਿੰਦਗੀ ਜਿਊਣੀ ਪੈ ਰਹੀ ਸੀ। ਇਕ ਹੋਰ ਵਿਚਾਰ-ਵਟਾਂਦਰੇ ਵਿੱਚ ਲੈਨਿਨ ਦੇ ਭਰਾ ਵੱਲੋਂ ਜ਼ਾਰ ’ਤੇ ਹਮਲਾ ਕੀਤਾ ਗਿਆ ਸੀ ਤੇ ਉਸ ਨੂੰ ਫਾਂਸੀ ਹੋ ਗਈ ਸੀ ਦੇ ਸਮੇਂ ਲੈਨਿਨ ਨੇ ਇਹ ਕਿਹਾ ਸੀ ਕਿ ਜੋ ਉਸ ਦੇ ਭਰਾ ਨੇ ਕੀਤਾ, ਉਹ ਸਾਡਾ ਰਾਹ ਨਹੀਂ। ਠੀਕ ਅਜਿਹੇ ਸਮੇਂ ਸ਼ੇਰ ਜੰਗ ਮਹਿਸੂਸ ਕਰਦਾ ਹੈ ਕਿ ਜੇ ਭਗਤ ਸਿੰਘ ਜਿਊਂਦਾ ਹੁੰਦਾ ਤਾਂ ਉਸ ਨੇ ਭਾਰਤ ਦਾ ਲੈਨਿਨ ਹੋਣ ਸੀ। ਸੰਤ ਅਤਰ ਸਿੰਘ ਜੀ ਨੇ ਮਸਤੂਆਣੇ ਵਿੱਚ ਇਕ ਵਿੱਦਿਆ ਦਾ ਕੇਂਦਰ ਸਥਾਪਤ ਕੀਤਾ, ਜਿਸ ਵਿੱਚ ਇਨਕਲਾਬੀਆਂ ਨੂੰ ਠਾਹਰ ਮਿਲਦੀ ਰਹੀ। ਉਨ੍ਹਾਂ ਦਿਨਾਂ ਵਿੱਚ ਸਿੱਖਿਆ ਦੇ ਪਾਸਾਰ ਵਿੱਚ ਸੰਤ ਅਤਰ ਸਿੰਘ ਹੁਰਾਂ ਦਾ ਵੱਡਾ ਯੋਗਦਾਨ ਰਿਹਾ, ਉਸ ਸਮੇਂ ਉਨ੍ਹਾਂ ਨੇ ਲਾਇਲਪੁਰ ਵਿਖੇ ਖਾਲਸਾ ਸਕੂਲ-ਕਾਲਜ ਦੀ ਵੀ ਨੀਂਹ ਰੱਖੀ, ਜੋ ਬਾਅਦ ਵਿੱਚ ਉਸ ਖਿੱਤੇ ਦੀ ਇਕ ਮਹੱਤਵਪੂਰਨ ਸੰਸਥਾ ਬਣ ਕੇ ਉੱਭਰਦੀ ਹੈ।

ਭਗਵਤੀ ਚਰਨ ਵੋਹਰਾ ਦੀ ਬੰਬ ਚਲਾਉਣ ਦੀ ਮਸ਼ਕ ਕਰਨ ਸਮੇਂ ਮੌਤ ਹੋ ਜਾਂਦੀ ਹੈ, ਜਿਸ ਨਾਲ ਸ਼ੇਰ ਜੰਗ ਹੁਰਾਂ ਦੇ ਅਗਲੇ ਮਿਸ਼ਨ ਵੀ ਮੱਠੇ ਪੈ ਜਾਂਦੇ ਹਨ। ਸ਼ੇਰ ਜੰਗ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਔਰੰਗਜ਼ੇਬ ਨੂੰ ਲਿਖੇ ਜ਼ਫ਼ਰਨਾਮੇ ਵਾਂਗ ਗੋਰੀ ਸਰਕਾਰ ਨੂੰ ਨੈਤਿਕ ਪੱਧਰ ’ਤੇ ਵੀ ਮਾਰ ਮਾਰਨ ਦੀ ਵਿਉਂਤ ਬਣਾਉਂਦਾ ਹੈ। ਸੀਤਲ ਸਿੰਘ ਡਾਕੂ ਦਾ ਪੁਲਸ ਕੋਲ ਸ਼ੇਰ ਜੰਗ ਬਾਰੇ ਦੱਸਣਾ, ਸਾਹਿਬ ਸਿੰਘ ਨੂੰ ਉਸ ਦੀ ਫੁਫੇਸ ਨੇ ਪੈਸੇ ਦੇ ਲਾਲਚ ਵਿੱਚ ਆ ਕੇ ਫੜਾ ਦੇਣਾ, ਜੋ ਉਸ ਸਮੇਂ ਦੋ ਹਜ਼ਾਰ ਰੁਪਏ ਸਨ ਆਦਿ ਘਟਨਾਵਾਂ ਵੀ ਇਸ ਗ਼ਲਪ ਬਿਰਤਾਂਤ ਦਾ ਹਿੱਸਾ ਹਨ।

ਸ਼ੇਰ ਜੰਗ ਜਦੋਂ ਜੇਲ੍ਹ ਵਿੱਚ ਲਾਹੌਰ ਅਤੇ ਹੋਰ ਥਾਵਾਂ ’ਤੇ ਕੈਦ ਭੁਗਤ ਰਿਹਾ ਹੁੰਦਾ ਹੈ ਤਾਂ ਉਸ ਦੀ ਮੁਲਾਕਾਤ ਸਰਦਾਰ ਭਗਤ ਸਿੰਘ, ਬੁਟਕੇਸ਼ਵਰ ਦੱਤ, ਬਾਬਾ ਜੁਆਲਾ ਸਿੰਘ ਠੱਠੀਆਂ ਜੋ ਅਮਰੀਕਾ ਵਿਖੇ ਆਲੂਆਂ ਦਾ ਬਾਦਸ਼ਾਹ ਵਜੋਂ ਜਾਣਿਆ ਜਾਂਦਾ ਸੀ, ਪਰ ਸਾਰਾ ਕੁਝ ਛੱਡ-ਛੁਡਾ ਕੇ ਆਪਣੇ ਵਤਨ ਦੀ ਆਜ਼ਾਦੀ ਲਈ ਜੁਟ ਜਾਂਦਾ ਹੈ, ਜਿਸ ਵਿੱਚ ਕਾਲੇ ਪਾਣੀ ਦੀ ਜੇਲ੍ਹ ਅਤੇ ਹੋਰ ਤਸੀਹੇ ਭੋਗਣੇ ਪਏ, ਨਾਲ ਹੁੰਦੀ ਹੈ। ਬਾਬਾ ਜੁਆਲਾ ਸਿੰਘ ਦੱਸਦਾ ਹੈ ਕਿ ਇਕ ਆਜ਼ਾਦੀ ਘੁਲਾਟੀਏ ਵੀਰ ਸਾਵਰਕਰ ਅੰਡੇਮਾਨ ਦੇ ਜੇਲ੍ਹ ਵਿੱਚ ਕੋਹਲੂ ਗੇੜਨ ਦੇ ਡਰੋਂ ਹੀ ਮੁਆਫ਼ੀ ਮੰਗ ਕੇ ਬਾਹਰ ਆ ਜਾਂਦਾ ਹੈ। ਸ਼ੇਰ ਜੰਗ ਉਸ ਪਹਿਰੇਦਾਰ ਨੂੰ ਬੁਰਾ-ਭਲਾ ਕਹਿੰਦਾ ਹੈ ਜੋ ਇਨ੍ਹਾਂ ਦੀ ਗੱਲਬਾਤ ਵਿੱਚ ਰੁਕਾਵਟ ਬਣਦਾ ਹੈ, ਪਰ ਬਾਬਾ ਜੀ ਸ਼ੇਰ ਜੰਗ ਨੂੰ ਵਰਜਦੇ ਹਨ, ਕਿਉਂ ਜੋ ਬਾਬਾ ਜੀ ਇਹ ਮਹਿਸੂਸ ਕਰਦੇ ਹਨ ਕਿ ਉਹ ਆਪਣੀ ਡਿਊਟੀ ਕਰ ਰਿਹਾ ਹੈ। ਸ਼ੇਰ ਜੰਗ ਲਈ ਇਹ ਸਬਕ ਯਾਦਗਾਰੀ ਬਣ ਜਾਂਦਾ ਹੈ। ਨਾਭਾ ਰਿਆਸਤ ਦੇ ਰਾਜੇ ਰਿਪੁਦਮਨ ਸਿੰਘ ਦਾ ਮਾਨਵੀ ਚਿਹਰਾ ਵੀ ਇਸ ਨਾਵਲ ਵਿੱਚ ਜ਼ਿਕਰ ਦਾ ਕੇਂਦਰ ਬਣਦਾ ਹੈ। ਉਸ ਨਾਲ ਅੰਗਰੇਜ਼ੀ ਹਕੂਮਤ ਦੀ ਕੌੜ ਇਤਿਹਾਸ ਵਿੱਚ ਦਰਜ ਹੈ। ਸ਼ੇਰ ਜੰਗ ਦੀ ਰਿਹਾਈ 2 ਮਈ 1938 ਨੂੰ ਹੋ ਜਾਂਦੀ ਹੈ, ਜਿਸ ਤੋਂ ਬਾਅਦ ਉਹ ਆਪਣੀ ਪਤਨੀ ਨਿਰਮਲਾ ਨਾਲ ਸਮਾਜ ਸੇਵਾ ਦੇ ਕੰਮ ਵਿੱਚ ਜੁਟ ਜਾਂਦਾ ਹੈ। ਨਾਵਲ ਦੇ ਅੰਤ ’ਤੇ ਨਿਰਮਲਾ ਗਰਭਵਤੀ ਹੋਈ ਦਿਖਾਈ ਜਾਂਦੀ ਹੈ। ਭਵਿੱਖ ਵਿੱਚ ਆਉਣ ਵਾਲੇ ਜੀਅ ਦਾ ਨਾਂਅ ਵੀ ਉਨ੍ਹਾਂ ਵੱਲੋਂ ਪਹਿਲਾਂ ਹੀ ‘ਸ਼ਿਲਿਜ਼’ ਸੋਚ ਲਿਆ ਜਾਂਦਾ ਹੈ। ਇਹੀ ਸ਼ਿਲਿਜ਼ ਆਪਣੀ ਵਡੇਰੀ ਉਮਰ ਵਿੱਚ ਨਾਹਨ ਵਿਖੇ ਰਹਿ ਰਿਹਾ ਹੈ ਜਾਂ ਨਹੀਂ, ਪੱਕੇ ਤੌਰ ’ਤੇ ਕਿਹਾ ਨਹੀਂ ਜਾ ਸਕਦਾ, ਕੁਝ ਸਾਲ ਪਹਿਲਾਂ ਉਹ ਉੱਥੇ ਮੌਜੂਦ ਸੀ।

ਅਤਰਜੀਤ ਦੇ ਨਾਵਲ ਦਾ ਸਿਰਲੇਖ ਪੰਜਾਬੀਆਂ ਦੀ ਸ਼ਹਾਦਤ ਦੀ ਉਸ ਪਰੰਪਰਾ ਨਾਲ ਜੁੜਦਾ ਹੈ, ਜਿਸ ਦਾ ਨਾਇਕ ਬਾਬਾ ਦੀਪ ਸਿੰਘ ਸ਼ਹੀਦ ਹੈ। ਇਸ ਬਿਰਤਾਂਤ ਦਾ ਹਰ ਨਾਇਕ ਵੀ ਆਪਣਾ ਸੀਸ ਤਲੀ ’ਤੇ ਹੀ ਰੱਖੀ ਬੈਠਾ ਹੈ। ਸ਼ਹਾਦਤ ਲਈ ਆਪਣੀ ਵਾਰੀ ਦੀ ਉਡੀਕ ਕਰਦਾ ਹੈ। ਅਜੋਕੇ ਸਮੇਂ ਵਿੱਚ ਪੰਜਾਬ ਵਿਚਲੀਆਂ ਅਜਿਹੀਆਂ ਸ਼ਹਾਦਤਾਂ ਦੇ ਇਤਿਹਾਸ ਦੀ ਪੁਨਰ ਪੇਸ਼ਕਾਰੀ ਬਹੁਤ ਜ਼ਰੂਰੀ ਹੈ ਤਾਂ ਜੋ ਉਹ ਵੀ ਅਜਿਹਾ ਇਤਿਹਾਸ ਸਿਰਜਣ ਲਈ ਪ੍ਰੇਰਨਾ ਪ੍ਰਾਪਤ ਕਰਦੇ ਰਹਿਣ। ਇਸ ਇਤਿਹਾਸਕ ਨਾਵਲ ਨੇ ਸਮੁੱਚੇ ਰੂਪ ਵਿੱਚ ਇਕ ਅਜਿਹਾ ਇਤਿਹਾਸਕ ਚਿਤਰ ਸਿਰਜਣ ਦਾ ਯਤਨ ਕੀਤਾ ਹੈ, ਜਿਸ ਨੂੰ ਅਜੋਕੇ ਸੰਕਟ ਦੇ ਸਮਿਆਂ ਵਿੱਚ ਵਧੇਰੇ ਲੋੜ ਭਾਸਦੀ ਹੈ।

*ਸੰਪਰਕ : 98721-73475*

# ਜ਼ਿੰਦਗੀ ਭਰ ਸਖ਼ਤ ਮਿਹਨਤ ਕਰਦੇ ਮੁਨੱਖ ਦੀ ਕਹਾਣੀ ਪੇਸ਼ ਕਰਦੀ ਪੁਸਤਕ

## ਮਿੱਟੀ ਦਾ ਪੁਤਲਾ

(ਨਾਟਕ ਸੰਗ੍ਰਹਿ)
ਮੋਹੀ ਅਮਰਜੀਤ ਸਿੰਘ
ਮੁੱਲ : 200 ਰੁਪਏ, ਪੰਨੇ : 64
ਹਾਊਸ ਆਫ ਲਿਟਰੇਚਰ, ਪੰਜਾਬੀ ਭਵਨ, ਲੁਧਿਆਣਾ

ਸੰਧੂ ਵਰਿਆਣਵੀ (ਪ੍ਰੋ.)

ਮੋਹੀ ਅਮਰਜੀਤ ਸਿੰਘ ਨਵੇਂ ਨਾਟਕਕਾਰਾਂ ਅਤੇ ਰੰਗ-ਕਰਮੀਆਂ ਵਿੱਚ ਇੱਕ ਉੱਘਾ ਨਾਂਅ ਹੈ। ਉਹ ਲੰਬੇ ਸਮੇਂ ਤੋਂ ਉੱਚ ਵਿੱਦਿਅਕ ਸੰਸਥਾਵਾਂ, ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ’ਚ ਆਪਣੇ ਨਾਟਕ ਖੇਡ ਰਹੇ ਹਨ। ‘ਮਿੱਟੀ ਦਾ ਪੁਤਲਾ’ ਉਸ ਦਾ ਨਾਟ ਸੰਗ੍ਰਹਿ ਹੈ, ਜਿਸ ਵਿੱਚ ਉਸ ਨੇ ‘ਮਿੱਟੀ ਦਾ ਪੁਤਲਾ’ ਅਤੇ ‘ਘਰ ਘਰ ਏਹੋ ਅੱਗ’ ਦੋ ਨਾਟਕ ਸ਼ਾਮਲ ਕੀਤੇ ਹਨ। ‘ਮਿੱਟੀ ਦਾ ਪੁਤਲਾ’ ਨਾਟ ਸੰਗ੍ਰਹਿ ਉਸ ਨੇ ਉਨ੍ਹਾਂ ਦੇ ਨਾਂਅ ਕੀਤਾ ਹੈ, ਜਿਨ੍ਹਾਂ ਉਸ ਨਾਲ ਨਾਟਕਾਂ ਵਿੱਚ ਕੰਮ ਕੀਤਾ ਹੈ ਅਤੇ ਕਰ ਰਹੇ ਹਨ। ਇਹ ਕਥਨ ਕਿਰਤ ਅਤੇ ਸਹਿਯੋਗ ਦੀ ਧਾਰਨਾ ਨੂੰ ਪ੍ਰਪੱਕ ਕਰਦਾ ਹੈ ਕਿਉਂਕਿ ਨਾਟਕ ਦਾ ਰੰਗ-ਮੰਚ ਨਾਲ ਗੂੜ੍ਹਾ ਰਿਸ਼ਤਾ ਹੈ। ਰੰਗ-ਮੰਚ ਕਰੜੀ ਮੁਸ਼ੱਕਤ, ਅਭਿਆਸ ਅਤੇ ਆਪਸੀ ਤਾਲ-ਮੇਲ ਦੀ ਮੰਗ ਕਰਦਾ ਹੈ। ਇਸ ਦਾ ਇਹ ਵੀ ਸੰਕੇਤ ਹੈ ਕਿ ਰੰਗਕਰਮੀਆਂ ਨੂੰ ਇਕਾਗਰਤਾ ਨਾਲ ਲਗਾਤਾਰ ਨਾਟਕਾਂ ਦੇ ਪਾਤਰਾਂ ਤੇ ਅਨੁਕੂਲ ਆਪਣੇ-ਆਪ ਨੂੰ ਢਾਲਣਾ ਪੈਂਦਾ ਹੈ। ਇਸ ਨਾਟਕ ਦਾ ਸਿਰਲੇਖ ‘ਮਿੱਟੀ ਦਾ ਪੁਤਲਾ’ ਹੈ। ਇਹ ਨਾਟਕ ਉਸ ਨੇ ਕੇ. ਸਾਧੂ ਸਿੰਘ ਦੇ ਕਾਵਿ-ਸੰਗ੍ਰਹਿ ‘ਦੀਵੇ’ ’ਚੋਂ ਉੱਗਦੇ ਸੂਰਜ ਦੀਆਂ ਕਵਿਤਾਵਾਂ ’ਤੇ ਅਧਾਰਤ ਲਿਖਿਆ ਹੈ। ‘ਮਿੱਟੀ’ ਦਾ ਜ਼ਿਕਰ ਆਮ ਕਰਕੇ ਸੰਸਾਰਕ ਜੀਵਨ ’ਚ ਬਹੁ-ਅਰਥੀ ਸ਼ਬਦਾਂ ਵਿੱਚ ਕੀਤਾ ਜਾਂਦਾ ਹੈ। ਇੱਥੇ ‘ਮਿੱਟੀ’ ਕਿਰਤੀ ਮਨੁੱਖ ਨਾਲ ਸੰਬੰਧਤ ਹੈ। ‘ਮਿੱਟੀ ਦਾ ਪੁਤਲਾ’ ਨਾਟਕ ਦਾ ਵਿਸ਼ਾ ਅਜਿਹੇ ਮਨੁੱਖ ਦੇ ਵਿਅਕਤੀਤਵ ਨੂੰ ਪੇਸ਼ ਕਰਨਾ ਹੈ, ਜੋ ਜ਼ਿੰਦਗੀ ਭਰ ਸਖਤ ਮਿਹਨਤ ਕਰਦੇ ਹਨ। ਸਖਤ ਮਿਹਨਤ ਕਰਨ ਦੇ ਬਾਵਜੂਦ ਉਨ੍ਹਾਂ ਦਾ ਜੀਵਨ ਹਮੇਸ਼ਾ ਦੁਸ਼ਵਾਰੀਆਂ ਭਰਿਆ ਰਹਿੰਦਾ ਹੈ। ਇਸ ਨਾਟਕ ਦੇ ਪ੍ਰਮੁੱਖ ਪਾਤਰਾਂ ਅਮਨ, ਸਿੰਮੀ, ਕੁਲਵੰਤ ਸਿੰਘ (ਅਮਨ ਦਾ ਸਹੁਰਾ), ਕਰਮੋ, ਦੀਪਾ (ਅਮਨ ਦਾ ਪੁੱਤਰ) ਰਾਹੀਂ ਨਾਟਕਕਾਰ ਨੇ ਇਸ ਵਿਸ਼ੇ ਨੂੰ ਭਾਵ-ਪੂਰਤ ਢੰਗ ਨਾਲ ਪੇਸ਼ ਕੀਤਾ ਹੈ। ਹੇਠਲੀਆਂ ਸਤਰਾਂ ਵਿਸ਼ੇ ਨੂੰ ਉਦੈ ਕਰਦੀਆਂ ਹਨ, ‘ਇਹ ਵਕਤ ਦੀ ਰਫਤਾਰ ਹੈ, ਇਹ ਵਕਤ ਦੀ ਰਫਤਾਰ ਹੈ।’ ਨਾਟਕ ਦੀ ਸ਼ੁਰੂਆਤ ਘਰ ਦੀ ਮੰਦੀ ਆਰਥਿਕ ਹਾਲਤ ਦੇ ਬਿਆਨ ਤੋਂ ਹੁੰਦੀ ਹੈ। ਕੁਲਵੰਤ ਸਿੰਘ ਅਪਾਹਜ ਹੈ, ਜਿਸ ਦੀ ਦਵਾਈ ਨਾ ਲਿਆਉਣ ਤੋਂ ਕਹਾਣੀ ਸ਼ੁਰੂ ਹੁੰਦੀ ਹੈ ਅਤੇ ਘਰ ’ਚ ਹਰ ਪ੍ਰਕਾਰ ਦੀਆਂ ਥੁੜ੍ਹਾਂ ਤੱਕ ਪਹੁੰਚ ਜਾਂਦੀ ਹੈ। “ਜਗਮਗਾਉਂਦੇ ਤਾਰਿਆਂ ਵਿੱਚ, ਘੁੱਪ ਹਨੇਰੇ ਢਾਰਿਆਂ ਵਿੱਚ।’ ਗੀਤ ਟੱਪਾ ਹੋਰ ਵੀ ਮਾਰਮਿਕ ਸਥਿਤੀ ’ਚ ਲੈ ਆਉਂਦਾ ਹੈ। ਅਮਨ ਦੇ ਪਤੀ ਜਸਵੀਰ ਦਾ ਕਤਲ ਕਰਮੋ ਦੇ ਪਤੀ ਬਿੰਦਰ ਨੇ ਜ਼ਮੀਨ ਦੇ ਛੋਟੇ ਜਿਹੇ ਟੁਕੜੇ ਖਾਤਰ ਕਰ ਦਿੱਤਾ ਸੀ। ਉਸ ਨੂੰ ਫਾਂਸੀ ਦਾ ਹੁਕਮ ਹੋਇਆ ਸੀ, ਕਿਉਂਕਿ ਜਸਵੀਰ ਦਾ ਕਾਤਲ ਬਿੰਦਰ ਨੂੰ ਅਦਾਲਤ ਵੱਲੋਂ ਐਲਾਨਿਆ ਗਿਆ ਸੀ। ਕਰਮੋ ਚਾਹੁੰਦੀ ਹੈ ਕਿ ਅਮਨ ਉਸ ਨਾਲ ਸਮਝੌਤਾ ਕਰ ਲਵੇ ਤਾਂ ਜੋ ਉਸ ਦੇ ਪਤੀ ਦੀ ਜਾਨ ਬਚ ਜਾਵੇ। ਉਹ ਦੋ ਧੀਆਂ ਦੀ ਮਾਂ ਹੈ। ਉਸ ਦਾ ਇਹ ਵਾਰਤਾਲਾਪ ਉਸ ਦੀ ਦਰਦਮਈ ਵੇਦਨਾ ‘ਮੈਂ ਚੀਸਾਂ ਵਿੱਚੋਂ ਹਮਦਰਦੀ ਦੀ ਭੀਖ ਮੰਗਣ ਆਈ ਆਂ ਬਾਪੂ ਜੀ’ ਨੂੰ ਪੇਸ਼ ਕਰਦਾ ਹੈ। ਅਮਨ ਉਸ ਨੂੰ ਮੁਆਫ ਨਹੀਂ ਕਰਨਾ ਚਾਹੁੰਦੀ। ਇਹ ਸੁਭਾਵਿਕ ਵੀ ਹੈ ਕਿ ਕੋਈ ਐਡੀ ਛੇਤੀ ‘ਘਰ ਦਾ ਦੀਵਾ ਬੁਝਾਉਣ ਵਾਲੇ ਨੂੰ’ ਇਕਦਮ ਕਿਵੇਂ ਮੁਆਫ ਕਰ ਸਕਦਾ ਹੈ। ਅਖੀਰ ਵਿੱਚ ਘਰ ਦੇ ਹਾਲਾਤ ਦੇਖਦਿਆਂ, ਆਪਣੇ ਬੱਚਿਆਂ ਦੀਪਾ ਅਤੇ ਸਿੰਮੀ ਦੇ ਭਵਿੱਖ ਨੂੰ ਦੇਖਦਿਆਂ ਉਹ ਕਰਮੋ ਦੇ ਪਤੀ ਨੂੰ ਬਚਾਉਣ ਲਈ ਸਮਝੌਤਾ ਕਰਨ ਲਈ ਤਿਆਰ ਹੋ ਜਾਂਦੀ ਹੈ। ਕਰਮੋ ਨੂੰ ਮਹਿਸੂਸ ਹੁੰਦਾ ਹੈ ਕਿ ਉਸ ਦੀ ਫਿਰ ਗੋਡਣੀ ਲੱਗ ਗਈ ਹੈ। ਕੁਲਵੰਤ ਸਿੰਘ ਨੇ ਅਮਨ ਨੂੰ ਇਹ ਇਹਸਾਸ ਕਰਾਇਆ ਕਿ ਅੱ! ਫਿਰ ‘ਮਿੱਟੀ’ ਨੇ ਆਪਣੀ ਹੋਂਦ ਦਰਸਾ ਦਿੱਤੀ ਹੈ। ਨਾਟਕਕਾਰ ਦਰਸ਼ਕਾ/ਪਾਠਕਾਂ ਨੂੰ ਇਹ ਸੰਦੇਸ਼ ਦੇਣ ਵਿੱਚ ਸਫ਼ਲ ਹੋ ਜਾਂਦਾ ਹੈ ਕਿ ‘ਮਿੱਟੀ’ ਕਿਸੇ ਵੀ ਰੂਪ, ਕਦੇ ਵੀ ਨਿਗੁਣੀ ਨਹੀਂ ਹੁੰਦੀ। ਮਿੱਟੀ ਦੀ ਅਜ਼ਮਤ ਅਦੁੱਤੀ ਹੈ, ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਇਸ ਨਾਟਕ ਸੰਗ੍ਰਹਿ ਦਾ ਦੂਸਰਾ ਨਾਟਕ ‘ਘਰ ਘਰ ਇਹੋ ਅੱਗ’ ਹੈ। ਇਹ ਨਾਟਕ ਪੰਜਾਬ ਦੇ ਲੋਕਾਂ ਦੇ ਪਰਵਾਸ, ਨਸ਼ਾ, ਬੇਰੁਜ਼ਗਾਰੀ ਆਦਿ ਮਸਲਿਆਂ ਨੂੰ ਪਾਠਕਾਂ/ਦਰਸ਼ਕਾਂ ਸਾਹਮਣੇ ਪੇਸ਼ ਕਰਦਾ ਹੈ। ਮਨੁੱਖੀ ਹਉਂ, ਅਣਖ ਨੂੰ ਸਨਮੁੱਖ ਰੱਖਦਿਆਂ ਹਰ ਸਰਦਾ-ਪੁੱਜਦਾ ਪੰਜਾਬੀ ਵੀ ਅਖੌਤੀ ਪਦਾਰਥਕ ਸੁੱਖਾਂ ਦੀ ਝਾਕ ’ਚ ਪਰਦੇਸੀ ਬਣ ਕੇ ਬਿਹਤਰ ਜ਼ਿੰਦਗੀ ਦੇ ਸੁਫਨੇ ਲੈਂਦਾ ਹੈ। ਬਾਹਰਲੇ ਮੁਲਕਾਂ ’ਚ ਵੱਸਦੇ ਅਨਪੜ੍ਹ ਮੁੰਡਿਆਂ ਨੂੰ ਪੜ੍ਹੀਆਂ-ਲਿਖੀਆਂ, ਸੁਚੱਜੀ ਸੋਚ ਰੱਖਣ ਵਾਲੀਆਂ ਧੀਆਂ ਨੂੰ, ਵਿਆਹੁਣ ਲਈ ਤਿਆਰ ਹੋ ਜਾਂਦੇ ਹਨ। ਪੰਜਾਬ ’ਚ ਵਗਦੇ ਨਸ਼ਿਆਂ ਦੇ ਛੇਵੇਂ ਦਰਿਆ ਕਰਕੇ ਵੀ ਪਹੁੰਚ ਵਾਲੇ ਪਰਵਾਰ ਆਪਣੇ ਬੱਚਿਆਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਵਿਦੇਸ਼ਾਂ ’ਚ ਭੇਜਣ ਲਈ ਤੱਤਪਰ ਹੋ ਜਾਂਦੇ ਹਨ। ਸਥਾਨਕ ਸਰਕਾਰਾਂ ਦੀ ਅੰਨ੍ਹੀ ਲੁੱਟ ਅਤੇ ਤਸ਼ੱਦਦ ਵੀ ਆਮ ਨਾਗਰਿਕਾਂ ’ਚ ਭੈਅ ਪੈਦਾ ਕਰਦਾ ਹੈ । ਇਸ ਨਾਟਕ ਦੇ ਪ੍ਰੀਤੀ, ਜਰਨੈਲ ਸਿੰਘ (ਪਿਤਾ ਪ੍ਰੀਤੀ), ਹਰਨਾਮ ਕੌਰ (ਪ੍ਰੀਤੀ ਦੀ ਮਾਂ), ਬੂਟਾ (ਪ੍ਰੀਤੀ ਦਾ ਭਰਾ), ਦੀਪ (ਬੂਟੇ ਦਾ ਮਿੱਤਰ), ਹੈਰੀ (ਪ੍ਰੀਤੀ ਦਾ ਪਤੀ), ਆੜ੍ਹਤੀਆ ਅਤੇ ਬੀਰਾਂ (ਗੁਆਂਢਣ ਰਾਹੀਂ) ਪਾਤਰ ਉਪਰੋਕਤ ਵਿਸ਼ੇ ਦੀ ਸਥਿਤੀ ਨੂੰ ਪ੍ਰਗਟਾਉਂਦੇ ਹਨ। ਪ੍ਰੀਤੀ ਇੱਕ ਪੜ੍ਹੀ-ਲਿਖੀ ਅਤੇ ਨੌਕਰੀ ਕਰਦੀ ਲੜਕੀ ਹੈ। ਉਸ ਦੇ ਵਿਆਹ ਲਈ ਉਸ ਦੇ ਪਿਓ ਜਰਨੈਲ ਸਿੰਘ ਨੇ ਆੜ੍ਹਤੀਏ ਤੋਂ ਚਾਲੀ ਲੱਖ ਰੁਪਿਆ ਕਰਜ਼ਾ ਲਿਆ ਹੈ। ਬੂਟਾ ਪੜ੍ਹਿਆ-ਲਿਖਿਆ ਨੌਜਵਾਨ ਹੈ, ਉਹ ਬੇਰੁਜ਼ਗਾਰੀ ਦਾ ਝੰਬਿਆ ਅਖੀਰ ਆਪਣੇ ਮਿੱਤਰ ਦੀਪ ਅਤੇ ਹੋਰ ਦੋਸਤਾਂ ਨਾਲ ਮਿਲ ਕੇ ਮਹਿੰਗੇ ਨਸ਼ੇ ਕਰਨ ਲੱਗ ਪੈਂਦਾ ਹੈ। ਉਹ ਨਸ਼ਿਆਂ ਦੀ ਪੂਰਤੀ ਹਿੱਤ ਘਰ ਵਿੱਚੋਂ ਪੈਸਿਆਂ ਲਈ ਚੋਰੀਆਂ ਵੀ ਕਰਨ ਲੱਗ ਪੈਂਦਾ ਹੈ। ਹੈਰੀ, ਪ੍ਰੀਤੀ ਦਾ ਪਤੀ ਵਿਦੇਸ਼ (ਕੈਨੇਡਾ) ਰਹਿੰਦਾ ਹੈ ਜੋ ਲਾਲਚੀ ਅਤੇ ਕਮੀਨਾ ਆਦਮੀ ਹੈ। ਉਹ ਚਾਹੁੰਦਾ ਹੈ ਕਿ ਪ੍ਰੀਤੀ ਦਾ ਪਿਓ ਉਸ ਦੇ ਨਾਂਅ ਪ੍ਰੀਤੀ ਦੇ ਹਿੱਸੇ ਦੇ ਪੰਜ ਕਿੱਲੇ ਉਸ ਦੇ ਨਾਂਅ ਲਾਵੇ। ਇਸ ਤੋਂ ਬਾਅਦ ਉਹ ਉਸ ਨੂੰ ਕੈਨੇਡਾ ਲੈ ਜਾਵੇਗਾ। ਉਹ ਉੱਥੇ ਜਾ ਕੇ ਉਸ ਤੋਂ ਤਲਾਕ ਲੈ ਲਵੇ ਅਤੇ ਫਿਰ ਪੰਜਾਬ ਤੋਂ ਚਾਲੀ-ਪੰਜਾਹ ਲੱਖ ਲੈ ਕੇ ਪੰਜਾਬੋਂ ਵਿਆਹ ਕਰਵਾ ਕੇ ਕਿਸੇ ਵੀ ਮੁੰਡੇ ਨੂੰ ਲੈ ਜਾਵੇ। ਆੜ੍ਹਤੀਆਂ ਵੀ ਸੂਦਖੋਰੀ ਦਾ ਢੁੱਕਵਾਂ ਪਾਤਰ ਹੈ। ਇਨ੍ਹਾਂ ਪਾਤਰਾਂ ਰਾਹੀਂ ਨਾਟਕਕਾਰ ਨੇ ਪੰਜਾਬ ਦੇ ਭਖਵੇਂ ਮਸਲਿਆਂ ਵੱਲ ਪਾਠਕਾਂ/ਦਰਸ਼ਕਾਂ ਦਾ ਧਿਆਨ ਆਕਰਸ਼ਿਤ ਕਰਦਿਆਂ ਪੰਜਾਬ ਵਾਸੀਆਂ ਨੂੰ ਇਨ੍ਹਾਂ ਅਲਾਮਤਾਂ ਤੋਂ ਸੁਚੇਤ ਹੋ ਕੇ ਬਚਣ ਲਈ ਪ੍ਰੇਰਿਆ ਹੈ। ਇਸ ਨਾਟਕ ਰਾਹੀਂ ‘ਮੋਹੀ’ ਸਮਾਜਿਕ, ਆਰਥਿਕ ਅਤੇ ਸੱਭਿਆਚਾਰ ਨਾਲ ਸੰਬੰਧਤ ਪ੍ਰਮੁੱਖ ਮਸਲਿਆਂ ਨੂੰ ਪੇਸ਼ ਕਰਨ ਵਿੱਚ ਸਫਲ ਰਿਹਾ ਹੈ। ਇਨ੍ਹਾਂ ਨਾਟਕਾਂ ਨੂੰ ਆਧੁਨਿਕ ਅਤੇ ਪ੍ਰਚੱਲਤ ਤਕਨੀਕਾਂ ਰਾਹੀਂ ਸਹਿਜੇ ਹੀ ਰੰਗ ਮੰਚਿਤ ਕੀਤਾ ਜਾ ਸਕਦਾ ਹੈ। ਇਨ੍ਹਾਂ ਨਾਟਕਾਂ ਨੂੰ ਛੋਟੇ-ਛੋਟੇ ਦ੍ਰਿਸ਼ਾਂ ਰਾਹੀਂ ਪੇਸ਼ ਕੀਤਾ ਗਿਆ ਹੈ। ‘ਘਰ-ਘਰ ਏਹੋ ਅੱਗ’ ਦੇ 12 ਦ੍ਰਿਸ਼ ਹਨ। ‘ਮਿੱਟੀ ਦਾ ਪੁਤਲਾ’ ਨਾਟਕ ਦੇ 8 ਅੱਠ ਦ੍ਰਿਸ਼ ਹਨ। ਨਾਟਕਾਂ ਨੂੰ ਮੰਚਿਤ ਕਰਨ ਲਈ ਨਾਟਕਕਾਰ ਵੱਲੋਂ ਲੋੜੀਂਦੀਆਂ ਹਦਾਇਤਾਂ ਵੀ ਬਰੈਕਟਾਂ ’ਚ ਦਿੱਤੀਆ ਗਈਆਂ ਹਨ। ਇਨ੍ਹਾਂ ਦੀ ਮਦਦ ਨਾਲ ਨਾਟਕ ਵਿਚਲੇ ਪਾਤਰਾਂ ਨੂੰ ਕਲਾਕਾਰ ਸਹਿਜੇ ਹੀ ਮੰਚ ’ਤੇ ਪੇਸ਼ ਕਰ ਸਕਦੇ ਹਨ।

ਇਨ੍ਹਾ ਨਾਟਕਾਂ ਦੇ ਵਾਰਤਾਲਾਪ ਵੀ ਵਿਸ਼ੇ ਅਨੁਸਾਰ ਚੁਸਤ ਅਤੇ ਭਾਵਪੂਰਤ ਹਨ, ਜਿਨ੍ਹਾਂ ਵਿੱਚੋਂ ਨਾਟਕ ਦੇ ਥੀਮ ਨੂੰ ਸਪੱਸ਼ਟ ਕਰਨ ਲਈ ਮਦਦਗਾਰ ਸਾਬਤ ਹੁੰਦੇ ਹਨ। ‘ਘਰ ਘਰ ਇਹੋ ਅੱਗ’ ਦੇ ਕੁੱਝ ਵਾਰਤਾਲਾਪ :

ਪ੍ਰੀਤੀ-ਪਰ ਮੇਰੀ ਤਾਂ ਕਿਸਮਤ ਫੁੱਟਗੀ ਮੰਮੀ, ਤੁਹਾਨੂੰ ਜੋ ਲਾਹਣਤ ਮਿਲੇਗੀ, ਉਹ ਵੱਖਰੀ। ਮੇਰਾ ਤਾਂ ਜੀ ਕਰਦਾ ਮੈਂ ਮਰ ਈ ਜਾਵਾਂ।

ਬੂਟਾ (ਉਦਾਸ ਹੋ ਕੇ) ਇੰਜ ਨਾ ਆਖ ਪ੍ਰੀਤੀ, ਰੱਬ ਕਰੇ ਮੇਰੀ ਉਮਰ ਵੀ ਤੈਨੂੰ ਲੱਗ ਜੇ।

ਉਪਰੋਕਤ ਵਾਰਤਾਲਾਪ ਹੈਰੀ (ਪ੍ਰੀਤੀ ਦੇ ਪਤੀ) ਲਾਲਚੀ ਸੁਭਾਅ ਦੇ ਪਤਾ ਲੱਗਣ ਤੋਂ ਬਾਅਦ ਭੈਣ-ਭਰਾ ਦੀ ਮਾਨਸਿਕ ਦਸ਼ਾ ਦਾ ਵਰਨਣ ਕਰਦੇ ਹਨ।

‘ਮਿੱਟੀ ਦਾ ਪੁਤਲਾ’ ਨਾਟਕ ਸੰਗ੍ਰਹਿ ਵਿਚਲੇ ਨਾਟਕ ਸਹਿਜੇ ਹੀ ਰੰਗ ਮੰਚਿਤ ਕੀਤਾ ਜਾ ਸਕਦੇ ਹਨ। ਮੋਹੀ ਅਮਰਜੀਤ ਸਿੰਘ ਨੂੰ ਬਹੁਤ-ਬਹੁਤ ਮੁਬਾਰਕਾਂ।

**ਮੋਬਾਇਲ-98786-14096**

# ਸੱਜਰਾ ਸਾਹਿਤ

## ਸਿਆਣੇ ਕਹਿੰਦੇ ਨੇ




ਸੰਪਾ. ਜਰਨੈਲ ਸਿੰਘ
ਸਫੇ : 72, ਮੁੱਲ : 199 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ

ਮੰਜ਼ਲ ਮਿਲਣ ’ਤੇ ਸੁਣਾਵਾਂਗੇ, ਦਾਸਤਾਨ-ਏ-ਸਫ਼ਰ ਦੀ, ਕਿ ਕੀ ਕੁਝ ਪਿੱਛੇ ਛੁੱਟ ਗਿਆ, ਇੱਥੇ ਪਹੁੰਚਦੇ-ਪਹੁੰਚਦੇ।

-ਬੈਕ ਕਵਰ ਤੋਂ

## ਹਰਫ਼ਾਂ ਦੇ ਰੰਗ

(ਸਾਂਝਾ ਕਾਵਿ-ਸੰਗ੍ਰਹਿ)
ਸੰਪਾ. ਮਨਜਿੰਦਰ ਸਿੰਘ ਗੋਲ੍ਹੀ
ਸਫੇ : 176, ਮੁੱਲ : 280 ਰੁਪਏ
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ




ਸਾਡੇ ਸਾਹਿਤਕ ਮੰਚ ਵੱਲੋਂ ਪ੍ਰਕਾਸ਼ਤ ਕੀਤੇ ਜਾ ਰਹੇ ਇਸ ਸੰਪਾਦਿਤ ਕਾਵਿ ਸੰਗ੍ਰਹਿ ਵਿੱਚ ਮੰਚ ਨਾਲ ਸੰਬੰਧਤ ਅੱਠ ਚੋਣਵੇਂ ਕਵੀ ਸੰਗ੍ਰਹਿਤ ਕੀਤੇ ਜਾ ਰਹੇ ਹਨ। ਇਹ ਸਾਰੇ ਕਵੀ ਸੰਵੇਦਨਸ਼ੀਲ, ਚੇਤਨ ਅਤੇ ਮਾਨਵਤਾਵਾਦ ਨੂੰ ਪ੍ਰਣਾਏ ਹੋਏ ਹਨ। ਇਨ੍ਹਾਂ ਨੂੰ ਕਾਵਿ ਕਲਾ ਦੇ ਸ਼ਾਸਤਰੀ ਅਤੇ ਸ਼ਿਲਪਗਤ ਪਹਿਲੂਆਂ ਸੰਬੰਧੀ ਪਰਿਪੱਕ ਜਾਣਕਾਰੀ ਹੈ ਅਤੇ ਮੈਨੂੰ ਵਿਸ਼ਵਾਸ ਹੈ ਕਿ ਜੇ ਇਹ ਇਸੇ ਪ੍ਰਕਾਰ ਨਿਸ਼ਠਾ ਅਤੇ ਇਕਾਗਰਤਾ ਨਾਲ ਲਿਖਦੇ ਰਹੇ ਤਾਂ ਆਧੁਨਿਕ ਪੰਜਾਬੀ ਕਾਵਿ ਦੀ ਪਰੰਪਰਾ ਵਿੱਚ ਆਪਣਾ ਇੱਕ ਨਿਸ਼ਚਿਤ ਸਥਾਨ ਜ਼ਰੂਰ ਬਣਾ ਲੈਣਗੇ।

-ਭੂਮਿਕਾ ’ਚੋਂ

## ਪਾਤਾਲ ’ਚੋਂ

(ਕਾਵਿ ਸੰਗ੍ਰਹਿ)
ਰਮੇਸ਼ ਕੁਮਾਰ
ਸਫੇ : 92, ਮੁੱਲ : 225 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ




ਨਹੀਂ ਨਹੀਂ!
ਇਹ ਜ਼ਰੂਰੀ ਤਾਂ ਨਹੀਂ
ਕਿ
ਸਮੇਂ ਦੀ ਚੁੱਪ ਕੋਲ
ਹਰ ਸਵਾਲ ਦਾ ਜਵਾਬ ਹੋਵੇ।
ਤੁਸੀਂ ਬਸ
ਆਵਾਜ਼ ਦਿਓ ਅਤੇ ਦਿੰਦੇ ਹੀ ਰਹੋ
ਪ੍ਰਸ਼ਨ ਕਰੋ
ਅਤੇ ਕਰਦੇ ਹੀ ਰਹੋ
ਹਨੇਰਿਆਂ ਨੂੰ
ਤਾਂ ਕਿ ਅਹਿਸਾਸ ਰਹੇ
ਕਿ ਕੋਈ ਤਾਂ ਜ਼ਿੰਦਾ ਹੈ।

-ਬੈਕ ਕਵਰ ਤੋਂ

# ਪੁਸਤਕ ਰੀਵਿਊ

## ਗੰਜ-ਏ-ਸ਼ਹੀਦਾਂ

*ਹਕੀਮ ਮਿਰਜ਼ਾ ਅੱਲ੍ਹਾ ਯਾਰ ਖਾਂ ਜੋਗੀ*
ਅਨੁ - ਮਲਕੀਤ ਸਿੰਘ ਸੰਧੂ ਅਲਕੜਾ
ਸਫੇ : 128, ਮੁੱਲ : 180 ਰੁਪਏ
ਈਵਾਨ ਪਬਲੀਕੇਸ਼ਨ, ਬਰਨਾਲਾ

(ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਵੱਲੋਂ ਚਮਕੌਰ ਦੀ ਜੰਗ ਵਿੱਚ ਦਿਖਾਈ ਗਈ ਬਹਾਦਰੀ ਦੀ ਦਾਸਤਾਂ.....) ‘ਗੰਜ-ਏ-ਸ਼ਹੀਦਾਂ’ ਪੁਸਤਕ ਹਕੀਮ ਮਿਰਜ਼ਾ ਅੱਲ੍ਹਾ ਯਾਰ ਖਾਂ ਜੋਗੀ ਦੀ ਰਚਨਾ ਹੈ। ਇਹ ਪੁਸਤਕ ਫਾਰਸੀ ਭਾਸ਼ਾ ਵਿੱਚ ਹੈ। ਮਾਸਟਰ ਮਲਕੀਤ ਸਿੰਘ ਸੰਧੂ ਅਲਕੜਾ ਨੇ ਬੜੀ ਗੰਭੀਰਤਾ ਨਾਲ ਅਤੇ ਨਿੱਠ ਕੇ ਇਸ ਪੁਸਤਕ ਦਾ ਪੰਜਾਬੀ ਭਾਸ਼ਾ ਵਿੱਚ ਤਰਜਮਾ ਕੀਤਾ ਹੈ। ਇਸ ਵਿੱਚ ਕੁੱਲ 118 ਸ਼ੇਅਰ ਹਨ। ਮਾਸਟਰ ਮਲਕੀਤ ਸਿੰਘ ਸੰਧੂ ਨੇ ਜੋਗੀ ਦੇ ਸ਼ੇਅਰਾਂ ਦਾ ਪੰਜਾਬੀ ਵਿੱਚ ਤਰਜਮਾ ਕਰਨ ਦੇ ਨਾਲ-ਨਾਲ ਉਨ੍ਹਾਂ ਦੀ ਵਿਆਖਿਆ ਵੀ ਬਾਖ਼ੂਬੀ ਢੰਗ ਨਾਲ ਕੀਤੀ ਹੈ। ਉਸ ਨੇ ਸ਼ੇਅਰਾਂ ਵਿਚਲੇ ਉਰਦੂ, ਫ਼ਾਰਸੀ ਅਤੇ ਅਰਬੀ ਦੇ ਔਖੇ ਸ਼ਬਦਾਂ ਦੇ ਅਰਥਾਂ ਨੂੰ ਪੰਜਾਬੀ ਭਾਸ਼ਾ ਵਿੱਚ ਸੌਖੇ ਸ਼ਬਦਾਂ ਵਿੱਚ ਦਰਜ ਕੀਤਾ ਹੈ। ‘ਗੰਜ-ਏ-ਸ਼ਹੀਦਾਂ’ ਸ਼ਬਦ ਦਾ ਅਰਥ ‘ਸ਼ਹੀਦਾਂ ਦੇ ਗੜ੍ਹ’ ਤੋਂ ਹੈ, ਜੋ ਕਿ ਚਮਕੌਰ ਦੀ ਜੰਗ ਲਈ ਵਰਤਿਆ ਗਿਆ ਹੈ। ਇਸ ਪੁਸਤਕ ਵਿੱਚ ਚਮਕੌਰ ਦੀ ਜੰਗ ਦਾ ਪੂਰਾ ਇਤਿਹਾਸ ਤਾਂ ਦਰਜ ਨਹੀਂ, ਪਰ ਕੁਝ ਅਹਿਮ ਸਾਕਿਆਂ ਦਾ ਜ਼ਿਕਰ ਕੀਤਾ ਮਿਲਦਾ ਹੈ। ਇਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਦੇ ਨਾਲ-ਨਾਲ ਹੋਰ ਸਿੰਘ ਸ਼ਹੀਦਾਂ ਦੀਆਂ ਸ਼ਹੀਦੀਆਂ ਨੂੰ ਬਿਆਨ ਕੀਤਾ ਗਿਆ ਹੈ। ਇਸ ਪੁਸਤਕ ਦਾ ਪਹਿਲਾ ਸ਼ੇਅਰ ਸਰਸਾ ਨਦੀ ਉੱਪਰ ਹੋਏ ਪਰਵਾਰ ਵਿਛੋੜੇ ਤੋਂ ਸ਼ੁਰੂ ਹੁੰਦਾ ਹੈ। ਪਰਵਾਰ ਦੇ ਵਿਛੜਨ ਤੋਂ ਬਾਅਦ ਗੁਰੂ ਜੀ ਆਪਣੇ ਦੋਵੇਂ ਵੱਡੇ ਸਾਹਿਬਜ਼ਾਦਿਆਂ ਅਤੇ ਹੋਰ ਸਿੰਘ ਫ਼ੌਜਾਂ ਨਾਲ ਚਮਕੌਰ ਵੱਲ ਵਧ ਰਹੇ ਹਨ। ਰਾਤ ਪੈ ਜਾਣ ’ਤੇ ਗੁਰੂ ਜੀ ਦੇ ਹੁਕਮਾਂ ਅਨੁਸਾਰ ਸਾਰੀ ਸਿੰਘ ਫ਼ੌਜ ਨੇ ਰਸਤੇ ਵਿੱਚ ਹੀ ਤੰਬੂ ਲਗਾ ਲਏ। ਸ਼ਾਮ ਦਾ ਨਿਤਨੇਮ ਕਰਨ ਤੋਂ ਬਾਅਦ ਕਈ ਸਿੰਘ ਆਰਾਮ ਕਰਨ ਲੱਗੇ, ਕਈ ਸਿੰਘ ਪਹਿਰਿਆਂ ’ਤੇ ਡਟ ਗਏ ਅਤੇ ਦੋਵੇਂ ਵੱਡੇ ਸਾਹਿਬਜ਼ਾਦੇ ਗੂੜ੍ਹੀ ਨੀਂਦ ਵਿੱਚ ਸੌਂ ਗਏ। ਉਨ੍ਹਾਂ ਨੂੰ ਗੂੜ੍ਹੀ ਨੀਂਦ ਵਿੱਚ ਸੁੱਤਿਆਂ ਦੇਖ ਕੇ ਗੁਰੂ ਜੀ ਉਨ੍ਹਾਂ ਦੇ ਸਿਰ ’ਤੇ ਹੱਥ ਰੱਖ ਕੇ ਪਿਆਰ ਕਰਦੇ ਦਿਖਾਈ ਦਿੰਦੇ ਹਨ। ਇਸ ਦ੍ਰਿਸ਼ ਨੂੰ ਬਿਆਨ ਕਰਦੀਆਂ ਸਤਰਾਂ ਹਨ:-

ਕਿਹਾ ਗੁਰੂ ਨੇ ਸੁੱਤਿਆਂ ਲਾਲਾਂ ਦੇ ਸਿਰ ਹੱਥ ਧਰ ਕੇ।
ਚਲੇ ਜਾਓਂਗੇ ਬਾਪ ਨੂੰ ਵਿਚ ਮੁਸੀਬਤ ਦੇ ਜਕੜ ਕੇ
ਮੈਂ ਜ਼ਿੰਦਗੀ ਹੈ ਹੋਰ ਜਿਊਣੀ ਬਾਅਦ ਉਜੜਨੇ ਤੋਂ।
ਵਾਅਦਾ ਕਰਦੇ ਜਾਓ ਮਿਲਣ ਦਾ ਬਾਅਦ ਵਿੱਛੜਨੇ ਤੋਂ।
ਚਾਰਾਂ ਵਿੱਚੋਂ ਦੋ ਹੀ ਨੇ, ਸੁਬ੍ਹਾ ਇਹ ਵੀ ਨਹੀਂ ਹੋਣੇ।
ਸਬਰ ਕਰੂੰ ਮੈਂ ਮੰਨ ਰਜ਼ਾ ਜਦ ਇਹ ਵੀ ਨਹੀਂ ਹੋਣੇ।
(ਪੰਨਾ - 38)

ਇਨ੍ਹਾਂ ਸਤਰਾਂ ਤੋਂ ਗੁਰੂ ਗੋਬਿੰਦ ਸਿੰਘ ਜੀ ਦੀ ਦਲੇਰੀ ਦਾ ਅਹਿਸਾਸ ਹੁੰਦਾ ਹੈ। ਉਹ ਜਾਣਦੇ ਹਨ ਕਿ ਕੱਲ੍ਹ ਨੂੰ ਉਨ੍ਹਾਂ ਦੇ ਦੋਵਾਂ ਵੱਡੇ ਪੁੱਤਰਾਂ ਤੇ ਬਾਕੀ ਸਿੰਘਾਂ ਨੇ ਸ਼ਹੀਦੀ ਪ੍ਰਾਪਤ ਕਰ ਜਾਣੀ ਹੈ, ਪਰੰਤੂ ਉਹ ਫਿਰ ਵੀ ਮਾਨਸਿਕ ਤੌਰ ’ਤੇ ਡੋਲਦੇ ਨਹੀਂ ਅਤੇ ਇਸ ਨੂੰ ਰੱਬ ਦੀ ਰਜ਼ਾ ਮੰਨ ਕੇ ਸਬਰ ਕਰਨ ਵਿੱਚ ਵਿਸ਼ਵਾਸ਼ ਰੱਖਦੇ ਹਨ। ਅਗਲੇ ਕੁਝ ਸ਼ੇਅਰਾਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਵਡਿਆਈ ਕੀਤੀ ਗਈ ਹੈ। ਗੁਰੂ ਜੀ ਤੇ ਦੋਵੇਂ ਵੱਡੇ ਸਾਹਿਬਜ਼ਾਦਿਆਂ ਦੇ ਨੂਰੀ ਚਿਹਰੇ, ਅੱਖਾਂ ਵਿਚਲੀ ਚਮਕ, ਨੱਕ, ਕੰਨ ਦੀ ਸੁੰਦਰਤਾ, ਦਸਤਾਰ ਉੱਪਰ ਕਲਗੀ ਤੇ ਕਲਗੀ ਉੱਪਰ ਗੁਰਮੁਖੀ ਵਿੱਚ ਲਿਖੇ ਇਕ ਓਅੰਕਾਰ ਦੀ ਵਡਿਆਈ ਨਿਵੇਕਲੇ ਢੰਗ ਨਾਲ ਕੀਤੀ ਗਈ ਹੈ। ਇਸ ਮਗਰੋਂ ਚਮਕੌਰ ਦੀ ਜੰਗ ਵਿੱਚ ਵੈਰੀਆਂ ਨਾਲ ਲੜਦੇ ਪੰਜ ਪਿਆਰਿਆਂ ਵਿਚੋਂ ਭਾਈ ਦਇਆ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਅਤੇ ਭਾਈ ਧਰਮ ਸਿੰਘ ਦੀ ਬਹਾਦਰੀ ਨੂੰ ਬਿਆਨਿਆ ਗਿਆ ਹੈ। ਚਮਕੌਰ ਦੀ ਜੰਗ ਦੇ ਵਰਣਨ ਦੇ ਨਾਲ-ਨਾਲ ਜੋਗੀ ਦੁਆਰਾ ਆਪਣੀ ਕਲਮ ਲਈ ਪ੍ਰਮਾਤਮਾ ਤੋਂ ਦਾਤਾਂ ਤੇ ਰਹਿਮਤਾਂ ਦੀ ਮੰਗ ਵੀ ਕੀਤੀ ਗਈ ਹੈ। ਇਸ ਉਪਰੰਤ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਦੇ ਕਿਲ੍ਹੇ ਵਿੱਚੋਂ ਬਾਹਰ ਨਿਕਲਣ ਦਾ ਦ੍ਰਿਸ਼ ਬੜੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਗਿਆ ਹੈ। ਬਾਬਾ ਅਜੀਤ ਸਿੰਘ ਦੇ ਹੱਥ ਵਿਚਲੀ ਤਲਵਾਰ ਦੀ ਵਡਿਆਈ ਕੀਤੀ ਮਿਲਦੀ ਹੈ, ਜਿਸ ਨੇ ਵੈਰੀਆਂ ਅਤੇ ਜ਼ੁਲਮ ਦਾ ਖ਼ਾਤਮਾ ਕਰਨਾ ਹੈ। ਅੰਤ, ਜੰਗ ਵਿੱਚ ਲੜਦਿਆਂ ਦੋਵਾਂ ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਬਿਆਨਿਆ ਗਿਆ ਹੈ। ਇਸ ਤਰ੍ਹਾਂ ਇਸ ਪੁਸਤਕ ਵਿੱਚ ਗੁਰੂ ਜੀ ਦੇ ਵੱਡੇ ਸਾਹਿਬਜ਼ਾਦਿਆਂ ਵੱਲੋਂ ਚਮਕੌਰ ਦੀ ਜੰਗ ਵਿੱਚ ਦਿਖਾਈ ਗਈ ਬਹਾਦਰੀ ਦੀ ਦਾਸਤਾਂ ਨੂੰ ਬਾਖ਼ੂਬੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਹ ਸਾਰੀ ਦਾਸਤਾਂ ਦਾ ਉਰਦੂ ਸ਼ੇਅਰਾਂ ਤੋਂ ਪੰਜਾਬੀ ਵਿੱਚ ਤਰਜਮਾ ਮਾਸਟਰ ਮਲਕੀਤ ਸਿੰਘ ਸੰਧੂ ਨੇ ਬੜੀ ਹੀ ਮਿਹਨਤ ਅਤੇ ਲਗਨ ਨਾਲ ਕੀਤਾ ਹੈ। ਇਕ ਭਾਸ਼ਾ ਤੋਂ ਦੂਜੀ ਭਾਸ਼ਾ ਵਿੱਚ ਤਰਜਮਾ ਕਰਨਾ ਚੁਣੌਤੀਪੂਰਨ ਕਾਰਜ ਹੁੰਦਾ ਹੈ। ਉਰਦੂ ਸ਼ੇਅਰਾਂ ਨੂੰ ਪੰਜਾਬੀ ਸ਼ੇਅਰਾਂ ਵਿੱਚ ਤਬਦੀਲ ਕਰਨਾ ਹੋਰ ਵੀ ਔਖਾ ਕੰਮ ਹੋ ਨਿਬੜਦਾ ਹੈ। ਇਸ ਦੇ ਸਿੱਟੇ ਵਜੋਂ ਕਈ ਵਾਰ ਸ਼ੇਅਰਾਂ ਦੀ ਬਹਿਰ ਟੁੱਟ ਜਾਂਦੀ ਹੈ ਅਤੇ ਕਈ ਵਾਰ ਤਰਜਮੇ ਕਰਕੇ ਅਸਲ ਸ਼ਬਦਾਂ ਦੇ ਅਰਥ ਵੀ ਬਦਲ ਜਾਂਦੇ ਹਨ। ਮਲਕੀਤ ਸਿੰਘ ਸੰਧੂ ਨੇ ਤਰਜਮੇ ਨੂੰ ਮੁੱਖ ਰੱਖਦਿਆਂ ਸ਼ਬਦਾਂ ਦੀ ਚੋਣ ਪੰਜਾਬੀ ਸੱਭਿਆਚਾਰ ਨੂੰ ਮੁੱਖ ਰੱਖ ਕੇ ਕੀਤੀ ਹੈ ਤਾਂ ਜੋ ਸ਼ਬਦਾਂ ਦੇ ਅਸਲੀ ਭਾਵ ਬਣੇ ਰਹਿ ਸਕਣ। ਇਸ ਲਈ ਸ਼ੇਅਰਾਂ ਦੇ ਤਰਜਮਾ ਹੋਣ ਤੋਂ ਬਾਅਦ ਵੀ ਸ਼ੇਅਰਾਂ ਦੀ ਬਹਿਰ ਜੋਗੀ ਵਾਲੀ ਹੀ ਪ੍ਰਤੀਤ ਹੁੰਦੀ ਹੈ। ਇਸ ਸਫ਼ਲ ਕਾਰਜ ਲਈ ਇਸ ਪੁਸਤਕ ਦਾ ਅਨੁਵਾਦਕ ਵਧਾਈ ਦਾ ਹੱਕਦਾਰ ਹੈ।

**- ਪੂਜਾ ਕੰਬੋਜ**

## ਆਜ਼ਾਦੀ ਸੰਗਰਾਮ ਅਤੇ ਆਰ ਐੱਸ ਐੱਸ

ਸ਼ਮਸ਼ੁਲ ਇਸਲਾਮ
ਮੁੱਲ :50 ਰੁਪਏ, ਪੰਨੇ ਪੇਪਰ ਬੈਕ : 84
ਅਨੁਵਾਦ : ਬਲਬੀਰ ਲੌਂਗੋਵਾਲ
ਅਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ)

ਇਸ ਪੁਸਤਕ ਵਿਚ ‘ਸਾਂਝੇ ਆਜ਼ਾਦੀ ਦੇ ਵਿਰੁੱਧ ਧਾਰਮਿਕ ਰਾਸ਼ਟਰਵਾਦ’ ਦੇ ਜਨਮ ਤੇ ਵਿਕਾਸ ਦੀ ਗਾਥਾ ਹੈ ਕਿ ਕਿਵੇਂ 1920 ਦੇ ਦਹਾਕੇ ਦੇ ਮੱਧ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਕੁਝ ਕੱਦ ਵਰ ਨੇਤਾਵਾਂ ਦੀ ਫਿਰਕੂ ਰਸਤੇ ’ਤੇ ਚੱਲਣ ਦੀ ਬਿਰਤੀ ਤੇਜ਼ ਹੁੰਦੀ ਗਈ, ਇਹ ਹਲ-ਚਲ ਅਸਲ ਵਿਚ ਉਸ ਸਮੇਂ ਦੇ ਹੁਕਮਰਾਨਾਂ ਦੇ ਹੱਕ ਵਿਚ ਸੀ ਤੇ ਉਨ੍ਹਾਂ ਨੇ ਇਸ ਨੂੰ ਉਤਸ਼ਾਹਿਤ ਕੀਤਾ। ਨਾ-ਮਿਲਵਰਤਨ ਅੰਦੋਲਨ ਦੇ ਦੌਰਾਨ ਬਣੀ ਏਕਤਾ ਨੂੰ ਨੁਕਸਾਨ ਪਹੁੰਚਾਉਣ ਤੇ ਹਿੰਦੂ-ਮੁਸਲਮਾਨ ਏਕਤਾ ਨੂੰ ਤੋੜਨ ਦੇ ਯਤਨ ਕੀਤੇ। ਇਹ ਆਜ਼ਾਦੀ ਅੰਦੋਲਨ ਨਾਲ ਗੱਦਾਰੀ ਸੀ। ਦੂਜੇ ਪਾਸੇ ਸਾਂਝੇ ਭਾਰਤੀ ਆਜ਼ਾਦੀ ਸੰਗਰਾਮ ਦੇ ਵਿਰੁੱਧ ਧਾਰਮਿਕ ਰਾਸ਼ਟਰਵਾਦ ਦਾ ਜਨਮ ਵੀ ਹੋ ਚੁੱਕਾ ਸੀ। ਇਹ ਆਜ਼ਾਦੀ ਅੰਦੋਲਨ ਨਾਲ ਇਕ ਕਿਸਮ ਦੀ ਗੱਦਾਰੀ ਸੀ। ਐਮ. ਐਸ. ਗੋਲਵਲਕਰ ਦੇ ਇਕਬਾਲੀਆ ਬਿਆਨ ਤੋਂ ਵੀ ਸਾਬਤ ਹੁੰਦਾ ਹੈ। ਦੂਜੇ ਪਾਸੇ ਸਾਂਝੀ ਭਾਰਤੀ ਰਾਸ਼ਟਰੀਅਤਾ ਦੇ ਖਿਲਾਫ਼ ਹਿੰਦੂਤਵ ਦਾ ਪ੍ਰਭਾਵ ਪੈ ਰਿਹਾ ਸੀ। ਅੰਦਰੋਂ-ਅੰਦਰੀ ਆਰ. ਐੱਸ. ਐੱਸ. ਦਾ ਅੰਗਰੇਜ਼ੀ ਸ਼ਾਸਕਾਂ ਅਤੇ ਨਾਜ਼ੀਆਂ ਨਾਲ ਪ੍ਰੇਮ ਸੀ। ਇਥੇ ਹੀ ਬੱਸ ਨਹੀਂ, ਹਿੰਦੂ ਰਾਸ਼ਟਰਵਾਦ ਦੇ ਪਿਤਾਮਾ ਬੈਕਿੰਮ ਚੰਦਰ ਚੈਟਰਜੀ ਦੀ ਇਕ ਪਾਸੇ ਮੁਸਲਮ ਦੁਸ਼ਮਣੀ ਸੀ, ਦੂਜੇ ਪਾਸੇ ਅੰਗਰੇਜ਼ ਰਾਜ ਭਗਤੀ ਸੀ। ਆਰ. ਐੱਸ. ਐੱਸ. ਨੇ ਅੰਗਰੇਜ਼ ਸ਼ਾਸਕਾਂ ਦੇ ਪਿੱਠੂ ਹਿੰਦੂ ਰਜਵਾੜਿਆਂ ਦਾ ਪੱਖ ਪੂਰਿਆ ਸੀ। ਭਾਰਤ ਦੀ ਆਜ਼ਾਦੀ ਤੋਂ ਬਾਅਦ, ਲੋਕਤੰਤਰ, ਘੱਟਗਿਣਤੀਆਂ ਦੇ ਪ੍ਰਤੀ ਤਾਨਾਸ਼ਾਹੀ ਰਵੱਈਏ ਅਤੇ ਨਿਘਰ ਰਹੇ ਹਿੰਦੂ ਰਜਵਾੜਿਆਂ ਅਤੇ ਬ੍ਰਿਟਿਸ਼ ਮਾਲਕਾਂ ਦੇ ਪ੍ਰਤੀ ਖੁੱਲ੍ਹੇ ਸਮਰਥਨ ਨੂੰ ਜਾਇਜ਼ ਕਹਿਣਾ, ਆਰ. ਐੱਸ. ਐੱਸ., ਸਮਰਥਕ ਤੱਤਾਂ ਲਈ ਸੰਭਵ ਨਹੀਂ ਸੀ।

ਇਸ ਤਰ੍ਹਾਂ ਆਰ. ਐੱਸ. ਐੱਸ. ਨੇ ਦੇਸ਼ ਦੇ ਝੰਡੇ ਪ੍ਰਤੀ ਤਿਰੰਗੇ ਝੰਡੇ ਨੂੰ ਖੁੱਲ੍ਹ ਕੇ ਮਾਨਤਾ ਨਹੀਂ ਸੀ ਦਿੱਤੀ। ਆਰ. ਐੱਸ. ਐੱਸ. ਇਕ ਸੱਭਿਆਚਾਰਕ ਜਥੇਬੰਦੀ ਕਹਿਲਾਉਣ ਦੀ ਥਾਂ ਸਾਜ਼ਿਸ਼ਾਂ ’ਤੇ ਨਿਰਭਰ ਰਹਿਣ ਲੱਗੀ। ਜਦ ਭਾਰਤ ਛੱਡੋ ਅੰਦੋਲਨ ਚੱਲਿਆ ਤਾਂ ਆਰ. ਐੱਸ. ਐੱਸ. ਨੇ ਬਰਤਾਨਵੀ ਹਕੂਮਤ ਦਾ ਸਮਰਥਨ ਕੀਤਾ ਸੀ ਆਦਿ। ਇਸ ਜਮਾਤ ਦੀਆਂ ਗਤੀਆਂਵਿਧੀਆਂ ਦੇ ਵਸਤੂ ਵੇਰਵੇ ਇਸ ਪੁਸਤਕ ਵਿਚ ਪ੍ਰਾਪਤ ਹਨ।

**- ਡਾ. ਅਮਰ ਕੋਮਲ**

18-Aug-Sunday.qxd 8/17/2024 10:56 PM Page 6



# ਕੁਲਵੀਰ ਕੌਰ ਜੋਤੀ ਦਾ ਪਲੇਠਾ ਨਾਵਲ 'ਦੋ ਪੁਲਾਂਘਾਂ ਦੂਰ' ਲੋਕ ਅਰਪਣ



**ਬਰਨਾਲਾ**-ਬੀਤੇ ਦਿਨੀਂ ਲੇਖਕ-ਪਾਠਕ ਸਾਹਿਤ ਸਭਾ ਰਜਿ. ਬਰਨਾਲਾ ਵੱਲੋਂ ਸਾਹਿਤਕ ਸਮਾਗਮ ਕਰਵਾਇਆ ਗਿਆ। ਪ੍ਰਧਾਨਗੀ ਮੈਡਮ ਅੰਜਨਾ ਮੈਨਨ ਨੇ ਕੀਤੀ ਅਤੇ ਮਾਲਵਿੰਦਰ ਸ਼ਾਇਰ ਬਤੌਰ ਵਿਸ਼ੇਸ਼ ਮਹਿਮਾਨ ਸ਼ਾਮਲ ਹੋਏ। ਇਸ ਸਮਾਗਮ ਵਿੱਚ ਕੋਠਾ ਗੁਰੂ ਜ਼ਿਲ੍ਹਾ ਬਠਿੰਡਾ ਦੀ ਲੇਖਿਕਾ ਕੁਲਵੀਰ ਕੌਰ ਜੋਤੀ ਦਾ ਪਲੇਠਾ ਨਾਵਲ 'ਦੋ ਪੁਲਾਂਘਾਂ ਦੂਰ' ਜਿਹੜਾ ਲੇਖਕ-ਪਾਠਕ ਸਾਹਿਤ ਸਭਾ ਰਜਿ. ਬਰਨਾਲਾ ਨੇ ਪ੍ਰਕਾਸ਼ਿਤ ਕਰਵਾਇਆ ਹੈ, ਨੂੰ ਲੋਕ ਅਰਪਣ ਕੀਤਾ ਗਿਆ। ਹਾਜ਼ਰ ਸਾਹਿਤਕਾਰਾਂ ਨੇ ਇਸ ਨਾਵਲ ਬਾਰੇ ਵਿਚਾਰ ਵਟਾਂਦਰਾ ਵੀ ਕੀਤਾ। ਮੈਡਮ ਅੰਜਨਾ ਨੇ ਕਿਹਾ ਕਿ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ ਇਹ ਲੇਖਕ ਪਾਠਕ ਸਾਹਿਤ ਸਭਾ ਦਾ ਬਹੁਤ ਵਧੀਆ ਉਪਰਾਲਾ ਹੈ। ਇਸ ਨਾਲ ਜੋਤੀ ਅਤੇ ਨਵੇਂ ਲੇਖਕਾਂ ਨੂੰ ਸਾਹਿਤ ਸਿਰਜਣਾ ਲਈ ਹੋਰ ਉਤਸ਼ਾਹ ਮਿਲੇਗਾ। ਵਿਸ਼ੇਸ਼ ਮਹਿਮਾਨ ਮਾਲਵਿੰਦਰ ਸ਼ਾਇਰ ਨੇ ਕਿਹਾ ਕਿ ਸਭਾ ਵੱਲੋਂ ਉਹਨਾਂ ਲੇਖਕਾਂ ਦੀਆਂ ਪੁਸਤਕਾਂ ਪ੍ਰਕਾਸ਼ਿਤ ਕਰਵਾਉਣੀਆਂ, ਜਿਹੜੇ ਕਿਸੇ ਕਾਰਨ ਨਹੀਂ ਛਪਵਾ ਸਕਦੇ, ਸਾਹਿਤ ਦੇ ਖੇਤਰ ਵਿੱਚ ਲਿਆਉਣਾ ਸੁਭਾਗਾ ਕਾਰਜ ਹੈ। ਇਸ 'ਤੇ ਕੁਲਵੀਰ ਨੇ ਸਭਾ ਅਤੇ ਸਾਹਿਤਕਾਰਾਂ ਦਾ ਧੰਨਵਾਦ ਕੀਤਾ।

# ਪੰਜਾਬੀ ਸਾਹਿਤ ਸਭਾ ਕੈਲਗਰੀ ਵੱਲੋਂ ਡਾ. ਕੁਲਦੀਪ ਸਿੰਘ ਦੀਪ ਦਾ ਸਨਮਾਨ

**ਕੈਲਗਰੀ** : ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ 4 ਅਗਸਤ ਨੂੰ ਕੋਸੋ ਹਾਲ ਵਿੱਚ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ, ਡਾ. ਕੁਲਦੀਪ ਸਿੰਘ ਦੀਪ ਅਤੇ ਡਾ. ਸ਼ੇਰ ਗਿੱਲ ਦੀ ਪ੍ਰਧਾਨਗੀ ਵਿੱਚ ਹੋਈ। ਆਰੰਭ ਵਿੱਚ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਮੁੱਖ ਮਹਿਮਾਨ ਅਤੇ ਬੁਲਾਰੇ ਡਾ. ਕੁਲਦੀਪ ਸਿੰਘ ਦੀਪ ਦੀ ਮੁੱਢਲੀ ਜਾਣਕਾਰੀ ਦਿੰਦਿਆਂ ਕਿਹਾ ਕਿ ਉਹਨਾਂ ਨੇ ਆਪਣੀ ਉਮਰ ਦੇ ਵਰ੍ਹਿਆਂ ਤੋਂ ਜ਼ਿਆਦਾ ਕਿਤਾਬਾਂ ਲਿਖੀਆਂ ਹਨ। ਏਨੇ ਥੋੜ੍ਹੇ ਸਮੇਂ 'ਚ ਏਨਾ ਉੱਚ ਕੋਟੀ ਦਾ ਕੰਮ ਕਰਨਾ ਕਿਸੇ-ਕਿਸੇ ਦੇ ਹਿੱਸੇ ਆਉਂਦਾ ਹੈ। ਸੰਨ 2024 ਵਿਚ ਨੈਨੋ ਬਾਲ ਨਾਟਕ ਲੜੀ 'ਮੈਂ ਜਲ੍ਹਿਆਂਵਾਲਾ ਬਾਗ ਬੋਲਦਾ ਹਾਂ' ਨੂੰ ਭਾਰਤ ਸਾਹਿਤ ਅਕਾਦਮੀ ਦਾ ਬਾਲ ਸਾਹਿਤ ਪੁਰਸਕਾਰ ਮਿਲਿਆ। ਡਾ. ਦੀਪ ਦੇ ਮਾਨਾਂ-ਸਨਮਾਨਾਂ ਦੀ ਬਹੁਤ ਲੰਬੀ ਲਿਸਟ ਹੈ। ਡਾ. ਕੁਲਦੀਪ ਸਿੰਘ 'ਦੀਪ' ਦੇ ਬੋਲਣ ਦਾ ਵਿਸ਼ਾ ਸੀ 'ਪੰਜਾਬੀ ਭਾਸ਼ਾ ਦੇ ਵਰਤਮਾਨ ਸਰੋਕਾਰ'। ਡਾ. ਕੁਲਦੀਪ ਸਿੰਘ ਦੀਪ ਨੇ ਪ੍ਰਸਿੱਧ ਭਾਸ਼ਾ ਵਿਗਿਆਨੀ ਕੇ. ਡੇਵਿਡ ਹੈਰੀਸਨ ਅਤੇ ਗਣੇਸ਼ ਦੇਵੀ ਦੇ ਹਵਾਲੇ ਨਾਲ ਕਿਹਾ ਕਿ ਭਾਸ਼ਾਈ ਹੀਣਤਾ, ਬਸਤੀਵਾਦੀ ਮਾਨਸਿਕਤਾ ਅਤੇ ਭਾਸ਼ਾਵਾਂ ਵਿਚ ਵਪਾਰ, ਰੁਜ਼ਗਾਰ ਅਤੇ ਸੰਚਾਰ ਦੀਆਂ ਘਟ ਰਹੀਆਂ ਸੰਭਾਵਨਾਵਾਂ ਦੇ ਦੌਰ ਵਿੱਚ ਦੁਨੀਆ ਦੀਆਂ 7000 ਭਾਸ਼ਾਵਾਂ ਵਿੱਚੋਂ 2500 ਭਾਸ਼ਾਵਾਂ ਲਈ ਵੱਡੀਆਂ ਚੁਣੌਤੀਆਂ ਹਨ। ਪੰਜਾਬੀ ਭਾਸ਼ਾ ਵੀ ਇਹਨਾਂ ਚੁਣੌਤੀਆਂ ਦੇ ਰੂਬਰੂ ਹੈ। ਪੂਰੀ ਦੁਨੀਆ ਵਿੱਚ ਵਸਦੇ 14 ਕਰੋੜ ਪੰਜਾਬੀਆਂ ਦੀ ਭਾਸ਼ਾ ਦੀਆਂ ਗਲੋਬਲੀ ਦੌਰ ਵਿਚ ਅਪਾਰ ਸੰਭਾਵਨਾਵਾਂ ਹਨ। ਵਿਸ਼ੇਸ਼ ਤੌਰ 'ਤੇ ਵਰਚੁਅਲ ਸੰਸਾਰ ਦੀ ਆਮਦ ਨੇ ਕੁਲੀਨ ਵਰਗ ਦੀ ਸੱਤਾ ਨੂੰ ਤੋੜ ਕੇ ਭਾਸ਼ਾ ਅਤੇ ਸਾਹਿਤ ਦੇ ਦਰਵਾਜ਼ੇ ਆਮ ਲੋਕਾਂ ਲਈ ਖੋਲ੍ਹੇ ਹਨ। ਇਸ ਵੇਲੇ ਜਿੱਥੇ ਇਕ ਪਾਸੇ ਸਰਕਾਰਾਂ 'ਤੇ ਦਬਾਅ ਬਣਾਉਣਾ ਚਾਹੀਦਾ ਹੈ ਕਿ ਉਹ ਪੰਜਾਬੀ ਭਾਸ਼ਾ ਨੂੰ ਸੰਚਾਰ, ਵਪਾਰ ਅਤੇ ਰੁਜ਼ਗਾਰ ਦੀ ਭਾਸ਼ਾ ਬਣਾਵੇ ਅਤੇ ਦੂਜੇ ਪਾਸੇ ਆਪਣੇ ਆਪ ਨੂੰ ਤਕਨੀਕ ਦੇ ਹਾਣ ਦਾ ਬਣਾ ਕੇ ਭਾਸ਼ਾ ਦੀਆਂ ਨਵੀਆਂ ਸੰਭਾਵਨਾਵਾਂ ਦੀ ਤਲਾਸ਼ ਕਰੋ। ਉਹ ਜਿਹੜੀ ਮਰਜ਼ੀ ਭਾਸ਼ਾ ਸਿੱਖੇ, ਪਰ ਆਪਣੀ ਮਾਂ ਬੋਲੀ ਨੂੰ ਨਾ ਦੁਰਕਾਰੇ। ਡਾ. ਕੁਲਦੀਪ ਸਿੰਘ 'ਦੀਪ' ਦੇ ਵਿਚਾਰਾਂ, ਸ਼ਬਦਾਂ ਅਤੇ ਬੋਲਣ ਦੇ ਅੰਦਾਜ਼ ਨੇ ਅਜਿਹਾ ਜਾਦੂ ਬਿਖੇਰਿਆ ਕਿ ਵੱਡੀ ਗਿਣਤੀ ਵਿਚ ਇਕੱਠੇ ਹੋਏ ਸਰੋਤਿਆਂ 'ਚੋਂ ਕਿਸੇ ਦੇ ਸਾਹ ਲੈਣ ਦੀ ਆਵਾਜ਼ ਵੀ ਨਹੀਂ ਸੀ ਆ ਰਹੀ। ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਨੇ ਡਾ. ਕੁਲਦੀਪ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਡਾ. ਕੁਲਦੀਪ ਅਜਿਹਾ ਚੇਤੰਨ, ਬੁਲਾਰਾ, ਉੱਚ-ਕੋਟੀ ਦਾ ਨਾਟਕਕਾਰ, ਚਿੰਤਕ ਅਤੇ ਬੁੱਧੀਜੀਵੀ ਹੈ, ਜਿਸ ਨੇ ਆਪਣੀ ਬੁੱਧੀ ਨਾਲ ਭੂਤਕਾਲ ਦੀਆਂ ਕਬਰਾਂ ਕੁਰੇਦ ਕੇ ਹੱਡੀਆਂ ਨੂੰ ਖੰਘਾਲਿਆ ਹੈ। ਪੰਜਾਬੀ ਸਾਹਿਤ ਸਭਾ ਕੈਲਗਰੀ ਵੱਲੋਂ ਡਾ ਕੁਲਦੀਪ ਸਿੰਘ ਦੀਪ ਦਾ ਸਨਮਾਨ ਚਿੰਨ੍ਹ ਨਾਲ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਮੋਹਨ ਸਿੰਘ ਨੇ ਸੁਰਿੰਦਰ ਗੀਤ ਦੀ ਰਚਨਾ ਤਰੰਨਮ 'ਚ ਪੇਸ਼ ਕੀਤੀ। ਸੁਖਮੰਦਰ ਸਿੰਘ ਤੂਰ, ਭੋਲਾ ਸਿੰਘ ਚੌਹਾਨ, ਬਚੱਤਰ ਸਿੰਘ ਗਿੱਲ, ਅਨਵਰ ਅਹਿਮਦ, ਮਨਜੀਤ ਬਰਾੜ, ਸੁਖਮੰਦਰ ਸਿੰਘ ਗਿੱਲ, ਬਚਨ ਸਿੰਘ ਗੁਰਮ, ਜਸਵੀਰ ਸਿੰਘ ਸਿਹੋਤਾ, ਡਾ. ਰਾਜਵੰਤ ਕੌਰ 'ਮਾਨ', ਤਰਲੋਕ ਸਿੰਘ ਚੁੱਘ ਨੇ ਆਪੋ ਆਪਣੀਆਂ ਅਰਥ-ਭਰਪੂਰ ਰਚਨਾਵਾਂ ਅਤੇ ਵਿਚਾਰਾਂ ਨਾਲ ਹਾਜ਼ਰੀ ਲਗਵਾਈ। ਪੰਜਾਬੀ ਅਖ਼ਬਾਰ ਦੇ ਐਡੀਟਰ ਹਰਬੰਸ ਬੁੱਟਰ ਦਾ ਸਭਾ ਵੱਲੋਂ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ।ਗੁਰਦਿਆਲ ਸਿੰਘ ਖਹਿਰਾ ਦਾ ਮੰਚ ਸੰਚਾਲਨ ਕਾਬਲੇ-ਤਾਰੀਫ਼ ਰਿਹਾ।



**—ਸੁਰਿੰਦਰ ਗੀਤ**

# ਕਹਾਣੀਕਾਰ ਲਾਲ ਸਿੰਘ ਨਾਲ ਮੁਲਾਕਾਤ



**ਦਸੂਹਾ (ਹੁਸ਼ਿਆਰਪੁਰ)**-ਬੀਤੇ ਦਿਨ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਫਾਰ ਵਿਮੈਨ ਦਸੂਹਾ ਦੇ ਬਿਬਲਿਓਸਮੀਆ ਕਲੱਬ ਦੇ ਸਾਹਿਤ ਰਚਨਾ ਵਿੱਚ ਰੁਚੀ ਰੱਖਣ ਵਾਲੇ 15 ਦੇ ਕਰੀਬ ਵਿਦਿਆਰਥੀਆਂ ਨੂੰ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਲਾਲ ਸਿੰਘ ਨਾਲ ਮਿਲਵਾਉਣ ਲਈ ਉਨ੍ਹਾਂ ਦੇ ਗ੍ਰਹਿ ਵਿਖੇ ਲਿਜਾਇਆ ਗਿਆ, ਜਿੱਥੇ ਉਹਨਾਂ ਦੇ ਪਰਵਾਰ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਦਿਲੋਂ ਜੀ ਆਇਆਂ ਕਿਹਾ। ਇਸ ਮੌਕੇ ਪੰਜਾਬੀ ਵਿਭਾਗ ਦੇ ਡਾ. ਰੁਪਿੰਦਰ ਕੌਰ ਗਿੱਲ, ਡਾ. ਮਨੀਸ਼ ਕੁਮਾਰ ਅਤੇ ਹਿੰਦੀ ਵਿਭਾਗ ਦੇ ਅਸਿਸਟੈਂਟ ਪ੍ਰੋਫੈਸਰ ਅੰਕਿਤਾ ਸ਼ਰਮਾ ਵੀ ਵਿਦਿਆਰਥੀਆਂ ਦੇ ਨਾਲ ਜੁੜ ਗਏ। ਕਾਲਜ ਦੇ ਇਨ੍ਹਾਂ ਸਾਹਿਤ ਲੇਖਨ ਨਾਲ ਜੁੜੇ ਹੋਏ ਵਿਦਿਆਰਥੀਆਂ ਨੇ ਕਹਾਣੀਕਾਰ ਲਾਲ ਸਿੰਘ ਦੇ ਨਾਲ ਉਨ੍ਹਾਂ ਦੇ ਜੀਵਨ ਅਤੇ ਵਿਚਾਰਧਾਰਾ ਬਾਰੇ ਗੱਲਬਾਤ ਕੀਤੀ। ਉਨ੍ਹਾਂ ਦੀ ਲਿਖਣ ਪ੍ਰਕਿਰਿਆ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਅਤੇ ਉਨ੍ਹਾਂ ਦੁਆਰਾ ਲਿਖਤ ਪੁਸਤਕਾਂ ਬਾਰੇ ਚਰਚਾ ਕੀਤੀ। ਵਿਦਿਆਰਥਣ ਸ਼ਬਨਮ ਨੇ ਉਨ੍ਹਾਂ ਦੀ ਕਹਾਣੀ ਗੜ੍ਹੀ ਬਖਸ਼ਾ ਸਿੰਘ ਬਾਰੇ ਚਰਚਾ ਕੀਤੀ, ਜਦਕਿ ਬਲਰੀਨ ਕੌਰ ਨੇ ਸੰਸਾਰ ਬਾਰੇ ਚਰਚਾ ਕਰਦੇ ਹੋਏ ਇਸ ਕਹਾਣੀ ਨੂੰ ਲਿਖਣ ਪਿੱਛੇ ਕਾਰਜਸ਼ੀਲ ਫੈਕਟਰਾਂ ਬਾਰੇ ਲੇਖਕ ਤੋਂ ਜਾਣਕਾਰੀ ਪ੍ਰਾਪਤ ਕੀਤੀ। ਕੋਮਲ ਅਤੇ ਜਸਬੀਰ ਕੌਰ ਨੇ ਉਨ੍ਹਾਂ ਦੀਆਂ ਕਹਾਣੀਆਂ ਸੌਂਗੀ ਜਗਨ ਅਤੇ ਮੋਮਬੱਤੀਆਂ ਬਾਰੇ ਚਰਚਾ ਕੀਤੀ। ਵਿਦਿਆਰਥੀਆਂ ਨੇ ਕਹਾਣੀਕਾਰ ਲਾਲ ਸਿੰਘ ਕੋਲੋਂ ਉਨ੍ਹਾਂ ਦੇ ਸਾਹਿਤਕ ਅਨੁਭਵ ਪ੍ਰਾਪਤ ਕੀਤੇ। ਕਹਾਣੀਕਾਰ ਲਾਲ ਸਿੰਘ ਨੇ ਵਿਦਿਆਰਥੀਆਂ ਨੂੰ ਸਾਹਿਤ ਲਿਖਣ ਦੇ ਮਿਆਰੀ ਸਾਹਿਤ ਦੇ ਗੁਣ ਦੱਸੇ। ਇਸ ਮੌਕੇ ਸਾਹਿਤ ਸਭਾ ਖਾਲਸਾ ਕਾਲਜ ਨਾਲ ਜੁੜੇ ਹੋਏ ਵਿਦਿਆਰਥੀਆਂ ਨੇ ਕਹਾਣੀਕਾਰ ਲਾਲ ਸਿੰਘ ਦੀ ਨਿੱਜੀ ਲਾਇਬਰੇਰੀ ਅਤੇ ਉਨ੍ਹਾਂ ਦੇ ਲਿਖਣ ਕਮਰੇ ਨੂੰ ਦੇਖਿਆ। ਕਹਾਣੀਕਾਰ ਲਾਲ ਸਿੰਘ ਨੇ ਕਿਹਾ ਕਿ ਇੱਕ ਚੰਗੇ ਲਿਖਾਰੀ ਨੂੰ ਜ਼ਰੂਰ ਕਿਸੇ ਵਿਚਾਰਧਾਰਾ ਦੇ ਨਾਲ ਜੁੜੇ ਹੋਣਾ ਚਾਹੀਦਾ ਹੈ ਅਤੇ ਇਸ ਤੋਂ ਇਲਾਵਾ ਉਨ੍ਹਾਂ ਦਾ ਸਮਾਜਿਕ ਅਨੁਭਵ ਵੀ ਹੋਣਾ ਚਾਹੀਦਾ ਹੈ। ਇੱਕ ਚੰਗਾ ਲੇਖਕ ਸੁਹਿਰਦ ਹੋਣਾ ਚਾਹੀਦਾ ਹੈ ਅਤੇ ਉਸ ਨੂੰ ਆਪਣੀਆਂ ਲਿਖਤਾਂ ਵਿੱਚ ਸਮਾਜ ਨੂੰ ਸਹੀ ਸੇਧ ਦੇਣ ਦੀ ਗੱਲ ਜ਼ਰੂਰ ਕਰਨੀ ਚਾਹੀਦੀ ਹੈ। ਕਾਲਜ ਦੇ ਪ੍ਰਿੰਸੀਪਲ ਡਾ. ਵਰਿੰਦਰ ਸਿੰਘ ਨੇ ਕਹਾਣੀਕਾਰ ਲਾਲ ਸਿੰਘ ਅਤੇ ਉਨ੍ਹਾਂ ਦੇ ਪਰਵਾਰ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਸਾਡੇ ਵਿਦਿਆਰਥੀਆਂ ਨੂੰ ਕੀਮਤੀ ਸਮਾਂ ਦੇ ਕੇ ਉਨ੍ਹਾਂ ਨੂੰ ਸਾਹਿਤ ਲਿਖਣ ਦੀ ਚੇਟਕ ਲਗਾਈ ਹੈ ਅਤੇ ਇੱਕ ਚੰਗਾ ਅਤੇ ਮਿਆਰੀ ਸਾਹਿਤ ਲਿਖਣ ਦੇ ਗੁਰ ਦੱਸੇ ਹਨ। ਨਵੀਂ ਪੀੜ੍ਹੀ ਨੂੰ ਸਾਹਿਤ ਨਾਲ ਜੋੜਨ ਲਈ ਅਜਿਹੇ ਉਪਰਾਲੇ ਕਰਨੇ ਬਹੁਤ ਜ਼ਰੂਰੀ ਹਨ।

# ਮਾਨਵਵਾਦੀ ਰਚਨਾ ਮੰਚ ਦਾ ਐਵਾਰਡ ਸਮਾਗਮ ਅੱਜ

**ਜਲੰਧਰ**-ਮਾਨਵਵਾਦੀ ਰਚਨਾ ਮੰਚ (ਰਜਿ.) ਪੰਜਾਬ ਵੱਲੋਂ 18 ਅਗਸਤ ਸਵੇਰੇ 11 ਵਜੇ, 22ਵਾਂ ਸਾਲਾਨਾ ਸਮਾਗਮ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਕਰਵਾਇਆ ਜਾ ਰਿਹਾ ਹੈ। ਜਿਸ 'ਚ ਕ੍ਰਮਵਾਰ 24ਵਾਂ ਅਤੇ 25ਵਾਂ ਲੋਕ ਕਵੀ ਗੁਰਦਾਸ ਰਾਮ ਆਲਮ ਐਵਾਰਡ ਪੰਜਾਬੀ ਦੇ ਪ੍ਰਸਿੱਧ ਗ਼ਜ਼ਲਗੋ ਸੁਰਜੀਤ ਜੱਜ ਤੇ ਕਹਾਣੀਕਾਰ ਤੇ ਸ਼ਾਇਰ ਸੁਰਿੰਦਰ ਰਾਮਪੁਰੀ ਨੂੰ ਦਿੱਤਾ ਜਾਵੇਗਾ। ਸਮਾਗਮ ਦੀ ਪ੍ਰਧਾਨਗੀ ਐਮ. ਐੱਸ. ਯੂਨੀਵਰਸਿਟੀ, ਬੜੌਦਾ, ਗੁਜਰਾਤ ਦੇ ਸਾਬਕਾ ਪ੍ਰੋ. ਤੇ ਪ੍ਰਸਿੱਧ ਇਤਿਹਾਸਕਾਰ ਡਾ. ਰਾਜ ਕੁਮਾਰ ਹੰਸ ਕਰਨਗੇ।

ਇਸ ਮੌਕੇ 'ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਅੰਗਰੇਜ਼ੀ ਵਿਭਾਗ ਦੇ ਸਾਬਕਾ ਮੁੱਖੀ ਡਾ. ਪਰਮਿੰਦਰ ਸਿੰਘ 'ਭਾਰਤੀ ਸੰਵਿਧਾਨ, ਮਨੁੱਖੀ ਅਧਿਕਾਰ ਅਤੇ ਫ਼ੌਜਦਾਰੀ ਕਾਨੂੰਨ' ਵਿਸ਼ੇ ਤੇ ਆਪਣਾ ਲੈਕਚਰ ਦੇਣਗੇ। ਮੰਚ ਦੇ ਪ੍ਰਧਾਨ ਡਾ. ਕੇਵਲ ਸਿੰਘ ਪਰਵਾਨਾ, ਜਰਨਲ ਸਕੱਤਰ ਮੱਖਣ ਮਾਨ ਤੇ ਪ੍ਰੈਸ ਸਕੱਤਰ ਭਗਵੰਤ ਰਸੂਲਪੁਰੀ ਨੇ ਸਮਾਗਮ ਵਿੱਚ ਪਹੁੰਚਣ ਦਾ ਸਭ ਨੂੰ ਸੱਦਾ ਦਿੱਤਾ ਹੈ।

# 'ਨਿੱਕੀਆਂ ਕਰੂੰਬਲਾਂ' ਰਸਾਲੇ ਦਾ 'ਕਿਸ਼ੋਰ ਅਵਸਥਾ' ਵਿਸ਼ੇਸ਼ ਅੰਕ ਪ੍ਰਕਾਸ਼ਤ

**ਮਾਹਿਲਪੁਰ** - ਇੰਡੀਆ ਬੁੱਕ ਆਫ ਰਿਕਾਰਡਸ ਵਿੱਚ ਸ਼ਾਮਲ ਪੰਜਾਬੀ ਦੇ ਇੱਕੋ-ਇੱਕ ਬਾਲ ਰਸਾਲੇ 'ਨਿੱਕੀਆਂ ਕਰੂੰਬਲਾਂ' ਦਾ ਅਗਲਾ ਅੰਕ 'ਕਿਸ਼ੋਰ ਅਵਸਥਾ' ਵਿਸ਼ੇਸ਼ ਅੰਕ ਹੋਵੇਗਾ। ਸੁਰ ਸੰਗਮ ਵਿਦਿਅਕ ਟਰੱਸਟ ਮਾਹਿਲਪੁਰ ਦੀ ਇੱਕ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ। ਇਸ ਮੌਕੇ ਸ਼ਾਮਲ ਹੋਏ ਟਰੱਸਟੀਆਂ ਨੇ ਇਸ ਗੱਲ 'ਤੇ ਮਾਣ ਮਹਿਸੂਸ ਕੀਤਾ ਕਿ ਪੰਜਾਬੀ ਵਿੱਚ ਛਪਣ ਵਾਲਾ ਇੱਕੋ-ਇੱਕ ਬਾਲ ਰਸਾਲਾ 'ਨਿੱਕੀਆਂ ਕਰੂੰਬਲਾਂ' ਹੈ, ਜੋ ਦੇਸ਼ ਦੁਨੀਆ ਵਿੱਚ ਬੜੇ ਮਾਣ ਤੇ ਸਤਿਕਾਰ ਨਾਲ ਪੜ੍ਹਿਆ ਜਾ ਰਿਹਾ ਹੈ। ਚੇਅਰਮੈਨ ਪ੍ਰੋਫੈਸਰ ਬੀ ਐੱਸ ਬੱਲੀ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿੱਚ ਨਿੱਕੀਆਂ ਕਰੂੰਬਲਾਂ ਪੁਰਸਕਾਰ ਜੇਤੂਆਂ ਦੇ ਨਾਵਾਂ ਦੀ ਸੂਚੀ ਵੀ ਵਿਚਾਰੀ ਗਈ। ਮੀਡੀਆ ਨੂੰ ਜਾਣਕਾਰੀ ਦਿੰਦਿਆਂ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਨੇ ਕਿਹਾ ਕਿ ਸਾਹਿਤਕਾਰ 'ਕਿਸ਼ੋਰ ਅਵਸਥਾ' ਨਾਲ ਸੰਬੰਧਤ ਸਮੱਗਰੀ 31 ਅਗਸਤ, 2024 ਤੱਕ ਸੰਪਾਦਕ ਤੱਕ ਪੁੱਜਦੀ ਕਰ ਸਕਦੇ ਹਨ। ਇਸ ਅੰਕ ਨਾਲ 'ਨਿੱਕੀਆਂ ਕਰੂੰਬਲਾਂ' ਦਾ ਪ੍ਰਕਾਸ਼ਨ 30ਵੇਂ ਸਾਲ ਵਿੱਚ ਪ੍ਰਵੇਸ਼ ਕਰ ਜਾਵੇਗਾ।



ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਬੱਗਾ ਸਿੰਘ ਆਰਟਿਸਟ, ਅਮਨਦੀਪ ਕੌਰ, ਸੰਜੀਵ ਭਾਰਟਾ, ਵੀਨੂ, ਪ੍ਰਿੰ. ਮਨਜੀਤ ਕੌਰ, ਸੁਖਮਨ ਸਿੰਘ, ਚੈਂਚਲ ਸਿੰਘ ਬੈਂਸ, ਮਨਜਿੰਦਰ ਲੰਗੇਰੀ, ਪਵਨ ਸਕਰੂਲੀ, ਹਰਮਨਪ੍ਰੀਤ ਕੌਰ, ਹਰਵੀਰ ਮਾਨ, ਨਿਧੀ ਅਮਨ ਸਹੋਤਾ ਅਤੇ ਕੁਲਦੀਪ ਕੌਰ ਬੈਂਸ ਨੇ ਉਚੇਚੇ ਤੌਰ 'ਤੇ ਭਾਗ ਲਿਆ।

# ਰੂਬੀ ਕਰਤਾਰਪੁਰੀ ਦੀ 'ਯਾਦਾਂ' ਰਿਲੀਜ਼

**ਕਪੂਰਥਲਾ** : ਸਾਹਿਤਕ ਪਿੜ ਨਡਾਲਾ ਤੇ ਅੱਖਰ ਮੰਚ ਕਪੂਰਥਲਾ ਦੇ ਸਹਿਯੋਗ ਨਾਲ ਇੱਕ ਵਿਸ਼ੇਸ਼ ਇਕੱਤਰਤਾ ਪ੍ਰੋ. ਬਲਦੇਵ ਸਿੰਘ ਵਾਲੀਆ ਸਾਹਿਤਕ ਭਵਨ ਨਡਾਲਾ 'ਚ ਕੀਤੀ ਗਈ। ਜਿਸ ਦੀ ਪ੍ਰਧਾਨਗੀ ਪ੍ਰਸਿੱਧ ਕਵੀ ਤੇ ਆਲੋਚਕ ਪ੍ਰੋ. ਕੁਲਵੰਤ ਸਿੰਘ ਔਜਲਾ, ਸ਼੍ਰੋਮਣੀ ਸਾਹਿਤਕਾਰ ਡਾ. ਗੁਰਬਖ਼ਸ਼ ਸਿੰਘ ਭੰਡਾਲ ਤੇ ਰਤਨ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਕਵਿਤਰੀ ਤੇ ਵਾਰਤਾਕਾਰ ਰੂਬੀ ਕਰਤਾਰਪੁਰੀ ਦੀ ਦੂਜੀ ਪੁਸਤਕ 'ਯਾਦਾਂ' ਨੂੰ ਰਿਲੀਜ਼ ਕੀਤਾ ਗਿਆ। ਵਿਚਾਰ ਚਰਚਾ ਕਰਦਿਆਂ ਡਾ. ਸਰਦੂਲ ਸਿੰਘ ਔਜਲਾ ਨੇ ਕਿਹਾ ਕਿ ਰੂਬੀ ਨਵੀਂ ਲੇਖਕਾ ਹੈ, ਪਰ ਉਸ ਦੀ ਲਿਖਣ ਸ਼ੈਲੀ ਤੋਂ ਉਹ ਮੰਝੀ ਹੋਈ ਲੇਖਕਾ ਜਾਪਦੀ ਹੈ। ਡਾ. ਭੰਡਾਲ ਤੇ ਪ੍ਰੋ. ਕੁਲਵੰਤ ਔਜਲਾ ਨੇ ਕਿਹਾ ਕਿ ਲਿਖਤਾਂ 'ਚ ਕਮਜ਼ੋਰੀਆਂ ਹੁੰਦੀਆਂ ਹਨ, ਜੇ ਲਗਨ ਹੋਵੇ ਤਾਂ ਚੰਗੇ ਸਾਹਿਤ ਨੂੰ ਲਗਾਤਾਰ ਨਿੱਠ ਕੇ ਪੜ੍ਹਿਆ ਜਾਵੇ ਤਾਂ ਮੈਡਮ ਰੂਬੀ ਕਰਤਾਰਪੁਰੀ ਇੱਕ ਨਾ ਇੱਕ ਦਿਨ ਉੱਚੇ ਮੁਕਾਮ 'ਤੇ ਪਹੁੰਚ ਜਾਵੇਗੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਲਾਲੀ ਕਰਤਾਰਪੁਰੀ, ਬਲਜੀਤ ਕੌਰ, ਸੋਢੀ ਸੱਤੋਵਾਲੀ, ਨਾਟਕਕਾਰ ਸਤਵਿੰਦਰ ਬੇਗੋਵਾਲੀਆ, ਦਲਜੀਤ ਮਹਿਮੀ, ਪ੍ਰਸ਼ੋਤਮ ਸਿੰਘ, ਸੀਤਾ ਤਾਜਪੁਰੀ, ਦਰਸ਼ਨ ਸਿੰਘ ਨੰਦਰਾ, ਵੀ ਕੇ ਦਿਆਲਪੁਰੀ ਤੇ ਕਰਨੈਲ ਸਿੰਘ ਢੋਲਕੀ ਵਾਲੇ ਹਾਜ਼ਰ ਸਨ। ਪ੍ਰੋਗਰਾਮ ਦਾ ਮੰਚ ਸੰਚਾਲਨ ਕਹਾਣੀਕਾਰ ਡਾ. ਕਰਮਜੀਤ ਸਿੰਘ ਨਡਾਲਾ ਨੇ ਕੀਤਾ। ਅੰਤ 'ਚ ਸਭਾ ਦੇ ਪ੍ਰਧਾਨ ਨਿਰਮਲ ਸਿੰਘ ਖੱਖ ਨੇ ਆਪਣੇ ਵਿਚਾਰ ਪੇਸ਼ ਕੀਤੇ।

# ਮੋਹਿੰਦਰ ਸਿੰਘ ਜੱਗੀ ਦੀਆਂ ਪੁਸਤਕਾਂ ਦਾ ਲੋਕ ਅਰਪਣ

**ਪਟਿਆਲਾ**-ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਭਾਸ਼ਾ ਵਿਭਾਗ, ਸ਼ੇਰਾਂ ਵਾਲਾ ਗੇਟ, ਪਟਿਆਲਾ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ ਆਸ਼ਟ, ਡਾ. ਗੁਰਬਚਨ ਸਿੰਘ ਰਾਹੀ, ਲੇਖਕ ਅਤੇ ਅਦਾਕਾਰ ਮੋਹਿੰਦਰ ਸਿੰਘ ਜੱਗੀ, ਸ਼ਾਇਰ ਡਾ. ਨਰੇਸ਼ ਨਾਜ਼ ਅਤੇ ਸਾਹਿਤ ਕਲਸ਼ ਦੇ ਸੰਪਾਦਕ ਸਾਗਰ ਸੂਦ ਸੰਜੇ ਸ਼ਾਮਲ ਹੋਏ। ਇਸ ਸਮਾਗਮ ਵਿਚ ਮੋਹਿੰਦਰ ਸਿੰਘ ਜੱਗੀ ਦੀ ਸਵੈ ਜੀਵਨੀ ਮੇਰਾ ਜੀਵਨ ਅਤੇ ਸਾਗਰ ਸੂਦ ਸੰਜੇ ਦੁਆਰਾ ਸੰਪਾਦਿਤ ਪੁਸਤਕ ਵਿਚਾਰ (ਮੋਹਿੰਦਰ ਸਿੰਘ ਜੱਗੀ ਦੀ ਅਦਾਕਾਰੀ ਅਤੇ ਰਚਨਾਵਾਂ ਬਾਰੇ ਵਿਦਵਾਨਾਂ ਦੇ ਵਿਚਾਰ) ਦਾ ਲੋਕ ਅਰਪਣ ਕੀਤੀਆਂ ਗਈਆਂ. ਵੱਖ-ਵੱਖ ਵਿਦਵਾਨਾਂ ਨੇ ਜੱਗੀ ਦੀਆਂ ਦੋਵਾਂ ਪੁਸਤਕਾਂ ਦੇ ਵੱਖ-ਵੱਖ ਪਹਿਲੂਆਂ ਤੋਂ ਡੂੰਘੀ ਚਰਚਾ ਕੀਤੀ ਅਤੇ ਇਹਨਾਂ ਪੁਸਤਕਾਂ ਨੂੰ ਪੰਜਾਬੀ ਵਾਰਤਕ ਦੇ ਖੇਤਰ ਵਿਚ ਸ਼ੁੱਭ ਸ਼ਗਨ ਆਖਿਆ। ਮੋਹਿੰਦਰ ਸਿੰਘ ਜੱਗੀ ਨੇ ਆਪਣੀ ਰਚਨਾਤਮਕ ਪ੍ਰਕਿਰਿਆ ਬਾਰੇ ਚਰਚਾ ਕਰਦਿਆਂ ਦੋਵਾਂ ਪੁਸਤਕਾਂ ਦੀ ਸਿਰਜਣਾ ਬਾਰੇ ਚੰਗੀ ਰੌਸ਼ਨੀ ਪਾਈ। ਜੱਗੀ ਨੇ ਕਿਹਾ ਕਿ ਉਹ ਭਵਿੱਖ ਵਿਚ ਇਸੇ ਸ਼ਿੱਦਤ ਅਤੇ ਪ੍ਰਤਿਬੱਧਤਾ ਨਾਲ ਮਾਤ ਭਾਸ਼ਾ ਅਤੇ ਅਦਾਕਾਰੀ ਦੇ ਖਿੱਤੇ ਵਿਚ ਆਪਣਾ ਯੋਗਦਾਨ ਪਾਉਂਦੇ ਰਹਿਣਗੇ। ਇਸ ਸਮਾਗਮ ਦਾ ਮੰਚ ਸੰਚਾਲਨ ਸਭਾ ਦੇ ਜਨਰਲ ਸਕੱਤਰ ਦਵਿੰਦਰ ਪਟਿਆਲਵੀ ਅਤੇ ਵਿੱਤ ਸਕੱਤਰ ਬਲਬੀਰ ਦਿਲਦਾਰ ਨੇ ਬਾਖ਼ੂਬੀ ਅਦਾ ਕੀਤਾ।




ਸਮਾਗਮ ਦੇ ਦੂਜੇ ਦੌਰ ਵਿਚ ਐਡਵੋਕੇਟ ਗੁਰਦਰਸ਼ਨ ਸਿੰਘ ਗੁਸੀਲ, ਜੱਗਾ ਰੰਗੂਵਾਲ, ਹਰਦੀਪ ਕੌਰ ਜੱਸੋਵਾਲ, ਗੋਪਾਲ ਸ਼ਰਮਾ ਸਮਾਣਾ, ਜਗਤਾਰ ਨਿਮਾਣਾ, ਵੀਰਇੰਦਰ ਘੰਗਰੋਲੀ, ਸਤਨਾਮ ਸਿੰਘ ਮੱਟੂ, ਗੁਰਪ੍ਰੀਤ ਕੌਰ ਢਿੱਲੋਂ, ਅਨੂ ਭੱਟੀ, ਜਸਵਿੰਦਰ ਕੌਰ, ਸੁਖਵਿੰਦਰ ਕੌਰ, ਰਾਜੇਸ਼ ਕੋਟੀਆ, ਸੁਖਵਿੰਦਰ ਸਿੰਘ, ਰਾਜੇਸ਼ਵਰ ਕੁਮਾਰ, ਐੱਸ.ਪੀ. ਸਿੰਘ, ਕ੍ਰਿਸ਼ਨ ਲਾਲ ਧੀਮਾਨ, ਅਰਸ਼ਪ੍ਰੀਤ ਕੌਰ, ਸੁਖਵਿੰਦਰ ਸਿੰਘ, ਇਕਬਾਲ ਸਿੰਘ, ਹਰਦੀਪ ਸਿੰਘ ਦੀਪਾ, ਜਸਬੀਰ ਸਿੰਘ, ਕੁਲਦੀਪ ਪਟਿਆਲਵੀ ਆਦਿ ਕਲਮਕਾਰ ਵੀ ਸ਼ਾਮਲ ਸਨ। ਅੰਤ ਵਿਚ ਉੱਘੀਆਂ ਸ਼ਖ਼ਸੀਅਤਾਂ ਦਾ ਸਨਮਾਨ ਵੀ ਕੀਤਾ ਗਿਆ।

**—ਦਵਿੰਦਰ ਪਟਿਆਲਵੀ**

# 'ਰੌਸ਼ਨ ਫੂਲਵੀ ਯਾਦਗਾਰੀ ਸਨਮਾਨ' ਅਣੂ ਦੇ ਸੰਪਾਦਕ ਸੁਰਿੰਦਰ ਕੈਲੇ ਨੂੰ



**ਲੁਧਿਆਣਾ**-ਸਾਹਿਤਕ ਪ੍ਰਾਪਤੀਆਂ ਲਈ ਇਸ ਵਾਰ ਦਾ ਰੌਸ਼ਨ ਫੂਲਵੀ ਯਾਦਗਾਰੀ ਸਨਮਾਨ ਦੇਣ ਲਈ ਸ੍ਰੀ ਸੁਰਿੰਦਰ ਕੈਲੇ ਦੇ ਨਾਂਅ ਦਾ ਫ਼ੈਸਲਾ ਕੀਤਾ ਗਿਆ ਹੈ। ਸਨਮਾਨ ਵਿਚ ਲੋਈ, ਸਨਮਾਨ ਪੱਤਰ ਤੇ ਇੱਕੀ ਹਜ਼ਾਰ ਰੁਪਏ ਦੀ ਰਾਸ਼ੀ ਦਿੱਤੀ ਜਾਂਦੀ ਹੈ।

ਰੌਸ਼ਨ ਫੂਲਵੀ ਰਾਮਪੁਰਾ ਫੂਲ ਦੇ ਰਹਿਣ ਵਾਲੇ ਜਾਣੇ-ਪਛਾਣੇ ਲੇਖਕ ਸਨ। ਮਿੰਨੀ ਕਹਾਣੀ ਪ੍ਰਤੀ ਉਨ੍ਹਾਂ ਦੀ ਸਮਰਪਤ ਭਾਵਨਾ ਤੇ ਕਾਰਜਸ਼ੈਲੀ ਪੂਰੇ ਪੰਜਾਬ ਵਿਚ ਸਨਮਾਨੀ ਜਾਂਦੀ ਹੈ। ਮਿੰਨੀ ਕਹਾਣੀ ਦਾ ਪਹਿਲਾ ਸੰਪਾਦਿਤ ਸੰਗ੍ਰਹਿ 'ਤਰਕਸ਼' ਦੀ ਸੰਪਾਦਨਾ 1973 ਵਿਚ ਉਨ੍ਹਾਂ ਦੀ ਇਕ ਵੱਡੀ ਪ੍ਰਾਪਤੀ ਸੀ। ਸਾਹਿਤਕ ਪ੍ਰਾਪਤੀ ਵਾਲੇ ਨਾਮੀ ਲੇਖਕਾਂ ਨੂੰ ਸਨਮਾਨਤ ਕਰਨਾ ਉਨ੍ਹਾਂ ਦੀ ਸੰਸਥਾ 'ਪੰਜਾਬ ਲੇਖਕ ਪਾਠਕ ਸੰਘ' ਜਿਸ ਦੇ ਉਹ ਪ੍ਰਧਾਨ ਸਨ, ਦਾ ਵਡੇਰਾ ਕਾਰਜ ਸੀ। ਇਸ ਮਹਾਨ ਸ਼ਖ਼ਸੀਅਤ ਦੀ ਯਾਦ ਵਿਚ ਇਹ ਸਨਮਾਨ ਸਥਾਪਤ ਕੀਤਾ ਹੋਇਆ ਹੈ।

ਹਿੰਦੀ ਲੇਖਕ ਤੇ ਅਨੁਵਾਦਕ ਸ੍ਰੀ ਯੋਗਰਾਜ ਪ੍ਰਭਾਕਰ ਮਿੰਨੀ ਕਹਾਣੀ ਪ੍ਰਤੀ ਸਮਰਪਿਤ ਤੇ ਖੋਜੀ ਲੇਖਕ ਹਨ, ਜੋ 'ਲਘੂ ਕਥਾ ਕਲਸ਼' ਹਿੰਦੀ ਦੀ ਰਾਸ਼ਟਰੀ ਪਹਿਚਾਣ ਵਾਲੀ ਪੱਤ੍ਰਿਕਾ ਦੇ ਸੰਪਾਦਕ ਹਨ। ਇਹ ਪੱਤ੍ਰਿਕਾ ਹਿੰਦੀ ਤੇ ਪੰਜਾਬੀ ਦੇ ਲੇਖਕਾਂ ਵਿਚਕਾਰ ਪੁਲ ਦਾ ਕੰਮ ਕਰਦੀ ਹੈ।

ਪੰਜਾਬੀ ਸਪੁੱਤਰ ਸ੍ਰੀ ਯੋਗਰਾਜ ਪ੍ਰਭਾਕਰ ਨੇ ਦੱਸਿਆ ਕਿ ਉਪਰੋਕਤ ਸਨਮਾਨ ਸ੍ਰੀ ਸੁਰਿੰਦਰ ਕੈਲੇ ਨੂੰ 5-6 ਅਕਤੂਬਰ, 2024 ਨੂੰ ਪਿੰਗਲਵਾੜਾ, ਅੰਮ੍ਰਿਤਸਰ ਵਿਖੇ ਹੋਣ ਵਾਲੇ ਰਾਸ਼ਟਰੀ ਮਿੰਨੀ ਕਹਾਣੀ ਸਮਾਗਮ ਦੌਰਾਨ ਪ੍ਰਦਾਨ ਕੀਤਾ ਜਾਵੇਗਾ।

# 'ਮਿੱਟੀ ਦੀ ਕਸਕ' 'ਤੇ ਵਿਚਾਰ-ਚਰਚਾ

**ਬਠਿੰਡਾ**-ਪੰਜਾਬੀ ਸਾਹਿਤ ਸਭਾ ਰਜਿ: ਬਠਿੰਡਾ ਵੱਲੋਂ ਸਥਾਨਕ ਟੀਚਰਜ਼ ਹੋਮ ਵਿਖੇ ਸ੍ਰੀ ਗੋਪਾਲ ਸਿੰਘ ਕੋਟਫੱਤਾ ਸੇਵਾਮੁਕਤ ਪੀ ਸੀ ਐੱਸ ਦੀ ਕਾਵਿ ਪੁਸਤਕ 'ਮਿੱਟੀ ਦੀ ਕਸਕ' 'ਤੇ ਵਿਚਾਰ ਚਰਚਾ ਕਰਵਾਈ ਗਈ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਰਾਮ ਸਿੰਘ ਸੇਵਾਮੁਕਤ ਅਧਿਕਾਰੀ, ਸ੍ਰੀ ਅਜਾਇਬ ਸਿੰਘ ਭੱਟੀ ਸਾਬਕਾ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ,




ਅਮਰ ਸਿੰਘ ਸਿੱਧੂ ਲੇਖਕ ਤੇ ਫਿਲਮ ਮੇਕਰ ਅਤੇ ਟਹਿਲ ਸਿੰਘ ਸਾਬਕਾ ਡਾਇਰੈਕਟਰ ਪਨਗਰੇਨ ਹਾਜ਼ਰ ਸਨ।ਸਭਾ ਦੇ ਪ੍ਰਧਾਨ ਜਸਪਾਲ ਮਾਨਖੇੜਾ ਨੇ ਸਭਨਾਂ ਨੂੰ ਜੀ ਆਇਆਂ ਕਹਿਣ ਉਪਰੰਤ ਗੋਪਾਲ ਸਿੰਘ ਦੀਆਂ ਜੀਵਨ ਪ੍ਰਾਪਤੀਆਂ ਅਤੇ ਸਾਹਿਤਕ ਕਾਰਜ ਬਾਰੇ ਜਾਣਕਾਰੀ ਦਿੱਤੀ। ਹਰਵਿੰਦਰ ਸਿੰਘ ਸਿਰਸਾ ਨੇ ਪੁਸਤਕ ਉੱਪਰ ਪਰਚਾ ਪੜ੍ਹਦਿਆਂ ਕਿਹਾ ਕਿ ਲੋਕਾਂ ਨੂੰ ਰਾਸ਼ਟਰਵਾਦ ਬਾਰੇ ਸੁਚੇਤ ਹੋਣਾ ਚਾਹੀਦਾ ਹੈ ਅਤੇ ਪ੍ਰਵਾਸ ਤੇ ਖੁਦਕੁਸ਼ੀਆਂ ਬਾਰੇ ਸੋਚਣਾ ਵੀ ਅਤੀ ਜ਼ਰੂਰੀ ਹੈ। ਉਹਨਾਂ ਕਿਹਾ ਕਿ ਲੋਕਾਂ ਦੀ ਤਰਜਮਾਨੀ ਕਰਦਾ ਸਾਹਿਤ ਰਚਣ ਦੀ ਜ਼ਰੂਰਤ ਹੈ। ਸਾਹਿਤ ਵਿੱਚ ਕਿਰਤ ਦੀ ਭੂਮਿਕਾ ਹਮੇਸ਼ਾ ਮਹੱਤਵਪੂਰਨ ਰਹੀ ਹੈ ਤੇ ਰਹੇਗੀ। ਕਵਿਤਾਵਾਂ ਵਿੱਚ ਤੱਤ ਸਾਰ ਤੇ ਉਦੇਸ਼ ਵੱਡਾ ਹੁੰਦਾ ਹੈ, ਜੋ ਇਸ ਪੁਸਤਕ ਦੀਆਂ ਕਵਿਤਾਵਾਂ ਵਿੱਚ ਪਰਤੱਖ ਦਿਖਾਈ ਦਿੰਦਾ ਹੈ। ਕਵਿਤਾਵਾਂ ਸੰਵੇਦਨਾ ਭਰਪੂਰ ਹਨ ਤੇ ਉਹ ਪੀੜਾਂ, ਕਸਕਾਂ, ਦੁਸ਼ਵਾਰੀਆਂ 'ਤੇ ਕੇਂਦਰਤ ਹੋਣ ਦੇ ਨਾਲ-ਨਾਲ ਮਨੁੱਖੀ ਫਿਕਰਾਂ ਦੀ ਬਾਤ ਪਾਉਂਦੀਆਂ ਹਨ। ਨਾਵਲਕਾਰ ਬੂਟਾ ਸਿੰਘ ਚੌਹਾਨ ਨੇ ਕਿਹਾ ਕਿ ਟੁੱਟੀਆਂ ਹਸਰਤਾਂ ਵਾਲੇ ਹੀ ਬੁੱਤਕਾਰ, ਚਿੱਤਰਕਾਰ ਤੇ ਕਵਿਤਾਕਾਰ ਹੁੰਦੇ ਹਨ। ਉਹਨਾਂ ਕਿਹਾ, ਪੁਸਤਕ ਵਿਚਲੀਆਂ ਕਵਿਤਾਵਾਂ ਉਸ ਸਮੇਂ ਦੀ ਯਾਦ ਦਿਵਾਉਂਦੀਆਂ ਹਨ, ਜਦ ਰਿਸ਼ਤਿਆਂ ਦਾ ਤਾਰਾ ਮੰਡਲ ਸਾਰੇ ਸਿਰਾਂ 'ਤੇ ਹੁੰਦਾ ਸੀ। ਰਚਨਾਵਾਂ ਸੰਵਾਦ ਰਚਾਉਂਦੀਆਂ ਹਨ। ਸ੍ਰੀ ਅਜਾਇਬ ਸਿੰਘ ਭੱਟੀ ਨੇ ਕਿਹਾ ਕਿ ਪੁਸਤਕ ਜੀਵਨ ਦੇ ਸਫ਼ਰ ਦੀ ਕਿਰਤ ਬਿਆਨ ਕਰਦੀ ਹੈ। ਸਤਨਾਮ ਸਿੰਘ ਜੱਸਲ ਨੇ ਕਿਹਾ ਕਿ ਕਿਤਾਬ ਵਿੱਚੋਂ ਲੋਕਾਂ ਦੀ ਹੂਕ ਨਾਲ ਜੁੜੀ ਸੋਚ ਪਰਤੱਖ ਹੁੰਦੀ ਹੈ ਅਤੇ ਮਾਨਵਵਾਦੀ ਕਦਰਾਂ-ਕੀਮਤਾਂ ਤੇ ਮੌਲਿਕ ਸੋਚ ਦਾ ਪ੍ਰਗਟਾਵਾ ਹੁੰਦਾ ਹੈ। ਇਹ ਪੁਸਤਕ ਕਿਰਤੀ ਲੋਕਾਂ ਦੇ ਹੱਥਾਂ ਤੱਕ ਪੁੱਜਣੀ ਚਾਹੀਦੀ ਹੈ।

ਲਛਮਣ ਸਿੰਘ ਮਲੂਕਾ ਨੇ ਕਿਹਾ ਕਿ ਭਾਸ਼ਾ ਨੂੰ ਜਿਉਂਦਾ ਰੱਖਣ ਲਈ ਰਚਨਾਕਾਰ ਵੱਲੋਂ ਪੇਂਡੂ ਰਹਿਤਲ ਦੇ ਸ਼ਬਦਾਂ ਦੀ ਬਾਖੂਬੀ ਵਰਤੋਂ ਕੀਤੀ ਗਈ ਹੈ। ਚੇਤਿਆਂ ਦੀ ਚੰਗੇਰ 'ਚ ਵਸਣ ਵਾਲੇ ਸ਼ਬਦ ਕਵਿਤਾਵਾਂ ਵਿੱਚ ਰਚੇ ਹੋਏ ਹਨ ਅਤੇ ਕਵਿਤਾਵਾਂ ਚੰਗਾ ਸੁਨੇਹਾ ਦਿੰਦੀਆਂ ਹਨ। ਪੁਸਤਕ ਦੇ ਰਚੇਤਾ ਗੋਪਾਲ ਸਿੰਘ ਨੇ ਆਪਣੇ ਜੀਵਨ 'ਚ ਵਾਪਰੀਆਂ ਘਟਨਾਵਾਂ ਦਾ ਵੇਰਵਾ ਦਿੰਦਿਆਂ ਦੱਸਿਆ ਕਿ ਉਹਨਾਂ ਜੋ ਵੇਖਿਆ ਤੇ ਹੰਢਾਇਆ, ਉਸ ਨੂੰ ਕਾਗਜ਼ 'ਤੇ ਲਿਖਦਾ ਰਿਹਾ, ਪਰ ਇਹ ਨਹੀਂ ਸੀ ਸੋਚਿਆ ਕਿ ਇਹਨਾਂ ਦੀ ਕਦੇ ਜਿਲਦ ਵੀ ਬੱਝੇਗੀ। ਅੱਜ ਇਸ ਚਰਚਾ ਨਾਲ ਸੰਤੁਸ਼ਟੀ ਮਿਲੀ ਹੈ। ਪ੍ਰਧਾਨਗੀ ਭਾਸ਼ਣ 'ਚ ਰਾਮ ਸਿੰਘ ਨੇ ਕਿਹਾ ਕਿ ਆਲੋਚਕ ਜਾਂ ਵਿਸ਼ਲੇਸ਼ਕ ਰਚਨਾ ਨੂੰ ਭਾਵੇਂ ਕਿਸੇ ਨਾਲ ਵੀ ਜੋੜ ਦੇਣ, ਪਰ ਉਸ ਵਿੱਚ ਲੇਖਕ ਦਾ ਆਪਣਾ ਦੁੱਖ ਸਮਾਇਆ ਹੁੰਦਾ ਹੈ। ਸਮਾਗਮ ਨੂੰ ਸੀ ਮਾਰਕੰਡਾ, ਅਮਰ ਸਿੰਘ ਸਿੱਧੂ, ਟਹਿਲ ਸਿੰਘ ਬੁੱਟਰ ਨੇ ਵੀ ਸੰਬੋਧਨ ਕੀਤਾ। ਸ੍ਰੀ ਅਮਰਜੀਤ ਸਿੰਘ ਸਿੱਧੂ, ਅਮਨ ਦਾਤੇਵਾਸੀਆ, ਸੁਰਜੀਤ ਸਿਰੜੀ, ਨਨਪਾਲ, ਅਮਰਜੀਤ ਸਿੰਘ ਹਰਿਆਣਾ ਨੇ ਕਵਿਤਾਵਾਂ ਪੇਸ਼ ਕੀਤੀਆਂ। ਸਭਾ ਦੇ ਮੀਤ ਪ੍ਰਧਾਨ ਸ੍ਰੀ ਬਲਵਿੰਦਰ ਸਿੰਘ ਭੁੱਲਰ ਨੇ ਸਭਨਾਂ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਸ੍ਰੀ ਰਣਜੀਤ ਗੌਰਵ ਜਨਰਲ ਸਕੱਤਰ ਨੇ ਨਿਭਾਈ। ਸਮਾਗਮ ਦੌਰਾਨ ਮਹਿਮਾਨਾਂ ਨੂੰ ਕਿਤਾਬਾਂ ਦੇ ਸੈੱਟ ਭੇਟ ਕਰਕੇ ਸਨਮਾਨਿਤ ਕੀਤਾ। ਸਮਾਗਮ 'ਚ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਅਤਰਜੀਤ ਕਹਾਣੀਕਾਰ, ਰਣਬੀਰ ਰਾਣਾ, ਪੋਰਿੰਦਰ ਸਿੰਗਲਾ, ਭੋਲਾ ਸਿੰਘ ਗਿੱਲਪੱਤੀ, ਭੁਪਿੰਦਰ ਮਾਨ, ਬੀਬਾ ਅਮ੍ਰਿਤ ਕਲੇਰ ਤੇ ਕਮਲ ਬਠਿੰਡਾ ਵੀ ਹਾਜ਼ਰ ਸਨ।

# ਪਾਠਕਾਂ ਦੇ ਝਰੋਖੇ 'ਚੋਂ

## ਵਿਨੇਸ਼ ਫੋਗਾਟ ਦਾ ਜਜ਼ਬਾ

11 ਅਗਸਤ ਦੇ 'ਐਤਵਾਰਤਾ' ਵਿਚ ਕਵਿੱਤਰੀ ਜਸਪ੍ਰੀਤ ਦੀਆਂ ਨਵੀਆਂ ਕਵਿਤਾਵਾਂ ਸੁਹਜਮਈ ਹਨ। ਛੋਟੀਆਂ ਕਵਿਤਾਵਾਂ ਵਿਚ ਜ਼ਿੰਦਗੀ ਦੇ ਕਈ ਵੰਨ-ਸੁਵੰਨੇ ਰੰਗ ਹਨ। ਬੇਹੱਦ ਹੁਸੀਨ, ਫੁੱਲ, , ਮੁਹੱਬਤ, ਹੱਸਣ-ਖੇਡਣ ਮਨ ਕਾ ਚਾਓ ਵਿਚ ਮਨ ਅੰਦਰੇ ਵਲਵਲੇ ਹਨ। ਕੁਦਰਤ ਨਾਲ ਮੁਹੱਬਤ ਦੀ ਮਹਿਕ ਹੈ। ਗੁਰਮੇਲ ਮਡਾਹੜ ਦੀ ਮਿੰਨੀ ਕਹਾਣੀ 'ਅਹਿਸਾਸ' ਵਿਚ ਔਰਤ ਦੇ ਜਜ਼ਬਾਤ ਹਨ। ਪਤੀ ਨੂੰ ਫੁੱਲ ਟੰਗਣ ਵੇਲੇ ਪਤਨੀ ਦੇ ਕਹੇ ਬੋਲ ਔਰਤ ਦੀ ਜ਼ਿੰਦਗੀ ਦਾ ਸੱਚ ਹਨ , ਜਿਸ ਦਾ ਅਹਿਸਾਸ ਮਰਦ ਨੂੰ ਨਹੀਂ। ਔਰਤ ਇਹੋ ਜਿਹੇ ਅਹਿਸਾਸਾਂ ਨੂੰ ਸਮਝਦੀ ਹੈ। ਗੁਰਮੇਲ ਮਡਾਹੜ ਮਨੁੱਖੀ ਮਨੋਵਿਗਿਆਨ ਦੀ ਤਹਿ ਤੱਕ ਜਾਂਦਾ ਸੀ। ਕਮਲਜੀਤ ਥਾਬਲਕੇ ਦਾ ਯਾਤਰਾ ਬਿਰਤਾਂਤ ਪੜ੍ਹ ਕੇ ਧੂੰਏਂ 'ਚ ਉਡਦੀ ਜ਼ਿੰਦਗੀ ਦੇ ਕਈ ਵਰੋਲੇ ਜਾਣੇ, ਵੇਖੇ। ਜ਼ਿੰਦਗੀ ਦੇ ਨਵੇਂ ਸਰੂਪ ਪੜ੍ਹਨ ਨੂੰ ਮਿਲੇ। ਪ੍ਰੋ. ਕੁਲਵੰਤ ਸਿੰਘ ਔਜਲਾ ਨੇ ਜ਼ਿੰਦਗੀ ਦੇ ਨਿੱਕੇ-ਨਿੱਕੇ ਸਹਾਰਿਆਂ ਦੀ ਗਲ ਸੂਖਮਤਾ ਨਾਲ ਕੀਤੀ ਹੈ। ਜ਼ਿੰਦਗੀ ਦੇ ਇਹ ਸਹਾਰੇ ਜ਼ਿੰਦਗੀ ਨੂੰ ਅੱਗੇ ਤੋਰਦੇ ਹਨ। ਸ਼ਬਦਾਂ ਦੀ ਇਕ ਮਨੁੱਖ ਦੀ ਦੂਸਰੇ ਨਾਲ ਸਾਂਝ, ਸਹਾਰੇ ਹਨ । ਬੂਟਾ ਸਿੰਘ ਮਹਿਮੂਦਪੁਰ ਨੇ ਕਾਂਵੜ ਯਾਤਰਾ ਦੇ ਕਈ ਮਾੜੇ ਪੱਖ ਲਿਖੇ ਹਨ। ਇਨ੍ਹਾਂ ਲੋਕਾਂ ਦੀ ਫਿਰਕੂ ਭਾਵਨਾ ਦੇਸ਼ ਲਈ ਚੰਗੀ ਨਹੀਂ, ਹਿੰਸਾ ਦੀ ਇਸ ਵਿਚ ਕੋਈ ਥਾਂ ਨਹੀਂ। ਇਸ ਕਿਸਮ ਦਾ ਮਾਹੌਲ ਭਵਿੱਖ ਨੂੰ ਪ੍ਰਦੂਸ਼ਤ ਕਰਨ ਵਾਲਾ ਹੈ। ਸੌ ਗਰਾਮ ਵਧਣ ਨਾਲ ਦੇਸ਼ ਇਕ ਵੱਡੀ ਜਿੱਤ ਤੋਂ ਵਾਂਝਾ ਰਹਿ ਗਿਆ । ਵਿਨੇਸ਼ ਫੋਗਾਟ ਦੇ ਜਜ਼ਬੇ ਨੂੰ ਸਲਾਮ ਕਰਦੇ ਹਾਂ, ਜਿਸ ਨੇ ਇਸ ਮਾਹੌਲ ਵਿਚ ਵੀ ਹੌਸਲਾ ਰੱਖਿਆ ਹੈ। ਪ੍ਰਿੰਸੀਪਲ ਸਰਵਣ ਸਿੰਘ ਨੇ ਆਪਣਾ ਸੋਨੇ ਦਾ ਮੈਡਲ ਵਿਨੇਸ਼ ਫੋਗਾਟ ਨੂੰ ਦੇ ਕੇ ਚੰਗੀ ਪਿਰਤ ਪਾਈ ਹੈ । ਸ਼ਬਦੀਸ਼ ਨੇ ਇਸ ਘਟਨਾਕ੍ਰਮ ਦੀਆਂ ਕਈ ਪਰਤਾਂ ਦਾ ਜ਼ਿਕਰ ਕੀਤਾ ਹੈ, ਬਸ ਵੇਖਣ ਵਾਲੀ ਗੱਲ ਇਹ ਹੈ ਕਿ ਕੁਤਾਹੀ ਕਿਥੇ ਰਹਿ ਗਈ। 'ਮਿੱਟੀ ਕਰੇ ਸਵਾਲ' ਦਾ ਵਿਸ਼ਲੇਸ਼ਣ, 'ਸਮੁੰਦਰ ਨੂੰ ਪੁੱਛੇ ਨਦੀ' ਦਾ ਅਰਵਿੰਦਰ ਕੌਰ ਕਾਕੜਾ ਦਾ ਸਮੀਖਿਆ ਲੇਖ ਪੁਸਤਕਾਂ ਦੀ ਚੰਗੀ ਜਾਣਕਾਰੀ ਵਾਲੇ ਹਨ। ਵਿਦੇਸ਼ ਤੋਂ ਪਰਤੇ ਪੱਤਰਕਾਰ ਤੇ ਅਨੁਭਵੀ ਲੇਖਕ ਮਨਮੋਹਨ ਸਿੰਘ ਢਿੱਲੋਂ ਨਾਲ ਸਾਹਿਤਕ ਗੁਫਤਗੂ ਪੜ੍ਹ ਕੇ ਚੰਗਾ ਲੱਗਾ। ਮਨਮੋਹਨ ਸਿੰਘ ਢਿੱਲੋਂ ਦੀ ਨਵੀਂ ਕਿਤਾਬ ਅੱਖੀਂ ਡਿੱਠੇ ਪਲ' ਇਸ ਵੇਲੇ ਸਾਹਿਤਕ ਸਫਾਂ 'ਚ ਚਰਚਾ ਵਿਚ ਹੈ। ਇਸ ਪੰਨੇ 'ਤੇ ਕਿਤਾਬ ਅੰਮੜੀ ਦਾ ਵਿਹੜਾ, ਭਾਈ ਹਮਾਰੇ ਸਦ ਹੀ ਜੀਵੀ ਦੀ ਚਰਚਾ, ਕਿਤਾਬ ਲਮਹਾ ਲਮਹਾ ਰਾਤ ਦਾ ਲੋਕ ਅਰਪਣ ਆਦਿ ਬਾਰੇ ਪੜ੍ਹ ਕੇ ਮਨ ਖੁਸ਼ ਹੋਇਆ। 'ਜੁਗਨੂੰਆਂ ਦੇ ਅੰਗ-ਸੰਗ' ਦਾ ਜ਼ਿਕਰ ਪੜ੍ਹ ਕੇ ਬਹੁਤ ਖੁਸ਼ੀ ਹੋਈ। ਇਹ ਸਮਾਗਮ ਨਵੇਂ ਲੇਖਕਾਂ ਲਈ ਨਰਸਰੀ ਹਨ। **— ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**

# ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਫ਼ਾਸ਼ੀਵਾਦ ਦੀ ਪਰਿਭਾਸ਼ਾ : ਹਰਵਿੰਦਰ ਭੰਡਾਲ

ਵਿਅਕਤੀਗਤ ਨਿੱਜਤਾ ਦੀ ਸੁਰੱਖਿਆ : ਡਾ. ਗੁਰਜੀਤ ਭੱਠਲ

'ਹੋਇਆ ਦੇਸ਼ ਪਰਾਇਆ' : ਅਵਤਾਰ ਸਿੰਘ ਬਿਲਿੰਗ, (ਫੋਕਸ) : ਡਾ. ਪਰਮਜੀਤ ਢੀਂਗਰਾ

ਸੋਮਾ ਕਲਸੀ ਦੀਆਂ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ

# ਸਮਕਾਲ

## ਪ੍ਰਤਿਮਾਨ : ਯੁਵਾ ਕਵਿਤਾ ਵਿਸ਼ੇਸ਼

ਤ੍ਰੈਮਾਸਿਕ 'ਪ੍ਰਤਿਮਾਨ' ਜੁਲਾਈ-ਸਤੰਬਰ,2024 ਅੰਕ 'ਯੁਵਾ ਪੰਜਾਬੀ ਕਵਿਤਾ ਵਿਸ਼ੇਸ਼ ਅੰਕ' ਵਜੋਂ ਛਪ ਕੇ ਆਇਆ ਹੈ। ਸੰਪਾਦਕੀ 'ਚ ਸੰਪਾਦਕ ਲਿਖਦਾ ਹੈ, "80 ਦੇ ਕਰੀਬ ਕਵੀਆਂ ਦੀ ਕਵਿਤਾ, ਇਨ੍ਹਾਂ ਦੀਆਂ ਮੁਲਾਕਾਤਾਂ, ਸਵੈ-ਕਥਨਾ ਨੂੰ ਇਸ ਅੰਕ ਵਿੱਚ ਪੇਸ਼ ਕਰਦਿਆਂ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਇਨ੍ਹਾਂ ਨੌਜਵਾਨ ਕਵੀਆਂ ਦੇ ਕੋਲ ਬੇਹੱਦ ਸੰਭਾਵਨਾਵਾਂ ਹਨ। ਇਹ ਆਪਣੇ ਸਮਕਾਲੀਨ ਰਾਜਨੀਤਕ, ਸਮਾਜਿਕ, ਆਰਥਿਕ, ਧਾਰਮਿਕ ਅਤੇ ਅਸਤਿਤਵੀ ਮਸਲਿਆਂ ਬਾਰੇ ਬੇਹੱਦ ਸੁਚੇਤ ਤੇ ਚੇਤੰਨ ਹਨ।'




ਦਰਸ਼ਨ ਬੁੱਟਰ, ਜਗਵਿੰਦਰ ਜੋਧਾ, ਮੋਹਨ ਸਿੰਘ ਤਿਆਗੀ ਵੱਲੋਂ ਨਵੀਂ ਕਵਿਤਾ ਦੀ ਨਿਸ਼ਾਨਦੇਹੀ ਕਰਦੇ ਲੇਖ ਛਪੇ ਹਨ। ਰਿਸ਼ੀ ਹਿਰਦੇਪਾਲ, ਸਿਮਰਨ ਅਕਸ, ਜੀਤ ਹਰਜੀਤ ਤੇ ਚਰਨਜੀਤ ਸਮਾਲਸਰ ਦੀਆਂ ਮੁਲਾਕਾਤਾਂ 'ਚ ਉਨ੍ਹਾਂ ਆਪਣੇ ਕਵਿਤਾ ਲਿਖਣ ਦੇ ਅਨੁਭਵ ਸਾਂਝੇ ਕੀਤੇ ਹਨ। ਸ਼ੁਭਕਿਰਨ, ਰਣਧੀਰ, ਰਣਜੀਤ ਸਰਾਂਵਾਲੀ, ਮਨਦੀਪ ਔਲਖ ਤੇ ਸੰਦੀਪ ਨੇ ਕਵਿਤਾ ਲਿਖਣ ਸਿਰਜਣਾ ਦੇ ਪਲਾਂ ਨੂੰ ਸਵੈ ਕਥਨਾਂ ਵਿੱਚ ਲਿਖਿਆ ਹੈ।

80 ਨਵੇਂ ਕਵੀਆਂ ਦੀਆਂ ਕਵਿਤਾਵਾਂ ਵਿੱਚ ਨਵੀਂ ਕਵਿਤਾ ਦੀ ਝਲਕ ਮਿਲ ਜਾਂਦੀ ਹੈ। ਅਨੀ, ਕਾਠਗੜ੍ਹ, ਅੰਜੂ ਅਮਨਦੀ ਗਰੋਵਰ, ਅਨੁਜੀਤ ਇਕਬਾਲ, ਅਮਰਿੰਦਰ ਸੋਹਲ, ਅਮਨਦੀਪ ਸਿੰਘ, ਅਮਰਜੀਤ ਸਿੰਘ, ਈਸ਼ਾ ਨਾਰੰਗ, ਇੰਦਰਜੀਤ ਜਾਦੂ, ਸੰਦੀਪ, ਸਿਮਰਨ ਅਕਸ, ਸੁਖਦੀਪ ਔਜਲਾ, ਸੋਨੀਆ ਮਨਜਿੰਦਰ, ਸੁਖਵਿੰਦਰ ਭੀਖੀ, ਸੁਖਰਾਜ, ਸਿਮਰਨਜੀਤ ਕੌਰ ਸਿਮਰ, ਸੰਦੀਪ ਕੌਰ ਚੀਮਾ, ਸੰਨੀ ਚਕੋਹੀ, ਹਰ ਮਨ, ਹਰਮੀਤ ਸਿਵੀਆ, ਕੁਲਵਿੰਦਰ ਬੱਛੋਆਣਾ, ਕਮਲ ਬਾਦਲ ਕਲਾਂ, ਕੁਲਵਿੰਦਰ ਵਿਰਕ, ਕਮਲਗੀਤ ਸਰਹਿੰਦ, ਕੰਵਰਜੀਤ ਸਿੰਘ ਸਿੱਧੂ, ਕਿਰਨ ਕੌਰ, ਕਿਰਤਪਾਲ, ਖਿਤਾਬ ਖਜੂਰੀਆ, ਗੁਰਪ੍ਰੀਤ ਧਰਮਕੋਟ, ਗੁਰਬੀਰ ਅਤਫ਼, ਗਗਨਦੀਪ ਸਿੰਘ ਦੀਪ, ਗਗਨ ਸੰਧੂ, ਗੁਰਜੰਟ ਰਾਜੇਆਣਾ, ਗੁਰਜੋਧ ਕੌਰ, ਗੁਰਪ੍ਰੀਤ ਬੋੜਾਂਵਾਲ, ਗੁਰਪਿਆਰ ਹਰੀ ਨੌਂ, ਗੁਰਪ੍ਰੀਤ ਗਿੱਲ, ਗਗਨ ਪੂਹਲੀ, ਚਰਨਜੀਤ ਸਮਾਲਸਰ, ਚਰਨਜੀਤ ਜੋਤ, ਪਰਮਿੰਦਰ ਕੌਰ ਵਜੀਦਪੁਰ, ਚਮਨਦੀਪ ਦਿਉਲ, ਜਸਵੰਤ ਗਿੱਲ, ਜਗਮੀਤ ਹਰਫ਼, ਜਗਸੀਰ ਬਰਾੜ, ਜਗਦੀਪ ਜਵਾਹਰ ਕੇ, ਜਸ ਜੀਤ, ਜੱਗੀ ਹਮੀਰਗੜ੍ਹ, ਜੋਬਨਰੂਪ ਛੀਨਾ, ਜੀਤ ਹਰਜੀਤ, ਤਰਿੰਦਰ ਕੌਰ, ਤਲਵਿੰਦਰ ਸ਼ੇਰਗਿੱਲ, ਦੀਪਕ ਧਲੇਵਾਂ, ਦੀਪ ਸੰਧੂ, ਦਿਲਪ੍ਰੀਤ ਗੁਰੀ, ਧਾਮੀ ਗਿੱਲ ਮੋਗਾ, ਨਵਦੀਪ ਮੁੰਡੀ, ਪਰੀ ਕੰਬੋਜ, ਪਰਜਿੰਦਰ ਕੌਰ ਕਲੇਰ, ਪ੍ਰੀਤ ਜੱਗੀ, ਪਰਮਜੀਤ ਸਿੰਘ ਢਿੱਲੋਂ, ਪ੍ਰੀਤ ਮਨਪ੍ਰੀਤ, ਬਲਕਾਰ ਔਲਖ, ਬਲਵਿੰਦਰ ਚਹਿਲ, ਬਰਾੜ ਜੈਸੀ, ਭੁਪਿੰਦਰ ਪਰਵਾਜ਼, ਮਨਜੀਤ ਸੂਖ਼ਮ, ਮਨ ਮਾਨ, ਮਨਦੀਪ ਔਲਖ, ਮਨਪ੍ਰੀਤ ਜੱਸ, ਮਨਿੰਦਰ ਕੌਰ ਮਨ, ਮੀਤ ਅਨਮੋਲ, ਮਨਦੀਪ ਰਿੰਪੀ, ਮਨਿੰਦਰ ਕੌਰ ਬੱਸੀ, ਰਿਸ਼ੀ ਹਿਰਦੇਪਾਲ, ਰਣਜੀਤ ਸਰਾਂਵਾਲੀ, ਰੂਹੀ ਸਿੰਘ, ਰਾਜਬੀਰ ਮੱਤਾ, ਰਣਧੀਰ, ਰਤਨਦੀਪ ਕੌਰ, ਰਾਣੀ ਸ਼ਰਮਾ, ਲਖਵਿੰਦਰ ਮੁਖ਼ਾਤਿਬ, ਵਾਹਿਦ, ਵਰਿੰਦਰ ਕੌਰ, ਵਿਰਕ ਪਸ਼ਪਿੰਦਰ, ਸ਼ੁਭਕਿਰਨ, ਸ਼ਮਸ਼ੇਰ ਔਜਲਾ, ਕਮਲ ਸਰਾਵਾਂ, ਸ਼ਹਿਬਾਜ਼ ਖਾਨ, ਸ਼ਾਇਰ ਭੱਟੀ, ਹਰਪ੍ਰੀਤ ਕੌਰ ਧੂਤ ਆਦਿ ਦੀਆਂ ਨਵੀਂ ਕਵਿਤਾਵਾਂ ਛਪੀਆਂ ਹਨ। ਇਨ੍ਹਾਂ ਕੋਲ ਆਪਣੇ ਨਵੇਂ ਅਨੁਭਵ, ਨਵੇਂ ਬਿੰਬ ਅਤੇ ਨਵੀਂ ਕਵਿਤਾ ਦੀ ਸ਼ੈਲੀ ਪੜ੍ਹਨ ਨੂੰ ਮਿਲ ਜਾਵੇਗੀ। ਕੁਝ ਕਵਿਤਾਵਾਂ ਦਾ ਪੱਧਰ ਪੇਤਲਾ ਹੋ ਗਿਆ ਏ। ਫਿਰ ਵੀ ਇਹ ਨਵੇਂ ਚਿਹਰੇ ਹਨ। ਇਨ੍ਹਾਂ ਵਿੱਚੋਂ ਬਹੁਤੇ ਪੰਜਾਬੀ ਕਵਿਤਾ ਵਿੱਚ ਆਪਣੇ ਦਮ ਤੇ ਆਪਣੀ ਸਪੇਸ ਬਣਾ ਲੈਣਗੇ। ਇਕ ਅੰਕ ਉੱਘੇ ਕਵੀ ਸੁਰਜੀਤ ਪਾਤਰ ਨੂੰ ਸਮਰਪਿਤ ਕੀਤਾ ਗਿਆ ਹੈ। ਇਸ ਅੰਕ ਦੇ ਸਫ਼ੇ : 120 ਅਤੇ ਮੁੱਲ: 200 ਰੁਪਏ ਹੈ। ਸੰਪਰਕ ਪਤਾ ਹੈ : ਸੰਪਾਦਕ ਪ੍ਰਤਿਮਾਨ, 718, ਰਣਜੀਤ ਨਗਰ-ਏ, ਪਟਿਆਲਾ-147001

ਪਰਚੇ ਦੇ ਸੰਪਾਦਕ: ਡਾ. ਅਮਰਜੀਤ ਕੌਂਕੇ, ਸੰਪਰਕ : 98142-31698

## ਸ਼ਬਦ ਤ੍ਰਿੰਜਣ : ਹਾਸ ਵਿਅੰਗ 'ਤੇ ਕੇਂਦਰਤ

ਸ਼ਬਦ ਤ੍ਰਿੰਜਣ ਦਾ ਨਵਾਂ ਅੰਕ ਅਪ੍ਰੈਲ-ਜੂਨ, 2024 ਪ੍ਰਕਾਸ਼ਤ ਹੋ ਗਿਆ ਹੈ। 'ਬਦਲਦੀਆਂ ਪ੍ਰਸਥਿਤੀਆਂ ਵਿੱਚ ਰਸੋਈ ਦੀ ਦਸ਼ਾ ਜਾਂ ਦ_ਰਦਸ਼ਾ' ਦਿਲਚਸਪ ਹੈ। ਸੰਪਾਦਕ ਲਿਖਦਾ ਹੈ, ਰਸੋਈ ਦੀ ਸੁਚਮ ਅਤੇ ਪਵਿੱਤਰਤਾ ਨੂੰ ਮੁੱਖ ਰੱਖਣ ਲਈ ਪਹਿਲਾਂ ਰਸੋਈ, ਘਰ ਦੇ ਕਿਸੇ ਸੇਫ਼ ਕੋਨੇ 'ਚ ਬਣਾਈ ਜਾਂਦੀ ਸੀ। ਕੋਸ਼ਿਸ਼ ਹੁੰਦੀ ਸੀ ਕਿ ਬੂਹਾ ਲੱਗਿਆ ਹੋਵੇ, ਲੋੜ ਅਨੁਸਾਰ ਬੰਦ ਕਰ ਲਿਆ ਜਾਵੇ, ਜਾਂ ਖੋਲ੍ਹ ਲਿਆ ਜਾਵੇ। ਪੈਰ 'ਚ ਪਾਈਆਂ ਜੁੱਤੀਆਂ ਤਾਂ ਕੀ ਚੱਪਲਾਂ ਵੀ ਰਸੋਈ ਤੋਂ ਕਾਫੀ ਦੂਰ ਲਾਹ ਕੇ ਅੰਦਰ ਆਉਣ ਦੀ ਆਗਿਆ ਹੁੰਦੀ ਸੀ ਪਰ ਹੁਣ ਉਹ ਗੱਲਾਂ ਕਿੱਥੇ?"




ਪਹਿਲੇ ਸਵਰਗੀ ਪਿਆਰਾ ਸਿੰਘ ਦਾਤਾ ਦਾ ਵਿਅੰਗ 'ਸਾਡੇ ਭਾਈਆ ਹੋਰੀਂ' ਸਿਆਣੇ ਬੰਦਿਆਂ ਦੀ ਹੋਂਦ ਦੀ ਗੱਲ ਕਰਦਾ ਹੈ। ਦੂਜੇ ਸਵਰਗੀ ਬਿਪਨ ਗੋਇਲ ਦਾ ਵਿਅੰਗ 'ਕੁੱਤਾ ਦੌੜ' ਵੀ ਛਾਪਿਆ ਗਿਆ ਹੈ। ਤੀਜੇ ਸਵਰਗੀ ਡਾ. ਗੁਰਚਰਨ ਸਿੰਘ ਔਲਖ ਦਾ ਵਿਅੰਗ 'ਕਲਾਕਾਰ ਹਨ ਪਲਟੀ ਮਾਰਨ ਵਾਲੇ ਵੀ' ਤਿੱਖੇ ਨਸ਼ਤਰ ਵਾਲਾ ਹੈ। ਡਾ. ਆਦਰਸ਼ ਸ਼ਰਮਾ ਦਾ ਹਿੰਦੀ ਵਿਅੰਗ 'ਪਰਿਵਾਰਿਕ ਲੋਕਤੰਤਰ ਵਿੱਚ ਬਹੁਮਤ', ਜਗਦੀਸ਼ ਰਾਏ ਕੁਲਰੀਆਂ ਦਾ ਵਿਅੰਗ 'ਇੱਕ ਸੌ ਇੱਕ ਵਟਾ ਸੌ', ਪ੍ਰਤਾਪ ਪਾਰਸ ਗੁਰਦਾਸਪੁਰੀ ਦਾ ਵਿਅੰਗ 'ਗਰੰਟੀ 'ਤੇ ਗਰੰਟੀ' , ਡਾ. ਸਾਧੂ ਰਾਮ ਲੰਗੇਆਣਾ ਦਾ 'ਸੁਫ਼ਨਾ ਦਾਦੀ ਦਾ', ਸੁੰਦਰ ਪਾਲ ਪ੍ਰੇਮੀ ਦਾ 'ਮਾਡਰਨ ਨੂੰਹਾਂ', ਤਰਸੇਮ ਸਿੰਘ ਭੰਗੂ ਦਾ 'ਜਿਧਰ ਗਏ ਬਾਣੀਏ ਉਧਰ ਗਏ ਬਜ਼ਾਰ', ਪ੍ਰਿੰਸੀਪਲ ਵਿਜੈ ਕੁਮਾਰ ਦਾ 'ਆਓ ਆਪਣੀ ਅਕਲ ਸੰਭਾਲ ਕੇ ਰੱਖੀਏ', ਮੰਗਤ ਕੁਲਜਿੰਦ 'ਟਪੂਸੀਮਾਰ ਗਿਰਗਿਟੀਏ', ਬਲਰਾਜ ਸਿੰਘ ਦਾ 'ਐਨ. ਆਰ. ਆਈ ਕਵੀ ਦੀ ਸਵਦੇਸ਼ ਆਮਦ' ਆਦਿ ਵਿਅੰਗ ਵੱਖ ਵੱਖ ਮੁੱਦਿਆ ਉੱਤੇ ਟਿੱਪਣੀਆਂ ਰਾਹੀ ਪਾਠਕ ਨੂੰ ਸਮਾਜ ਦੇ ਅਸਲੀ ਵਰਤਾਰੇ ਦਾ ਗਿਆਨ ਕਰਵਾਉਂਦੇ ਹਨ। ਇਹ ਵਿਅੰਗ ਪਾਠਕ ਦੇ ਮਨ ਵਿੱਚ ਸਮਾਨਅੰਤਰ ਇਕ ਟੈਕਸਟ ਵੀ ਸਿਰਜਦੇ ਹਨ।

ਰਸਾਲੇ ਵਿੱਚ ਹਰਿੰਦਰ ਕੁਮਾਰ ਹਨੀ, ਸ਼ਿੰਦਰਪਾਲ ਸਿੰਘ ਔਜਲਾ, ਪ੍ਰਿਤਪਾਲ ਸਿੰਘ ਟਿਵਾਣਾ, ਹਰਸ਼ਿੰਦਰ ਸਿੰਘ ਸੰਧੂ, ਜੀਤ ਸਿੰਘ ਚਹਿਲ, ਬਲਬੀਰ ਲਹਿਰਾ, ਹਰਦਿਆਲ ਸਿੰਘ ਚੀਮਾ, ਸੁਖਦਰਸ਼ਨ ਗਰਗ, ਡਾ. ਪ੍ਰੇਮ ਕੁਮਾਰ, ਸ਼ੰਗਾਰ ਸਿੰਘ ਸਿੱਧੂ, ਅਵਤਾਰ ਸਿੰਘ ਆਦਮਪੁਰੀ ਤੇ ਪਰਦੀਪ ਮਹਿਤਾ ਦੀਆਂ ਵਿਅੰਗ ਭਰਪੂਰ ਕਵਿਤਾਵਾਂ, ਗੀਤ, ਗ਼ਜ਼ਲਾਂ ਅਤੇ ਗੁਬਾਈਆਂ ਛਪੀਆਂ ਹਨ। ਰਣਜੀਤ ਆਜ਼ਾਦ ਕਾਂਝਲਾ, ਰਾਜਵੰਤ ਬਾਜਵਾ, ਬਲਜੀਤ ਕੌਰ, ਬੁੱਧ ਸਿੰਘ ਨਡਾਲੋਂ ਦੀਆਂ ਕਹਾਣੀਆਂ ਛਪੀਆਂ ਹਨ। ਪੁਸਤਕ ਰਿਵਿਊ ਅਤੇ ਰਿਪੋਰਟ ਸਮੇਤ ਰਸਾਲਾ ਪੜ੍ਹਨਯੋਗ ਸਮੱਗਰੀ ਲੈ ਕੇ ਹਾਜ਼ਰ ਹੁੰਦਾ ਹੈ। ਵਿਅੰਗ ਵਿਧਾ ਰਾਹੀ ਸੁੱਤੇ ਪਾਠਕਾਂ ਨੂੰ ਜਗਾਉਣ ਦਾ ਸੰਪਾਦਕ ਅੱਛਾ ਕਾਰਜ ਕਰ ਰਿਹਾ ਹੈ।

ਇਸ ਅੰਕ ਦੇ ਸਫ਼ੇ : 48 ਅਤੇ ਮੁੱਲ: 30 ਰੁਪਏ ਹੈ। ਰਸਾਲਾ ਕਿੱਥੇ ਛਾਪਦਾ ਹੈ ਪ੍ਰਿੰਟ ਲਾਇਨ ਤੇ ਕਿਤੇ ਜ਼ਿਕਰ ਨਹੀਂ।

ਪਰਚੇ ਦੇ ਸੰਪਾਦਕ: ਮੰਗਤ ਰਾਏ ਮਿੱਤਲ, ਸੰਪਰਕ : 94177-53892

***- ਭਗਵੰਤ ਰਸੂਲਪੁਰੀ***

18-Aug-Sunday.qxd 8/17/2024 10:55 PM Page 3



*ਪ੍ਰੀਤ ਜੱਗੀ ਪੰਜਾਬੀ ਮਾਂ ਬੋਲੀ ਦਾ ਉਹ ਅਲਬੇਲਾ ਸ਼ਾਇਰ ਹੈ, ਜੋ ਥੋਕ ਵਿੱਚ ਕਵਿਤਾ ਨਹੀਂ ਲਿਖਦਾ, ਪਰ ਜੋ ਕੁਝ ਵੀ ਉਹ ਲਿਖਦਾ ਹੈ, ਉਹ ਅਰਥ ਭਰਪੂਰ ਹੁੰਦਾ ਹੈ। ਉਹ ਕਾਵਿ ਅੰਬਰ 'ਤੇ ਸ਼ਬਦਾਂ ਨੂੰ ਸਿਤਾਰਿਆਂ ਵਾਂਗ ਜੜਨ ਦਾ ਹੁਨਰ ਜਾਣਦਾ ਹੈ। ਉਹਦੀ ਕਵਿਤਾ ਵਿੱਚ ਮਨੁੱਖੀ ਮਨ ਦੀ ਵੇਦਨਾ ਤੇ ਹੂਕ ਹੈ।ਆਪਣੀ ਮਿੱਟੀ ਨਾਲ ਜੁੜੇ ਹੋਣ ਕਰਕੇ ਜੱਗੀ ਦੀਆਂ ਰਚਨਾਵਾਂ ਵਿੱਚ ਮਾਲਵੇ ਦੀਆਂ ਤਿੱਖੜ ਦੁਪਹਿਰਾਂ, ਥੋਹਰਾਂ, ਪੀਲਾਂ, ਬਰੋਟਿਆਂ, ਕਿੱਕਰਾਂ, ਕਰੀਰਾਂ, ਅੱਕਾਂ ਦਾ ਜ਼ਿਕਰ ਵਾਰ-ਵਾਰ ਆਉਂਦਾ ਹੈ। ਗਿਆਨ-ਵਿਗਿਆਨ ਦੇ ਇਸ ਦੌਰ ਵਿੱਚ ਧਰਮਾਂ, ਮਜ਼੍ਹਬਾਂ ਅਤੇ ਫਿਰਕਾਪ੍ਰਸਤੀ ਦੇ ਨਾਂਅ 'ਤੇ ਫੈਲੇ ਅਗਿਆਨਤਾ ਦੇ ਗੁਬਾਰ ਤੋਂ ਉਹ ਬੇਹੱਦ ਚਿੰਤਤ ਹੈ। ਪੇਸ਼ ਹਨ ਪ੍ਰੀਤ ਜੱਗੀ ਦੀਆਂ ਨਵੀਂਆਂ ਲਿਖੀਆਂ ਪੰਜ ਰਚਨਾਵਾਂ।*

*-ਗੁਰਚਰਨ ਨੂਰਪੁਰ*

# ਪ੍ਰੀਤ ਜੱਗੀ ਦੀਆਂ ਨਵੀਂਆਂ ਕਵਿਤਾਵਾਂ

1

ਰੰਗ ਮੰਚ 'ਤੇ ਐਦਾਂ ਵੀ ਕਿਰਦਾਰ ਨਿਭਾਇਆ ਜਾ ਸਕਦਾ ਹੈ
ਚੋਰੀ ਕਰਕੇ ਚੋਰ ਚੋਰ ਦਾ ਰੌਲ਼ਾ ਪਾਇਆ ਜਾ ਸਕਦਾ ਹੈ।

ਬਾਲ਼ ਰਹੇ ਨੇ ਪਾਗਲ ਦੀਵੇ ਜੰਗਲ਼ ਦੇ ਵਿੱਚ ਥਾਂ ਪੁਰ ਥਾਂ
ਸਣੇ ਪੰਖੇਰੂ ਆਹਲਣਿਆਂ ਦਾ ਨਗਰ ਜਲਾਇਆ ਜਾ ਸਕਦਾ ਹੈ।

ਆਪਸ ਦੇ ਵਿੱਚ ਕਿਸ ਨੇ ਵੇਖੇ ਲੜਦੇ ਮੰਦਰ ਮਸਜਿਦ, ਪਰ
ਕੁਰਸੀ ਖਾਤਿਰ ਅੱਲ੍ਹਾ ਦੇ ਨਾਲ ਰਾਮ ਲੜਾਇਆ ਜਾ ਸਕਦਾ ਹੈ।

ਸ਼ਹਿਰ ਤੇਰੇ ਦੇ ਪਾਗਲ ਇੱਕੋ ਹੀ ਰੰਗ ਘੋਲੀ ਫ਼ਿਰਦੇ ਨੇ
ਰੰਗ ਬਰੰਗੇ ਰੰਗਾਂ ਦਾ ਕੋਲਾਜ਼ ਮਿਟਾਇਆ ਜਾ ਸਕਦਾ ਹੈ।

ਸੋਕੇ ਮਾਰੀ ਔੜਾਂ ਮਾਰੀ ਸੜਦੀ ਬਲ਼ਦੀ ਧਰਤੀ ਨੂੰ ਵੀ
ਭਿੱਜੀਆਂ ਭਿੱਜੀਆਂ ਪੌਣਾਂ ਦਾ ਸੰਗੀਤ ਸੁਣਾਇਆ ਜਾ ਸਕਦਾ ਹੈ।

ਪੈਰਾਂ ਦੇ ਵਿੱਚ ਹੋਵੇ ਜੇਕਰ ਅੱਚਵੀ ਵਾਟ ਨਿਬੇੜਨ ਦੀ
ਅੰਬਰ ਦੀ ਟਾਹਣੀ ਤੋਂ ਦਗਦਾ ਸੂਰਜ ਲਾਹਿਆ ਜਾ ਸਕਦਾ ਹੈ।

2

ਐਡੀ ਵੱਡੀ ਗੱਲ ਨਹੀਂ ਸੀ।
ਆਖਣ ਦਾ ਹੀ ਵੱਲ ਨਹੀਂ ਸੀ।
ਹਰ ਇਕ 'ਅੱਜ' ਦੀ ਏਹੋ ਗਾਥਾ,
'ਐਦਾਂ ਦਾ ਤਾਂ ਕੱਲ੍ਹ ਨਹੀਂ ਸੀ'।
ਦਿੱਤਾ ਦਿਲ 'ਚੋਂ ਦਰਦ ਨੂੰ ਰਸਤਾ,
ਸ਼ਾਇਰੀ ਦਾ ਕੋਈ ਝੱਲ ਨਹੀਂ ਸੀ।
ਉਸ ਲੱਕੜ 'ਚੋਂ ਸੁਰ ਨਾ ਫੁੱਟੇ,
ਉਸ ਦੇ ਸੀਨੇ ਸੱਲ ਨਹੀਂ ਸੀ।
ਕਿੰਝ ਆਪਣੀ ਮਿੱਟੀ 'ਚੋਂ ਉੱਗਦਾ,
ਮੌਸਮ ਮੇਰੇ ਵੱਲ ਨਹੀਂ ਸੀ।

3

ਇੱਕ ਵਾਰੀ ਫਿਰ ਤੇਰਾ ਦਿਲ ਤੋੜਨ ਲੱਗਿਆਂ,
ਮੌਤੇ! ਤੈਨੂੰ ਦਰ ਤੋਂ ਖ਼ਾਲੀ ਮੋੜਨ ਲੱਗਿਆਂ।

ਲਾ ਲੈ ਜਿੰਨਾ ਮਰਜ਼ੀ ਜ਼ੋਰ ਹਵਾਏ, ਲਾ ਲੈ,
ਲੈ ਮੈਂ ਆਪਣੇ ਖਿੱਲਰੇ ਤੀਲੇ ਜੋੜਨ ਲੱਗਿਆਂ।

ਹੁਣ ਤੂੰ ਆਪਣੇ ਸੂਰਜ, ਚੰਨ ਸਿਤਾਰੇ ਲਾਹ ਲੈ,
ਮੈਂ ਅੰਬਰ ਦੀ ਚਾਦਰ ਸਿਰ 'ਤੇ ਓੜਨ ਲੱਗਿਆਂ।

ਮੇਰੇ ਕੋਲੋਂ ਲੱਗੀਆਂ ਦੇ ਸਿਰਨਾਵੇਂ ਪੁੱਛਦੈਂ!
ਮੈਂ ਵੇਲੇ ਦੀ ਅੱਖ 'ਚ ਅੱਕ ਨਿਚੋੜਨ ਲੱਗਿਆਂ।

4

ਸਾਰੇ ਦੁੱਖਾਂ ਨੂੰ ਕੱਪੜ ਛਾਣ ਕਰਕੇ
ਨੁਸਖਾ ਜਿੰਦ ਦੇ ਰੋਗ ਦਾ ਟੋਲਿਆ ਵੇ।
ਤੇਰੇ ਇਸ਼ਕ ਦੇ ਕਿੱਕਰੋਂ ਸੂਲ ਲੈ ਕੇ
ਫੋੜਾ ਤਲੀ ਦਾ ਅੱਜ ਫਰੋਲਿਆ ਵੇ।
ਸਾਡੇ ਸਾਹਾਂ ਦੀ ਸੱਥਰੀ ਗਈ ਖਿੱਲਰ,
ਗਲੇ ਲੱਗਿਐਂ ਵਾ ਵਰੋਲਿਆ ਵੇ,
ਤੇਰੇ ਬਿਨਾਂ ਤਾਂ ਸੁੰਨ ਮਸਾਨ ਹੋਈ,
ਹਾੜ੍ਹ ਉੱਜੜੇ ਗਰਾਂ 'ਚੋਂ ਬੋਲਿਆ ਵੇ।

ਕੋਲੇ ਵੱਸਦੇ ਰਹੇ ਪਰਦੇਸ ਵਾਂਗੂੰ,
ਕਰਾਮਾਤ ਸੀ ਤੇਰੀ ਓਹਲਿਆ ਵੇ।
ਸਾਰੇ ਰੰਗਾਂ ਦੀ ਪੈ ਗਈ ਚਮਕ ਮੱਠੀ,
ਜਿੱਦਣ ਰੰਗ ਮਜੀਠੜਾ ਘੋਲਿਆ ਦੇ।
ਸਾਡਾ ਲਾਲ ਜਵਾਹਰ ਸਿਦਕ ਵਾਲਾ,
ਤੇ ਤੂੰ ਕੱਚ ਦੇ ਪੱਲੜੇ ਤੋਲਿਆ ਵੇ।
ਤੈਨੂੰ ਰੰਗਾਂ ਦਾ ਗੇੜ ਨਾ ਸਮਝ ਆਇਆ,
ਮੇਰੇ ਜਿੰਦੂਆ ਮੇਰਿਆ ਲੋਲਿਆ ਵੇ।
ਸਾਨੂੰ ਇੱਕੋ ਹੀ ਪੂਣੀ 'ਤੇ ਸ਼ਾਮ ਪੈ ਗਈ,
ਸਈਆਂ ਸਾਰੀਆਂ ਕੱਤਣੀ ਕੱਤ ਆਈਆਂ।
ਅਸੀਂ ਦਿਆਂਗੇ ਸਿਦਕ ਦੇ ਨਾਲ ਛਿੱਟਾ,
ਜਿੱਦਣ ਸਾਡੀਆਂ ਰੌਣੀਆਂ ਵੱਤ ਆਈਆਂ।

5

ਯਾਦ ਮੇਰੀ ਵਿਚ ਜਦ ਵੀ ਤੇਰੀਆਂ
ਅੱਖੀਆਂ ਤਿੱਪ ਤਿੱਪ ਚੋਣਗੀਆਂ।
ਸ਼ਹਿਰ ਤੇਰੇ ਦੀਆਂ ਕੰਧਾਂ ਤੇਰੇ,
ਗਲ ਲੱਗ-ਲੱਗ ਕੇ ਰੋਣਗੀਆਂ।

ਮੈਂ ਜੋ ਗੀਤ ਸੁਣਾਇਆ ਤੈਨੂੰ
ਓਹ ਤਾਂ ਕੱਚਿਆਂ ਰਾਹਵਾਂ ਦਾ ਸੀ।
ਹੁਣ ਤਾਂ ਤੇਰੇ ਪਿੰਡ ਨੂੰ ਜਾਂਦੀਆਂ
ਪੱਕੀਆਂ ਸੜਕਾਂ ਹੋਣਗੀਆਂ।

ਵੇਂਹਦਿਆਂ ਵੇਂਹਦਿਆਂ, ਨਗਰਾਂ ਦੇ ਵਿੱਚ
ਸੜਦੇ ਜੰਗਲ ਆਣ ਵੜੇ।
ਕੀ ਖ਼ਬਰਾਂ ਸੀ ਸਾਡੀਆਂ ਨਸਲਾਂ
ਇਹ ਵੀ ਵਖ਼ਤ ਹੰਢਾਉਣਗੀਆਂ।

ਪੌਣਾਂ, ਪਾਣੀ, ਰਿਸ਼ਤੇ, ਰੋਸੇ
ਸਭ ਕੁੱਝ ਜ਼ਹਿਰੀ।
ਐਸੀ ਰੁੱਤ ਵਿੱਚ ਬੁੱਕਲੀਂ ਬੱਚੇ
ਮਾਵਾਂ ਕਿਵੇਂ ਲੁਕੋਣਗੀਆਂ।

ਟੁੱਟੇ ਚੱਪੂ, ਦੂਰ ਕਿਨਾਰੇ
ਆਖਰ ਚੇਤੇ ਆ ਜਾਵਣਗੇ।
ਬਿਨ ਪਤਵਾਰੋਂ ਠਿੱਲਿਆਂ ਨੂੰ ਫਿਰ
ਨਦੀਆਂ ਜਦੋਂ ਡੁਬੋਣਗੀਆਂ।



## ਮਹਾਂਕਵੀ ਰਵਿੰਦਰਨਾਥ ਟੈਗੋਰ ਦੀ ਅਮਰ ਰਚਨਾ

## ਉਪਗੁਪਤ

ਉਪਗੁਪਤ, ਬੁੱਧ ਦਾ ਚੇਲਾ,
ਘੂਕ ਸੁੱਤਾ ਪਿਆ ਸੀ
ਮਥੁਰਾ ਦੀ ਹੱਦ ਦੇ ਬਾਹਰ
ਕੱਚੀ ਮਿੱਟੀ ਦੇ ਬਿਸਤਰੇ 'ਤੇ।
ਸਭ ਰੌਸ਼ਨੀਆਂ ਬੁਝ ਚੁੱਕੀਆਂ ਸਨ
ਤੇ ਸਾਰੇ ਦਰਵਾਜ਼ੇ ਵੀ ਬੰਦ ਸਨ
ਤੇ ਉੱਪਰ ਆਕਾਸ਼ ਵਿਚ ਛਾਏ
ਅਗਸਤ ਦੇ ਕਾਲੇ ਬੱਦਲਾਂ ਨੇ
ਲੈ ਲਿਆ ਸੀ ਸਭਨਾਂ ਤਾਰਿਆਂ ਨੂੰ
ਆਪਣੀ ਵਿਸ਼ਾਲ ਬੁੱਕਲ ਵਿਚ।
ਤੇ ਫਿਰ ..ਤੇ ਫਿਰ ਅਚਾਨਕ
ਉਸ ਘੁੱਪ ਹਨੇਰੇ ਅੰਦਰ
ਕਿਸੇ ਦੇ ਝਾਂਜਰਾਂ ਵਾਲੇ ਪੈਰ
ਬੜੇ ਜ਼ੋਰ ਨਾਲ ਜਾ ਟਕਰਾਏ ਸਨ
ਉਪਗੁਪਤ ਦੇ ਚੌੜੇ ਸੀਨੇ ਨਾਲ।
ਇਕਦਮ ਤ੍ਰਭਕ ਕੇ ਉੱਠਿਆ ਸੀ ਉਹ
ਤੇ ਫਿਰ ਅਚਾਨਕ ਹੀ ਉਸਦੇ ਦਇਆ
ਅਤੇ ਖਿਮਾ ਭਰੇ ਨੈਣਾਂ ਨਾਲ
ਜਾ ਟਕਰਾਈ ਸੀ ਲੋਅ ਇਕ ਲਾਲਟੈਨ ਦੀ
ਜੋ ਫੜੀ ਸੀ ਇਕ ਖ਼ੂਬਸੂਰਤ ਮੁਟਿਆਰ ਨੇ।
ਉਹ ਤਾਂ ਗਹਿਣਿਆਂ ਲੱਦੀ ਨਚਾਰ ਸੀ
ਜਿਸਦੇ ਮਨਮੋਹਕ ਨੈਣਾਂ 'ਚੋਂ
ਤਿਪ-ਤਿਪ ਟਪਕ ਰਹੀ ਸੀ
ਮਸਤ ਜਵਾਨੀ ਦੀ ਨਸ਼ੀਲੀ ਸ਼ਰਾਬ।
ਉਸ ਸੁੰਦਰੀ ਨੇ ਲਾਲਟੈਣ ਦੀ ਲੋਏ
ਬੜੀ ਹੀ ਗਹੁ ਨਾਲ ਸੀ ਤੱਕਿਆ
ਉਸ ਲੰਮੇ ਤੇ ਤਕੜੇ ਜੋਗੀ ਨੂੰ
ਜੋ ਸੀ ਅੰਤਾਂ ਦਾ ਖ਼ੂਬਸੂਰਤ।
"ਮੁਆਫ਼ ਕਰੀਂ ਵੇ ਜੋਗੀਆ", ਉਸ ਕਿਹਾ।
"ਆ ਮੇਰੇ ਨਾਲ ਮੇਰੇ ਚੁਬਾਰੇ 'ਚ ਚੱਲ
ਇਹ ਕੱਚੀ ਮਿੱਟੀ ਦਾ ਬਿਸਤਰ
ਤੇਰੇ ਲਈ ਨਹੀਂ ਏ ਸਹੀ ਸੇਜ।"
ਸੁਣ ਕੇ ਉਸ ਨਾਰ ਦੀ ਗੁੱਝੀ ਗੱਲ
ਮੁਸਕਰਾ ਪਿਆ ਸੀ ਉਹ ਮਸਤਾਨਾ ਜੋਗੀ।
ਝੁਕਾ ਕੇ ਨੈਣ ਤੇ ਜੋੜ ਕੇ ਹੱਥ
ਉਸ ਆਖਿਆ, "ਜਾ ਨਾਰੇ, ਜਾ ਚਲੀ ਜਾ।
ਜਦੋਂ ਆਏਗਾ ਸਹੀ ਸਮਾਂ
ਮੈਂ ਖ਼ੁਦ ਚੱਲ ਕੇ ਆਵਾਂਗਾ ਕੋਲ ਤੇਰੇ।"
ਉਸਦਾ ਇਹ ਬੋਲ ਪੂਰਾ ਹੁੰਦਿਆਂ ਹੀ
ਅਚਾਨਕ ਆਕਾਸ਼ 'ਚ ਕੜਕੀ ਸੀ ਬਿਜਲੀ
ਤੇ ਇਕ ਕੋਨੇ ਤੋਂ ਦਿੱਤੀ ਸੀ ਸੁਣਾਈ
ਕਿਸੇ ਤੇਜ਼ ਤੂਫ਼ਾਨ ਦੀ ਆਹਟ
ਤੇ ਉਹ ਸੁੰਦਰੀ ਕਿਸੇ ਅਗਿਆਤ ਡਰ ਨਾਲ
ਗਈ ਸੀ ਕੰਬ, ਸਿਰ ਤੋਂ ਪੈਰਾਂ ਤੱਕ।
ਅਜੇ ਸਾਲ ਵੀ ਨਹੀਂ ਸੀ ਲੰਘਿਆ
ਉਸ ਕਾਲੀ ਬੋਲੀ ਰਾਤ ਦੇ ਵਾਕਏ ਨੂੰ।
ਅਪ੍ਰੈਲ ਦੀ ਸੁਗੰਧਾਂ ਭਰੀ ਬਸੰਤੀ ਰੁੱਤ ਦੀ
ਇਕ ਹਸੀਨ ਸ਼ਾਮ ਦਾ ਸਮ੍ਹਾਂ ਸੀ।
ਸ਼ਹਿਰ ਦੀ ਮੁੱਖ ਸੜਕ ਦੇ ਦੋਵਾਂ ਪਾਸੇ
ਲੱਗੇ ਰੁੱਖਾਂ ਦੀਆਂ ਟਹਿਣੀਆਂ
ਸੋਹਣੇ ਫੁੱਲਾਂ ਨਾਲ ਸਨ ਲਬਰੇਜ਼
ਤੇ ਦੂਰ ਕਿਤਿਉਂ ਦੇ ਰਹੀ ਸੀ ਸੁਣਾਈ
ਬੰਸਰੀ ਦੀ ਮਿੱਠੀ ਜਿਹੀ ਤਾਣ।
ਸ਼ਹਿਰ ਵਾਸੀ ਸਭ ਗਏ ਸਨ ਜੰਗਲ ਨੂੰ
ਮਨਾਉਣ ਲਈ ਮੇਲਾ ਬਸੰਤ ਦਾ।
ਫਿਰ ਜਦ ਰਾਤ ਢਲਕੀ ਤਾਂ
ਪੁੰਨਿਆਂ ਦੇ ਚੰਨ ਨੇ ਉੱਠ ਕੇ ਆਕਾਸ਼ੋਂ
ਮਾਰੀ ਸੀ ਇਕ ਨਿਗ੍ਹਾ ਉਸ ਸ਼ਹਿਰ 'ਤੇ
ਜੋ ਪਿਆ ਸੀ ਸੁੰਨਸਾਨ ਤੇ ਸ਼ਾਂਤ।
ਉਨ੍ਹਾ ਇਕਾਂਤਮਈ ਗਲੀਆਂ ਵਿਚ
ਸ਼ਾਂਤ ਭਾਵ ਨਾਲ ਜਾ ਰਿਹਾ ਸੀ ਟੁਰਿਆ
ਉਹ ਸੋਹਣਾ ਜੋਗੀ ਤੇ ਉਸਦੇ ਕੰਨਾਂ 'ਚ
ਪੈ ਰਹੀਆਂ ਸਨ ਦਰਦੀਲੀਆਂ ਕੂਕਾਂ
ਕਿਸੇ ਬਿਰਹੋਂ ਮਾਰੀ ਕੋਇਲ ਦੀਆਂ
ਜੋ ਗਾ ਰਹੀ ਸੀ ਅੰਬਾਂ ਦੇ ਬਾਗ਼ ਵਿਚ।
ਉਪਗੁਪਤ ਚੱਲਦਿਆਂ-ਚੱਲਦਿਆਂ
ਆਣ ਪੁੱਜਿਆ ਸੀ ਸ਼ਹਿਰੋਂ ਬਾਹਰ
ਤੇ ਓਥੇ ਆਣ ਕੇ ਕੀ ਵੇਖਦੈ
ਕਿ ਅੰਬ ਦੇ ਇਕ ਸੰਘਣੇ ਰੁੱਖ ਹੇਠਾਂ
ਲੇਟੀ ਹੈ ਕੋਈ ਬੇਪਛਾਣ ਇਸਤਰੀ
ਜਿਸ ਦੇ ਨਾਜ਼ੁਕ ਬਦਨ 'ਤੇ ਹੈ ਪਸਰਿਆ
ਕੋਹੜ ਦਾ ਭੈੜਾ ਤੇ ਕੁਲੱਛਣਾ ਰੋਗ
ਤੇ ਜਿਸ ਦਾ ਸਾਰਾ ਬਦਨ ਲਬਾਲਬ ਹੈ
ਰੇਸ਼ਾ ਰਿਸਦੇ ਫੋੜਿਆਂ ਨਾਲ।
ਸ਼ਹਿਰ ਵਾਸੀਆਂ ਨੇ ਉਸ ਭੈੜੇ ਰੋਗ ਤੋਂ
ਆਪਣੀਆਂ ਦੇਹਾਂ ਦੀ ਰਾਖੀ ਖ਼ਾਤਿਰ
ਉਸ ਨੂੰ ਸੁੱਟ ਦਿੱਤਾ ਸੀ ਸ਼ਹਿਰੋਂ ਬਾਹਰ।
ਉਹ ਨੌਜਵਾਨ ਜੋਗੀ ਅਖ਼ੀਰ ਹੁਣ
ਨਿਮਰਤਾ ਸਹਿਤ ਆਣ ਬੈਠਿਆ ਸੀ
ਉਸ ਰੋਗਣ ਨਾਰ ਦੇ ਕੋਲ।
ਉਸ ਨੇ ਉੱਪਰ ਚੁੱਕਿਆ ਉਸ ਦਾ ਸਿਰ
ਤੇ ਰੱਖ ਲਿਆ ਸੀ ਆਪਣੀ ਗੋਦ 'ਚ।
ਉਸ ਨੇ ਉਸ ਰੋਗਣ ਦੇ ਸੁੱਕੇ ਬੁੱਲ੍ਹਾਂ ਨੂੰ
ਛੁਹਾਇਆ ਜਲ ਤੇ ਲਗਾ ਦਿੱਤੀ ਮਲ੍ਹਮ
ਉਸ ਦੇ ਕੋਹੜ ਭਰੇ ਬਦਨ 'ਤੇ।
"ਕੌਣ ਏਂ ਤੂੰ ਹੇ ਦਿਆਲੂ ਪੁਰਖ?"
ਬੜੇ ਹੀ ਵੇਦਨਾਮਈ ਸੁਰ 'ਚ
ਪੁੱਛਿਆ ਸੀ ਉਸ ਬੇਸਹਾਰਾ ਨਾਰ ਨੇ।
"ਮੈਂ ਆਖਿਆ ਸੀ ਤੈਨੂੰ ਮੁਟਿਆਰੇ
ਕਿ ਜਦੋਂ ਆਏਗਾ ਸਹੀ ਸਮਾਂ
ਮੈਂ ਆਪ ਚੱਲ ਕੇ ਆਵਾਂਗਾ ਤੇਰੇ ਕੋਲ
ਤੇ ਲੈ ਜ਼ਰਾ ਅੱਖ ਚੁੱਕ ਕੇ ਵੇਖ
ਹੁਣ ਆ ਗਿਐ ਉਹ ਸਹੀ ਸਮਾਂ
ਤੇ ਵੇਖ ਮੈਂ ਤੇਰੇ ਕੋਲ ਹਾਂ।"
ਮੁਸਕਰਾ ਕੇ ਬੋਲਿਆ ਸੀ ਉਹ ਸੋਹਣਾ ਜੋਗੀ।

**ਅਨੁਵਾਦਕ : ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**
ਮੋਬਾ: 97816-46008

# ਮੀਡੀਆ 'ਚ ਆਏ ਪਰਵਾਸ ਦੇ ਤਾਜ਼ਾ ਅੰਕੜੇ

**ਪ੍ਰੋ. ਕੁਲਬੀਰ ਸਿੰਘ**

ਤਾਜ਼ਾ ਖ਼ਬਰ ਹੈ ਕਿ ਸਾਲ 2024 ਦੌਰਾਨ 4300 ਅਮੀਰ ਲੋਕ ਭਾਰਤ ਛੱਡ ਕੇ ਹੋਰਨਾਂ ਦੇਸ਼ਾਂ ਵਿਚ ਵੱਸ ਜਾਣਗੇ। ਹਰੇਕ ਸਾਲ ਇਹ ਗਿਣਤੀ ਵਧਦੀ-ਘਟਦੀ ਰਹਿੰਦੀ ਹੈ। ਸਾਲ 2019 ਵਿਚ 7000 ਕਰੋੜ ਪਤੀਆਂ ਨੇ ਭਾਰਤ ਛੱਡਿਆ ਸੀ।

ਅੰਕੜੇ ਪੜ੍ਹਦੇ ਹੋਏ ਮੈਨੂੰ ਹੈਰਾਨੀ ਹੋਈ ਕਿ ਜਿਹੜੇ ਮੁਲਕਾਂ ਵਿਚ ਇਹ ਅਮੀਰ ਭਾਰਤੀ ਜਾ ਰਹੇ ਹਨ, ਉਥੋਂ ਦੇ ਅਮੀਰ ਲੋਕ ਅੱਗੇ ਹੋਰਨਾਂ ਮੁਲਕਾਂ ਵੱਲ ਜਾ ਰਹੇ ਹਨ। ਸਾਲ 2024 ਵਿਚ 9500 ਇੰਗਲੈਂਡ ਵਾਸੀ, 15200 ਚੀਨੀ, 1200 ਕੋਰੀਆਈ, 1000 ਰੂਸੀ ਆਪਣੇ ਦੇਸ਼ ਛੱਡ ਜਾਣਗੇ।

ਜਲੰਧਰ ਜਿਸ ਇਲਾਕੇ ਵਿਚ ਮੈਂ ਰਹਿੰਦਾ ਹਾਂ, ਉਸ ਦੇ ਰਸਤੇ ਵਿਚ ਲੰਮੇ ਸਮੇਂ ਤੋਂ ਇਕ ਸਰਮਾਏਦਾਰ ਪਰਵਾਰ ਰਹਿੰਦਾ ਸੀ। ਸ਼ਹਿਰ ਕੰਢੇ ਜੱਦੀ-ਪੁਸ਼ਤੀ ਕਈ ਕਿੱਲੇ ਜ਼ਮੀਨ ਸੀ, ਜਿਹੜੀ ਹੁਣ ਸ਼ਹਿਰ ਵਿਚ ਆ ਚੁੱਕੀ ਹੈ ਅਤੇ ਉਸ ਦੇ ਇਰਦ-ਗਿਰਦ ਪੌਸ਼ ਏਰੀਆ ਹੈ। ਸ਼ਹਿਰ ਵਿਚ ਵੱਡੇ-ਵੱਡੇ ਕਾਰੋਬਾਰ ਸਨ। ਇਕ ਦਿਨ ਪਤਾ ਲੱਗਾ ਕਿ ਉਹ ਸਾਰਾ ਕੁਝ ਵੇਚ-ਵੱਟ ਕੇ ਕੈਨੇਡਾ ਚਲੇ ਗਏ ਹਨ। ਮੈਂ ਅਕਸਰ ਸੋਚਦਾ ਹਾਂ ਕਿ ਜੇ ਅਜਿਹੇ ਲੋਕ ਵੀ ਸਾਰਾ ਕੁਝ ਛੱਡ ਛੜਾ ਕੇ ਵਿਦੇਸ਼ ਜਾ ਕੇ ਵੱਸਣ ਨੂੰ ਤਰਜੀਹ ਦੇ ਰਹੇ ਹਨ ਤਾਂ ਕੋਈ ਗੱਲ ਤਾਂ ਜ਼ਰੂਰ ਹੋਵੇਗੀ।

ਮੈਂ ਅਕਸਰ ਪਰਵਾਸ ਦੇ ਪਲੱਸ ਮਾਈਨਸ ਸੋਚਣ ਬੈਠ ਜਾਂਦਾ ਹਾਂ, ਪਰ ਕਿਸੇ ਨਤੀਜੇ 'ਤੇ ਨਹੀਂ ਪੁੱਜਾ। ਬਹੁਤ ਸਾਰਿਆਂ ਨੇ ਵਿਦੇਸ਼ਾਂ ਵਿਚ ਢੇਰ ਤਰੱਕੀਆਂ ਕੀਤੀਆਂ ਹਨ। ਕੁਝ ਇਸ ਨੂੰ ਮਿੱਠੀ ਜੇਲ੍ਹ ਆਖਦੇ ਹਨ। ਮੈਂ ਮੰਨਦਾ ਹਾਂ ਜੇ ਕੁਝ ਪ੍ਰਾਪਤ ਕਰਨਾ ਹੈ ਤਾਂ ਕੁਝ ਗਵਾਉਣਾ ਵੀ ਪੈਣਾ ਹੈ।

ਪੰਜਾਬ ਤੋਂ ਪਰਵਾਸ ਅਤੇ ਪੰਜਾਬ ਵੱਲ ਪਰਵਾਸ ਲਗਾਤਾਰ ਜਾਰੀ ਹੈ। ਸੋਸ਼ਲ ਮੀਡੀਆ ਅਤੇ ਆਲੇ-ਦੁਆਲੇ 'ਚੋਂ ਅਜਿਹੀਆਂ ਖ਼ਬਰਾਂ ਵੀ ਪੜ੍ਹਨ-ਸੁਣਨ ਨੂੰ ਮਿਲਦੀਆਂ ਹਨ ਕਿ ਲੰਮੇ ਸਮੇਂ ਤੋਂ ਵਿਦੇਸ਼ ਰਹਿੰਦੇ ਕੁਝ ਪਰਵਾਰ ਵਾਪਸ ਪੰਜਾਬ ਆ ਵੱਸੇ ਹਨ। ਇਸ ਦੇ ਕੁਝ ਨਿੱਜੀ ਕਾਰਨ ਹੁੰਦੇ ਹਨ ਅਤੇ ਕੁਝ ਸਾਂਝੇ। ਕਿਸੇ ਦਾ ਦਿਲ ਨਹੀਂ ਲਗਦਾ, ਕਿਸੇ ਨੂੰ ਆਪਣੀ ਧਰਤੀ, ਆਪਣੇ ਲੋਕਾਂ, ਆਪਣੇ ਘਰ-ਪਰਵਾਰ ਦਾ ਹੇਰਵਾ ਸਤਾਉਂਦਾ ਹੈ। ਕਿਸੇ ਦਾ ਮਨ ਅਜਨਬੀ ਮਾਹੌਲ, ਅਜਨਬੀ ਲੋਕਾਂ ਵਿਚ ਨਹੀਂ ਭਿੱਜਦਾ। ਕਿਸੇ ਨੂੰ ਚੱਜ ਦੀ ਨੌਕਰੀ ਨਹੀਂ ਮਿਲਦੀ, ਕਿਸੇ ਦਾ ਕੰਮਕਾਰ ਨਹੀਂ ਚੱਲਦਾ।

ਤਬਦੀਲੀ ਕੁਦਰਤ ਦਾ, ਜੀਵਨ ਦਾ ਨਿਯਮ ਹੈ। ਕੁਝ ਵੀ ਸਥਿਰ ਨਹੀਂ ਹੈ। ਹਰ ਪਲ ਸਭ ਕੁਝ ਬਦਲ ਰਿਹਾ ਹੈ। ਮਨੁੱਖੀ ਮਨ ਕਦੇ ਸੰਤੁਸ਼ਟ ਨਹੀਂ ਹੁੰਦਾ। ਮਨੁੱਖ ਜਿੱਥੇ ਹੈ, ਉਥੋਂ ਹੋਰ ਕਿਤੇ ਚਲਾ ਜਾਣਾ ਚਾਹੁੰਦਾ ਹੈ। ਕਾਰਨ ਜੁਦਾ-ਜੁਦਾ ਹੋ ਸਕਦੇ ਹਨ।

ਸਮਰਾਜ ਚੌਹਾਨ ਦਾ ਇਕ ਛੋਟਾ ਜਿਹਾ ਆਰਟੀਕਲ ਪੜ੍ਹ ਰਿਹਾ ਸਾਂ। ਲਿਖਿਆ ਸੀ ਦੁਨੀਆ ਵਿਚ ਹਰ ਚੀਜ਼ ਪਰਿਵਰਤਨਸ਼ੀਲ ਹੈ। ਬਦਲਾਅ ਤੋਂ ਇਲਾਵਾ ਕੁਝ ਵੀ ਸਥਾਈ ਨਹੀਂ ਹੈ। ਨਿਰੰਤਰਤਾ ਬਦਲਾਅ ਨਾਲ ਜੁੜੀ ਹੋਈ ਹੈ। ਬਦਲਾਅ ਨਾਲ ਹੀ ਵਿਕਾਸ ਅਤੇ ਵਿਕਾਸ ਨਾਲ ਹੀ ਲੋਕਾਂ ਦਾ ਜੀਵਨ ਬਿਹਤਰ ਹੁੰਦਾ ਹੈ। ਅਸੀਂ ਇਕ ਨਿਰੰਤਰ ਬਦਲਦੀ ਹੋਈ ਦੁਨੀਆ ਵਿਚ ਰਹਿ ਰਹੇ ਹਾਂ। ਮਨੁੱਖਾ ਜੀਵਨ ਵੀ ਇਸੇ ਬਦਲਾਅ ਦਾ ਹਿੱਸਾ ਹੈ। ਮਨੁੱਖ ਕਦੇ ਰੁਕਦਾ ਨਹੀਂ ਹੈ। ਸਦੀਆਂ ਪਹਿਲਾਂ ਕਿੱਥੋਂ ਚੱਲਿਆ ਸੀ, ਅੱਜ ਕਿੱਥੇ ਪੁੱਜ ਗਿਆ ਹੈ। ਸਮੇਂ ਅਤੇ ਹਾਲਾਤ ਅਨੁਸਾਰ ਸਾਨੂੰ ਬਦਲਣਾ ਚਾਹੀਦਾ ਹੈ। ਬਦਲਣਾ ਹੀ ਪੈਣਾ ਹੈ। ਨਦੀ ਦੇ ਵਹਾਅ ਵਾਂਗ। ਨਦੀ ਜਿਸ ਤਰ੍ਹਾਂ ਦੇ ਸਥਾਨ ਤੋਂ ਗੁਜ਼ਰਦੀ ਹੈ, ਉਵੇਂ ਦਾ ਆਚਰਣ ਧਾਰਨ ਕਰ ਲੈਂਦੀ ਹੈ। ਪਹਾੜਾਂ 'ਚੋਂ ਲੰਘਦੀ ਹੈ ਤਾਂ ਸ਼ੂਕਦੀ ਹੋਈ, ਮੈਦਾਨਾਂ 'ਚੋਂ ਗੁਜ਼ਰਦੀ ਹੈ ਤਾਂ ਸ਼ਾਂਤ ਜਿਹੀ, ਸਮੁੰਦਰ ਵਿਚ ਜਾ ਮਿਲਦੀ ਹੈ ਤਾਂ ਉਹਦਾ ਰੂਪ ਹੋ ਜਾਂਦੀ ਹੈ। ਜੀਵਨ ਵੀ ਇਸੇ ਤਰ੍ਹਾਂ ਹੈ।

ਅਖ਼ਬਾਰਾਂ ਵਿਚ ਪਰਵਾਸ ਬਾਰੇ ਲਗਾਤਾਰ ਲੇਖ ਪ੍ਰਕਾਸ਼ਿਤ ਹੋ ਰਹੇ ਹਨ। ਟੈਲੀਵਿਜ਼ਨ ਚੈਨਲਾਂ 'ਤੇ ਚਰਚਾ ਹੋ ਰਹੀ ਹੈ। ਪਰਵਾਸੀ ਪੰਜਾਬੀਆਂ ਨਾਲ ਲੰਮੀਆਂ ਇੰਟਰਵਿਊ ਪ੍ਰਸਾਰਿਤ ਹੋ ਰਹੀਆਂ ਹਨ।

ਦਰਅਸਲ ਹਾਲਾਤ ਪਹਿਲਾਂ ਵਾਲੇ ਨਹੀਂ ਰਹੇ, ਸਮਾਂ ਬਦਲ ਗਿਆ ਹੈ। ਮਹਿੰਗਾਈ ਬਹੁਤ ਵਧ ਗਈ ਹੈ। ਨੌਕਰੀ ਦੇ ਮੌਕੇ ਘਟ ਗਏ ਹਨ। ਮੈਰਿਟ ਵਾਲੇ, ਚੰਗੀਆਂ ਡਿਗਰੀਆਂ ਵਾਲੇ ਨੌਜਵਾਨਾਂ ਨੂੰ ਅੱਜ ਵੀ ਕੋਈ ਦਿੱਕਤ ਨਹੀਂ। ਮੁਸ਼ਕਲਾਂ ਪਹਿਲਾਂ ਵੀ ਸਨ, ਮੁਸ਼ਕਲਾਂ ਅੱਜ ਵੀ ਹਨ। ਸੋਸ਼ਲ ਮੀਡੀਆ ਕਾਰਨ ਅੱਜ ਗੱਲ ਝੱਟਪਟ ਸਭ ਤੱਕ ਪਹੁੰਚ ਜਾਂਦੀ ਹੈ। ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਵੀ ਬਦਲ ਰਹੀ ਸਥਿਤੀ ਦੇ ਮੱਦੇ-ਨਜ਼ਰ ਸਖ਼ਤ ਰੁਖ਼ ਅਪਣਾ ਰਹੀਆਂ ਹਨ।

ਬੀਤੇ ਦਿਨੀਂ ਕੈਨੇਡਾ ਵਿਖੇ ?ਵਿਸ਼ਵ-ਵਿਆਪੀ ਪਰਵਾਸ : ਕਾਰਨ ਅਤੇ ਚੁਣੌਤੀਆਂ ਵਿਸ਼ੇ 'ਤੇ ਚਰਚਾ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਸਪੱਸ਼ਟ ਕਿਹਾ ਗਿਆ ਕਿ ਪਹਿਲੀ ਪੀੜ੍ਹੀ ਖੁਦ ਵਿਦੇਸ਼ ਜਾਣ ਲਈ ਤਿਆਰ ਨਹੀਂ ਸੀ, ਪਰ ਹੁਣ ਆਪਣੇ ਬੱਚਿਆਂ ਨੂੰ ਧੜਾਧੜ ਵਿਦੇਸ਼ ਭੇਜ ਰਹੀ ਹੈ। ਵਿਦੇਸ਼ਾਂ ਵਿਚ ਸਥਾਪਤ ਹੋਣ ਲਈ ਹਮੇਸ਼ਾ ਸਰੀਰਕ, ਮਾਨਸਿਕ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਨਵੇਂ ਮਾਹੌਲ, ਨਵੀਂ ਸਮਾਜਿਕ ਬਣਤਰ ਵਿਚ ਘੁਲਣ-ਮਿਲਣ ਲਈ ਲੰਮਾ ਸੰਘਰਸ਼ ਕਰਨਾ ਪੈਂਦਾ ਹੈ। ਸਮਾਂ ਪਾ ਕੇ ਵਧੇਰੇ ਲੋਕ ਸਹਿਜ ਜੀਵਨ ਵਿਚ ਪ੍ਰਵੇਸ਼ ਕਰ ਜਾਂਦੇ ਹਨ।

ਮੋੜਵੇਂ ਪਰਵਾਸ ਦੀ ਗੱਲ ਚੱਲੀ ਤਾਂ ਮਾਹਿਰਾਂ ਅਤੇ ਵਿਦਵਾਨਾਂ ਦੀ ਰਾਏ ਸੀ ਕਿ ਇਹ ਕੋਈ ਕਲਪਨਾ ਹੀ ਕਹੀ ਜਾ ਸਕਦੀ ਹੈ। ਵਿਦੇਸ਼ਾਂ ਵਿਚ ਪੀ ਆਰ ਲੈਣ ਬਾਅਦ ਵਾਪਸ ਭਾਰਤ ਆਉਣ ਵਾਲਿਆਂ ਦਾ ਅੰਕੜਾ ਨਾਮਾਤਰ ਹੈ।

# ਸੱਚ ਦਿਖਾ ਗਿਆ ਪਿੰਡ ਆਲ਼ਾ ਸਕੂਲ

**ਰਜਵਿੰਦਰ ਪਾਲ ਸ਼ਰਮਾ**

ਪਰਵਾਰ ਬੱਚੇ ਦਾ ਪਹਿਲਾ ਸਕੂਲ ਅਤੇ ਮਾਂ ਬੱਚੇ ਦੀ ਪਹਿਲੀ ਅਧਿਆਪਕਾ ਹੁੰਦੀ ਹੈ।ਬੱਚਾ ਸਕੂਲ ਦੇ ਨਾਲ-ਨਾਲ ਨੈਤਿਕ ਕਦਰਾਂ-ਕੀਮਤਾਂ ਅਤੇ ਰੀਤੀ-ਰਿਵਾਜਾਂ ਨਾਲ਼ ਪਰਵਾਰ ਵਿੱਚ ਵੀ ਵਾਕਿਫ਼ ਹੁੰਦਾ ਹੈ। ਪਰਵਾਰ ਵਿੱਚ ਮਿਲ ਰਹੀ ਸਿੱਖਿਆ ਗੈਰ ਰਸਮੀ ਹੁੰਦੀ ਹੈ, ਜਦਕਿ ਸਕੂਲ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪ੍ਰਦਾਨ ਕੀਤੀ ਜਾਂਦੀ ਸਿੱਖਿਆ ਰਸਮੀ ਸ਼੍ਰੇਣੀ ਵਿੱਚ ਆਉਂਦੀ ਹੈ।ਰਸਮੀ ਸਿੱਖਿਆ ਵਿੱਚ ਸਾਨੂੰ ਆਪਣੀ ਪੜ੍ਹਾਈ ਅਤੇ ਕੋਰਸ ਪੂਰਾ ਕਰਨ ਉਪਰੰਤ ਸਰਟੀਫਿਕੇਟ ਦਿੱਤਾ ਜਾਂਦਾ ਹੈ, ਜਿਸ ਦੀ ਮਦਦ ਨਾਲ ਅਸੀਂ ਨੌਕਰੀ ਕਰਨ ਅਤੇ ਸਿੱਖਿਅਤ ਕਹਾਉਣ ਦੇ ਕਾਬਿਲ ਬਣਦੇ ਹਾਂ।

ਬੱਚੇ ਦੀ ਮੁੱਢਲੀ ਸਿੱਖਿਆ ਪਿੰਡ ਵਿੱਚ ਹੀ ਜਾਂ ਆਪਣੇ ਘਰ ਦੇ ਆਲੇ ਦੁਆਲੇ ਕਿਸੇ ਨੇੜੇ ਦੇ ਸਕੂਲ ਵਿੱਚ ਹੀ ਕਰਵਾਈ ਜਾਂਦੀ ਹੈ। ਪੁਰਾਣੇ ਸਮੇਂ ਵਿੱਚ ਹਰ ਇੱਕ ਪਿੰਡ ਵਿੱਚ ਸਕੂਲ ਨਹੀਂ ਹੁੰਦਾ ਸੀ, ਬੱਚਿਆਂ ਨੂੰ ਪੜ੍ਹਨ ਲਈ ਦੂਜੇ ਪਿੰਡ ਜਾਣਾ ਪੈਂਦਾ ਸੀ ਪ੍ਰੰਤੂ ਅੱਜ ਸਰਕਾਰੀ ਦੇ ਨਾਲ-ਨਾਲ ਸਾਡੇ ਆਲੇ-ਦੁਆਲੇ ਚਾਹੇ ਧੜਾਧੜ ਸਿੱਖਿਆ ਨੂੰ ਵਪਾਰ ਸਮਝਣ ਵਾਲੀਆਂ ਦੁਕਾਨਾਂ ਦੇ ਰੂਪ ਵਿੱਚ ਪ੍ਰਾਈਵੇਟ ਸਕੂਲ ਖੁੱਲ੍ਹ ਰਹੇ ਹੋਣ ਪਰ ਅੱਜ ਵੀ ਬਹੁਤੇ ਘਰਾਂ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹ ਕੇ ਆਪਣੇ ਸੁਪਨਿਆਂ ਦੀ ਉਡਾਣ ਭਰ ਰਹੇ ਹਨ। ਅਜਿਹਾ ਹੀ ਦਿਖਾਇਆ ਗਿਆ ਹੈ ਤਿੰਨ ਮਈ ਨੂੰ ਸਿਨੇਮਾ ਅਤੇ ਚਾਰ ਜੁਲਾਈ ਨੂੰ ਓ ਟੀ ਟੀ ਦੇ ਚੌਪਾਲ ਪਲੇਟਫਾਰਮ 'ਤੇ ਰਿਲੀਜ਼ ਹੋਈ ਫ਼ਿਲਮ ਪਿੰਡ ਆਲ਼ਾ ਸਕੂਲ ਵਿੱਚ।

ਫ਼ਿਲਮ ਦੀ ਕਹਾਣੀ ਸ਼ੁਰੂ ਹੁੰਦੀ ਹੈ ਬਲਵਿੰਦਰ ਸਿੰਘ ਤੋਂ, ਜਿਸ ਦਾ ਕਿਰਦਾਰ ਪ੍ਰੀਤ ਹਰਪਾਲ ਨੇ ਨਿਭਾਇਆ ਹੈ, ਦੀ ਫਤਿਹਗੜ੍ਹ ਸਾਹਿਬ ਦੇ ਨਾਨੋਵਾਲ ਪ੍ਰਾਇਮਰੀ ਸਕੂਲ ਵਿੱਚ ਇੱਕ ਅਧਿਆਪਕ ਵਜੋਂ ਨਵੀਂ ਭਰਤੀ ਹੋਈ ਹੁੰਦੀ ਹੈ।ਸਕੂਲ ਵਿੱਚ ਪੜ੍ਹਾ ਰਹੇ ਸੇਵਾਦਾਰ ਅਤੇ ਸਰਪੰਚ ਦੀਆਂ ਖੜ੍ਹੀਆਂ ਮੱਝਾਂ ਨੂੰ ਦੇਖ ਕੇ ਉਸ ਨੂੰ ਇਹ ਪੂਰਾ ਵਿਸ਼ਵਾਸ ਹੋ ਜਾਂਦਾ ਹੈ ਕਿ ਸਕੂਲ ਵਿੱਚ ਪੜ੍ਹਾਈ ਦੇ ਨਾਂਅ 'ਤੇ ਖ਼ਾਨਾਪੂਰਤੀ ਕੀਤੀ ਜਾ ਰਹੀ ਅਤੇ ਸਕੂਲ ਦੀ ਬਿਲਡਿੰਗ ਅਤੇ ਬੱਚਿਆਂ ਨੂੰ ਮਿਲਣ ਵਾਲੇ ਮਿੱਡ ਡੇ ਮੀਲ ਨੂੰ ਸਰਪੰਚ ਆਪਣੀ ਨਿੱਜੀ ਜਾਇਦਾਦ ਸਮਝਦਾ ਹੋਇਆ ਲਗਾਤਾਰ ਉਸ ਦੀ ਘਰੇਲੂ ਵਰਤੋਂ ਕਰਦਾ ਆ ਰਿਹਾ ਹੈ।

ਇਹ ਸਾਰਾ ਕੁੱਝ ਪਿੰਡ ਵਿੱਚ ਹੁੰਦਾ ਦੇਖ ਕੇ ਬਲਵਿੰਦਰ ਸਿੰਘ ਸਰਪੰਚ ਦੀ ਸ਼ਿਕਾਇਤ ਬਲਾਕ ਸਿੱਖਿਆ ਅਫ਼ਸਰ ਨੂੰ ਕਰਦਾ ਹੈ, ਜਿਸ ਦਾ ਕਿਰਦਾਰ ਹਰਸਿਮਰਨ ਓਬਰਾਏ ਨੇ ਨਿਭਾਇਆ ਹੈ। ਦੋਵੇਂ ਸਰਪੰਚ ਨੂੰ ਮਿਲ ਕੇ ਚਿਤਾਵਨੀ ਦਿੰਦੇ ਹਨ ਅਤੇ ਸਕੂਲ ਦੇ ਕੰਮਾਂ ਵਿੱਚ ਦਖ਼ਲ-ਅੰਦਾਜ਼ੀ ਕਰਨ ਤੋਂ ਵਰਜਦੇ ਹਨ।

ਸਰਪੰਚ ਦੇ ਨਾਲ-ਨਾਲ ਪਿੰਡ ਦੇ ਲੋਕਾਂ ਦਾ ਘੱਟ ਪੜ੍ਹੇ-ਲਿਖੇ ਹੋਣ ਕਰਕੇ ਸਾਰਿਆਂ ਦੀ ਸੋਚ ਇਹੀ ਬਣ ਚੁੱਕੀ ਹੁੰਦੀ ਹੈ ਕਿ ਜ਼ਿੰਦਗੀ ਵਿੱਚ ਕਾਮਯਾਬ ਅਤੇ ਵੱਡੇ ਅਫ਼ਸਰ ਬਣਨ ਲਈ ਮਹਿੰਗੇ ਸਕੂਲਾਂ ਵਿੱਚ ਪੜ੍ਹਨਾ ਜ਼ਰੂਰੀ ਹੈ। ਸਰਪੰਚ ਪਿੰਡ ਦੇ ਸਕੂਲ ਨੂੰ ਬੰਦ ਕਰਵਾਉਣ ਲਈ ਪਿੰਡ ਦੇ ਲੋਕਾਂ ਨੂੰ ਉਹਨਾਂ ਦੇ ਬੱਚਿਆਂ ਦੀ ਪ੍ਰਾਈਵੇਟ ਸਕੂਲ ਵਿੱਚ ਮੁਫ਼ਤ ਪੜ੍ਹਾਈ ਲਈ ਲਾਲਚ ਦਿੰਦਾ ਹੈ ਪ੍ਰੰਤੂ ਸਰਪੰਚ ਅਤੇ ਪ੍ਰਾਈਵੇਟ ਸਕੂਲ ਨੂੰ ਉਸ ਸਮੇਂ ਝਟਕਾ ਲੱਗਦਾ ਹੈ ਜਦੋਂ ਪ੍ਰਾਈਵੇਟ ਸਕੂਲ ਵਿੱਚ ਪੜ੍ਹਨ ਵਾਲਾ ਸਰਪੰਚ ਦਾ ਪੋਤਾ ਤਾਂ ਫੇਲ੍ਹ ਹੋ ਜਾਂਦਾ ਹੈ, ਜਦਕਿ ਸਰਕਾਰੀ ਸਕੂਲ ਵਿੱਚ ਪੜ੍ਹਨ ਵਾਲੇ ਬੱਚੇ ਰਾਜ ਅਤੇ ਜ਼ਿਲ੍ਹਿਆਂ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਦੇ ਹਨ।

ਫ਼ਿਲਮ ਵਿੱਚ ਇਹ ਬਾਖ਼ੂਬੀ ਦਿਖਾਈ ਗਿਆ ਹੈ ਕਿ ਸਰਕਾਰੀ ਸਕੂਲ ਵੀ ਕਿਸੇ ਗੱਲੋਂ ਘੱਟ ਨਹੀਂ। ਸਰਕਾਰੀ ਸਕੂਲਾਂ ਵਿੱਚ ਪੜ੍ਹ ਕੇ ਵੀ ਅਫ਼ਸਰ ਬਣਿਆ ਜਾ ਸਕਦਾ ਹੈ।ਲੋੜ ਹੈ ਸਾਨੂੰ ਸਾਰਿਆਂ ਨੂੰ ਆਪਣੀ ਸੋਚ ਬਦਲਣ ਦੀ। ਸਰਕਾਰਾਂ ਨੂੰ ਵੀ ਅਧਿਆਪਕਾਂ ਤੋਂ ਜਨਗਣਨਾ, ਵੋਟਾਂ ਅਤੇ ਕਲਰਕੀ ਵਰਗੇ ਹੋਰ ਕੰਮਾਂ ਵਿੱਚ ਨਾ ਲਾ ਕੇ ਕੇਵਲ ਪੜ੍ਹਾਈ ਦਾ ਕੰਮ ਲੈਣਾ ਚਾਹੀਦਾ ਹੈ ਤਾਂ ਜੋ ਅਧਿਆਪਕ ਆਪਣੀ ਪੂਰੀ ਤਾਕਤ ਇਹਨਾਂ ਬੱਚਿਆਂ ਦੇ ਭਵਿੱਖ ਨੂੰ ਸੰਵਾਰਨ ਲਈ ਲਗਾ ਦੇਣ।

ਫਤਿਹ ਦੁਆਰਾ ਡਾਇਰੈਕਟ, ਸਟੋਰੀ ਅਤੇ ਸਕ੍ਰੀਨ ਪਲੇਅ ਤਾਜ ਅਤੇ ਤਜਿੰਦਰ ਸਿੰਘ ਦੁਆਰਾ ਪਰਡਿਊਜ਼ ਕੀਤੀ ਇਸ ਫ਼ਿਲਮ ਵਿੱਚ ਪ੍ਰੀਤ ਹਰਪਾਲ ਦੇ ਨਾਲ-ਨਾਲ ਮਲਕੀਤ ਰੌਣੀ, ਨਿਰਮਲ ਰਿਸ਼ੀ, ਸੰਜੂ ਸੋਲੰਕੀ, ਰਣਦੀਪ ਭੰਗੂ ਅਤੇ ਸਤਵੀਰ ਕੌਰ ਨੇ ਆਪਣੀ ਅਦਾਕਾਰੀ ਰਾਹੀਂ ਫ਼ਿਲਮ ਦੀ ਕਹਾਣੀ ਨੂੰ ਚਾਰ ਚੰਨ ਲਾਏ ਹਨ।

ਫ਼ਿਲਮ ਜਿਥੇ ਸਰਕਾਰੀ ਸਕੂਲਾਂ ਵਿੱਚ ਆ ਰਹੇ ਬਦਲਾਅ ਨੂੰ ਲੋਕਾਂ ਤੱਕ ਪਹੁੰਚਾਉਣ ਵਿੱਚ ਸਫ਼ਲ ਹੋਈ ਹੈ, ਉਥੇ ਚੰਗੀ ਪੜ੍ਹਾਈ ਦੇ ਨਾਂਅ 'ਤੇ ਪ੍ਰਾਈਵੇਟ ਸਕੂਲਾਂ ਦੁਆਰਾ ਮਾਪਿਆਂ ਦੀ ਕੀਤੀ ਜਾ ਰਹੀ ਲੁੱਟ 'ਤੇ ਵੀ ਵਿਅੰਗ ਕੱਸਦੀ ਦਿਖਾਈ ਦਿੰਦੀ ਹੈ। ਫ਼ਿਲਮ ਦੇਖਣ ਅਤੇ ਸਵਾਗਤਯੋਗ ਹੈ।ਇਸ ਫ਼ਿਲਮ ਦੇ ਨਾਲ਼ ਭਵਿੱਖ ਵਿੱਚ ਵੀ ਸਿੱਖਿਆ ਵਰਗੇ ਗੰਭੀਰ ਵਿਸ਼ਿਆਂ 'ਤੇ ਚੋਟ ਕਰਦੀਆਂ ਅਜਿਹੀਆਂ ਫਿਲਮਾਂ ਦੇ ਨਿਰਮਾਣ ਦੀ ਆਸ ਬੱਝਦੀ ਹੈ।

ਮੋਬਾ. 70873-67969

# ਭਾਸ਼ਾ-ਵਹਿੰਦਾ ਦਰਿਆ

ਕਲਾ ਉਹੀ ਪਰਵਾਨ ਹੁੰਦੀ ਹੈ, ਜਿਸ ਨੂੰ ਆਮ ਲੋਕ ਪਰਵਾਨ ਕਰ ਲੈਣ। ਕਈ ਮਹੀਨੇ ਬੀਤ ਜਾਣ 'ਤੇ ਵੀ ਨਾਰੰਗਵਾਲ ਪਿੰਡ ਦੇ ਬੱਚੇ, ਬਜ਼ੁਰਗ ਤੇ ਨੌਜਵਾਨ ਇਸ ਨਾਟਕ ਦੀਆਂ ਗੱਲਾਂ ਕਰਦੇ ਸੁਣੀਂਦੇ ਹਨ। ਮੈਂ ਗੱਲ ਕਰ ਰਹੀ ਹਾਂ 'ਸਿਰਜਣਾ ਆਰਟ ਗਰੁੱਪ' ਰਾਏਕੋਟ ਦੇ ਉੱਘੇ ਨਾਟਕਕਾਰ ਡਾ. ਸੋਮਪਾਲ ਹੀਰਾ ਦੀ ਅਦਾਕਾਰੀ ਵਾਲੇ ਇੱਕ ਪਾਤਰੀ ਨਾਟਕ 'ਭਾਸ਼ਾ ਵਹਿੰਦਾ ਦਰਿਆ' ਦੀ ਜੋ ਕਿ ਆਪਣੇ ਸਿਰਲੇਖ ਦੀ ਤਰ੍ਹਾਂ ਹੀ ਇੱਕ ਰਵਾਨਗੀ ਭਰਪੂਰ ਨਾਟਕ ਹੈ, ਜਿਸ ਵਿੱਚ ਅਦਾਕਾਰ ਦਾ ਸੰਵਾਦ ਦਰਸ਼ਕ ਦੇ ਮਨ ਨੂੰ ਆਪਣੇ ਨਾਲ-ਨਾਲ ਇੱਕ ਦਰਿਆ ਦੇ ਵਹਿਣ ਵਾਂਗ ਵਹਾਅ ਕੇ ਲੈ ਜਾਂਦਾ ਹੈ। ਇਹ ਨਾਟਕ 4 ਮਈ 2024 ਨੂੰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪਬਲਿਕ ਲਾਇਬ੍ਰੇਰੀ ਨਾਰੰਗਵਾਲ (ਲੁਧਿਆਣਾ) ਦੇ ਮੰਚ 'ਤੇ ਕਰਵਾਇਆ ਗਿਆ, ਜਿਸ ਦਾ ਮਕਸਦ ਵਿਦਿਆਰਥੀਆਂ ਨੂੰ ਮਾਂ ਬੋਲੀ ਨਾਲ ਜੁੜੇ ਰਹਿਣ ਦਾ ਸੰਦੇਸ਼ ਦੇਣਾ ਸੀ। ਸਕੂਲ ਤੇ ਕਾਲਜ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਤੋਂ ਇਲਾਵਾ ਮਹਿਮਾਨ ਸਾਹਿਤਕਾਰਾਂ ਤੇ ਪਿੰਡ ਦੇ ਲੋਕਾਂ ਨੇ ਇਸ ਨਾਟਕ ਵਿੱਚ ਉਤਸ਼ਾਹ-ਪੂਰਵਕ ਸ਼ਮੂਲੀਅਤ ਕੀਤੀ। ਪੂਰਾ ਨਾਟਕ ਸੁਰਜੀਤ ਪਾਤਰ ਦੀਆਂ ਮਾਂ ਬੋਲੀ ਨਾਲ ਸੰਬੰਧਤ ਕਾਵਿ ਰਚਨਾਵਾਂ 'ਤੇ ਅਧਾਰਤ ਹੈ। ਇਸ ਦੇ ਸੈੱਟ ਵਿੱਚ ਵਰਤੇ ਗਏ ਅਲੰਕਾਰਾਂ ਵਿੱਚੋਂ ਆਪਣੇ ਦੇਸ਼ ਪੰਜਾਬ ਦੀ ਆਬੋ ਹਵਾ ਦੀ ਮਹਿਕ ਆਉਂਦੀ ਹੈ। ਜਿਵੇਂ ਕਿ ਪੰਜ ਦਰਿਆ ਦੇ ਪ੍ਰਤੀਕ ਪਾਣੀ ਦੇ ਭਰੇ ਹੋਏ ਗੋਲਾਕਾਰ ਬਰਤਨ, ਔਰਤ ਦੀ ਆਬਰੂ ਦਾ ਪ੍ਰਤੀਕ ਲਾਲ ਦੁਪੱਟਾ, ਵਿਚਕਾਰ ਵੱਡ ਆਕਾਰੀ ਦਰਖ਼ਤ ਜਿਸ ਵਿੱਚੋਂ ਪੱਤਿਆਂ ਦੇ ਰੂਪ ਵਿੱਚ 35 ਅੱਖਰ ਲਟਕ ਰਹੇ ਹੁੰਦੇ ਹਨ, ਖੱਬੇ ਹੱਥ ਇੱਕ ਕਿਤਾਬਘਰ ਵਿੱਚ ਸਜੀਆਂ ਪੰਜਾਬੀ ਸਾਹਿਤ ਦੀਆਂ ਅਨਮੋਲ ਕਿਤਾਬਾਂ, ਸੱਜੇ ਹੱਥ ਇੱਕ ਮੇਜ਼ 'ਤੇ ਕਾਹਨ ਸਿੰਘ ਨਾਭਾ ਦਾ ਮਹਾਨ ਕੋਸ਼, ਪਿੱਛੇ ਪਰਦੇ 'ਤੇ ਸੂਫ਼ੀ ਸੰਤਾਂ ਤੇ ਅਦੀਬਾਂ ਦੀਆਂ ਤਸਵੀਰਾਂ ਵਾਲਾ ਇੱਕ ਬੈਨਰ। ਇਹ ਨਾਟਕ 1947 ਦੀ ਵੰਡ ਤੋਂ ਬਾਅਦ ਪੰਜ ਦਰਿਆਵਾਂ ਦੇ ਰੁਦਨ ਤੋਂ ਆਰੰਭ ਹੋ ਕੇ ਇੱਧਰ ਯਮਲੇ ਜੱਟ ਦੀ ਤੂੰਬੀ ਤੇ ਉੱਧਰ ਆਲਮ ਲੁਹਾਰ ਦੇ ਚਿਮਟੇ ਦੀ ਬਾਤ ਪਾਉਂਦਿਆਂ ਤੇ ਫਿਰ ਅਜੋਕੇ ਸਮਾਜ ਵਿੱਚ ਵਿਦੇਸ਼ੀ ਭਾਸ਼ਾ ਬੋਲਦੇ ਸਕੂਲੀ ਬੱਚਿਆਂ ਤੇ ਧੜਾਧੜ ਹੋ ਰਹੇ ਪਰਵਾਸ ਦਾ ਉਲਾਂਭਾ ਪ੍ਰਸ਼ਾਸਨ ਨੂੰ ਦਿੰਦਿਆਂ ਇੱਕ ਸਾਕਾਰਾਤਮਕ ਸਿਖ਼ਰ ਨੂੰ ਛੋਹ ਜਾਂਦਾ ਹੈ।

ਅੱਖਰਾਂ, ਰਿਜ਼ਕ ਅਤੇ ਅਕਾਂਖਿਆ ਦਾ ਰਿਸ਼ਤਾ ਬਿਆਨਦਾ ਇਹ ਦ੍ਰਿਸ਼ ਪੰਜਾਬ ਦੀ ਧਰਤੀ ਦਾ ਮੌਜੂਦਾ ਮੰਜ਼ਰ ਬਿਆਨ ਕਰਦਾ ਹੈ ਕਿ ਜਿੱਥੇ ਇੱਕ ਪਾਸੇ ਰੋਜ਼ੀ-ਰੋਟੀ ਲਈ ਪੰਜਾਬ ਆਏ ਨੰਦ ਕਿਸ਼ੋਰ ਦੀ ਬੇਟੀ ਮਾਧੁਰੀ ਇਕ ਸਰਕਾਰੀ ਸਕੂਲ ਵਿੱਚ ਬੈਠੀ ਆਪਣੇ ਹੱਥ ਵਿੱਚ ਪੋਚੀ ਹੋਈ ਫੱਟੀ 'ਤੇ ਊੜਾ-ਐੜਾ ਲਿਖ਼ ਰਹੀ ਹੈ ਤੇ ਦੂਜੇ ਪਾਸੇ ਅੱਛਰ ਸਿੰਘ ਦੇ ਪੋਤਰੇ ਲੁਧਿਆਣੇ ਦੇ ਕੌਨਵੈਂਟ ਸਕੂਲ ਵਿਚ ਏ ਬੀ ਸੀ ਡੀ ਸਿੱਖ ਰਹੇ ਹਨ।

ਇਸ ਨਾਟਕ ਦੀ ਖ਼ਾਸੀਅਤ ਇੱਥੇ ਹੈ ਕਿ ਇਹਦੇ ਵਿੱਚ ਕੇਵਲ ਭਾਵਨਾਤਮਕ ਪੱਧਰ ਦਾ ਮਨੋਰੰਜਨ ਹੀ ਨਹੀਂ ਹੈ, ਸਗੋਂ ਭਾਸ਼ਾ ਨਾਲ ਸੰਬੰਧਤ ਕਈ ਜ਼ਰੂਰੀ ਨੁਕਤਿਆਂ ਨੂੰ ਇੱਕ ਭਾਵੁਕ ਕਵੀ ਤੇ ਇੱਕ ਸੁਝਵਾਨ ਭਾਸ਼ਾ ਵਿਗਿਆਨੀ ਦੇ ਆਪਸੀ ਵਿਵਾਦ ਰਾਹੀਂ ਉਘਾੜਿਆ ਗਿਆ ਹੈ। ਇਸ ਦੇ ਕੁਝ ਵਾਰਤਾਲਾਪ ਬੜੇ ਹੀ ਸੰਜੀਦਾ ਤੇ ਦਿਲਚਸਪ ਹਨ।

45 ਮਿੰਟ ਦੇ ਇਸ ਵਾਰਤਾਲਾਪ ਨੂੰ ਬਿਨਾਂ ਦੇਖੇ ਬਿਨਾਂ ਰੁਕੇ ਰਵਾਨਗੀ ਵਿੱਚ ਬੋਲਦੇ ਜਾਣ ਪਿੱਛੇ ਸੋਮਪਾਲ ਹੀਰਾ ਦੀ ਕੀਤੀ ਹੋਈ ਮਿਹਨਤ ਝਲਕਦੀ ਹੈ। ਨਾਟਕ ਦੇ ਅੰਤ ਵਿੱਚ ਜਦ ਨਾਟਕਕਾਰ ਸਾਹਮਣੇ ਬੈਠੇ ਸੂਝਵਾਨ ਦਰਸ਼ਕਾਂ ਦੇ ਹੱਥ ਵਿੱਚ ਗਿਆਨ ਦੀਆਂ ਪ੍ਰਤੀਕ ਮੋਮਬੱਤੀਆਂ ਜਗਾ ਕੇ ਫੜਾਉਂਦਾ ਹੈ ਤਾਂ ਨਾਟਕ ਦਾ ਸੰਦੇਸ਼ ਪੂਰਾ ਹੋ ਗਿਆ ਮਹਿਸੂਸ ਹੁੰਦਾ ਹੈ ਤੇ ਦਰਸ਼ਕ ਮਾਂ ਬੋਲੀ ਪ੍ਰਤੀ ਜ਼ਿੰਮੇਵਾਰੀ ਲੈ ਕੇ ਆਪਣੇ ਘਰ ਵੱਲ ਨੂੰ ਜਾਂਦਾ ਹੈ।

ਅੱਖਰਾਂ ਵਿੱਚ ਸਮੁੰਦਰ ਰੱਖਾਂ ਮੈਂ
ਇਕਬਾਲ ਪੰਜਾਬੀ ਦਾ
ਝੱਖੜਾਂ ਦੇ ਵਿੱਚ ਰੱਖ ਦਿੱਤਾ ਹੈ ਦੀਵਾ
ਬਾਲ ਪੰਜਾਬੀ ਦਾ
ਜਿਹੜੇ ਆਖਣ ਵਿੱਚ ਪੰਜਾਬੀ
ਵੁਸਅਤ ਨਹੀਂ ਤਹਿਜ਼ੀਬ ਨਹੀਂ
ਪੜ੍ਹ ਕੇ ਵੇਖਣ ਵਾਰਸ ਬੁੱਲ੍ਹਾ ਬਾਹੂ
ਲਾਲ ਪੰਜਾਬੀ ਦਾ

(ਬਾਬਾ ਨਜ਼ਮੀ)

**-ਪੇਸ਼ਕਸ਼-ਡਾ. ਮਨਦੀਪ ਕੌਰ ਰਾਏ**

ਸਫ਼ਾ 2 ਦੀ ਬਾਕੀ

## ਘਰਾਂ 'ਚ ਕੰਮ ਕਰਦੇ ਮਜ਼ਦੂਰਾਂ ਦੇ ਹਾਲਾਤ...

ਪੱਖੇ ਤੇ ਫਰਿੱਜ ਆਦਿ ਮੌਜੂਦ ਹਨ। ਉਹ ਹੁਣ ਆਪਣੀ ਸਾਫ ਸਫਾਈ ਪ੍ਰਤੀ ਵੀ ਸੁਚੇਤ ਹਨ। ਇਹ ਨਿਸ਼ਚਿਤ ਹੈ ਕਿ ਜਿੱਥੋਂ ਤੱਕ ਸੰਭਵ ਹੋ ਸਕਿਆ, ਉਹ ਆਪਣੇ ਬੱਚਿਆਂ ਖਾਸ ਕਰਕੇ ਕੁੜੀਆਂ ਨੂੰ ਇਸ ਕੰਮ ਵਿੱਚ ਨਹੀਂ ਲਗਾਉਣਾ ਚਾਹੁੰਦੀਆਂ, ਪਰ ਇਸ ਸਾਰੇ ਕੁਝ ਵਿੱਚ ਇੱਕ ਔਰਤ ਹੋਣ ਦੇ ਨਾਤੇ ਉਹ ਆਪਣੇ ਆਪ ਉਪਰ ਅਨੇਕਾਂ ਦੁੱਖ-ਤਕਲੀਫਾਂ ਦੇ ਭਾਰ ਦੀ ਪੰਡ ਚੁੱਕੀ ਫਿਰਦੀਆਂ ਹਨ। ਸ਼ਰਾਬੀ-ਕਬਾਬੀ ਪਤੀਆਂ ਤੋਂ ਰੋਜ਼ ਦਿਹਾੜੀ ਕੁੱਟਮਾਰ ਵੀ ਖਾਂਦੀਆਂ ਹਨ, ਕੀਤੀ ਗਈ ਕਮਾਈ ਬਾਰੇ ਤਾਅਨੇ-ਮਿਹਣੇ ਵੀ ਸੁਣਦੀਆਂ ਹਨ, ਸਮੇਂ ਸਿਰ ਕੰਮ 'ਤੇ ਪਹੁੰਚਣ ਲਈ ਆਪਣੇ ਘਰ ਦੇ ਕੰਮ ਨੂੰ ਬਹੁਤੀ ਵਾਰ ਨਜ਼ਰ-ਅੰਦਾਜ਼ ਵੀ ਕਰਦੀਆਂ ਹਨ, ਪਰ ਫਿਰ ਵੀ ਬੱਚਿਆਂ ਦੀ ਖਾਤਰ ਤੁਰੀਆਂ ਫਿਰਦੀਆਂ ਹਨ। ਅਸਲ ਵਿੱਚ ਮੇਡ/ਘਰੇਲੂ ਵਰਕਰਾਂ ਦੇ ਇਹੋ ਜਿਹੇ ਹਾਲਾਤ ਦਾ ਮੁੱਖ ਕਾਰਨ ਉਹਨਾਂ ਦਾ ਅਸੰਗਠਿਤ ਖੇਤਰ ਵਿੱਚ ਹੋਣਾ ਹੈ, ਜਿੱਥੇ ਇਨ੍ਹਾਂ ਦੀ ਕਿਸੇ ਮਾਪਦੰਡ ਤਹਿਤ ਕੋਈ ਗਿਣਤੀ ਨਹੀਂ, ਇਹਨਾਂ ਦੇ ਕੰਮ ਪ੍ਰਤੀ ਕੋਈ ਰਜਿਸਟਰੇਸ਼ਨ ਆਦਿ ਨਹੀਂ ਹੁੰਦੀ ਤੇ ਨਾ ਹੀ ਇਹਨਾਂ ਦੀ ਕੋਈ ਟਰੇਡ ਯੂਨੀਅਨ ਹੈ। ਇਸ ਲਈ ਇਹਨਾਂ ਦੇ ਕੰਮ ਦੇ ਘੰਟੇ, ਉਜਰਤ ਅਤੇ ਹੋਰ ਸੁੱਖ-ਸਹੂਲਤਾਂ ਪ੍ਰਤੀ ਕੁਝ ਵੀ ਸਾਡੇ ਦੇਸ਼ ਵਿੱਚ ਨਿਸ਼ਚਿਤ ਨਹੀਂ ਹੈ।

ਹੁਣ ਕਿਉਂਕਿ ਇਹ ਸਾਡੇ ਸਮਾਜ ਦਾ ਅਨਿੱਖੜਵਾਂ ਅੰਗ ਬਣ ਚੁੱਕੇ ਹਨ, ਇਸ ਲਈ ਇਹਨਾਂ ਦੇ ਹਾਲਾਤ ਵਿੱਚ ਸੁਧਾਰ ਕਰਨ ਲਈ ਸਰਕਾਰੀ, ਗੈਰ ਸਰਕਾਰੀ ਸੰਸਥਾਵਾਂ, ਸੰਗਠਨਾਂ ਦੁਆਰਾ ਠੋਸ ਕਦਮ ਚੁੱਕੇ ਜਾਣੇ ਚਾਹੀਦੇ ਹਨ। ਭਾਵੇਂ ਭਾਰਤ ਨੇ 2004 ਵਿੱਚ ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਦੁਆਰਾ ਸੁਝਾਏ ਲੇਬਰ ਕਾਨੂੰਨਾਂ ਦੀ ਧਾਰਾ, ਸੀ-189 ਨੂੰ ਮੰਨ ਲਿਆ ਗਿਆ ਸੀ, ਪਰ ਇਨ੍ਹਾਂ ਡੋਮੈਸਟਿਕ ਵਰਕਰਾਂ ਬਾਰੇ ਇਸ ਵਿੱਚ ਕੋਈ ਵੀ ਜ਼ਿਕਰ ਨਹੀਂ ਕੀਤਾ ਗਿਆ, ਨਾ ਹੀ ਇਹਨਾਂ ਨੂੰ ਕਾਮਗਰ ਦੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ। ਭਾਵੇਂ ਘਰੇਲੂ ਆਰਥਿਕਤਾ ਵਿੱਚ ਇਹਨਾਂ ਦੀ ਪੂਰਨ ਹਿੱਸੇਦਾਰੀ ਹੈ। ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਦੁਆਰਾ ਬਾਕੀ ਮਜ਼ਦੂਰਾਂ/ਕਰਮਚਾਰੀਆਂ/ਕਾਮਗਰਾਂ ਪ੍ਰਤੀ ਨਿਰਧਾਰਤ ਕਾਨੂੰਨਾਂ ਵਾਂਗ ਇਹਨਾਂ ਨੂੰ ਵੀ ਵਰਕਰਾਂ ਦੀ ਸ਼੍ਰੇਣੀ ਵਿੱਚ ਰੱਖਦੇ ਹੋਏ ਘੱਟੋ-ਘੱਟ ਉਜਰਤਾਂ, ਕੰਮ ਦੇ ਘੰਟੇ, ਛੁੱਟੀਆਂ, ਸਿਹਤ ਜਾਂ ਮੈਡੀਕਲ ਭੱਤਾ ਆਦਿ ਨਿਸ਼ਚਿਤ ਕੀਤਾ ਜਾਣਾ ਚਾਹੀਦਾ ਹੈ।

ਮੰਗ ਅਤੇ ਪੂਰਤੀ ਵਿੱਚ ਸੰਤੁਲਨ ਰੱਖਣ ਵਾਸਤੇ ਕੰਮ ਕਰਨ ਵਾਲੀਆਂ ਏਜੰਸੀਆਂ ਅਤੇ ਏਜੰਟਾਂ ਦੀ ਵੀ ਸਹੀ ਢੰਗ ਨਾਲ ਰਜਿਸਟਰੇਸ਼ਨ ਹੋਣੀ ਚਾਹੀਦੀ ਹੈ। ਆਪਣੇ ਜਮਹੂਰੀ ਹੱਕਾਂ ਪ੍ਰਤੀ ਸੁਚੇਤ ਔਰਤਾਂ ਅਤੇ ਔਰਤ ਜਥੇਬੰਦੀਆਂ ਨੂੰ ਚਾਹੀਦਾ ਹੈ ਕਿ ਉਹ ਸਮਾਜ ਦੇ ਇਸ ਅਣਗੌਲੇ ਸੈਕਸ਼ਨ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਵਾਸਤੇ ਲਾਮਬੰਦ ਕਰਨ ਤਾਂ ਕਿ ਉਨ੍ਹਾਂ ਦੇ ਜੀਵਨ ਢੰਗ ਵਿੱਚ ਵੀ ਸੁਧਾਰ ਹੋ ਸਕੇ। ਵਿਅਕਤੀ ਹੱਥੋਂ ਵਿਅਕਤੀ ਦੀ ਲੁੱਟ-ਖਸੁੱਟ ਖਤਮ ਕਰਦੇ ਹੋਏ ਸੁਚਾਰੂ ਤੇ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਕਰਨਾ ਹੀ ਸਮੇਂ ਦੀ ਜ਼ਰੂਰਤ ਹੈ।

ਸਫ਼ਾ 2 ਦੀ ਬਾਕੀ

## ਬਾਬਾਣੀਆ ਕਹਾਣੀਆਂ ਪੁੱਤ ਸਪੁਤ ਕਰੇਨਿ ॥...

ਅੰਬਾਨੀ-ਅਡਾਨੀ ਸ਼ਬਦ ਵਰਤਿਆ ਜਾਂਦਾ ਹੈ, ਉਦੋਂ ਬਿਰਲੇ ਟਾਟੇ ਕਿਹਾ ਜਾਂਦਾ ਸੀ। ਕਮਿਊਨਿਸਟ ਉਦੋਂ ਵੀ ਕਹਿੰਦੇ ਹੁੰਦੇ ਸਨ ਕਿ ਆਮ ਲੋਕਾਂ ਦੀ ਕਮਾਈ ਬਿਰਲੇ ਟਾਟੇ ਲੁੱਟ ਕੇ ਲੈ ਜਾਂਦੇ ਹਨ ਅਤੇ ਵੱਡੇ ਸਾਮਰਾਜੀ ਦੇਸ਼ਾਂ ਦੀਆਂ ਕੰਪਨੀਆਂ ਲੋਕਾਂ ਦਾ ਲਹੂ ਪੀਂਦੀਆਂ ਹਨ, ਪਰ ਆਮ ਲੋਕ ਕਿਹਾ ਕਰਨ ਕਿ ਕਾਮਰੇਡ ਤਾਂ ਰੂਸ-ਅਮਰੀਕਾ ਤੋਂ ਘੱਟ ਗੱਲ ਹੀ ਨਹੀਂ ਕਰਦੇ। ਹੁਣ ਉਹ ਸਾਰੀਆਂ ਗੱਲਾਂ ਸਪੱਸ਼ਟ ਹੋ ਗਈਆਂ ਹਨ ਕਿ ਇਹ ਕਾਰਪੋਰੇਟ ਘਰਾਣੇ ਹੀ ਰਾਜਭਾਗ ਦੇ ਅਸਲੀ ਮਾਲਕ ਹਨ ਅਤੇ ਇਹਨਾਂ ਖਿਲਾਫ ਲੜਾਈ ਲੜੇ ਬਿਨਾਂ ਕਿਰਤੀ ਬੰਦੇ ਦੀ ਜੂਨ ਨਹੀਂ ਸੁਧਰਨੀ।

ਪੈਪਸੂ ਮੁਜ਼ਾਰਾ ਲਹਿਰ ਵੇਲੇ ਬਾਪੂ 19-20 ਸਾਲ ਦਾ ਸੀ। ਸਾਡੇ ਪਿੰਡ ਵਿੱਚ ਬਾਬਾ ਅਰਜਨ ਸਿੰਘ ਭਦੌੜ ਅਤੇ ਹਰਨਾਮ ਸਿੰਘ ਪਾੜ੍ਹੇ ਹੁਰਾਂ ਨੇ ਪੈਪਸੂ ਮੁਜ਼ਾਰਾ ਲਹਿਰ ਦੀ ਅਗਵਾਈ ਕੀਤੀ। ਉਦੋਂ ਸਾਰੀ ਜ਼ਮੀਨ ਸਰਦਾਰਾਂ ਦੇ ਨਾਂਅ ਹੁੰਦੀ ਸੀ ਅਤੇ ਉਹ ਤੀਜਾ ਹਿੱਸਾ ਬਟਾਈ ਲੈਂਦੇ ਸਨ। ਕਿਸਾਨਾਂ ਨੇ ਇਸ ਖਿਲਾਫ ਲੜਾਈ ਲੜੀ। ਭਦੌੜ ਵਿੱਚ ਵੀ ਕਾਫੀ ਝੜਪਾਂ ਹੋਈਆਂ। ਲੋਕਾਂ ਨੇ ਸਰਦਾਰਾਂ ਦੇ ਮੁਖਤਿਆਰ ਕੁੱਟ ਕੇ ਖੂਹਾਂ ਵਿੱਚ ਸੁੱਟ ਦਿੱਤੇ। ਇਸ ਬਦਅਮਨੀ ਖਿਲਾਫ ਥਾਣੇਦਾਰ ਭਦੌੜ ਆਇਆ। ਉਦੋਂ ਸਿਪਾਹੀਆਂ ਦੇ ਵੱਡੀਆਂ ਨਿੱਕਰਾਂ ਹੁੰਦੀਆਂ ਸਨ ਤੇ ਹੱਥਾਂ ਵਿੱਚ ਡੰਡੇ। ਠਾਣੇਦਾਰ ਘੋੜੀ 'ਤੇ ਚੜ੍ਹ ਕੇ ਜਾਂਦਾ ਅਤੇ ਸਿਪਾਹੀ ਉਸ ਦੇ ਨਾਲ-ਨਾਲ ਤੁਰਦੇ ਜਾਂ ਭੱਜਦੇ। ਜਦੋਂ ਪੁਲਸ ਦਾ ਕਾਫਲਾ ਸਾਡੇ ਪਿੰਡ ਆਇਆ ਤਾਂ ਮੇਰੇ ਮਿੱਤਰ ਰਾਮ ਕ੍ਰਿਸ਼ਨ ਦੀ ਭੂਆ ਨੇ ਥਾਣੇਦਾਰ ਦੀ ਘੋੜੀ ਦੇ ਡਾਂਗ ਮਾਰੀ। ਘੋੜੀ ਥਾਣੇਦਾਰ ਨੂੰ ਲੈ ਕੇ ਭੱਜ ਗਈ। ਪੁਲਸ ਵਾਲੇ ਆਪਣੇ ਸਾਹਿਬ ਨੂੰ ਬਚਾਉਣ ਲਈ ਮਗਰ ਭੱਜੇ। ਇਸ ਤਰ੍ਹਾਂ ਥਾਣੇਦਾਰ ਦਾ ਦੌਰਾ ਖਤਮ ਹੋ ਗਿਆ।

ਇੱਕ ਵਾਰੀ ਜਦੋਂ ਬਾਪੂ ਬਾਬਾ ਅਰਜਨ ਸਿੰਘ ਭਦੌੜ ਨਾਲ ਕਿਸੇ ਗੁਪਤ ਮੀਟਿੰਗ ਤੋਂ ਪਰਤ ਰਿਹਾ ਸੀ ਤਾਂ ਦੋਵਾਂ ਕੋਲ ਜੁੱਤੀ ਦਾ ਇੱਕ ਹੀ ਜੋੜਾ ਸੀ। ਜੇਠ ਹਾੜ੍ਹ ਦੀ ਰੁੱਤ ਸੀ। ਟਿੱਬਿਆਂ ਦਾ ਰੇਤਾ ਭੱਠ ਵਾਂਗੂੰ ਤਪਦਾ ਸੀ। ਦੋਵਾਂ ਨੇ ਇੱਕ-ਇੱਕ ਪੈਰ ਵਿੱਚ ਜੁੱਤੀ ਪਾਈ ਤੇ ਦੂਜੇ ਪੈਰ ਨੂੰ ਅੱਕਾਂ ਦੇ ਪੱਤੇ ਬੰਨ੍ਹ ਲਏ। ਦਰੱਖਤ ਦੀ ਛਾਂ ਥੱਲੇ ਖੜ੍ਹ ਜਾਂਦੇ, ਕੁਝ ਦਮ ਮਾਰਦੇ ਅਤੇ ਫਿਰ ਛੇਤੀ-ਛੇਤੀ ਭੱਜਦਿਆਂ ਵਾਂਗੂੰ ਦੂਜੇ ਦਰੱਖਤ ਦੀ ਛਾਂ ਥੱਲੇ ਪਹੁੰਚਦੇ।

ਇੰਨੀਆਂ ਘਾਲਣਾਵਾਂ ਘਾਲ ਕੇ, ਪੈਪਸੂ ਮੁਜ਼ਾਰਾ ਲਹਿਰ ਦੇ ਇਤਿਹਾਸਕ ਘੋਲ ਰਾਹੀਂ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕੀ ਹੱਕ ਮਿਲੇ ਸਨ।

ਬਾਪੂ ਚਾਹੁੰਦਾ ਸੀ ਕਿ ਅਸੀਂ ਖੇਤੀ ਦੇ ਕੰਮ ਜੋਗੇ ਹੀ ਨਾ ਰਹਿ ਜਾਈਏ ਅਤੇ ਪੜ੍ਹ-ਲਿਖ ਕੇ ਨੌਕਰੀਆਂ 'ਤੇ ਲੱਗ ਜਾਈਏ। ਭਾਵੇਂ ਬਾਪੂ ਆਪ ਸਿਰਫ ਡੇਰੇ ਦੇ ਭਾਈ ਜੀ ਤੋਂ ਪੜ੍ਹਿਆ ਹੋਇਆ ਸੀ, ਪਰ ਉਹ ਕਿਤਾਬਾਂ ਅਤੇ ਕਿੱਸੇ ਵਗੈਰਾ ਆਮ ਪੜ੍ਹ ਲੈਂਦਾ ਸੀ ਅਤੇ ਪੜ੍ਹਾਈ ਦੀ ਮਹੱਤਤਾ ਤੋਂ ਚੰਗੀ ਤਰ੍ਹਾਂ ਜਾਣੂੰ ਸੀ।

1980 ਵਿੱਚ ਮੈਂ ਗੁਰੂ ਤੇਗ ਬਹਾਦਰ ਗੜ੍ਹ (ਰੋਡੇ ਲੰਡੇ) ਕਾਲਜ ਤੋਂ ਡਿਪਲੋਮਾ ਕਰਦਾ ਸੀ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਦਾ ਸੈਕਟਰੀ ਸੀ। ਬਾਪੂ ਮੇਰੀ ਪੜ੍ਹਾਈ ਦਾ ਪਤਾ ਕਰਨ ਕਾਲਜ ਦੇ ਪ੍ਰਿੰਸੀਪਲ ਕੋਲ ਚਲਿਆ ਗਿਆ। ਜਦੋਂ ਬਾਪੂ ਨੇ ਦੱਸਿਆ ਕਿ ਮੈਂ ਅੰਗਰੇਜ਼ ਦਾ ਬਾਪੂ ਹਾਂ ਤਾਂ ਪ੍ਰਿੰਸੀਪਲ ਨੂੰ ਮੌਕਾ ਮਿਲ ਗਿਆ। ਉਸ ਨੇ ਬਾਪੂ ਨੂੰ ਕਿਹਾ, 'ਤੁਹਾਡਾ ਮੁੰਡਾ ਤਾਂ ਵਿਗੜ ਗਿਆ। ਇਹ ਤਾਂ ਸਾਰੇ ਮੁੰਡਿਆਂ ਨੂੰ ਇਕੱਠੇ ਕਰਕੇ ਮੇਰੇ ਦਫਤਰ ਮੂਹਰੇ ਲੈ ਆਉਂਦੈ ਤੇ ਨਾਹਰੇ ਲਾਉਣ ਲੱਗ ਜਾਂਦੇ ਆ, ਦੁੱਕੀ ਤਿੱਕੀ ਚੱਕ ਦਿਆਂਗੇ, ਧੌਣ 'ਤੇ ਗੋਡਾ ਰੱਖ ਦਿਆਂਗੇ।'

ਪ੍ਰਿੰਸੀਪਲ ਸਾਹਿਬ ਕਹਿੰਦੇ, 'ਤੁਹਾਡਾ ਮੁੰਡਾ ਤਾਂ ਕਾਮਰੇਡਾਂ ਨਾਲ ਰਲ ਗਿਆ'

ਬਾਪੂ ਕਹਿੰਦਾ, 'ਮੈਂ ਤਾਂ ਆਪ ਕਾਮਰੇਡ ਆਂ। ਕਾਮਰੇਡਾਂ ਦਾ ਮੁੰਡਾ ਤਾਂ ਕਾਮਰੇਡ ਈ ਬਣੂੰਗਾ'

ਮਗਰੋਂ ਪ੍ਰਿੰਸੀਪਲ ਸਾਹਿਬ ਕਿਸੇ ਪ੍ਰੋਫੈਸਰ ਨੂੰ ਕਹਿੰਦੇ ਸੀ, 'ਕੀ ਕਰੀਏ ਜੀ? ਮਾਂ ਪਿਓ ਵੀ ਅਣਪੜ੍ਹ ਆ। ਉਹ ਵੀ ਕੁਛ ਨੀ ਸਮਝਾਉਂਦੇ ਇਹਨਾਂ ਨੂੰ।'

ਇੱਕ ਵਾਰੀ ਬਾਪੂ ਮੇਰੇ ਕੋਲ ਲਹਿਰਾ ਮੁਹੱਬਤ ਥਰਮਲ ਵਿੱਚ ਆਇਆ ਹੋਇਆ ਸੀ। ਮੇਰਾ ਅਫਸਰ ਜੋ ਕਿ ਬਾਪੂ ਦੀ ਉਮਰ ਦਾ ਹੀ ਸੀ, ਉਹਨਾਂ ਨੂੰ ਮਿਲਣ ਆ ਗਿਆ। ਜਦੋਂ ਉਸ ਨੇ ਸੁੱਖ-ਸਾਂਦ ਪੁੱਛੀ ਤਾਂ ਬਾਪੂ ਨੇ ਉਸ ਨੂੰ ਬੜੀ ਪਤੇ ਦੀ ਗੱਲ ਸੁਣਾਈ। ਬਾਪੂ ਨੇ ਕਿਹਾ, 'ਮੇਰੇ ਤੋਂ ਵੱਧ ਖੁਸ਼ ਹੋਰ ਕੋਈ ਨੀਂ, ਮੇਰੇ ਚਾਰ ਪੁੱਤ ਆ, ਚਾਰ ਨੂੰਹਾਂ, ਚਾਰ ਪੋਤੇ, ਚਾਰ ਪੋਤੀਆਂ ਤੇ ਚਾਰ ਹੀ ਇਹਨਾਂ ਕੋਲ ਗੱਡੀਆਂ।' ਮੈਂ ਵੀ ਇਹ ਸੁਣ ਕੇ ਬੜਾ ਹੈਰਾਨ ਹੋਇਆ, ਕਿਉਂਕਿ ਇਸ ਤਰ੍ਹਾਂ ਦੀ ਗਿਣਤੀ-ਮਿਣਤੀ ਤਾਂ ਕਦੇ ਕੀਤੀ ਹੀ ਨਹੀਂ ਸੀ।

ਬਾਪੂ ਬੜਾ ਸ਼ਾਂਤ ਸੁਭਾਅ ਅਤੇ ਲੋਭ-ਲਾਲਚ ਤੋਂ ਦੂਰ ਰਹਿਣ ਵਾਲਾ ਇਨਸਾਨ ਸੀ। ਉਸ ਦਾ ਤਕੀਆ ਕਲਾਮ ਸੀ, 'ਬੰਦੇ ਦੀ ਜੂਨ ਸੁਖਾਲੀ ਹੋਣੀ ਚਾਹੀਦੀ ਆ। ਬਾਹਲ਼ੇ ਪੈਸੇ ਕੀ ਕਰਨੇ ਆਂ?'

ਮੈਥੋਂ ਛੋਟਾ ਅਮਰਜੀਤ ਜੀਤਾ ਕਈ ਵਾਰ ਬਾਪੂ ਦੀ ਜੇਬ ਵਿੱਚ ਪੈਸੇ ਪਾ ਦਿੰਦਾ ਕਿ ਬਾਪੂ ਤੂੰ ਇਹ ਪੈਸੇ ਅੱਜ ਟੂਰਨਾਮੈਂਟ 'ਤੇ ਵੰਡ ਦੇਣੇ ਹਨ ਜਾਂ ਤੂੰ ਇਹ ਪੈਸੇ ਖਰਚਣ ਵਾਸਤੇ ਰੱਖਲਾ, ਪਰ ਬਾਪੂ ਨੇ ਕਹਿਣਾ, 'ਮੈਂ ਕੀ ਕਰਨੇ ਆਂ, ਜਦੋਂ ਮੈਨੂੰ ਲੋੜ ਹੋਈ, ਮੈਂ ਮੰਗ ਲੂੰਗਾ।'

ਲੱਗਭੱਗ 73 ਸਾਲ ਦੀ ਉਮਰ ਵਿੱਚ ਬਾਪੂ 06 ਜੁਲਾਈ 2003 ਨੂੰ ਆਪਣਾ ਸਫਰ ਪੂਰਾ ਕਰ ਗਿਆ। ਉਸ ਦੀ ਮੌਤ 'ਤੇ ਅਸੀਂ ਕੁੱਝ ਰਸਮਾਂ ਤੋੜਨ ਦੀਆਂ ਕੋਸ਼ਿਸ਼ਾਂ ਕੀਤੀਆਂ, ਕੁੱਝ ਤੋੜੀਆਂ ਵੀ, ਪਰ ਕੁੱਝ ਨਿਭਾਉਣੀਆਂ ਵੀ ਪਈਆਂ। ਜਿਵੇਂ ਅਸੀਂ ਉਸ ਦੇ ਫੁੱਲ ਕੀਰਤਪੁਰ ਸਾਹਿਬ ਪਾਉਣ ਦੀ ਥਾਂ ਸ਼ਹਿਣੇ ਵਾਲੀ ਨਹਿਰ ਵਿੱਚ ਪਾ ਕੇ ਆਏ।

ਬਾਪੂ ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਕਹਿਣ ਦਾ ਜੇਰਾ ਰੱਖਦਾ ਸੀ। ਸਰਕਾਰਾਂ ਦੇ ਖਿਲਾਫ ਟਰੱਕਾਂ ਵਿੱਚ ਚੜ੍ਹ ਕੇ ਧਰਨੇ-ਮੁਜ਼ਾਹਰਿਆਂ 'ਤੇ ਜਾਂਦਾ ਸੀ। ਉਸ ਦੇ ਇਹੋ ਜਿਹੇ ਸੰਸਕਾਰਾਂ ਵਿੱਚੋਂ ਕੁੱਝ ਸਾਨੂੰ ਵੀ ਮਿਲੇ ਹਨ। ਇਸੇ ਕਰਕੇ ਸਾਡਾ ਸਾਰਾ ਪਰਵਾਰ ਆਪਣੇ ਵਿੱਤ ਅਨੁਸਾਰ ਸਾਂਝੇ ਕੰਮਾਂ ਅਤੇ ਜਥੇਬੰਦਕ ਸੰਘਰਸ਼ਾਂ ਵਿੱਚ ਭਾਗ ਲੈਣ ਦੀ ਕੋਸ਼ਿਸ਼ ਕਰਦਾ ਹੈ।

ਉਸ ਦੀ 21ਵੀਂ ਬਰਸੀ 'ਤੇ ਸਾਡਾ ਸਾਰਾ ਪਰਵਾਰ ਉਸ ਨੂੰ ਪਿਆਰ ਅਤੇ ਸਤਿਕਾਰ ਨਾਲ ਯਾਦ ਕਰਕੇ ਉਸ ਦੀ ਯਾਦ ਵਿੱਚ ਸਿਰ ਝੁਕਾਉਂਦਾ ਹੈ।

*ਮੋਬਾ. 95017-54051*

# ਵਿਦੇਸ਼ ਉਡਾਰੀ




**ਜਗਤਾਰ ਸਿੰਘ ਭੁੰਗਰਨੀ**

ਪੰਜਾਬ ਦੀ ਧਰਤੀ, ਪੌਣ-ਪਾਣੀ, ਜਲ ਸ੍ਰੋਤ ਅਤੇ ਵਾਤਾਵਰਨ ਬੜੇ ਅਦਭੁੱਤ ਹਨ। ਇੱਥੋਂ ਦਾ ਅਮੀਰ ਵਿਰਸਾ ਦੁਨੀਆ ਲਈ ਹਮੇਸ਼ਾ ਖਿੱਚ ਦਾ ਕੇਂਦਰ ਬਣਿਆ ਰਿਹਾ ਹੈ। ਗੁਰੂਆਂ, ਪੀਰਾਂ-ਪੈਗੰਬਰਾਂ ਅਤੇ ਰਿਸ਼ੀਆਂ-ਮੁਨੀਆਂ ਦੇ ਆਸ਼ੀਰਵਾਦ ਦੇ ਵਰੋਸਾਏ ਪੰਜਾਬੀ ਨੌਜਵਾਨ ਜੋ ਅੱਜ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ। ਇਸ ਬਾਰੇ ਭਾਵੇਂ ਵੱਖ-ਵੱਖ ਲੇਖਕਾਂ, ਬੁੱਧੀਜੀਵੀਆਂ ਦੇ ਵੱਖ-ਵੱਖ ਵਿਚਾਰ ਸਾਹਮਣੇ ਆ ਰਹੇ ਹਨ, ਪਰ ਸਰਕਾਰ ਵੱਲੋਂ ਨਿੱਜੀਕਰਨ ਅਤੇ ਬੇਰੁਜ਼ਗਾਰੀ ਅਤੇ ਵਿਦਿਅਕ ਯੋਗਤਾ ਮੁਤਾਬਿਕ ਨੌਕਰੀ ਦਾ ਨਾ ਮਿਲਣਾ ਹੀ ਵਿਦੇਸ਼ਾਂ ਵੱਲ ਦੌੜ ਅਤੇ ਪੰਜਾਬ ਦੀ ਜਵਾਨੀ ਦਾ ਪੰਜਾਬ ਤੋਂ ਮੋਹ ਭੰਗ ਹੋਣਾ ਸਭ ਲਈ ਚਿੰਤਾ ਦਾ ਵਿਸ਼ਾ ਹੈ।

ਪੰਜਾਬ ਤੋਂ ਵਿਦੇਸ਼ਾਂ ਵਿਚ ਵਿਦਿਆਰਥੀ ਵੀਹਵੀਂ ਸਦੀ ਦੇ ਸ਼ੁਰੂ ਤੋਂ ਹੀ ਯੂਨੀਵਰਸਿਟੀਆਂ ਵਿਚ ਦਾਖ਼ਲੇ ਲੈ ਕੇ ਪੜ੍ਹਨ ਜਾ ਰਹੇ ਹਨ। ਗ਼ਦਰ ਲਹਿਰ ਦੇ ਮੋਢੀਆਂ ਵਿੱਚੋਂ ਕਰਤਾਰ ਸਿੰਘ ਸਰਾਭਾ ਨੇ ਅਮਰੀਕਾ ਦੀ ਕੈਲੀਫੋਰਨੀਆ ਯੂਨੀਵਰਸਿਟੀ, ਬਰਕਲੇ ਵਿਚ ਪੜ੍ਹਾਈ ਲਈ ਦਾਖਲਾ ਲਿਆ ਸੀ। ਉਸ ਸਮੇਂ ਭਾਰਤ ਬਰਤਾਨੀਆ ਦੀ ਕਾਲੋਨੀ ਸੀ ਅਤੇ ਵਿਦਿਆਰਥੀਆਂ ਨੂੰ ਆਪਣੇ ਖਰਚੇ ਦਾ ਪ੍ਰਬੰਧ ਆਪ ਕਰਨਾ ਪੈਂਦਾ ਸੀ। ਇਸ ਕਰਕੇ ਇਨ੍ਹਾਂ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਗਿਣਤੀ ਦੇ ਵਿਦਿਆਰਥੀ ਹੀ ਪਹੁੰਚ ਸਕਦੇ ਸਨ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਜਦੋਂ ਭਾਰਤ ਨੂੰ ਬਤੌਰ ਆਜ਼ਾਦ ਦੇਸ਼, ਬਰਤਾਨੀਆ ਨੇ ਕਾਮਨਵੈਲਥ ਦੇਸ਼ਾਂ ਦੇ ਸੰਗਠਨ ਵਿਚ ਸ਼ਾਮਲ ਕੀਤਾ ਤਾਂ ਭਾਰਤੀ ਮੂਲ ਦੇ ਵਿਦਿਆਰਥੀਆਂ ਵਾਸਤੇ ਕਾਮਨਵੈਲਥ ਵਜ਼ੀਫ਼ੇ ਕਾਇਮ ਕੀਤੇ ਗਏ।

ਅੱਜ-ਕੱਲ੍ਹ ਪੰਜਾਬ ਵਿੱਚ ਨੌਜਵਾਨਾਂ ਦੇ ਵਿਦੇਸ਼ਾਂ ਵਿੱਚ ਜਾਣ ਦੇ ਰੁਝਾਨ ਦੀ ਲਹਿਰ ਦੇਖਣ ਨੂੰ ਮਿਲ ਰਹੀ ਹੈ। ਭਾਵੇਂ ਇਸ ਰੁਝਾਨ ਨੇ ਪੰਜਾਬ ਵਿੱਚ ਵਿਆਪਕ ਅਸਰ ਦਿਖਾਏ ਹਨ, ਪਰ ਸਭ ਤੋਂ ਵੱਧ ਅਸਰ ਸਿੱਖਿਆ ਦੇ ਖੇਤਰ ਵਿੱਚ ਨਜ਼ਰ ਆਉਂਦਾ ਹੈ। ਵਿਦੇਸ਼ਾਂ ਵਿੱਚ ਜਾਣ ਦਾ ਚਾਅ ਪੰਜਾਬੀ ਮੁੰਡੇ-ਕੁੜੀਆਂ ਵਿੱਚ ਇੰਨਾ ਹੈ ਕਿ ਉਹ ਜ਼ਿੰਦਗੀ ਲਈ ਬਹੁਤ ਹੀ ਅਹਿਮ ਸਿੱਖਿਆ ਨੂੰ ਤਿਲਾਂਜਲੀ ਦੇਣ ਦੇ ਚੱਕਰ ਵਿੱਚ ਹਨ। ਪੰਜਾਬ ਦੇ ਪਿੰਡਾਂ ਵਿੱਚ ਇਕ ਗੱਲ ਸਾਫ਼ ਦਿਖਾਈ ਦਿੰਦੀ ਹੈ ਕਿ ਹਰ ਘਰ 'ਚੋਂ ਪੰਜਾਬੀ ਬੱਚੇ ਬਾਹਰ ਜਾਣ ਦੀ ਤਾਂਘ ਵਿੱਚ ਹਨ। ਉਨ੍ਹਾਂ ਦੇ ਮਾਪੇ ਵੀ ਬੱਚਿਆਂ ਨੂੰ ਬਾਹਰ ਭੇਜਣ ਲਈ ਹਰ ਹੀਲਾ ਅਪਨਾ ਕੇ ਭੇਜਣ ਲਈ ਉਤਾਵਲੇ ਹਨ। ਜਦੋਂ ਮਾਪਿਆਂ ਨਾਲ ਬੱਚਿਆਂ ਦੀ ਪੜ੍ਹਾਈ ਬਾਰੇ ਗੱਲ ਕਰੀਦੀ ਹੈ ਤਾਂ ਉਹ ਇਹੀ ਕਹਿੰਦੇ ਹਨ ਕਿ ਉਨ੍ਹਾਂ ਦੇ ਬੱਚੇ ਨੇ ਤਾਂ ਬਾਹਰ ਹੀ ਜਾਣਾ ਹੈ। ਉਹ ਆਪਣੇ ਬੱਚਿਆਂ ਦੀ ਉੱਚ ਪੜ੍ਹਾਈ ਦੀ ਗੱਲ ਨਹੀਂ ਕਰਦੇ, ਸਗੋਂ ਕਹਿੰਦੇ ਹਨ ਕਿ ਜਦੋਂ ਬਾਹਰ ਹੀ ਜਾਣਾ ਹੈ ਤਾਂ ਬਹੁਤੇ ਪੜ੍ਹਨ ਜਾਂ ਪੜ੍ਹਾਈ ਵਿੱਚ ਵੱਧ ਸਮਾਂ ਲਗਾਉਣ ਦਾ ਕੀ ਲਾਭ ਹੈ। ਉਹ ਇਹ ਦਲੀਲ ਵੀ ਦਿੰਦੇ ਹਨ ਕਿ ਪੜ੍ਹਾਈ ਕਰਨ ਲਈ ਬੱਚਾ ਸਟੱਡੀ ਵੀਜ਼ਾ ਲੈ ਕੇ ਬਾਹਰ ਚਲਾ ਜਾਵੇਗਾ।ਇਸ ਲਹਿਰ ਲਈ ਬਹੁਤ ਸਾਰੇ ਬੁੱਧੀਜੀਵੀ ਤਾਂ ਸਰਕਾਰਾਂ ਸਿਰ ਠੀਕਰਾ ਭੰਨਦਿਆਂ ਕਹਿੰਦੇ ਹਨ ਕਿ ਜਦੋਂ ਸਰਕਾਰਾਂ ਰੁਜ਼ਗਾਰ ਦੇਣ ਵਿੱਚ ਅਸਫ਼ਲ ਹੋਣ ਤਾਂ ਬੱਚਿਆਂ ਨੂੰ ਰੋਜ਼ੀ-ਰੋਟੀ ਲਈ ਬਾਹਰ ਹੀ ਜਾਣਾ ਪੈਣਾ ਹੈ। ਗਰੀਬ ਕਿਸਾਨ ਜਾਂ ਮਜ਼ਦੂਰ ਪਰਵਾਰ ਇਹ ਸੋਚ ਕੇ ਵੀ ਬੱਚਿਆਂ ਨੂੰ ਬਾਹਰ ਭੇਜ ਰਹੇ ਹਨ ਕਿ ਇੱਥੇ ਵਿਹਲੇ ਫਿਰਨ ਨਾਲੋਂ ਉਨ੍ਹਾਂ ਦੇ ਬੱਚੇ ਬਾਹਰ ਚੰਗੀ ਕਮਾਈ ਕਰ ਸਕਣਗੇ। ਕਈਆਂ ਨੂੰ ਡਾਲਰਾਂ ਦੀ ਚਮਕ-ਦਮਕ ਵੀ ਬੱਚੇ ਬਾਹਰ ਭੇਜਣ ਲਈ ਉਕਸਾਉਂਦੀ ਹੈ। ਉਹ ਇਸ ਗੱਲ ਤੋਂ ਸੱਚੇ ਵੀ ਹਨ ਕਿ ਇੱਥੇ ਡਿਗਰੀਆਂ ਪ੍ਰਾਪਤ ਕਰ ਕੇ ਜੇ ਵਿਹਲੇ ਹੀ ਫਿਰਨਾ ਹੈ ਤਾਂ ਬਾਹਰ ਜਾਣਾ ਹੀ ਚੰਗਾ ਹੈ।ਇਹੋ ਜਿਹੇ ਹਾਲਾਤ ਹਮੇਸ਼ਾ ਸਰਕਾਰਾਂ ਦੀਆ ਲੋਕ ਵਿਰੋਧੀ ਨੀਤੀਆਂ ਹੀ ਪੈਦਾ ਕਰਦੀਆਂ ਹਨ।

ਨਸ਼ਿਆਂ ਕਾਰਨ ਇੱਥੇ ਮਾਹੌਲ ਕਾਫ਼ੀ ਖ਼ਰਾਬ ਹੁੰਦਾ ਜਾ ਰਿਹਾ ਹੈ। ਰੋਜ਼ਾਨਾ ਲੜਾਈਆਂ, ਲੁੱਟਾਂ-ਖੋਹਾਂ ਅਤੇ ਮਾਰ-ਧਾੜ ਕਾਰਨ ਡਰ ਵਾਲਾ ਮਾਹੌਲ ਬਣਿਆ ਹੋਇਆ ਹੈ। ਦੂਜੇ ਪਾਸੇ ਦੇਸ਼ ਵਿੱਚ ਉੱਚ ਵਿੱਦਿਆ ਬਹੁਤ ਮਹਿੰਗੀ ਹੋ ਚੁੱਕੀ ਹੈ। ਕਾਲਜਾਂ ਦੀਆਂ ਫੀਸਾਂ ਇੰਨੀਆਂ ਹੋ ਚੁੱਕੀਆਂ ਹਨ ਕਿ ਗਰੀਬ ਮਾਪੇ ਆਪਣੇ ਬੱਚਿਆਂ ਨੂੰ ਕਾਲਜਾਂ ਜਾਂ ਯੂਨੀਵਰਸਿਟੀਆਂ ਵਿੱਚ ਨਹੀਂ ਪੜ੍ਹਾ ਸਕਦੇ। ਜੇ ਕੋਈ ਬੱਚਾ ਪੜ੍ਹਾਈ ਵਿੱਚ ਚੰਗਾ ਹੁਸ਼ਿਆਰ ਹੈ ਅਤੇ ਉਸ ਦੇ ਮਾਪੇ ਵੀ ਉਸ ਨੂੰ ਇੰਜੀਨੀਅਰ ਜਾਂ ਡਾਕਟਰ ਬਣਾਉਣਾ ਚਾਹੁੰਦੇ ਹਨ ਤਾਂ ਇੱਕ ਡਾਕਟਰ ਅਤੇ ਇੰਜੀਨੀਅਰ ਬਣਨ ਲਈ ਲੱਖਾਂ ਰੁਪਏ ਲਗਾਉਣ ਦੀ ਉਨ੍ਹਾਂ ਦੀ ਆਰਥਿਕ ਸਥਿਤੀ ਨਹੀਂ ਹੈ ਤਾਂ ਉਹ ਵੀ ਇਹ ਹੀ ਕਹਿ ਦਿੰਦੇ ਹਨ ਕਿ ਜੇ 20-25 ਲੱਖ ਰੁਪਿਆ ਲਗਾ ਕੇ ਬੱਚੇ ਨੂੰ ਡਾਕਟਰੀ ਕਰਵਾਉਣੀ ਹੈ ਤੇ ਨੌਕਰੀ ਕਿਤੇ ਮਿਲਣੀ ਨਹੀਂ ਤਾਂ ਕਿਉਂ ਨਾ ਉਸ ਨੂੰ ਏਨੇ ਪੈਸੇ ਲਗਾ ਕੇ ਬਾਹਰ ਹੀ ਸੈੱਟ ਕਰਵਾ ਦਿੱਤਾ ਜਾਵੇ? ਇਸ ਨਾਲ ਸਾਡੇ ਬੁੱਧੀਜੀਵੀ ਬੱਚੇ ਵੀ ਪੜ੍ਹਾਈ ਛੱਡ ਬਾਹਰ ਜਾ ਰਹੇ ਹਨ, ਜਿਸ ਨਾਲ ਦੇਸ਼ ਦਾ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ।

ਵੱਡੀ ਗਿਣਤੀ ਵਿਦਿਆਰਥੀਆਂ ਦੇ ਵਿਦੇਸ਼ ਜਾਣ ਨਾਲ ਪੰਜਾਬ ਦੇ ਅਰਥਚਾਰੇ, ਸਿੱਖਿਆ ਸੰਸਥਾਵਾਂ ਅਤੇ ਸਮਾਜਿਕ ਪ੍ਰਭਾਵ ਪੈ ਰਹੇ ਹਨ। ਪਿਛਲੇ ਸਮੇਂ ਪੰਜਾਬੀ ਦੇ ਇੱਕ ਬਹੁਤ ਨਾਮਵਰ ਅਖਬਾਰ ਵੱਲੋਂ ਚੰਡੀਗੜ੍ਹ ਸਥਿਤ ਕੈਨੇਡੀਅਨ ਕੌਂਸਲੇਟ ਦੇ ਹਵਾਲੇ ਨਾਲ ਪਿਛਲੇ ਤਿੰਨ ਸਾਲਾਂ ਦੇ ਪੜ੍ਹਾਈ ਵੀਜ਼ਿਆਂ ਬਾਰੇ ਅੰਕੜੇ ਜਾਰੀ ਕੀਤੇ ਸਨ। ਉਸ ਅਨੁਸਾਰ, 2020 ਵਿਚ ਵਿਦਿਆਰਥੀ ਵੀਜ਼ਿਆਂ ਦੀ ਗਿਣਤੀ 80,880 ਸੀ, ਜਿਹੜੀ 2021 ਵਿਚ ਵਧ ਕੇ 1,69,410 ਅਤੇ 2022 ਵਿਚ 2,26,095 ਹੋ ਗਈ। ਤਿੰਨ ਸਾਲਾਂ ਵਿਚ 167% ਸਿਰਫ਼ ਕੈਨੇਡਾ ਵਿਚ ਜਾਣ ਵਾਲੇ ਵਿਦਿਆਰਥੀਆਂ ਵਿਚ ਵਾਧਾ ਹੋਇਆ ਹੈ। ਇਹ ਵਿਦਿਆਰਥੀ ਮੁੱਖ ਤੌਰ 'ਤੇ ਪੰਜਾਬ ਅਤੇ ਹਰਿਆਣਾ ਤੋਂ ਹਨ। ਇਸ ਵਿਚ ਹੋਰ ਵਿਕਸਤ ਦੇਸ਼ਾਂ ਵਿਚ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਸ਼ਾਮਲ ਨਹੀਂ। ਇਸ ਬਾਰੇ ਵਿਸਥਾਰ ਨਾਲ ਜਾਣਕਾਰੀ ਕਿਸੇ ਵਿਦਵਾਨ ਜਾਂ ਸਰਕਾਰ ਨੇ ਇਕੱਠੀ ਨਹੀਂ ਕੀਤੀ ਹੈ। ਇਹ ਅਨੁਮਾਨ/ਅੰਦਾਜ਼ੇ ਆਮ ਹਨ ਕਿ ਲੱਖਾਂ ਦੀ ਗਿਣਤੀ ਵਿਚ ਵਿਦਿਆਰਥੀ ਵਿਦੇਸ਼ ਜਾ ਰਹੇ ਹਨ। ਜੇ ਮੰਨ ਲਿਆ ਜਾਵੇ ਕਿ ਹਰ ਸਾਲ ਇੱਕ ਲੱਖ ਵਿਦਿਆਰਥੀ ਪੰਜਾਬ ਤੋਂ ਵਿਦੇਸ਼ ਪੜ੍ਹਨ ਲਈ ਜਾ ਰਹੇ ਹਨ, ਤੇ ਔਸਤਨ ਹਰ ਵਿਦਿਆਰਥੀ 10 ਲੱਖ ਤੋਂ 15 ਲੱਖ ਰੁਪਏ ਆਪਣੇ ਨਾਲ ਫ਼ੀਸ ਅਤੇ ਖਰਚੇ ਵਾਸਤੇ ਲੈ ਕੇ ਜਾ ਰਿਹਾ ਹੈ ਤਾਂ ਸੂਬੇ ਵਿੱਚੋਂ 10,000 ਤੋਂ 15,000 ਕਰੋੜ ਰੁਪਏ ਦੇ ਬਰਾਬਰ ਹਰ ਸਾਲ ਸਰਮਾਇਆ ਵਿਦੇਸ਼ ਜਾ ਰਿਹਾ ਹੈ। ਅਸੀਂ ਇਕੱਲਾ ਪੈਸਾ/ਸਰਮਾਇਆ ਹੀ ਨਹੀਂ ਬਾਹਰ ਭੇਜ ਰਹੇ, ਸਗੋਂ ਇਨ੍ਹਾਂ ਬੱਚਿਆਂ ਦੇ ਰੂਪ ਵਿਚ ਬਹੁਕੀਮਤੀ ਮਨੁੱਖੀ ਸਰੋਤ ਬਰਾਮਦ ਕਰ ਰਹੇ ਹਾਂ। ਇਨ੍ਹਾਂ ਬੱਚਿਆਂ ਵਿਚ ਕਾਫ਼ੀ ਬੱਚੇ ਲਾਇਕ ਅਤੇ ਹੋਣਹਾਰ ਹਨ, ਜਿਨ੍ਹਾਂ ਦੇ ਬਾਹਰ ਜਾਣ ਨਾਲ ਪੰਜਾਬ ਭਾਰੀ ਨੁਕਸਾਨ ਉਠਾ ਰਿਹਾ ਹੈ। ਇਉਂ ਪੰਜਾਬ ਆਪਣੇ ਹੀ ਭਵਿੱਖ ਨਾਲ ਖਿਲਵਾੜ ਕਰ ਰਿਹਾ ਹੈ। ਇਨ੍ਹਾਂ ਵਿਚੋਂ ਕਾਫ਼ੀ ਗਿਣਤੀ ਵਿਚ ਡਾਕਟਰ, ਇੰਜੀਨੀਅਰ, ਅਧਿਆਪਕ, ਵਕੀਲ, ਜੱਜ, ਉਦਯੋਗਪਤੀ, ਸਾਹਿਤਕਾਰ, ਮੈਨੇਜਰ, ਅਫਸਰ, ਕਲਾਕਾਰ ਅਤੇ ਸਿਆਣੇ ਲੀਡਰ ਬਣਨ ਦੇ ਕਾਬਲ ਹਨ। ਇਸ ਨੁਕਸਾਨ ਨੂੰ ਰੁਪਇਆਂ ਵਿਚ ਮਾਪਿਆ ਨਹੀਂ ਜਾ ਸਕਦਾ। ਇਹ ਸਾਡਾ ਸਮਾਜਿਕ, ਸੱਭਿਆਚਾਰਕ, ਸਿਆਸੀ ਅਤੇ ਆਰਥਿਕ ਨੁਕਸਾਨ ਹੈ। ਇੰਨੀ ਵੱਡੀ ਗਿਣਤੀ ਵਿਚ ਵਿਦਿਆਰਥੀਆਂ ਦੇ ਵਿਦੇਸ਼ ਜਾਣ ਕਾਰਨ ਕਈ ਕਾਲਜਾਂ ਵਿਚ ਦਾਖਲਾ 15-40% ਤੱਕ ਘਟ ਗਿਆ ਹੈ। ਬੀ ਏ, ਬੀ ਐੱਸ ਸੀ, ਐੱਮ ਏ ਅਤੇ ਤਕਨਾਲੋਜੀ ਕੋਰਸਾਂ ਵਿਚ ਕਾਲਜਾਂ ਨੂੰ ਵਿਦਿਆਰਥੀ ਨਹੀਂ ਮਿਲ ਰਹੇ। ਛੋਟੇ ਸ਼ਹਿਰਾਂ, ਕਸਬਿਆਂ ਦੇ ਕਾਲਜ ਬੰਦ ਹੋਣ ਕਿਨਾਰੇ ਪੁੱਜ ਗਏ ਹਨ।



**ਤੱਤ-ਸਾਰ**

ਇੰਨੀ ਵੱਡੀ ਗਿਣਤੀ ਵਿਚ ਛੋਟੀ ਉਮਰੇ ਵਿਦਿਆਰਥੀਆਂ ਦਾ ਵਿਦੇਸ਼ ਜਾਣਾ ਬੱਚਿਆਂ ਵਾਸਤੇ ਮੁਸ਼ਕਲਾਂ ਪੈਦਾ ਕਰਦਾ ਹੈ। ਮਾਪਿਆਂ ਵਾਸਤੇ ਵੀ ਕਾਫ਼ੀ ਮਹਿੰਗਾ ਸੌਦਾ ਹੈ। ਕਈ ਵਾਰ ਇਹ ਉਨ੍ਹਾਂ ਦੀ ਸਾਰੀ ਉਮਰ ਦੀ ਕਮਾਈ ਅਤੇ ਜਾਇਦਾਦ ਨੂੰ ਵੀ ਖਾ ਜਾਣ ਦਾ ਸਬੱਬ ਬਣ ਜਾਂਦਾ ਹੈ। ਇਹ ਪੰਜਾਬ ਦੇ ਖਿੱਤੇ ਵਿੱਚੋਂ ਭੌਤਿਕ ਅਤੇ ਮਨੁੱਖੀ ਸਰਮਾਏ ਨੂੰ ਬਾਹਰ ਭੇਜ ਕੇ ਇੱਥੇ ਵਿਕਾਸ ਦੀ ਗਤੀ ਨੂੰ ਧੀਮਾ ਕਰਦਾ ਹੈ ਅਤੇ ਸੂਬੇ ਵਾਸਤੇ ਕਾਫ਼ੀ ਨੁਕਸਾਨ ਦਾ ਕਾਰਨ ਹੈ। ਇਸ ਵਰਤਾਰੇ ਨੂੰ ਸਮਝਣ ਦੀ ਜ਼ਰੂਰਤ ਹੈ। ਇਸ ਵਾਸਤੇ ਪੰਜਾਬ ਸਰਕਾਰ ਇਸ ਬਾਰੇ ਗੰਭੀਰਤਾ ਨਾਲ ਅਧਿਐਨ ਕਰਵਾ ਕੇ ਨੀਤੀਗਤ ਫ਼ੈਸਲੇ ਕਰੇ। ਇਸ ਕਿਸਮ ਦੇ ਪਰਵਾਸ ਦੇ ਕਾਰਨਾਂ ਦਾ ਪਤਾ ਲਗਾਉਣ ਬਾਅਦ ਇਸ ਵਰਤਾਰੇ ਦੀ ਰੋਕਥਾਮ ਲਈ ਢੁਕਵੇਂ ਕਦਮ ਚੁੱਕਣਾ ਅੱਜ ਸਮੇਂ ਦੀ ਲੋੜ ਹੈ। ਇਸ ਦਾ ਮਤਲਬ ਇਹ ਨਹੀਂ ਕਿ ਵਿਦਿਆਰਥੀਆਂ ਦਾ ਵਿਦੇਸ਼ ਪੜ੍ਹਨਾ ਬਿਲਕੁਲ ਬੰਦ ਕਰਨਾ ਹੈ। ਕੁਝ ਵਿਦਿਆਰਥੀ ਉਚੇਰੀ ਸਿੱਖਿਆ ਅਤੇ ਨਵੀਂ ਤਕਨੀਕ ਵਾਸਤੇ ਵਿਦੇਸ਼ ਵੀ ਪੜ੍ਹਨ ਚਾਹੀਦੇ ਹਨ, ਪਰ ਉਨ੍ਹਾਂ ਵਾਸਤੇ ਲੋੜੀਂਦੇ ਵਜ਼ੀਫਿਆਂ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ। ਕਿਸੇ ਸਮੇਂ ਪਹਿਲਾਂ ਵੀ ਸਰਕਾਰਾਂ ਯੂਨੀਵਰਸਿਟੀਆਂ, ਕਾਲਜਾਂ ਵਿੱਚੋਂ ਅੱਬਲ ਆਉਣ ਵਾਲੇ ਵਿਦਿਆਰਥੀਆਂ ਨੂੰ ਸਰਕਾਰੀ ਖ਼ਰਚੇ 'ਤੇ ਪੜ੍ਹਾਈ ਕਰਨ ਲਈ ਵਿਦੇਸ਼ ਭੇਜਦੀਆਂ ਸਨ।



ਪੰਜਾਬ ਦੇ ਵਿਦਿਅਕ ਢਾਂਚੇ ਵਿਚ ਸੁਧਾਰ ਕਰਕੇ ਵਿੱਦਿਆ ਦਾ ਮਿਆਰ ਸੁਧਾਰਨਾ ਅਤੇ ਪੜ੍ਹੇ-ਲਿਖੇ ਨੌਜਵਾਨਾਂ ਵਾਸਤੇ ਮਿਆਰੀ ਰੁਜ਼ਗਾਰ ਦਾ ਪ੍ਰਬੰਧ ਕਰਨਾ, ਸਿਵਲ ਤੇ ਪੁਲਸ ਪ੍ਰਸ਼ਾਸਨ ਸੁਧਾਰਨਾ ਤਾਂ ਕਿ ਲੋਕਾਂ ਦੀ ਜਾਨ-ਮਾਲ ਸੁਰੱਖਿਅਤ ਹੋਵੇ ਅਤੇ ਲੋਕ ਪੰਜਾਬ ਵਿਚ ਰਹਿਣ 'ਤੇ ਮਾਣ ਮਹਿਸੂਸ ਕਰਨ। ਇਸ ਤੋਂ ਇਲਾਵਾ ਸਿਹਤ ਸਹੂਲਤਾਂ ਦਾ ਪਸਾਰ ਅਤੇ ਮਿਆਰ ਠੀਕ ਕਰਨ ਨਾਲ ਮਨੁੱਖੀ ਸਰੋਤ ਤੇ ਭੌਤਿਕ ਸਰਮਾਏ ਦੇ ਵਿਕਾਸ ਨਾਲ ਸੂਬਾ ਖੁਸ਼ਹਾਲੀ ਵੱਲ ਵਧ ਸਕਦਾ ਹੈ। ਅੱਜ ਤੋਂ ਸਵਾ ਕੁ ਸੌ ਸਾਲ ਪਹਿਲਾਂ ਦੇਸ਼ ਅਜ਼ਾਦ ਹੋਣ ਤੋਂ ਪਹਿਲਾਂ ਅੰਗਰੇਜ਼ ਸਰਕਾਰ ਨੇ ਵੀ ਦੇਸ਼ ਨੂੰ ਗੁਲਾਮ ਰੱਖਣ ਲਈ ਖਾਸ ਕਰਕੇ ਪੰਜਾਬ ਵਿੱਚ ਕਿਸਾਨਾਂ, ਮਜ਼ਦੂਰਾਂ ਅਤੇ ਆਮ ਲੋਕਾਂ ਦੇ ਖਿਲਾਫ ਵਿਰੋਧੀ ਨੀਤੀਆਂ ਲਿਆ ਕੇ ਇਸ ਤਰ੍ਹਾਂ ਦੇ ਹਾਲਾਤ ਪੈਦਾ ਕੀਤੇ ਸਨ, ਜਿਸ ਦੇ ਕਾਰਨ ਪੰਜਾਬ 'ਚੋਂ ਵਿਦੇਸ਼ ਪ੍ਰਵਾਸ ਹੋਣਾ ਸ਼ੁਰੂ ਹੋਇਆ।ਜਦੋਂ ਅੰਗਰੇਜ਼ ਸਰਕਾਰ ਨੇ ਜ਼ਮੀਨਾਂ ਦੇ ਮਾਲਕੀ ਹੱਕ ਦੇਣ ਬਹਾਨੇ (ਅੱਜ ਦੀ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਵਾਲੇ ਤਿੰਨ ਕਾਲੇ ਕਾਨੂੰਨ) ਜਨਤਾ ਦੇ ਵਿਰੋਧੀ ਨੀਤੀਆਂ ਲਿਆਂਦੀਆਂ, ਜਿਸ ਨੇ ਕਿਸਾਨਾਂ ਨੂੰ ਜ਼ਮੀਨਾਂ ਸ਼ਾਹੂਕਾਰਾਂ ਕੋਲ ਵੇਚਣ ਲਈ ਮਜਬੂਰ ਕਰ ਦਿੱਤਾ, ਅੰਗਰੇਜ਼ ਰਾਜ ਪ੍ਰਬੰਧ ਅਤੇ ਅੰਗਰੇਜ਼ ਵਿਉਪਾਰੀਆਂ ਦੇ ਰਲੇਵੇਂ ਨੇ ਲੋਕਾਂ ਦੀ ਆਰਥਿਕਤਾ ਨੂੰ ਕਮਜ਼ੋਰ ਕਰ ਦਿੱਤਾ ਸੀ, ਜਿਸ ਦੇ ਕਾਰਨ ਦੇਸ਼ ਦੇ ਭਾਰਤੀਆਂ ਅਤੇ ਪੰਜਾਬੀਅਤ ਨੂੰ ਵਿਦੇਸ਼ ਜਾਣ ਲਈ ਮਜਬੂਰ ਹੋਣਾ ਪਿਆ ਸੀ।



ਅੱਜ ਵੀ ਪੰਜਾਬ ਦੀ ਧਰਤੀ ਦੇ ਹਾਲਾਤ ਸਾਜ਼ਗਾਰ ਨਹੀਂ ਪੌਣ-ਪਾਣੀ, ਜਲ ਸ੍ਰੋਤ ਅਤੇ ਵਾਤਾਵਰਨ ਬੜੇ ਹੈਰਾਨ ਕਰਨ ਵਾਲੇ ਹਨ। ਪੰਜਾਬੀ ਨੌਜਵਾਨ ਅੱਜ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ। ਪੰਜਾਬ ਦੀ ਜਵਾਨੀ ਦਾ ਪੰਜਾਬ ਤੋਂ ਮੋਹ ਭੰਗ ਹੋਣਾ ਸਭ ਲਈ ਚਿੰਤਾ ਦਾ ਵਿਸ਼ਾ ਹੈ। ਇੰਝ ਲੱਗਦਾ ਹੈ ਜਿਵੇਂ ਪੰਜਾਬ ਦਾ ਨੌਜਵਾਨ ਆਪਣੀ ਜਨਮ ਭੂਮੀ ਤੋਂ ਇੱਕ ਤਰ੍ਹਾਂ ਨਾਲ ਬੇਮੁਖ ਹੋ ਕੇ ਵਿਦੇਸ਼ੀ ਧਰਤੀ ਨੂੰ ਭਾਗ ਲਾ ਰਿਹਾ ਹੈ। ਅਤੇ ਕਾਲਜਾਂ ਅਤੇ ਯੂਨੀਵਰਸਿਟੀਆਂ ਅੰਦਰ ਵਿਦਿਆਰਥੀਆਂ ਦੇ ਘਟ ਰਹੇ ਦਾਖ਼ਲੇ ਇਸ ਦੀ ਗਵਾਹੀ ਭਰ ਰਹੇ ਹਨ। ਮੈਡੀਕਲ ਖੇਤਰ ਤੋਂ ਇਲਾਵਾ ਤਕਨੀਕੀ ਕੋਰਸ, ਬੀ ਐੱਡ ਅਤੇ ਇੰਜੀਨੀਅਰਿੰਗ ਦੇ ਕਾਲਜ ਵੀ ਇੱਕ ਤਰ੍ਹਾਂ ਨਾਲ ਵੈਂਟੀਲੇਟਰ 'ਤੇ ਪਏ ਹਨ। ਉਂਝ ਇਹ ਹਾਲਾਤ ਪੰਜਾਬ ਸਮੇਤ ਗੁਆਂਢੀ ਪ੍ਰਾਂਤਾਂ ਵਿਚ ਵੀ ਬਣ ਰਹੇ ਹਨ, ਪਰ ਹੋਰ ਪ੍ਰਾਂਤਾਂ ਦੇ ਮੁਕਾਬਲੇ ਪੰਜਾਬ ਤੋਂ ਵਿਦੇਸ਼ ਜਾਣ ਦੇ ਅੰਕੜੇ ਬੜੇ ਹੈਰਾਨਕੁਨ ਹਨ। ਪੰਜਾਬ ਤੋਂ ਇਲਾਵਾ ਹਰਿਆਣਾ, ਹਿਮਾਚਲ, ਜੰਮੂ ਕਸ਼ਮੀਰ, ਦਿੱਲੀ ਸਮੇਤ ਹੋਰ ਪ੍ਰਾਂਤਾਂ ਦੇ ਵਧੇਰੇ ਨੌਜਵਾਨ ਅਮਰੀਕਾ, ਕੈਨੇਡਾ, ਆਸਟਰੇਲੀਆ ਆਦਿ ਦੇਸ਼ਾਂ ਵਿਚ ਜਾ ਰਹੇ ਹਨ; ਯੂ ਪੀ, ਬਿਹਾਰ ਦੇ ਲੋਕਾਂ ਦਾ ਰੁਝਾਨ ਖਾੜੀ ਦੇਸ਼ਾਂ ਵੱਲ ਹੈ। ਵਿਦੇਸ਼ ਮੰਤਰਾਲੇ ਦੇ ਹਵਾਲੇ ਮੁਤਾਬਿਕ ਪਿਛਲੇ ਸਾਲ ਤੱਕ ਇੱਕ ਕਰੋੜ 33 ਲੱਖ 83 ਹਜ਼ਾਰ 718 ਭਾਰਤੀ ਨਾਗਰਿਕ ਵਿਦੇਸ਼ਾਂ ਵਿਚ ਗਏ ਹਨ। ਇਹ ਅੰਕੜਾ ਕੁਝ ਸਾਲਾਂ 'ਚ ਹੀ ਲੱਖਾਂ ਤੋਂ ਵਧ ਕੇ ਕਰੋੜਾਂ ਵਿਚ ਪੁੱਜ ਗਿਆ। ਕੀ ਦੇਸ਼ ਛੱਡ ਕੇ ਵਿਦੇਸ਼ ਜਾਣ ਵਾਲਿਆਂ ਦੇ ਆਪਣੇ ਕਾਰਨ ਹੋਣਗੇ ? ਜੋ ਕੌਮੀ ਪੱਧਰ 'ਤੇ ਘੋਖਣ ਦਾ ਵਿਸ਼ਾ ਹੈ। ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਇੱਥੋਂ ਦੇ ਨੌਜਵਾਨ ਲੜਕੇ-ਲੜਕੀਆਂ ਵਿਦੇਸ਼ਾਂ ਵਿਚ ਪੜ੍ਹਨ ਜਾਂਦੇ ਹਨ ਅਤੇ ਫਿਰ ਪੰਜਾਬ ਵਾਪਸ ਨਹੀਂ ਆਉਂਦੇ। ਉਹ ਵਿਦੇਸ਼ੀ ਨਾਗਰਿਕਤਾ ਹਾਸਲ ਕਰ ਕੇ ਉਥੇ ਖੁਸ਼ਹਾਲ ਜ਼ਿੰਦਗੀ ਜਿਊਂਦੇ ਹਨ। ਸੂਬੇ ਵਿਚ 2016 ਤੋਂ ਫਰਵਰੀ 2021 ਤੱਕ ਨੌਂ ਲੱਖ 84 ਹਜ਼ਾਰ ਨੌਜਵਾਨ ਪੰਜਾਬ ਅਤੇ ਚੰਡੀਗੜ੍ਹ ਤੋਂ ਵਿਦੇਸ਼ ਵੱਸ ਗਏ। ਪਿੰਡਾਂ ਦੇ ਪਿੰਡ ਖਾਲੀ ਹੋ ਰਹੇ ਹਨ। ਵੱਡੀਆਂ-ਵੱਡੀਆਂ ਕੋਠੀਆਂ ਨੂੰ ਤਾਲੇ ਲੱਗੇ ਹੋਏ ਹਨ। ਬਜ਼ੁਰਗ ਸ਼ਾਮ ਨੂੰ ਇਕੱਠੇ ਹੋ ਕੇ ਵਿਦੇਸ਼ਾਂ ਵਿਚ ਗਏ ਆਪਣੇ ਜਿਗਰ ਦੇ ਟੋਟਿਆਂ ਦੀਆਂ ਗੱਲਾਂ ਕਰਕੇ ਦਿਲ ਹੌਲਾ ਕਰ ਲੈਂਦੇ ਹਨ। ਪੰਜਾਬ ਦੀ ਜਵਾਨੀ ਨੇ ਜੋ ਵੱਡੇ ਪੱਧਰ 'ਤੇ ਵਿਦੇਸ਼ਾਂ ਦਾ ਰੁਖ ਕੀਤਾ ਹੈ, ਇਸ ਦੀ ਬੈਕ ਗਰਾਉਂਡ ਇੱਕ ਦਿਨ ਵਿਚ ਤਿਆਰ ਨਹੀਂ ਹੋਈ। ਆਜ਼ਾਦੀ ਦੇ ਸਾਢੇ ਸੱਤ ਦਹਾਕੇ ਬੀਤ ਜਾਣ ਬਾਅਦ ਅਸੀਂ ਅਜੇ ਆਪਣੇ ਨਾਗਰਿਕਾਂ ਨੂੰ ਮੁੱਢਲੀਆਂ ਸਹੂਲਤਾਂ ਵੀ ਨਹੀਂ ਦੇ ਸਕੇ।ਜਿੱਥੇ ਬੱਚੇ ਵਿਦੇਸ਼ ਜਾਣਾ ਚਾਹੁੰਦੇ ਹਨ, ਉਥੇ ਉਨ੍ਹਾਂ ਦੇ ਮਾਪੇ ਵੀ ਉਨ੍ਹਾਂ ਨੂੰ ਵਿਦੇਸ਼ ਭੇਜਣ ਲਈ ਤੱਤਪਰ ਹਨ। ਬੱਚਿਆਂ ਦੇ ਚੰਗੇ ਭਵਿੱਖ ਲਈ ਆਪਣੀ ਸਾਰੀ ਜ਼ਿੰਦਗੀ ਦੀ ਕਮਾਈ ਅਤੇ ਬੁਢਾਪਾ ਕੁਰਬਾਨ ਕਰ ਦਿੰਦੇ ਹਨ। ਹੁਣ ਤੁਸੀਂ ਸੋਚੋਗੇ ਕਿ ਬੁਢਾਪਾ ਕਿਵੇਂ ਕੁਰਬਾਨ ਹੁੰਦਾ? ਜਦੋਂ ਬੱਚੇ ਦੀ ਵਿੱਦਿਅਕ ਯੋਗਤਾ ਮੁਤਾਬਿਕ ਸਰਕਾਰ ਉਸ ਨੂੰ ਰੁਜ਼ਗਾਰ ਨਹੀਂ ਦੇ ਸਕੀ ਤਾਂ ਰਾਜ ਸੱਤਾ ਦਾ ਸੁੱਖ ਭੋਗ ਰਹੀਆਂ ਸਰਕਾਰਾਂ ਦੇ ਫੋਕੇ ਵਾਅਦਿਆਂ ਅਤੇ ਲਾਰਿਆਂ ਨੇ ਉਨ੍ਹਾਂ ਦਾ ਵੀ ਪੰਜਾਬ ਤੋਂ ਮੋਹ ਭੰਗ ਕਰ ਦਿੱਤਾ ਹੈ। ਅੰਤ ਮਾਂ-ਬਾਪ ਆਪਣੇ ਬੱਚੇ ਨੂੰ ਪੜ੍ਹਾਈ ਦੇ ਬਹਾਨੇ ਵਿਦੇਸ਼ ਭੇਜਣ ਲਈ ਸਾਰਾ ਕੁਝ ਕੁਰਬਾਨ ਕਰਕੇ ਵਿਦੇਸ਼ ਭੇਜ ਦਿੰਦੇ ਹਨ ਅਤੇ ਬੁਢਾਪਾ ਇੱਧਰ ਦਿਨ ਕੱਟਣ ਲਈ ਮਜਬੂਰ ਹੋ ਜਾਂਦਾ ਹੈ। 5-6 ਸਾਲ ਬਾਅਦ ਉਨ੍ਹਾ ਦਾ ਬੱਚਾ ਪੀ ਆਰ ਹੋ ਜਾਂਦਾ ਹੈ ਤੇ ਪੇਰੈਂਟਸ ਨੂੰ ਕੋਲ ਲਿਆਉਣਾ ਚਾਹੁੰਦਾ ਹੈ, ਪਰ ਪੇਰੈਂਟਸ ਸਾਰੀ ਜ਼ਿੰਦਗੀ ਦੀ ਬਣਾਈ ਪ੍ਰਾਪਰਟੀ ਨੂੰ ਛੱਡ ਕੇ ਜਾਣ ਲਈ ਅੰਦਰੋਂ ਝੂਰਦੇ ਹਨ, ਪਰ ਮਜਬੂਰੀਵੱਸ ਵਿਦੇਸ਼ ਚਲੇ ਜਾਂਦੇ ਹਨ।ਜੋ ਬਜ਼ੁਰਗ ਹੁਣ ਵਿਦੇਸ਼ਾਂ 'ਚ ਰਹਿ ਰਹੇ ਹੋਣਗੇ, ਉਹ ਇਸ ਬਾਰੇ ਚੰਗੀ ਤਰ੍ਹਾਂ ਦੱਸ ਸਕਦੇ ਹਨ।

ਪਿਛਲੇ ਲੰਮੇ ਸਮੇਂ ਤੋਂ ਪੰਜਾਬ ਅੰਦਰ ਬੇਰੁਜ਼ਗਾਰੀ ਅਤੇ ਨੌਜਵਾਨਾਂ ਪ੍ਰਤੀ ਸਰਕਾਰਾਂ ਦਾ ਬੇਰੁਖ਼ੀ ਵਾਲਾ ਵਤੀਰਾ ਪਰਵਾਸ ਦਾ ਵੱਡਾ ਕਾਰਨ ਹੈ। ਅਸੀਂ ਜਾਣਦੇ ਹਾਂ ਕਿ ਗਰੀਬੀ ਅਤੇ ਅਨਪੜ੍ਹਤਾ ਸਕੀਆਂ ਭੈਣਾਂ ਹਨ।ਅੱਜ ਪੜ੍ਹੇ-ਲਿਖੇ ਨੌਜਵਾਨ ਹਾਸ਼ੀਏ 'ਤੇ ਚਲੇ ਗਏ। ਸੱਤਾਧਾਰੀਆਂ ਅਤੇ ਗੈਂਗਸਟਰਾਂ ਦੇ ਗੱਠਜੋੜ ਨੇ ਹੋਰ ਬਰਬਾਦ ਕਰ ਦਿੱਤਾ। ਇਹ ਜ਼ਮੀਨਾਂ ਕੌਡੀਆਂ ਦੇ ਭਾਅ ਖਰੀਦ ਕੇ ਬਿਲਡਿੰਗਾਂ ਉਸਾਰਨ ਲੱਗੇ। ਸੱਤਾ ਦੇ ਗੈਂਗਸਟਰਾਂ ਅਤੇ ਬਿਲਡਰਾਂ ਨਾਲ ਗੱਠਜੋੜ ਨੇ ਆਰਥਿਕ ਪੱਖੋਂ ਪੰਜਾਬ ਨੂੰ ਬਰਬਾਦ ਕਰ ਦਿੱਤਾ। ਗਲੀਆਂ-ਬਾਜ਼ਾਰਾਂ ਅੰਦਰ ਨਸ਼ਾ ਸ਼ਰੇਆਮ ਵਿਕਣ ਲੱਗ ਪਿਆ, ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਨਹੀਂ ਮਿਲ ਰਹੀਆਂ। ਪੱਕੇ ਮੁਲਾਜ਼ਮਾਂ ਦੀ ਥਾਂ ਕੱਚੇ ਮੁਲਾਜ਼ਮ ਰੱਖੇ ਜਾਣ ਲੱਗ ਪਏ। ਇਹ ਮੁਲਾਜ਼ਮ ਪੱਕੇ ਹੋਣ ਦੀ ਆਸ ਵਿਚ ਕਈ-ਕਈ ਸਾਲਾਂ ਤੋਂ ਆਪਣੀਆਂ ਸੇਵਾਵਾਂ ਨਿਭਾਉਂਦੇ ਆ ਰਹੇ ਹਨ। ਅੱਜ ਦੀ ਨੌਜਵਾਨ ਪੀੜ੍ਹੀ ਆਪਣੀਆਂ ਅੱਖਾਂ ਨਾਲ ਇਨ੍ਹਾਂ ਦੀ ਲੁੱਟ ਦੇਖ ਰਹੀ ਹੈ। ਬੇਰੁਜ਼ਗਾਰੀ ਦਿਨੋ-ਦਿਨ ਵਧ ਰਹੀ ਹੈ, ਜਦੋਂ ਤੱਕ ਸਰਕਾਰਾਂ ਇਸ ਵੱਲ ਧਿਆਨ ਨਹੀਂ ਦਿੰਦੀਆਂ, ਇਹ ਵਰਤਾਰਾ ਇਸੇ ਤਰ੍ਹਾਂ ਚਲਦਾ ਰਹਿਣਾ।ਇਸ ਲਈ ਸਭ ਵਰਗਾਂ ਲਈ ਵਿੱਦਿਆ ਇਕਸਾਰ ਫ੍ਰੀ ਕੀਤੀ ਜਾਵੇ। ਸਿਹਤ ਸਹੂਲਤਾਂ ਸਰਕਾਰੀ ਹਸਪਤਾਲਾਂ ਤੋਂ ਦਿੱਤੀਆਂ ਜਾਣ। ਸਰਕਾਰੀ ਹਸਪਤਾਲਾਂ ਵਿਚ ਡਾਕਟਰਾਂ ਦੀ ਘਾਟ ਨੂੰ ਪੂਰਾ ਕੀਤਾ ਜਾਵੇ। ਵਿਦੇਸ਼ਾਂ ਦੇ ਮੁਕਾਬਲੇ ਦੇਸ਼ ਵਿੱਚ ਪ੍ਰਾਈਵੇਟ ਇਲਾਜ ਬਹੁਤ ਮਹਿੰਗਾ ਹੈ, ਜੋ ਗਰੀਬ ਦੀ ਪਹੁੰਚ ਤੋਂ ਬਾਹਰ ਹੋ ਰਿਹਾ ਹੈ।ਜਿੱਥੇ ਬੀਤੇ ਸਮਿਆਂ ਦੌਰਾਨ ਰਵਾਇਤੀ ਸੱਤਾਧਾਰੀ ਪਾਰਟੀਆਂ ਨੇ ਆਪਣਾ ਬਣਦਾ ਰੋਲ ਅਦਾ ਨਹੀਂ ਕੀਤਾ, ਉਥੇ ਕੌਮੀ ਸਰਕਾਰਾਂ ਦੀ ਨਿੱਜੀਕਰਨ ਦੀ ਨੀਤੀ ਨੇ ਵੀ ਲੋਕਾਂ ਦਾ ਘਾਣ ਕੀਤਾ ਤੇ ਬੇਰੁਜ਼ਗਾਰੀ ਵਿਚ ਵਾਧਾ ਕੀਤਾ। ਇਹੀ ਉਹ ਕਾਰਨ ਹਨ, ਜਿਨ੍ਹਾਂ ਕਰਕੇ ਨੌਜਵਾਨ ਵਿਦੇਸ਼ ਜਾ ਰਿਹਾ ਹੈ। ਇਸ ਲਈ ਨੌਜਵਾਨੀ ਅਤੇ ਬੁਢੇਪੇ ਨੂੰ ਰੁਲਣ ਤੋਂ ਬਚਾਉਣ ਲਈ ਅੱਜ ਦਾ ਨੌਜਵਾਨ ਚਾਹੁੰਦਾ ਹੈ ਕਿ ਉਸ ਨੂੰ ਲਾਲ ਪੀਲੇ ਕਾਰਡਾਂ, ਆਟਾ-ਦਾਲ ਸਕੀਮ, ਬੁਢਾਪਾ ਪੈਨਸ਼ਨ ਸਮੇਤ ਹੋਰ ਸਬਸਿਡੀਆਂ ਦੀ ਜਗ੍ਹਾ ਉਨ੍ਹਾਂ ਦਾ ਭਵਿੱਖ ਸੁਰੱਖਿਅਤ ਕਰਨ ਲਈ ਰੁਜ਼ਗਾਰ ਦੀ ਗਾਰੰਟੀ ਦਿੱਤੀ ਜਾਵੇ, ਵੱਧ ਤੋਂ ਵੱਧ ਇੰਡਸਟਰੀ ਲਿਆਂਦੀ ਜਾਵੇ, ਇਕਸਾਰ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ ਤਾਂ ਜੋ ਨੌਜਵਾਨ ਸਨਮਾਨ ਭਰੀ ਜ਼ਿੰਦਗੀ ਜਿਊ। ਸਕਣ ਸਾਡੇ ਬੱਚੇ ਸਾਡੇ ਕੋਲ ਰਹਿ ਕੇ ਆਪਣੀ ਕਿਰਤ ਕਮਾਈ ਕਰਨ ਅਤੇ ਸਾਡੇ ਵਡੇਰਿਆਂ ਦੀ ਕੀਤੀ ਕਮਾਈ ਜੋ ਅੱਜ ਕੁਝ ਮੁੱਠੀ ਭਰ ਲੋਕ ਪੈਸੇ ਦੇ ਜ਼ੋਰ ਨਾਲ ਕੌਡੀਆਂ ਦੇ ਭਾਅ ਖ੍ਰੀਦ ਰਹੇ ਹਨ, ਨੂੰ ਬਚਾਇਆ ਜਾ ਸਕੇ।

ਮੋਬਾ. 98153-06402

## ਬਾਲ ਕੋਨਾ









ਇਹ ਸਾਰੀਆਂ ਤਸਵੀਰਾਂ ਹਰਸ਼ਪ੍ਰੀਤ ਕੌਰ, ਪੰਜਵੀਂ, ਡੀ ਏ ਵੀ ਪਬਲਿਕ ਸਕੂਲ, ਮਾਨਸਾ ਦੀ ਵਿਦਿਆਰਥਣ ਦੀਆਂ ਹਨ।





### ਅਗਸਤ ਮਹੀਨਾ

ਆ ਗਿਆ ਮਹੀਨਾ ਹੁਣ ਅਗਸਤ ਬੱਚਿਓ,
ਨੱਚ ਗਾ ਕੇ, ਝੂਮੋ, ਹੋ ਜੋ ਮਸਤ ਬੱਚਿਓ।

ਖੁਸ਼ੀਆਂ ਨਾਲ ਅਜ਼ਾਦੀ ਦਾ ਦਿਨ ਵੀ ਮਨਾਇਓ,
ਇੱਕ ਪੌਦਾ ਘੱਟੋ ਘੱਟ ਜ਼ਰੂਰ ਸਾਰੇ ਲਾਇਓ।

ਨਾਲ ਪੜ੍ਹਾਈ, ਘਰ ਦੇ ਕੰਮਾਂ ਵਿੱਚ ਵੀ ਹੱਥ ਵਟਾਇਓ,
ਵਕਤ ਬਿਤਾ ਕੇ ਨਾਲ ਬਜ਼ੁਰਗਾਂ, ਸੇਵਾ ਖੂਬ ਕਮਾਇਓ।

ਟੀਵੀ ਅਤੇ ਮੋਬਾਈਲਾਂ ਦਾ ਅੱਜ, ਵੱਡਾ ਮਾਇਆ ਜਾਲ,
ਲੋੜ ਅਨੁਸਾਰ ਹੀ ਵਰਤਿਓ, ਰੱਖਿਓ ਸਿਹਤ ਸੰਭਾਲ।

ਅਗਸਤ ਮਹੀਨਾ, ਕਰਮਾਂ ਵਾਲਾ, ਹੋਊ ਸਭ ਲਈ ਸਾਬਿਤ,
ਬਾਰਿਸ਼ਾਂ ਵੀ ਹੁਣ ਪੈ ਗਈਆਂ ਨੇ, ਗਰਮੀ ਤੋਂ ਮਿਲਜੂ ਰਾਹਤ।

ਬੱਚਿਓ ! ਇਸ ਮਹੀਨੇ ਕਰਿਓ ਖੂਬ ਅਰਦਾਸ।
ਸਭ ਦੀ ਹੋਵੇ ਖ਼ੈਰ ਸੁੱਖ ਸਦਾ, ਇਹੀ 'ਯਸ਼' ਦੀ ਆਸ।

**- ਯਸ਼ਪਾਲ ਮਾਹਵਰ**

### ਪੌਦਿਆਂ ਦਾ ਗੀਤ

ਜਿਹੜੇ ਦਿੰਦੇ ਨੇ ਸਾਨੂੰ ਠੰਢੀਆਂ ਛਾਵਾਂ,
ਉਹ ਮੈਨੂੰ ਲੱਗਦੇ ਜਿਵੇਂ ਮਾਵਾਂ।
ਇਹਨਾਂ ਨੂੰ ਜਿੰਨਾ ਵੀ ਲਗਾਓਗੇ
ਓਨਾ ਹੀ ਸੁੱਖ ਪਾਓਗੇ।

ਇਹਨਾਂ ਨੂੰ ਜਿੰਨਾ ਵੀ ਵੱਢੀਏ,
ਓਨਾ ਹੀ ਦੁੱਖ ਪਾਈਏ,
ਆਓ ਰਲ਼ ਮਿਲ਼ ਰੁੱਖ ਲਗਾਈਏ।

ਸਾਡੇ ਮਨ ਨੂੰ ਭਾਉਂਦੇ ਰੁੱਖ,
ਗੀਤ ਖੁਸ਼ੀ ਦੇ ਗਾਉਂਦੇ ਰੁੱਖ।
ਦੁੱਖ ਹੋਵੇ ਚਾਹੇ ਸੁੱਖ,
ਇਹ ਨੇ ਸਾਡੇ ਦੋਸਤ ਮੁੱਖ।

**-ਗੁਰਵੀਰ ਸਿੰਘ,**
**ਛੇਵੀਂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਉੱਭਾਵਾਲ (ਸੰਗਰੂਰ)**

